Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

Ad Space Available
Call: 847-359-0746

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrictions & Additional Fees Apply.
800-914-1013 408-659-9400

Fifteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 39, September 27, 2014 | 20451 N Plum Grove Rd., Palatine, IL 60074 | Ph:847-359-0746, Fax:847-705-9388

# ਘੱਟ-ਗਿਣਤੀਆਂ ਮੋਦੀ ਤੋਂ ਕਿਉਂ ਨੇ ਖਫਾ ਤੇ ਖੌਫਜ਼ਦਾ?

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਾ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦੌਰੇ ਮੌਕੇ ਭਾਰਤ ਦੀਆਂ ਘੱਟ-ਗਿਣਤੀਆਂ, ਖਾਸ ਕਰ ਕੇ ਮੁਸਲਮਾਨਾਂ ਅਤੇ ਸਿੱਖ ਭਾਈਚਾਰੇ ਨਾਲ ਸਬੰਧਤ ਲੋਕਾਂ ਵੱਲੋਂ ਕੀਤੇ ਜਾ ਰਹੇ ਤਿੱਖੇ ਵਿਰੋਧ ਨੇ ਇਕ ਵਾਰ ਫਿਰ ਸ੍ਰੀ ਮੋਦੀ ਅਤੇ ਉਨ੍ਹਾਂ ਦੀ ਪਾਰਟੀ- ਭਾਰਤੀ ਜਨਤਾ ਪਾਰਟੀ ਨੂੰ ਸੰਸਾਰ ਪੱਧਰ ਉਤੇ ਸਵਾਲਾਂ ਦੇ ਘੇਰੇ ਵਿਚ ਲਿਆ ਖੜ੍ਹਾਇਆ ਹੈ। ਨਵੀਂ ਬਣੀ ਜਥੇਬੰਦੀ 'ਅਲਾਇੰਸ ਫਾਰ ਜਸਟਿਸ ਐਂਡ ਅਕਾਊਂਟਬਿਲਿਟੀ' (ਏ.ਜੇ.ਏ.) ਮਨਹੱਟਨ (ਨਿਊ ਯਾਰਕ) ਦੇ ਮੈਡੀਸਨ ਸਕੁਏਅਰ ਗਾਰਡਨ ਵਿਖੇ 28 ਸਤੰਬਰ ਨੂੰ ਮੋਦੀ ਦੇ ਸੰਬੋਧਨ ਮੌਕੇ ਉਨ੍ਹਾਂ ਨੂੰ ਕਾਲੀਆਂ ਝੰਡੀਆਂ ਦਿਖਾ ਰਹੀ ਹੈ। 'ਸਿੱਖਸ ਫਾਰ ਜਸਟਿਸ' ਨੇ 30 ਸਤੰਬਰ ਨੂੰ ਵ੍ਹਾਈਟ ਹਾਊਸ ਵਿਚ ਮੋਦੀ-ਓਬਾਮਾ ਮੁਲਾਕਾਤ ਦੌਰਾਨ ਵ੍ਹਾਈਟ ਹਾਊਸ ਦੇ ਸਾਹਮਣੇ ਵਾਲੀ ਪਾਰਕ ਵਿਚ ਲੋਕ ਅਦਾਲਤ ਲਾਉਣ ਦਾ ਫੈਸਲਾ ਕੀਤਾ ਹੈ। 'ਸਿੱਖਸ ਫਾਰ ਜਸਟਿਸ' ਵੱਲੋਂ ਜਾਰੀ ਕੀਤੀ ਚਾਰਜਸ਼ੀਟ ਵਿਚ ਮੋਦੀ ਨੂੰ 2002 ਵਿਚ ਹੋਏ ਗੁਜਰਾਤ ਕਤਲੇਆਮ ਲਈ ਦੋਸ਼ੀ ਠਹਿਰਾਇਆ ਗਿਆ ਹੈ।

ਚੇਤੇ ਰਹੇ ਕਿ 'ਅਲਾਇੰਸ ਫਾਰ ਜਸਟਿਸ ਐਂਡ ਅਕਾਊਂਟਬਿਲਿਟੀ' ਵਿਚ ਉਹ ਸਾਰੀਆਂ ਜਥੇਬੰਦੀਆਂ ਅਤੇ ਲੋਕ ਸ਼ਾਮਲ ਹਨ ਜਿਹੜੇ ਪਹਿਲਾਂ 'ਕੁਲੀਸ਼ਨ ਅਗੇਂਸਟ ਜੈਨੋਸਾਈਡ' (ਸੀ.ਏ.ਜੀ.) ਨਾਲ ਜੁੜੇ ਹੋਏ ਸਨ। ਜਦੋਂ ਸ੍ਰੀ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ ਤਾਂ ਸੀ.ਏ.ਜੀ. ਨੇ ਉਨ੍ਹਾਂ ਦਾ ਅਮਰੀਕੀ ਵੀਜ਼ਾ ਰੁਕਵਾਉਣ ਲਈ ਚਲਾਈ ਮੁਹਿੰਮ ਦੀ ਸਫਲਤਾਪੂਰਵਕ ਅਗਵਾਈ ਕੀਤੀ ਸੀ। ਸੀ.ਏ.ਜੀ. ਦੇ ਮੋਢੀ ਮੈਂਬਰ ਡਾ. ਸ਼ੇਖ ਉਬੈਦ ਦੇ ਯਤਨਾਂ ਸਦਕਾ ਹੀ ਹੁਣ 'ਅਲਾਇੰਸ ਫਾਰ ਜਸਟਿਸ ਐਂਡ ਅਕਾਊਂਟਬਿਲਿਟੀ' ਹੋਂਦ ਵਿਚ ਆਈ ਹੈ।

ਉਨ੍ਹਾਂ ਦੱਸਿਆ ਕਿ ਆਰ.ਐਸ.ਐਸ. ਭਾਰਤ ਵਿਚ ਘੱਟ-ਗਿਣਤੀਆਂ ਖਿਲਾਫ ਕੂੜ ਪ੍ਰਚਾਰ ਕਰ ਰਿਹਾ ਹੈ ਅਤੇ ਘੱਟ-ਗਿਣਤੀਆਂ ਨਾਲ ਸਬੰਧਤ ਜਥੇਬੰਦੀਆਂ ਅਤੇ ਸੰਸਥਾਵਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਸਭ ਵੰਨ-ਸੁਵੰਨੇ ਬਹੁ-ਵਾਦੀ ਭਾਰਤ ਲਈ ਖਤਰਾ ਹੈ। ਇਸੇ ਕਰ ਕੇ ਅਸੀਂ ਚਾਹੁੰਦੇ ਹਾਂ ਕਿ ਆਰ.ਐਸ.ਐਸ. ਦੀ ਇਸ ਚਾਲ ਖਿਲਾਫ ਹਰ ਫਰੰਟ ਤੋਂ ਆਵਾਜ਼ ਉਠਾਈ ਜਾਵੇ। ਵਰਨਣਯੋਗ ਹੈ ਕਿ 'ਅਲਾਇੰਸ ਫਾਰ ਜਸਟਿਸ ਐਂਡ ਅਕਾਊਂਟਬਿਲਿਟੀ' ਅਤੇ 'ਸਿੱਖਸ ਫਾਰ ਜਸਟਿਸ' ਨੇ ਫੇਸਬੁੱਕ ਅਤੇ ਹੋਰ ਸੋਸ਼ਲ ਸਾਈਟਾਂ ਉਤੇ ਵੀ ਮੋਦੀ ਖਿਲਾਫ ਮੁਹਿੰਮ ਚਲਾਈ ਹੋਈ ਹੈ।

ਗੌਰਤਲਬ ਹੈ ਕਿ ਭਾਜਪਾ ਅਤੇ ਆਰ.ਐਸ.ਐਸ. ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਭਾਈਵਾਲੀ ਪਾ ਕੇ ਇਹ ਸਮਝ ਰਹੀ ਹੈ ਕਿ ਇਸ ਨੇ ਸਿੱਖਾਂ ਦੇ ਵੱਡੇ ਹਿੱਸੇ ਨੂੰ ਇਕ ਤਰ੍ਹਾਂ ਨਾਲ ਆਪਣੇ ਕਾਬੂ ਹੇਠ ਕਰ ਲਿਆ ਹੈ। ਉਂਜ ਵੀ ਇਹ ਹਿੰਦੂਤਵੀ ਪਾਰਟੀਆਂ ਅਜੇ ਸਿੱਖਾਂ ਨਾਲ ਸਿੱਧੇ ਵਿਰੋਧ ਵਿਚ ਵੀ ਨਹੀਂ ਹਨ, ਪਰ ਮੁਸਲਮਾਨਾਂ ਨੂੰ ਇਹ ਗਿਣ-ਮਿਥ ਕੇ ਨਿਸ਼ਾਨਾ ਬਣਾ ਰਹੀਆਂ ਹਨ। ਜਦੋਂ ਤੋਂ ਭਾਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਸਰਕਾਰ ਕਾਇਮ ਹੋਈ ਹੈ, ਉਦੋਂ ਤੋਂ ਇਨ੍ਹਾਂ ਪਾਰਟੀਆਂ ਦੀਆਂ ਵਾਗਾਂ ਖੁੱਲ੍ਹੀਆਂ ਛੱਡ ਦਿੱਤੀਆਂ ਗਈਆਂ ਹਨ। ਮੁਸਲਮਾਨਾਂ ਨਾਲ ਵਧੀਕੀਆਂ ਵਾਲੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ, ਪਰ ਦੇਸ਼ ਦੇ ਮੁਖੀ ਹੋਣ ਦੇ ਨਾਤੇ ਸ੍ਰੀ ਮੋਦੀ ਨੇ ਇਨ੍ਹਾਂ ਘਟਨਾਵਾਂ ਬਾਰੇ ਅੱਜ ਤੱਕ ਇਕ ਵੀ ਸ਼ਬਦ ਨਹੀਂ ਬੋਲਿਆ ਹੈ। ਸ੍ਰੀ ਮੋਦੀ ਨੇ 15 ਅਗਸਤ ਨੂੰ ਲਾਲ ਕਿਲ੍ਹੇ ਤੋਂ ਆਪਣੇ ਭਾਸ਼ਨ ਵਿਚ ਕਿਹਾ ਸੀ ਕਿ ਅਗਲੇ ਦਸ ਸਾਲਾਂ ਦੌਰਾਨ ਭਾਰਤ ਵਿਚ ਫਿਰਕਾਪ੍ਰਸਤੀ ਲਈ ਕੋਈ ਥਾਂ ਨਹੀਂ ਹੋਵੇਗੀ, ਪਰ ਉਨ੍ਹਾਂ ਦੀ ਪਾਰਟੀ ਦੇ ਲੀਡਰ, ਧੂੰਆਂਧਾਰ ਫਿਰਕੂ ਪ੍ਰਚਾਰ ਵਿਚ ਲੱਗੇ ਹੋਏ ਹਨ। ਹੋਰ ਤਾਂ ਹੋਰ, ਸ੍ਰੀ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਮਹਿਜ਼ ਇਕ ਹਫਤੇ ਬਾਅਦ ਹੀ 2 ਜੂਨ 2014 ਦੀ ਰਾਤ ਨੂੰ ਪੁਣੇ (ਮਹਾਂਰਾਸ਼ਟਰ) ਵਿਚ ਮੋਹਸਿਨ ਸਾਦਿਕ ਸ਼ੇਖ (24) ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਉਸ ਵੇਲੇ ਉਹ ਆਪਣੇ ਇਕ ਦੋਸਤ ਨਾਲ ਘਰ ਪਰਤ ਰਿਹਾ ਸੀ। ਇਹ ਹਮਲਾ 'ਹਿੰਦੂ ਰਾਸ਼ਟਰ

*(ਬਾਕੀ ਸਫਾ 6 'ਤੇ)*

## ਰੋਕੀ ਨਹੀਂ ਜਾ ਰਹੀ ਫਿਰਕਾਪ੍ਰਸਤੀ ਦੀ ਸਿਆਸਤ



*ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਭਾਸ਼ਨ ਵਾਲੀ ਥਾਂ: ਨਿਊ ਯਾਰਕ ਦਾ ਮੈਡੀਸਨ ਸਕੁਏਅਰ ਗਾਰਡਨ।*

## ਮੌਕੇ ਮੁਤਾਬਕ ਹੁਣ ਅਮਰੀਕਾ ਵੀ ਬਦਲਿਆ

ਅਮਰੀਕਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪਹਿਲਾਂ 2005 ਵਿਚ ਵੀਜ਼ੇ ਤੋਂ ਨਾਂਹ ਇਸ ਕਰ ਕੇ ਕੀਤੀ ਸੀ, ਕਿਉਂਕਿ ਉਹ ਜਦੋਂ ਗੁਜਰਾਤ ਦੇ ਮੁੱਖ ਮੰਤਰੀ ਸਨ, ਉਦੋਂ ਉਥੇ 2002 ਵਿਚ ਮੁਸਲਮਾਨਾਂ ਨੂੰ ਬੇਕਿਰਕੀ ਨਾਲ ਮਾਰਿਆ ਗਿਆ ਸੀ। ਅਮਰੀਕਾ ਦਾ ਕਾਨੂੰਨ ਹੈ ਕਿ ਜਿਹੜਾ ਵੀ ਬੰਦਾ ਧਾਰਮਿਕ ਆਜ਼ਾਦੀਆਂ ਦੀ ਉਲੰਘਣਾ ਕਰਦਾ ਹੈ, ਉਸ ਨੂੰ ਦੇਸ਼ ਵਿਚ ਵੜਨ ਤੋਂ ਰੋਕਿਆ ਜਾ ਸਕਦਾ ਹੈ। ਇਸ ਤੋਂ ਬਾਅਦ ਸ੍ਰੀ ਮੋਦੀ ਦੇ ਪ੍ਰਧਾਨ ਮੰਤਰੀ ਬਣਦਿਆਂ ਹੀ ਇਹ ਕਾਨੂੰਨ ਪਿਛਾਂਹ ਕਰ ਦਿੱਤਾ ਗਿਆ। ਇਸ ਬਾਰੇ ਦਲੀਲ ਦਿੱਤੀ ਗਈ ਕਿ ਕਿਸੇ ਦੇਸ਼ ਦੇ ਮੁਖੀ ਉਤੇ ਅਜਿਹੀ ਪਾਬੰਦੀ ਨਹੀਂ ਲਾਈ ਜਾ ਸਕਦੀ। ਹੁਣ ਮੋਦੀ ਦੇ ਸਵਾਗਤ ਲਈ ਓਬਾਮਾ ਪ੍ਰਸ਼ਾਸਨ ਦਾ ਪੂਰਾ ਤਾਣ ਲੱਗਿਆ ਹੋਇਆ ਹੈ। ਮੋਦੀ ਦੇ ਦੌਰੇ ਤੋਂ ਪਹਿਲਾਂ ਤਿਆਰੀ ਲਈ ਵਿਦੇਸ਼ ਮੰਤਰੀ ਜੌਹਨ ਕੈਰੀ ਅਤੇ ਰੱਖਿਆ ਮੰਤਰੀ ਚੱਕ ਹੇਜਲ ਮੋਦੀ ਨੂੰ ਨਵੀਂ ਦਿੱਲੀ ਵਿਖੇ ਮਿਲ ਚੁੱਕੇ ਹਨ।

REAL ESTATE & HOME LOANS
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorney At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com


COMING SOON
NEW LOCATION
GILL EXPRESS
MEMPHIS
Hwy I-40 Exit 280 Hwy I-55 Exit 4
Next To Pilot Truck Stop
REPAIR
TIRES
WASH
ਪੰਜਾਬੀ ਢਾਬਾ
@ 3657 Southland Dr. W. Memphis, AR-72301 Tel : 661-203-0433


STATEN SOLAR
AFFORDABLE ENERGY FOR EVERYONE
ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ
Commercial, Agricultural and Residential
Choose between $0 Down Lease or Lowest Cash Price
ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ
ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ
ਫਰੀ, ਮਾਹਿਰਾਨਾ ਅਤੇ ਸਹੀ ਸਲਾਹ
7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ੁਰਬਾ
20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਸ਼ੋਰੈਂਸ ਦੀ ਜਿੰਮੇਵਾਰੀ ਵੀ ਕੰਪਨੀ ਦੀ।
Simran Deol
(Solar Engineer)
661-412-4728
Receive $500 By Referring Friends.
www.Statensolar.com
No One Can Beat Our Price Guaranteed!
$ 0 down Worry Free Lease
Fixed Monthly Bill, No Increase
Guaranteed Lowest Monthly Bill
Or Buy the System for Lowest Price
Top Quality Product
20 Year Performance Guarantee
25 Year Guarantee for Panels
FREE Maintenance for 20 years
No Need to Worry About Increasing Cost of Utility
Professional Installation
24/7 Monitoring

# ਵਿਸ਼ੇਸ਼ ਰਾਹਤ ਲਈ ਬਾਦਲ ਮੁੜ ਮੋਦੀ ਦੇ ਦਰਬਾਰ

**ਨਵੀਂ ਦਿੱਲੀ (ਬਿਊਰੋ):** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸੂਬੇ ਨੂੰ ਕਰਜ਼ੇ ਦੇ ਬੋਝ ਵਿਚੋਂ ਕੱਢਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਫਰਿਆਦ ਕੀਤੀ ਹੈ। ਨਾਲ ਹੀ ਉਨ੍ਹਾਂ ਪੰਜਾਬ ਲਈ ਰਾਹਤ ਪੈਕੇਜ ਦੀ ਮੰਗ ਵੀ ਕੀਤੀ ਹੈ। ਸ. ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ। ਉਨ੍ਹਾਂ ਸ੍ਰੀ ਮੋਦੀ ਨੂੰ ਕਿਹਾ ਕਿ ਸੂਬੇ ਦੇ ਵਿਕਾਸ ਵਿਚ ਅੜਿੱਕਾ ਬਣ ਰਹੇ ਮੁੱਦਿਆਂ 'ਤੇ ਉਨ੍ਹਾਂ ਦੀ ਮਦਦ ਕੀਤੀ ਜਾਵੇ।

ਉਹ ਸ੍ਰੀ ਮੋਦੀ ਨੂੰ ਇਹ ਸਮਝਾਉਣ ਵਿਚ ਸਫ਼ਲ ਹੁੰਦੇ ਜਾਪੇ ਕਿ ਪੰਜਾਬ ਨੂੰ ਅਤਿਵਾਦ ਵਿਰੁੱਧ ਵੱਡੀ ਕੌਮੀ ਲੜਾਈ ਲੜਨ ਦੀ ਸਜ਼ਾ ਦਿੱਤੀ ਜਾ ਰਹੀ ਹੈ। ਦੋਵੇਂ ਬਾਦਲਾਂ ਨੇ ਮੰਗ ਕੀਤੀ ਕਿ ਅਤਿਵਾਦ ਦੌਰਾਨ (1981 ਤੋਂ 1992 ਤੱਕ) ਲਿਆ ਗਿਆ ਕਰਜ਼ਾ ਜੋ ਹੁਣ ਵੱਧ ਕੇ 1.02 ਲੱਖ ਕਰੋੜ ਹੋ ਗਿਆ ਹੈ, ਨੂੰ ਮੁਆਫ਼ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਮੁੱਖ ਮੰਤਰੀ ਸ. ਬਾਦਲ ਨੂੰ ਚਿੱਠੀ ਲਿਖ ਕੇ ਦੱਸਿਆ ਸੀ ਕਿ ਪੰਜਾਬ ਨੂੰ ਹੋਰ ਫੰਡ ਨਹੀਂ ਦਿੱਤੇ ਜਾ ਸਕਦੇ ਹਨ। ਸ੍ਰੀ ਜੇਤਲੀ ਨੇ ਸੂਬੇ ਨੂੰ ਬਿਜਲੀ ਸਬਸਿਡੀ ਵੀ ਤਰਕਸੰਗਤ ਕਰਨ ਦੀ ਸਲਾਹ ਦਿੱਤੀ ਸੀ। ਇਸ ਪੱਤਰ ਵਿਚ ਸ੍ਰੀ ਜੇਤਲੀ ਨੇ ਸੂਬੇ ਨੂੰ ਵੱਖ-ਵੱਖ ਸਮੇਂ 'ਤੇ ਦਿੱਤੀ ਗਈ ਇਮਦਾਦ ਬਾਰੇ ਵੀ ਜਾਣਕਾਰੀ ਦਿੱਤੀ ਸੀ। ਮੁੱਖ ਮੰਤਰੀ ਸ. ਬਾਦਲ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਅਤਿਵਾਦ ਖ਼ਿਲਾਫ਼ ਲੜਾਈ ਲੜਨ ਦੀ ਪੰਜਾਬ ਨੂੰ ਹੋਰ ਸਜ਼ਾ ਨਾ ਦਿੱਤੀ ਜਾਵੇ।

## ਮੰਗਣ ਦੀ ਥਾਂ ਬਾਦਲ ਆਪਣਾ ਘਰ ਸੁਧਾਰੇ: ਕੈਪਟਨ

**ਚੰਡੀਗੜ੍ਹ:** ਲੋਕ ਸਭਾ ਵਿਚ ਕਾਂਗਰਸ ਧਿਰ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੇਂਦਰ ਤੋਂ ਸੂਬੇ ਸਿਰ ਚੜ੍ਹੇ 1.02 ਲੱਖ ਕਰੋੜ ਰੁਪਏ ਦੀ ਕਰਜ਼ੇ ਦੀ ਮੁਆਫ਼ੀ ਦੇਣ ਬਾਰੇ ਵਿਸ਼ੇਸ਼ ਮੰਗ ਦਾ ਮਜ਼ਾਕ ਉਡਾਇਆ ਹੈ। ਉਨ੍ਹਾਂ ਕਿਹਾ ਕਿ ਆਪਣਾ ਘਰ ਸੁਧਾਰਨ ਦੀ ਬਜਾਏ ਸ. ਬਾਦਲ ਆਪਣੇ ਪੁਰਾਣੇ ਅੰਦਾਜ਼ ਵਿਚ ਮੁੱਦੇ ਨੂੰ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਕੈਪਟਨ ਨੇ ਕੇਂਦਰ ਦੀ ਕਾਂਗਰਸ ਸਰਕਾਰ 'ਤੇ ਪੰਜਾਬ ਨਾਲ ਪੱਖਪਾਤ ਕਰਨ ਦਾ ਦੋਸ਼ ਲਾਉਣ 'ਤੇ ਕਿਹਾ ਕਿ ਸ੍ਰੀ ਮੋਦੀ ਦੇ ਮੁਕਾਬਲੇ ਪੰਜਾਬ ਲਈ ਡਾ. ਮਨਮੋਹਨ ਸਿੰਘ ਬਿਹਤਰ ਪ੍ਰਧਾਨ ਮੰਤਰੀ ਸਨ, ਜਿਨ੍ਹਾਂ ਨੇ ਕਦੇ ਵੀ ਸ. ਬਾਦਲ ਨੂੰ ਖਾਲੀ ਹੱਥ ਨਹੀਂ ਮੋੜਿਆ ਸੀ।

# ਸ੍ਰੀ ਹਰਿਮੰਦਰ ਸਾਹਿਬ ਤੱਕ ਦੇ ਰਸਤੇ ਨੂੰ ਮਿਲੇਗੀ ਵਿਰਾਸਤੀ ਦਿੱਖ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਆਉਣ ਤੇ ਜਾਣ ਵਾਲੇ ਪ੍ਰਮੁੱਖ ਰਸਤੇ ਨੂੰ ਵਿਰਾਸਤੀ ਦਿੱਖ ਦੇਣ ਦੀ ਯੋਜਨਾ ਬਾਰੇ ਖੜ੍ਹੇ ਹੋਏ ਸਾਰੇ ਅੜਿੱਕੇ ਖ਼ਤਮ ਹੋ ਗਏ ਹਨ ਤੇ ਹੁਣ ਇਸ ਯੋਜਨਾ 'ਤੇ ਅਮਲ ਅਗਲੇ ਸਾਲ ਦੇ ਸ਼ੁਰੂ ਵਿਚ ਆਰੰਭ ਹੋ ਜਾਵੇਗਾ। ਇਹ ਯੋਜਨਾ ਡੇਢ ਸਾਲ ਵਿਚ ਮੁਕੰਮਲ ਹੋਵੇਗੀ, ਜਿਸ ਤੋਂ ਬਾਅਦ ਇਹ ਰਸਤੇ ਵਿਰਾਸਤੀ ਦਿੱਖ ਵਾਲੇ ਤੇ ਇਕੋ ਜਿਹੇ ਰੰਗ ਦੇ ਦੇਣਗੇ।

ਕੇਂਦਰ ਸਰਕਾਰ ਦੀ ਮਦਦ ਨਾਲ ਸੈਰ ਸਪਾਟਾ ਵਿਭਾਗ ਵੱਲੋਂ ਉਲੀਕੀ ਗਈ ਇਸ ਯੋਜਨਾ ਤਹਿਤ ਸ੍ਰੀ ਹਰਿਮੰਦਰ ਸਾਹਿਬ ਨੂੰ ਜਾਣ ਵਾਲੇ ਪ੍ਰਮੁੱਖ ਰਸਤੇ, ਹਾਲ ਬਾਜ਼ਾਰ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਕਟੜਾ ਜੈਮਲ ਸਿੰਘ, ਚੌਕ ਫਰੀਦ ਹੁੰਦੇ ਹੋਏ ਵਾਪਸ ਹਾਲ ਗੇਟ ਆਉਣ ਤੱਕ, ਨੂੰ ਵਿਰਾਸਤੀ ਦਿੱਖ ਦੇਣ ਦੀ ਯੋਜਨਾ ਹੈ।

ਤਕਰੀਬਨ 2.7 ਕਿਲੋਮੀਟਰ ਦੇ ਇਸ ਰਸਤੇ ਵਿਚ 700 ਤੋਂ ਵੱਧ ਦੁਕਾਨਾਂ, ਕਾਰੋਬਾਰੀ ਅਦਾਰੇ ਤੇ ਰਿਹਾਇਸ਼ੀ ਥਾਵਾਂ ਆਉਂਦੀਆਂ ਹਨ। ਇਸ ਵੇਲੇ ਹਰੇਕ ਦੁਕਾਨ ਤੇ ਹਰੇਕ ਇਮਾਰਤ ਦਾ ਵੱਖਰਾ ਰੰਗ ਤੇ ਵੱਖਰੀ ਦਿੱਖ ਹੈ ਪਰ ਇਸ ਯੋਜਨਾ ਤਹਿਤ ਇਸ ਰਾਹ ਵਿਚ ਆਉਂਦੀ ਹਰੇਕ ਇਮਾਰਤ ਦਾ ਰੰਗ ਇਕੋ ਜਿਹਾ ਹੋਵੇਗਾ ਤੇ ਉਨ੍ਹਾਂ ਦੀ ਦਿੱਖ ਵੀ ਪੁਰਾਤਨ ਤੇ ਇਕੋ ਜਿਹੀ ਪ੍ਰਤੀਤ ਹੋਵੇਗੀ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਦੀ ਇਸ ਯੋਜਨਾ ਤਹਿਤ ਲਖਨਊ ਦੇ ਹਜ਼ਰਤ ਗੰਜ ਇਲਾਕੇ ਵਿਚ ਸਮੁੱਚੇ ਖੇਤਰ ਨੂੰ ਵਿਰਾਸਤੀ ਦਿੱਖ ਪ੍ਰਦਾਨ ਕੀਤੀ ਜਾ ਚੁੱਕੀ ਹੈ।

ਜ਼ਿਲ੍ਹਾ ਸੈਰ ਸਪਾਟਾ ਅਧਿਕਾਰੀ ਬਲਰਾਜ ਸਿੰਘ ਨੇ ਦੱਸਿਆ ਕਿ ਇਸ ਯੋਜਨਾ ਤਹਿਤ 37 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ ਤੇ ਇਹ ਯੋਜਨਾ ਡੇਢ ਸਾਲ ਵਿਚ ਮੁਕੰਮਲ ਹੋਵੇਗੀ। ਇਸ ਯੋਜਨਾ ਦੀ ਡੀ.ਪੀ.ਆਰ. ਨੂੰ ਪ੍ਰਵਾਨਗੀ ਮਿਲ ਚੁੱਕੀ ਹੈ। ਇਸ ਤੋਂ ਪਹਿਲਾਂ ਇਸ ਰਾਹ ਵਿਚ ਆਉਂਦੀਆਂ ਦੁਕਾਨਾਂ ਤੇ ਰਿਹਾਇਸ਼ੀ ਇਮਾਰਤਾਂ ਦੇ ਮਾਲਕਾਂ ਕੋਲੋਂ 'ਕੋਈ ਇਤਰਾਜ਼ ਨਹੀਂ' ਸਰਟੀਫਿਕੇਟ ਪ੍ਰਾਪਤ ਕੀਤੇ ਜਾ ਚੁੱਕੇ ਹਨ।

ਉਨ੍ਹਾਂ ਦੱਸਿਆ ਕਿ ਕੁੱਲ 700 ਇਮਾਰਤਾਂ ਵਿਚੋਂ 660 ਇਮਾਰਤਾਂ ਦੇ ਮਾਲਕਾਂ ਵੱਲੋਂ ਇਸ ਯੋਜਨਾ ਨੂੰ ਪ੍ਰਵਾਨਗੀ ਮਿਲ ਚੁੱਕੀ ਹੈ ਤੇ ਛੇਤੀ ਹੀ ਇਸ 'ਤੇ ਟੈਂਡਰ ਲਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਵੀ 35 ਕਰੋੜ ਰੁਪਏ ਦੀ ਵੱਖਰੀ ਯੋਜਨਾ ਉਲੀਕੀ ਹੋਈ ਹੈ, ਜੋ ਇਸ ਯੋਜਨਾ ਦੇ ਨਾਲ ਹੀ ਸਬੰਧਤ ਹੈ। ਸੂਬਾ ਸਰਕਾਰ ਦੀ ਯੋਜਨਾ ਤਹਿਤ ਇਸ ਸਮੁੱਚੇ ਰਸਤੇ ਵਿਚੋਂ ਲਟਕਦੀਆਂ ਬਿਜਲੀ ਦੀਆਂ ਤਾਰਾਂ, ਖੰਭੇ, ਟਰਾਂਸਫਾਰਮਰ ਹਟਾ ਦਿੱਤੇ ਜਾਣਗੇ। ਬਿਜਲੀ ਦੀਆਂ ਇਹ ਤਾਰਾਂ ਲੁਕਵੀਂ ਥਾਂ 'ਤੇ ਹੋਣਗੀਆਂ ਤੇ ਬਾਹਰੋਂ ਦਿਖਾਈ ਨਹੀਂ ਦੇਣਗੀਆਂ।

## ਅਕਤੂਬਰ ਤੱਕ ਮੁਕੰਮਲ ਹੋਵੇਗਾ 'ਆਪ' ਦਾ ਜਥੇਬੰਦਕ ਢਾਂਚਾ: ਛੋਟੇਪੁਰ

**ਸੰਗਰੂਰ:** ਆਮ ਆਦਮੀ ਪਾਰਟੀ ਦੇ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਹੈ ਕਿ ਪੰਜਾਬ ਵਿਚ ਪਾਰਟੀ ਦਾ ਜਥੇਬੰਦਕ ਢਾਂਚਾ ਅਕਤੂਬਰ ਦੇ ਅਖ਼ੀਰ ਤੱਕ ਮੁਕੰਮਲ ਕਰ ਲਿਆ ਜਾਵੇਗਾ ਤੇ ਜਥੇਬੰਦਕ ਢਾਂਚੇ ਵਿਚ ਇਮਾਨਦਾਰ, ਮਿਹਨਤੀ ਤੇ ਪਾਰਟੀ ਪ੍ਰਤੀ ਵਫ਼ਾਦਾਰ ਆਗੂਆਂ ਨੂੰ ਅੱਗੇ ਲਿਆਂਦਾ ਜਾਵੇਗਾ।

ਉਨ੍ਹਾਂ ਕਿਹਾ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਦੇ ਨਾਲ-ਨਾਲ ਯੂਥ ਵਿੰਗ, ਵਿਦਿਆਰਥੀ ਵਿੰਗ, ਕਿਸਾਨ ਵਿੰਗ, ਦਲਿਤ ਵਿੰਗ, ਕਾਨੂੰਨੀ ਵਿੰਗ, ਵਪਾਰੀ ਵਿੰਗ ਤੇ ਮਹਿਲਾ ਵਿੰਗ ਆਦਿ ਨੂੰ ਵੀ ਮੁਕੰਮਲ ਕੀਤਾ ਜਾਵੇਗਾ। ਪੰਜਾਬ ਵਿਚ ਪਾਰਟੀ ਦਾ ਜਥੇਬੰਦਕ ਢਾਂਚਾ ਨਾ ਬਣਨਾ ਹੀ ਜ਼ਿਮਨੀ ਚੋਣਾਂ ਵਿਚ ਪਾਰਟੀ ਦੀ ਹਾਰ ਦਾ ਕਾਰਨ ਬਣਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਪੰਜਾਬ ਵਿਚ ਹੋਣ ਵਾਲੀਆਂ ਨਗਰ ਕੌਂਸਲ ਚੋਣਾਂ ਪੂਰੇ ਉਤਸ਼ਾਹ ਨਾਲ ਲੜੇਗੀ ਪਰ ਪਾਰਟੀ ਦਾ ਮੁੱਖ ਨਿਸ਼ਾਨਾ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਹਨ।

# ਸਰਕਾਰ ਵੱਲੋਂ ਪ੍ਰਾਪਰਟੀ ਟੈਕਸ ਦਰਾਂ ਵਿਚ ਮੁੜ ਸੋਧ

**ਚੰਡੀਗੜ੍ਹ:** ਪੰਜਾਬ ਦੇ ਸ਼ਹਿਰੀ ਖੇਤਰਾਂ ਵਿਚ ਪ੍ਰਾਪਰਟੀ ਟੈਕਸ ਦੀਆਂ ਦਰਾਂ ਨੂੰ ਸਰਕਾਰ ਨੇ ਮੁੜ ਤੋਂ ਸੋਧ ਦਿੱਤਾ ਹੈ। ਪੰਜਾਬ ਮੰਤਰੀ ਮੰਡਲ ਨੇ ਪੰਜਾਬ ਮਿਉਂਸਪਲ ਐਕਟ,1911 ਤੇ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਵਿਚ ਸੋਧ ਨੂੰ ਪ੍ਰਵਾਨਗੀ ਦਿੰਦਿਆਂ ਇਸ ਟੈਕਸ ਨੂੰ ਜ਼ਮੀਨਾਂ ਦੇ ਕੁਲੈਕਟਰ ਰੇਟ (ਡੀ.ਸੀ. ਰੇਟ) ਨਾਲੋਂ ਨਿਖੇੜ ਦਿੱਤਾ ਹੈ। ਸੋਧੀਆਂ ਹੋਈਆਂ ਦਰਾਂ ਮੁਤਾਬਕ ਅਦਾਇਗੀ ਚਲੰਤ ਮਾਲੀ ਸਾਲ ਤੋਂ ਕਰਨੀ ਹੋਵੇਗੀ। ਕਿਰਾਏ ਦੀਆਂ ਇਮਾਰਤਾਂ ਲਈ ਕਿਰਾਏ ਦਾ 7.5 ਫੀਸਦੀ ਟੈਕਸ ਦੇਣਾ ਹੋਵੇਗਾ। ਕਈ ਵਰਗਾਂ ਨੂੰ ਟੈਕਸ ਮੁਕਤ ਵੀ ਕਰ ਦਿੱਤਾ ਹੈ। ਇਹ ਫੈਸਲਾ ਇਥੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਿਆ ਗਿਆ ਹੈ।

ਮੰਤਰੀ ਮੰਡਲ ਦੀ ਮੀਟਿੰਗ ਵਿਚ ਜਿਨ੍ਹਾਂ ਹੋਰਨਾਂ ਮਾਮਲਿਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਉਨ੍ਹਾਂ ਵਿਚ ਗੈਰ-ਅਧਿਕਾਰਤ ਕਲੋਨੀਆਂ/ਪਲਾਟਾਂ/ ਇਮਾਰਤਾਂ ਨੂੰ ਨਿਯਮਤ ਕਰਨ ਲਈ ਨਵੀਂ ਨੀਤੀ, ਸੂਬੇ ਵਿਚ ਆਨ ਲਾਈਨ ਲਾਟਰੀ, ਨਿਊ ਚੰਡੀਗੜ੍ਹ ਵਿਚ ਮੈਡੀਸਿਟੀ ਵਿਖੇ ਪਲਾਟਾਂ ਦੀ ਅਲਾਟਮੈਂਟ ਨੀਤੀ, ਥੀਨ ਡੈਮ ਦੇ ਨੇੜੇ ਰਣਜੀਤ ਸਾਗਰ ਝੀਲ ਕਿਨਾਰੇ ਸੈਰ ਸਪਾਟਾ ਪ੍ਰਾਜੈਕਟ, 1750 ਦਿਹਾਤੀ ਤੇ 424 ਸ਼ਹਿਰੀ 'ਸੰਗਠਿਤ ਸੇਵਾ ਪ੍ਰਦਾਨ ਕੇਂਦਰਾਂ' ਦੀ ਸਥਾਪਨਾ ਜਿਸ ਰਾਹੀਂ 223 ਨਾਗਰਿਕ ਸੇਵਾਵਾਂ ਮੁਹੱਈਆ ਹੋਣਗੀਆਂ ਸ਼ਾਮਲ ਹਨ।

ਪ੍ਰਾਪਰਟੀ ਟੈਕਸ ਦੀ ਵਸੂਲੀ ਲਈ ਮਿਉਂਸਿਪਲ ਕਮੇਟੀਆਂ ਨੂੰ ਏ,ਬੀ ਤੇ ਸੀ ਤਹਿਤ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾਵੇਗਾ। ਧਾਰਮਿਕ ਸਥਾਨਾਂ, ਸ਼ਮਸ਼ਾਨਘਾਟਾਂ, ਪਸ਼ੂ ਰੱਖਾਂ, ਇਤਿਹਾਸਕ ਇਮਾਰਤਾਂ, ਬਿਰਧ ਆਸ਼ਰਮ/ਯਤੀਮਖਾਨੇ, ਮਿਉਂਸਪੈਲਟੀਆਂ, ਸਰਕਾਰੀ/ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ, ਕਾਲਜ, ਸਰਕਾਰੀ ਹਸਪਤਾਲ/ ਡਿਸਪੈਂਸਰੀਆਂ, ਪਾਰਕਿੰਗ ਸਥਾਨ (ਬਹੁ-ਮੰਜ਼ਲਾਂ ਫਲੈਟਾਂ ਲਈ) ਤੇ ਖੇਤੀਬਾੜੀ/ ਬਾਗਬਾਨੀ ਹੇਠਲੀ ਜ਼ਮੀਨ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਹੋਵੇਗੀ। ਵਿਧਵਾ ਤੇ ਅਪੰਗ ਵਿਅਕਤੀਆਂ ਨੂੰ 5000 ਰੁਪਏ ਤੱਕ ਜਦਕਿ ਆਜ਼ਾਦੀ ਘੁਲਾਟੀਏ, ਗਰੀਬੀ ਰੇਖਾ ਤੋਂ ਹੇਠਲੇ ਪਰਿਵਾਰਾਂ ਤੇ ਸਾਬਕਾ ਫੌਜੀਆਂ ਨੂੰ ਮੁਕੰਮਲ ਛੋਟ ਹੋਵੇਗੀ। ਪ੍ਰਾਈਵੇਟ ਸਿੱਖਿਆ ਸੰਸਥਾਵਾਂ ਨੂੰ 50 ਫੀਸਦੀ ਤੱਕ ਛੋਟ ਹੋਵੇਗੀ।

## ਕਿਸਾਨ ਖੁਦਕੁਸ਼ੀਆਂ ਬਾਰੇ ਕੇਂਦਰ ਨੂੰ ਨੋਟਿਸ

**ਨਵੀਂ ਦਿੱਲੀ:** ਇਕ ਜਨਹਿਤ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਸੁਪਰੀਮ ਕੋਰਟ ਨੇ ਕੇਂਦਰ ਨੂੰ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਰੋਕਣ ਲਈ ਉਚਿਤ ਉਪਰਾਲੇ ਕੀਤੇ ਜਾਣ ਦੀ ਬੇਨਤੀ ਕੀਤੀ ਗਈ ਹੈ ਕਿਉਂਕਿ ਖੇਤੀ ਲਾਗਤਾਂ ਵਧਣ ਕਾਰਨ ਕਿਸਾਨਾਂ ਦੇ ਕਰਜ਼ੇ ਲਗਾਤਾਰ ਵਧ ਰਹੇ ਹਨ ਤੇ ਉਨ੍ਹਾਂ ਨੂੰ ਬਚਦਾ ਕੁਝ ਨਹੀਂ।

ਜਸਟਿਸ ਐਚ.ਐਲ. ਦੱਤੂ ਦੀ ਅਗਵਾਈ ਵਾਲੇ ਬੈਂਚ ਨੇ ਜਨਹਿਤ ਪਟੀਸ਼ਨ ਪਾਉਣ ਵਾਲੀ ਪੰਜਾਬ ਦੀ ਯੂਥ ਕਮਲ ਆਰਗੇਨਾਈਜੇਸ਼ਨ ਦੀਆਂ ਦਲੀਲਾਂ 'ਤੇ ਕੇਂਦਰੀ ਖੇਤੀ ਮੰਤਰਾਲੇ ਤੋਂ ਜੁਆਬ ਮੰਗਿਆ ਹੈ।

# ਸਕਾਟਲੈਂਡ ਦੇ ਲੋਕਾਂ ਨੇ ਆਜ਼ਾਦੀ ਠੁਕਰਾਈ

## ਇਤਿਹਾਸਕ ਰਾਇਸ਼ੁਮਾਰੀ ਵਿਚ ਯੂਨੀਅਨ ਜੈਕ ਦੇ ਝੰਡੇ ਹੇਠ ਹੀ ਰਹਿਣ ਦਾ ਫੈਸਲਾ






ਨਤੀਜੇ ਤੋਂ ਬਾਅਦ ਬਰਤਾਨੀਆ ਨਾਲ ਰਹਿਣ ਦੇ ਹੱਕ ਵਿਚ ਵੋਟ ਪਾਉਣ ਵਾਲੇ ਲੋਕ ਖੁਸ਼ੀ ਜ਼ਾਹਿਰ ਕਰਦੇ ਹੋਏ ਅਤੇ (ਸੱਜੇ) ਨਿਰਾਸ਼ ਹੋਏ ਆਜ਼ਾਦੀ ਪੱਖੀ ਲੋਕ।

**ਲੰਡਨ/ ਐਡਿਨਬਰਾ:** ਸਕਾਟਲੈਂਡ ਦੇ ਲੋਕਾਂ ਨੇ ਇਤਿਹਾਸਕ ਰਾਇਸ਼ੁਮਾਰੀ ਰਾਹੀਂ ਆਜ਼ਾਦੀ ਨੂੰ ਨਕਾਰਦਿਆਂ ਬਰਤਾਨੀਆ ਨਾਲ ਰਹਿਣ ਦਾ ਫ਼ਤਵਾ ਦਿੱਤਾ ਹੈ। ਇੰਗਲੈਂਡ ਅਤੇ ਵੇਲਜ਼ ਨਾਲ ਸਕਾਟਲੈਂਡ ਦਾ 307 ਸਾਲ ਪੁਰਾਣਾ ਨਾਤਾ ਬਣਿਆ ਰਹੇਗਾ।

ਸਕਾਟਲੈਂਡ ਦੀ ਆਜ਼ਾਦੀ ਦੇ ਹਮਾਇਤੀਆਂ ਲਈ ਇਹ ਵੱਡਾ ਝਟਕਾ ਹੈ। ਸਾਰੀਆਂ 32 ਕੌਂਸਲਾਂ ਦੇ ਨਤੀਜੇ ਮੁਤਾਬਕ 20 ਲੱਖ ਇਕ ਹਜ਼ਾਰ 926 ਲੋਕਾਂ ਨੇ ਆਜ਼ਾਦੀ ਦੀ ਮੁਹਿੰਮ ਨੂੰ ਨਕਾਰ ਦਿੱਤਾ ਜਦਕਿ ਵੱਖਰੀ ਹੋਂਦ ਲਈ ਸੰਘਰਸ਼ ਕਰ ਰਹੇ 16 ਲੱਖ 17 ਹਜ਼ਾਰ 989 ਲੋਕਾਂ ਨੇ ਆਜ਼ਾਦੀ ਦੇ ਪੱਖ ਵਿਚ ਵੋਟਾਂ ਭੁਗਤਾਈਆਂ। ਇਉਂ ਆਜ਼ਾਦੀ ਦੇ ਵਿਰੋਧ ਵਿਚ 55.3 ਫ਼ੀਸਦੀ ਅਤੇ ਪੱਖ ਵਿਚ 44.7 ਫ਼ੀਸਦੀ ਲੋਕਾਂ ਨੇ ਹੁੰਗਾਰਾ ਭਰਿਆ। ਛੇਤੇ ਰਹੇ ਕਿ ਰਾਇਸ਼ੁਮਾਰੀ ਤੋਂ ਪਹਿਲਾਂ ਦੋਹਾਂ ਧਿਰਾਂ ਵਿਚ ਪ੍ਰਚਾਰ ਮੁਹਿੰਮ ਦੌਰਾਨ ਤਣਾਤਣੀ ਦਾ ਮਾਹੌਲ ਬਣ ਗਿਆ ਸੀ ਪਰ 84.6 ਫ਼ੀਸਦੀ ਲੋਕਾਂ ਨੇ ਆਪਣੀ ਰਾਏ ਦੇ ਕੇ ਇਸ ਘੜੀ ਨੂੰ ਇਤਿਹਾਸ ਬਣਾ ਦਿੱਤਾ।

ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਰਾਇਸ਼ੁਮਾਰੀ ਦੇ ਨਤੀਜਿਆਂ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ ਸਕਾਟਲੈਂਡ ਨੂੰ ਵੱਧ ਤਾਕਤਾਂ ਦੇਣ ਦਾ ਆਪਣਾ ਵਾਅਦਾ ਦੁਹਰਾਇਆ। ਸਕਾਟਲੈਂਡ ਦੇ ਪਹਿਲੇ ਮੰਤਰੀ ਅਲੈਕਸ ਸਲਮੰਡ ਨੇ ਏਕਤਾ ਦਾ ਸੱਦਾ ਦਿੰਦਿਆ ਉਨ੍ਹਾਂ ਨੂੰ ਵੱਧ ਤਾਕਤਾਂ ਦੇਣ ਦੀ ਬੇਨਤੀ ਕੀਤੀ। ਸਕਾਟਿਸ਼ ਨੈਸ਼ਨਲ ਪਾਰਟੀ ਦੇ ਆਗੂ ਨੇ ਕਿਹਾ ਕਿ ਉਹ ਰਾਇਸ਼ੁਮਾਰੀ ਦੇ ਫ਼ੈਸਲੇ ਨੂੰ ਕਬੂਲ ਕਰਦੇ ਹਨ।

ਸਕਾਟਲੈਂਡ ਦੇ ਸਭ ਤੋਂ ਵੱਡੇ ਸ਼ਹਿਰ ਗਲਾਸਗੋ ਦੇ ਲੋਕਾਂ ਨੇ ਆਜ਼ਾਦੀ ਦੇ ਪੱਖ ਵਿਚ ਵੋਟ ਭੁਗਤਾਏ। ਰਾਇਸ਼ੁਮਾਰੀ ਵਿਚ ਇਸ ਖੇਤਰ ਵਿਚੋਂ ਇਕ ਲੱਖ 94 ਹਜ਼ਾਰ 779 ਲੋਕਾਂ ਨੇ ਬਰਤਾਨੀਆ ਤੋਂ ਵੱਖ ਹੋਣ ਦਾ ਹੁੰਗਾਰਾ ਭਰਿਆ ਜਦਕਿ ਇਕ ਲੱਖ 69 ਹਜ਼ਾਰ 347 ਲੋਕਾਂ ਨੇ ਆਜ਼ਾਦੀ ਦੀ ਤਜਵੀਜ਼ ਨੂੰ ਰੱਦ ਕਰ ਦਿੱਤਾ। ਇਸੇ ਤਰ੍ਹਾਂ ਡੰਡੀ, ਵੈਸਟ ਡਨਬਰਟਨਸ਼ਾਇਰ ਅਤੇ ਨੌਰਥ ਲਾਨਰਕਸ਼ਾਇਰ ਦੇ ਲੋਕਾਂ ਨੇ ਆਜ਼ਾਦੀ ਦੇ ਪੱਖ 'ਚ ਰਾਇ ਦਿੱਤੀ। ਉਂਜ ਸਕਾਟਲੈਂਡ ਦੀ ਰਾਜਧਾਨੀ ਐਡਿਨਬਰਾ ਵਿਚ ਇਕ ਲੱਖ 94 ਹਜ਼ਾਰ 638 ਲੋਕਾਂ ਨੇ ਆਜ਼ਾਦੀ ਦੇ ਵਿਰੋਧ 'ਚ ਰਾਇ ਪ੍ਰਗਟਾਈ ਜਦਕਿ ਇਕ ਲੱਖ 23 ਹਜ਼ਾਰ 927 ਲੋਕਾਂ ਨੇ ਆਜ਼ਾਦੀ ਦੇ ਪੱਖ 'ਚ ਵੋਟ ਪਾਈ।

ਉਧਰ ਯੂਰਪੀਅਨ ਯੂਨੀਅਨ ਨੇ ਸਕਾਟਲੈਂਡ ਦੇ ਬਰਤਾਨੀਆ ਨਾਲ ਜੁੜੇ ਰਹਿਣ 'ਤੇ ਰਾਹਤ ਪ੍ਰਗਟ ਕੀਤੀ ਹੈ। ਇਸ ਨਤੀਜੇ ਤੋਂ ਬਾਅਦ ਬਰਤਾਨੀਆ ਦੇ ਸ਼ੇਅਰ ਬਾਜ਼ਾਰ ਚੜ੍ਹ ਗਏ।

ਇਸ ਦੌਰਾਨ ਸਪੇਨ ਦੇ ਕਾਤਲਾਨ ਅਤੇ ਬਾਸਕਸ ਖਿੱਤਿਆਂ 'ਚ ਨਿਰਾਸ਼ਾ ਦਾ ਮਾਹੌਲ ਬਣ ਗਿਆ। ਉਥੋਂ ਦੇ ਲੋਕ ਸਪੇਨ ਤੋਂ ਆਜ਼ਾਦੀ ਦੀ ਮੰਗ ਲਈ ਅੰਦੋਲਨ ਕਰ ਰਹੇ ਹਨ। ਸਕਾਟਲੈਂਡ ਦੀ ਰਾਇਸ਼ੁਮਾਰੀ ਦੇ ਨਤੀਜਿਆਂ ਨਾਲ ਉਨ੍ਹਾਂ ਦੇ ਅੰਦੋਲਨ ਨੂੰ ਢਾਹ ਲੱਗੀ ਹੈ। ਇਸੇ ਦੌਰਾਨ ਆਜ਼ਾਦੀ ਪੱਖੀ ਲੀਡਰ ਅਲੈਕਸ ਸਾਲਮੰਡ ਜਿਨ੍ਹਾਂ ਦੀ ਅਗਵਾਈ ਵਿਚ ਮੁਹਿੰਮ ਚਲਾਈ ਗਈ ਸੀ, ਨੇ ਆਪਣੇ ਪਹਿਲੇ ਮੰਤਰੀ ਦੇ ਅਹੁਦੇ ਅਤੇ ਆਪਣੀ ਪਾਰਟੀ ਦੀ ਲੀਡਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ।

## ਯੂਰਪ ਦੇ ਆਗੂ ਹੋਏ ਬਾਗੋ-ਬਾਗ

**ਬਰਲਿਨ:** ਸਕਾਟਿਸ਼ ਵੋਟਰਾਂ ਵੱਲੋਂ ਇਤਿਹਾਸਕ ਰਾਇਸ਼ੁਮਾਰੀ ਵਿਚ ਆਜ਼ਾਦੀ ਦਾ ਰਾਹ ਰੱਦ ਕਰ ਦੇਣ ਤੋਂ ਯੂਰਪ ਭਰ ਦੀਆਂ ਸਰਕਾਰਾਂ ਅਤੇ ਸਿਆਸਤਦਾਨਾਂ ਨੇ ਸੁੱਖ ਦਾ ਸਾਹ ਲਿਆ ਹੈ ਅਤੇ ਰਾਇਸ਼ੁਮਾਰੀ ਨੂੰ ਸਥਿਰ ਤੇ ਖੁਸ਼ਹਾਲ ਯੂਰਪ ਦੇ ਹੱਕ ਵਿਚ ਫਤਵਾ ਕਰਾਰ ਦਿੱਤਾ ਹੈ। ਜਰਮਨੀ ਨੇ ਰਾਇਸ਼ੁਮਾਰੀ ਦੇ ਨਤੀਜੇ ਨੂੰ ਸਕਾਟਲੈਂਡ ਲਈ ਚੰਗਾ ਅਤੇ ਨਾਲ ਹੀ ਬਰਤਾਨੀਆ ਤੇ ਯੂਰਪ ਲਈ ਬੇਮਿਸਾਲ ਕਰਾਰ ਦਿੱਤਾ ਹੈ।

ਜਰਮਨੀ ਦੇ ਵਿਦੇਸ਼ ਮੰਤਰੀ ਫਰੈਂਕ-ਵਾਲਟਰ ਸਟੀਨਮਾਇਰ ਨੇ ਆਖਿਆ ਕਿ ਸਕਾਟਲੈਂਡ ਦੇ ਬਹੁ-ਗਿਣਤੀ ਲੋਕ ਮਜ਼ਬੂਤ ਬਰਤਾਨੀਆ ਤੇ ਮਜ਼ਬੂਤ ਸਕਾਟਲੈਂਡ ਚਾਹੁੰਦੇ ਹਨ। ਉਹ ਬਰਤਾਨੀਆ ਦੇ ਬੇਮਿਸਾਲ ਜਮਹੂਰੀ ਸਭਿਆਚਾਰ ਦੀ ਬਹੁਤ ਇੱਜ਼ਤ ਕਰਦੇ ਹਨ ਅਤੇ ਇਸ ਸਭਿਆਚਾਰ ਦਾ ਰਾਇਸ਼ੁਮਾਰੀ ਵਿਚ ਵਿਖਾਲਾ ਹੋਇਆ ਹੈ। ਜਰਮਨ ਸਰਕਾਰ ਉਮੀਦ ਕਰਦੀ ਹੈ ਕਿ ਬਰਤਾਨੀਆ ਯੂਰਪ ਵਿਚ ਮਜ਼ਬੂਤ ਅਤੇ ਭਰੋਸੇਮੰਦ ਭਿਆਲ ਬਣਿਆ ਰਹੇਗਾ।

ਯੂਰਪੀ ਕਮਿਸ਼ਨ ਦੇ ਮੁਖੀ ਜੋਜ਼ੇ ਮੈਨੁਇਲ ਬੈਰੋਸੋ ਨੇ ਰਾਇਸ਼ੁਮਾਰੀ ਦਾ ਸਵਾਗਤ ਕਰਦਿਆਂ ਕਿਹਾ ਕਿ ਸਕਾਟਿਸ਼ ਵੋਟਰਾਂ ਨੇ ਬਰਤਾਨੀਆ ਦੀ ਏਕਤਾ ਬਰਕਰਾਰ ਰੱਖੀ ਹੈ। ਯੂਰਪੀਅਨ ਕੌਂਸਲ ਦੇ ਪ੍ਰਧਾਨ ਹਰਮਨ ਵਾਨ ਰੋਂਪਏ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਦੀ ਤਸੱਲੀ ਹੋਈ ਹੈ ਕਿ ਬਰਤਾਨੀਆ ਇਕਜੁਟ ਰਹੇਗਾ ਅਤੇ ਇਸ ਦਾ ਫਾਇਦਾ ਸਕਾਟਲੈਂਡ ਨੂੰ ਵੀ ਹੋਵੇਗਾ।

# ਹਕੀਕਤਾਂ ਤੋਂ ਦੂਰ ਹੈ ਸਰਕਾਰ ਦਾ ਢਾਈ ਸਾਲਾਂ ਦਾ ਲੇਖਾ-ਜੋਖਾ

**ਚੰਡੀਗੜ੍ਹ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਦੀ ਦੂਜੀ ਪਾਰੀ ਦੇ ਪਹਿਲੇ ਢਾਈ ਸਾਲਾਂ 'ਤੇ ਡੰਗ ਟਪਾਊ ਨੀਤੀ ਹਾਵੀ ਰਹੀ ਹੈ। ਆਰਥਿਕ ਤੰਗੀ ਦਾ ਸ਼ਿਕਾਰ ਸੂਬਾ ਸਰਕਾਰ ਨੇ ਆਪਣੀ ਆਮਦਨ ਵਧਾਉਣ ਦੀ ਥਾਂ ਕੇਂਦਰ ਸਰਕਾਰ ਕੋਲੋਂ ਪੈਸਾ ਮੰਗਣ 'ਤੇ ਜ਼ੋਰ ਪਾਈ ਰੱਖਿਆ ਹੈ। ਸਰਕਾਰ ਦੀਆਂ ਇਨ੍ਹਾਂ ਨੀਤੀਆਂ ਕਾਰਨ ਸੂਬੇ ਸਿਰ ਕਰਜ਼ੇ ਦਾ ਭਾਰ 1 ਲੱਖ 13 ਹਜ਼ਾਰ ਕਰੋੜ ਰੁਪਏ ਤੋਂ ਟੱਪ ਗਿਆ ਹੈ। ਆਮਦਨ ਨਾਲੋਂ ਖ਼ਰਚੇ ਜ਼ਿਆਦਾ ਹੋਣ ਕਰਕੇ ਵਿਕਾਸ ਕਾਰਜ ਠੱਪ ਹਨ। ਇਸ ਤੋਂ ਇਲਾਵਾ ਅਕਾਲੀ ਦਲ ਵੱਲੋਂ ਚੋਣਾਂ ਸਮੇਂ ਵਿਦਿਆਰਥੀਆਂ ਨੂੰ ਮੁਫਤ ਲੈਪਟਾਪ ਤੇ ਬੇਰੁਜ਼ਗਾਰਾਂ ਨੂੰ ਨੌਕਰੀਆਂ ਦੇਣ ਦੇ ਕੀਤੇ ਵਾਅਦੇ ਵੀ ਵਫ਼ਾ ਨਾ ਹੋ ਸਕੇ।

ਪੰਜਾਬ ਸਰਕਾਰ ਪਿਛਲੇ ਦੋ ਮਾਲੀ ਸਾਲਾਂ ਦੌਰਾਨ ਵਿਕਾਸ ਕਾਰਜਾਂ ਲਈ ਕੋਈ ਫੰਡ ਜਾਰੀ ਨਹੀਂ ਕਰ ਸਕੀ ਹੈ। ਇਥੋਂ ਤੱਕ ਕਿ ਕੇਂਦਰੀ ਯੋਜਨਾਵਾਂ ਵਿਚ ਵੀ ਸੂਬਾ ਸਰਕਾਰ ਦਾ ਹਿੱਸਾ ਨਹੀਂ ਪਾਇਆ ਜਾ ਸਕਿਆ। ਸਪਸ਼ਟ ਹੈ ਕਿ ਗੱਠਜੋੜ ਸਰਕਾਰ ਡੰਗ ਟਪਾਈ ਹੀ ਕਰ ਰਹੀ ਹੈ। ਸੂਬੇ ਦੇ ਯੋਜਨਾ ਵਿਭਾਗ ਦੇ ਅੰਕੜਿਆਂ ਮੁਤਾਬਕ ਮਾਲੀ ਸਾਲ 2013-14 ਦੌਰਾਨ 7547.80 ਕਰੋੜ ਰੁਪਏ ਦੇ ਰਾਖਵੇਂ ਰੱਖੇ ਬਜਟ ਵਿਚੋਂ 4456.58 ਕਰੋੜ ਰੁਪਏ ਦੀ ਰਾਸ਼ੀ ਹੀ ਜਾਰੀ ਕੀਤੀ ਜਾ ਸਕੀ ਹੈ। ਖੇਤੀਬਾੜੀ ਲਈ ਰਾਖਵੇਂ ਰੱਖੇ 417.01 ਕਰੋੜ ਰੁਪਏ ਵਿਚੋਂ 268.11 ਕਰੋੜ ਰੁਪਏ ਜਾਰੀ ਹੋ ਸਕੇ ਹਨ। ਸਿਹਤ ਖੇਤਰ ਵਿਚ ਹਾਲਤ ਇਥੋਂ ਤੱਕ ਨਿਘਰ ਗਈ ਹੈ ਕਿ ਸਰਕਾਰ ਨੇ 626.21 ਕਰੋੜ ਰੁਪਏ ਖ਼ਰਚ ਕਰਨ ਦਾ ਟੀਚਾ ਮਿਥਿਆ ਸੀ ਪਰ ਖ਼ਜ਼ਾਨੇ ਵਿਚੋਂ ਮਹਿਜ਼ 292.31 ਕਰੋੜ ਰੁਪਏ ਹੀ ਜਾਰੀ ਹੋ ਸਕੇ ਹਨ।

ਦਿਹਾਤੀ ਜਲ ਸਪਲਾਈ ਲਈ 377.33 ਕਰੋੜ ਰੁਪਏ ਵਿਚੋਂ 206.38 ਕਰੋੜ ਰੁਪਏ ਤੇ ਸ਼ਹਿਰੀ ਜਲ ਸਪਲਾਈ ਲਈ 104.97 ਕਰੋੜ ਰੁਪਏ ਦੀ ਥਾਂ 25.62 ਕਰੋੜ ਰੁਪਏ ਜਾਰੀ ਹੋ ਸਕੇ ਹਨ। ਸੜਕਾਂ ਤੇ ਪੁਲਾਂ ਲਈ 821.23 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਸੀ ਜਦਕਿ 255.04 ਕਰੋੜ ਰੁਪਏ ਖ਼ਰਚ ਹੋਏ ਹਨ। ਹੜ੍ਹ ਰੋਕੂ ਪ੍ਰਬੰਧਾਂ 'ਤੇ ਸਰਕਾਰ ਨੇ ਬੀਤੇ ਮਾਲੀ ਸਾਲ ਦੌਰਾਨ 195.97 ਕਰੋੜ ਰੁਪਏ ਦਾ ਬਜਟ ਰੱਖਿਆ ਸੀ ਜਦਕਿ ਸਿਰਫ਼ 57.09 ਕਰੋੜ ਰੁਪਏ ਖ਼ਰਚ ਕੀਤੇ ਗਏ ਸਨ। ਦਰਮਿਆਨੇ ਤੇ ਛੋਟੇ ਨਹਿਰੀ ਪ੍ਰੋਜੈਕਟਾਂ ਲਈ ਸਰਕਾਰ ਨੇ 107.22 ਕਰੋੜ ਰੁਪਏ ਦਾ ਬਜਟ ਰੱਖ ਕੇ 43.16 ਕਰੋੜ ਰੁਪਏ ਖ਼ਰਚ ਕੀਤੇ ਹਨ। ਛੋਟੇ ਨਹਿਰੀ ਕੰਮਾਂ ਲਈ ਸਰਕਾਰ ਨੇ 199.64 ਕਰੋੜ ਰੁਪਏ ਦਾ ਬਜਟ ਰੱਖਿਆ ਤੇ ਇਸ ਵਿਚੋਂ ਸਿਰਫ਼ 50.96 ਕਰੋੜ ਰੁਪਏ ਹੀ ਖ਼ਰਚ ਕੀਤੇ ਜਾ ਸਕੇ। ਦਲਿਤਾਂ ਤੇ ਘੱਟ ਗਿਣਤੀਆਂ ਦੇ ਬੱਚਿਆਂ ਨੂੰ ਵਜ਼ੀਫ਼ਾ ਰਾਸ਼ੀ ਤੇ ਇਨ੍ਹਾਂ ਵਰਗਾਂ ਦੀਆਂ ਹੋਰ ਸਕੀਮਾਂ ਲਈ ਲੰਘੇ ਸਾਲ ਦੌਰਾਨ 292.35 ਕਰੋੜ ਰੁਪਏ ਖ਼ਰਚ ਕੀਤੇ ਜਾਣੇ ਸਨ ਜਦਕਿ 159.74 ਕਰੋੜ ਰੁਪਏ ਖ਼ਰਚ ਕੀਤੇ ਜਾ ਸਕੇ।

ਸਿੱਖਿਆ ਖੇਤਰ ਵਿਚ ਸਰਕਾਰ ਨੇ 1502 ਕਰੋੜ ਰੁਪਏ ਦਾ ਬਜਟ ਰੱਖਿਆ, ਵਿੱਤ ਵਿਭਾਗ ਨੇ 1407.32 ਕਰੋੜ ਰੁਪਏ 31 ਮਾਰਚ ਤੱਕ ਜਾਰੀ ਕਰ ਦਿੱਤੇ ਪਰ ਖ਼ਜ਼ਾਨਾ ਖਾਲੀ ਹੋਣ ਕਾਰਨ 1222.54 ਕਰੋੜ ਰੁਪਏ ਜਾਰੀ ਕੀਤੇ ਜਾ ਸਕੇ। ਤਕਨੀਕੀ ਸਿੱਖਿਆ ਲਈ 25.96 ਕਰੋੜ ਰੁਪਏ ਦੀ ਥਾਂ ਮਹਿਜ਼ 1.23 ਕਰੋੜ ਰੁਪਏ ਹੀ ਜਾਰੀ ਕੀਤੇ ਗਏ। ਦਿਹਾਤੀ ਵਿਕਾਸ ਪ੍ਰੋਗਰਾਮ ਲਈ 97.26 ਕਰੋੜ ਰੁਪਏ ਦੇ ਰਾਖਵੇਂ ਬਜਟ ਵਿਚੋਂ 62.19 ਕਰੋੜ ਰੁਪਏ ਜਾਰੀ ਕੀਤੇ ਜਾ ਸਕੇ। ਰੁਜ਼ਗਾਰ ਉਤਪਤੀ ਲਈ ਸਰਕਾਰ ਨੇ 12.05 ਕਰੋੜ ਰੁਪਏ ਦਾ ਬਜਟ ਰੱਖਿਆ ਤੇ 8.91 ਕਰੋੜ ਰੁਪਏ ਖ਼ਰਚ ਕੀਤੇ। ਤੱਥਾਂ ਤੋਂ ਸਪਸ਼ਟ ਹੈ ਕਿ ਸਰਕਾਰ ਮਹਿਜ਼ ਡੰਗ ਟਪਾਈ ਕਰ ਰਹੀ ਹੈ। ਇਸ ਤੋਂ ਪਿਛਲੇ ਮਾਲੀ ਸਾਲ ਦੌਰਾਨ ਵੀ ਫੰਡ ਜਾਰੀ ਕਰਨ ਦਾ ਤਕਰੀਬਨ ਇਹੀ ਹਾਲ ਰਿਹਾ ਸੀ।

ਪੰਜਾਬ ਸਰਕਾਰ ਦੀ ਮਾਲੀ ਸੰਕਟ ਦਾ ਸਭ ਤੋਂ ਜ਼ਿਆਦਾ ਖਮਿਆਜ਼ਾ ਗ਼ਰੀਬਾਂ ਨੂੰ ਭੁਗਤਣਾ ਪੈ ਰਿਹਾ ਹੈ। ਸਰਕਾਰ ਨੇ ਬੁਢਾਪਾ ਤੇ ਹੋਰ ਪੈਨਸ਼ਨਾਂ ਵਿਚ ਵਾਧੇ ਦਾ ਵਾਅਦਾ ਕੀਤਾ ਪਰ ਆਰਥਿਕ ਤੰਗੀ ਕਾਰਨ ਢਾਈ-ਢਾਈ ਸੌ ਰੁਪਏ ਦੀ ਪੈਨਸ਼ਨ ਵੀ ਜਾਰੀ ਨਹੀਂ ਕੀਤੀ ਜਾ ਰਹੀ। ਇਸ ਸਮੇਂ ਵੀ ਚਾਰ ਮਹੀਨੇ (ਮਈ ਤੋਂ ਅਗਸਤ ਤੱਕ) ਦੀ ਪੈਨਸ਼ਨ ਅਦਾ ਨਹੀਂ ਕੀਤੀ ਗਈ। ਸ਼ਗਨ ਸਕੀਮ ਨੂੰ ਵੀ ਗ੍ਰਹਿਣ ਲੱਗ ਗਿਆ ਹੈ ਤੇ ਕੇਂਦਰ ਤੋਂ ਆਉਂਦੀ ਗਰੀਬ ਵਿਦਿਆਰਥੀਆਂ ਦੀ ਵਜ਼ੀਫ਼ਾ ਰਾਸ਼ੀ ਵੀ ਅਦਾ ਨਹੀਂ ਕੀਤੀ ਜਾ ਰਹੀ।



### ਮਾਲੀ ਸੰਕਟ ਲਈ ਯੂ.ਪੀ.ਏ. ਸਰਕਾਰ ਜ਼ਿੰਮੇਵਾਰ: ਬਾਦਲ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਸੂਬੇ ਦੇ ਮਾਲੀ ਸੰਕਟ ਲਈ ਕੇਂਦਰ ਦੀ ਕਾਂਗਰਸ ਦੀ ਅਗਵਾਈ ਵਾਲੀ ਪਿਛਲੀ ਯੂ.ਪੀ.ਏ. ਸਰਕਾਰ ਹੀ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਮੇਸ਼ਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦਿਆਂ ਪੰਜਾਬ ਤੋਂ ਇਸ ਦੇ ਹੱਕ ਖੋਹੇ ਹਨ। ਅਕਾਲੀ-ਭਾਜਪਾ ਸਰਕਾਰ ਦੇ ਪਿਛਲੇ ਸੱਤ ਸਾਲਾਂ ਦੇ ਹਾਸਲਾਂ ਦਾ ਜ਼ਿਕਰ ਕਰਦਿਆਂ ਸ. ਬਾਦਲ ਨੇ ਦਾਅਵਾ ਕੀਤਾ ਕਿ ਸਰਕਾਰ ਨੇ ਸੂਬੇ ਨੂੰ ਬਿਜਲੀ ਦੀ ਬਹੁਤਾਤ ਵਾਲਾ ਸੂਬਾ ਬਣਾ ਦਿੱਤਾ। ਉਨ੍ਹਾਂ ਉਮੀਦ ਜ਼ਾਹਰ ਕੀਤੀ ਕਿ ਐਨ.ਡੀ.ਏ. ਦੀ ਕੇਂਦਰ ਸਰਕਾਰ ਛੇਤੀ ਹੀ ਪੰਜਾਬ ਨੂੰ ਵੱਡੇ ਆਰਥਿਕ ਪ੍ਰੋਜੈਕਟ ਅਲਾਟ ਕਰੇਗੀ।

### ਆਮਦਨ ਅਠਿਆਨੀ ਤੇ ਖਰਚਾ ਰੁਪਈਆ

ਚਲੰਤ ਮਾਲੀ ਸਾਲ ਦੌਰਾਨ ਸਰਕਾਰ ਨੂੰ ਸਮੁੱਚੇ ਮਾਲੀ ਸਰੋਤਾਂ ਤੇ ਕੇਂਦਰ ਸਰਕਾਰ ਦੇ ਕਰਾਂ ਤੋਂ ਕੁੱਲ 44893 ਕਰੋੜ ਰੁਪਏ ਦੀ ਆਮਦਨ ਹੋਣੀ ਹੈ। ਇਸ ਦੇ ਉਲਟ ਖ਼ਰਚੇ 49145 ਕਰੋੜ ਰੁਪਏ ਦੇ ਮਿੱਥੇ ਗਏ ਹਨ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਲਿਖੇ ਪੱਤਰ ਰਾਹੀਂ ਮਾਲੀ ਇਮਦਾਦ ਤੋਂ ਕੋਰੀ ਨਾਂਹ ਕਰਨ ਨੇ ਸਰਕਾਰ ਦੀ ਹਾਲਤ ਹੋਰ ਪਤਲੀ ਕਰ ਦਿੱਤੀ ਹੈ। ਪੰਜਾਬ ਸਰਕਾਰ ਦਾ ਚਲੰਤ ਮਾਲੀ ਸਾਲ ਦਾ ਵਹੀ ਖਾਤਾ ਵੇਖਿਆ ਜਾਵੇ ਤਾਂ ਸਰਕਾਰ ਨੂੰ ਇਸ ਮਾਲੀ ਸਾਲ ਦੌਰਾਨ ਕੰਮਕਾਰ ਚਲਾਉਣ ਲਈ 13448 ਕਰੋੜ ਰੁਪਏ ਦਾ ਕਰਜ਼ਾ ਲੈਣਾ ਪਵੇਗਾ।

ਸਰਕਾਰ ਨੂੰ ਵੈਟ ਤੋਂ 17760 ਕਰੋੜ ਰੁਪਏ, ਸ਼ਰਾਬ ਤੋਂ 4600 ਕਰੋੜ ਰੁਪਏ, ਅਸ਼ਟਾਮ ਤੇ ਰਜਿਸਟਰੀਆਂ ਤੋਂ 2760 ਕਰੋੜ ਰੁਪਏ, ਵਾਹਨਾਂ ਦੀ ਵਿਕਰੀ ਤੋਂ 1350 ਕਰੋੜ ਰੁਪਏ, ਬਿਜਲੀ ਤੇ ਐਕਸਾਈਜ਼ ਡਿਊਟੀ ਤੋਂ 1860 ਕਰੋੜ ਰੁਪਏ, ਕੇਂਦਰੀ ਕਰਾਂ ਵਿਚੋਂ ਹਿੱਸੇ ਵਜੋਂ 5400 ਕਰੋੜ ਰੁਪਏ, ਕੇਂਦਰੀ ਗਰਾਂਟਾਂ ਦੇ ਰੂਪ ਵਿਚ 8230 ਕਰੋੜ ਰੁਪਏ, ਸ਼ਹਿਰੀ ਵਿਕਾਸ ਤੋਂ 150 ਕਰੋੜ ਰੁਪਏ, ਪੰਜਾਬ ਰੋਡਵੇਜ਼ ਤੋਂ 229 ਕਰੋੜ ਰੁਪਏ ਦੀ ਆਮਦਨ ਦਾ ਅਨੁਮਾਨ ਹੈ।

ਹੋਰ ਛੋਟੀ-ਮੋਟੀ ਆਮਦਨ ਮਿਲਾ ਕੇ ਸਰਕਾਰ ਨੂੰ ਕੁੱਲ 44893 ਕਰੋੜ ਰੁਪਏ ਆਉਣ ਦੀ ਉਮੀਦ ਹੈ। ਇਸ ਦੇ ਮੁਕਾਬਲੇ ਖ਼ਰਚ ਤਨਖ਼ਾਹਾਂ 15841.28 ਕਰੋੜ ਰੁਪਏ, ਪੈਨਸ਼ਨਾਂ ਤੇ ਸੇਵਾਮੁਕਤੀ ਲਾਭ 6886 ਕਰੋੜ ਰੁਪਏ, ਬਿਜਲੀ ਤੇ ਹੋਰ ਸਬਸਿਡੀਆਂ ਦੀ ਤਕਰੀਬਨ 5300 ਕਰੋੜ ਰੁਪਏ, ਵਿਆਜ ਦੀ ਅਦਾਇਗੀ 8380 ਕਰੋੜ ਰੁਪਏ ਤੇ ਸਰਕਾਰੀ ਰਿਣਾਂ ਦੀਆਂ ਅਦਾਇਗੀਆਂ 3562.93 ਕਰੋੜ ਰੁਪਏ ਹਨ। ਸਰਕਾਰ ਵੱਲੋਂ ਇਸ ਸਾਲ ਵੀ ਕੇਂਦਰੀ ਯੋਜਨਾਵਾਂ ਲਈ ਪੈਸਾ ਜਾਰੀ ਨਹੀਂ ਕੀਤਾ ਜਾ ਰਿਹਾ ਤੇ ਸੂਬਾਈ ਯੋਜਨਾਵਾਂ ਦਮ ਤੋੜ ਰਹੀਆਂ ਹਨ।

## ਬਾਦਲ ਨੇ ਸੂਬੇ ਦੇ ਲੋਕਾਂ ਨੂੰ ਲਾਰਿਆਂ ਵਿਚ ਰੱਖਿਆ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਆਖਿਆ ਹੈ ਅਕਾਲੀ-ਭਾਜਪਾ ਸਰਕਾਰ ਨੇ ਚੋਣਾਂ ਸਮੇਂ ਲੋਕਾਂ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ।



ਸਰਕਾਰ ਦੇ ਢਾਈ ਸਾਲ ਪੂਰੇ ਹੋਣ ਤੋਂ ਬਾਅਦ ਵੀ ਮੁੱਖ ਮੰਤਰੀ ਬਾਦਲ ਲੋਕਾਂ ਨੂੰ ਸਿਰਫ ਭਰੋਸਾ ਹੀ ਦੇ ਰਹੇ ਹਨ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਪੰਜਾਬ ਨੂੰ ਵਿਸ਼ੇਸ਼ ਪੈਕੇਜ ਦੇਣ ਤੋਂ ਮਨ੍ਹਾ ਕੀਤੇ ਜਾਣ ਨਾਲ ਸ਼੍ਰੋਮਣੀ ਅਕਾਲੀ ਦਲ ਦਾ ਐਨ.ਡੀ.ਏ. ਸਰਕਾਰ ਪ੍ਰਤੀ ਹੇਜ ਦੂਰ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਵੱਲੋਂ ਪੰਜਾਬ ਨੂੰ ਵਿਸ਼ੇਸ਼ ਪੈਕੇਜ ਦੇਣ ਦੀ ਮੰਗ ਰੱਦ ਕੀਤੇ ਜਾਣ ਨਾਲ ਪੰਜਾਬ ਆਉਣ ਵਾਲੇ ਪੈਸਿਆਂ ਟਰੱਕਾਂ ਨੂੰ ਬਰੇਕ ਲੱਗ ਗਈ ਹੈ।

## ਕੈਪੀਟਲ ਗੇਨ ਟੈਕਸ ਦਾ ਸੁਖਬੀਰ ਨੂੰ ਲੱਗਿਆ ਸੇਕ

**ਚੰਡੀਗੜ੍ਹ:** ਕੈਪੀਟਲ ਗੇਨ ਟੈਕਸ ਦੀ ਅਦਾਇਗੀ ਵਿਰੁੱਧ ਅਪੀਲ ਕਰਨ ਵਾਲਿਆਂ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਸ਼ਾਮਲ ਹੈ। ਇਹ ਅਪੀਲ ਟਾਟਾ ਕੈਮਲੌਟ ਹਾਊਸਿੰਗ ਪ੍ਰੋਜੈਕਟ ਨਾਲ ਸੌਦਾ ਕਰਨ ਵਾਲੇ ਵਿਧਾਇਕਾਂ ਨੇ ਛੇ ਕੁ ਮਹੀਨੇ ਪਹਿਲਾਂ ਪਾਈ ਸੀ। ਇਨ੍ਹਾਂ ਸਾਰਿਆਂ ਵੱਲੋਂ ਇਸ ਪ੍ਰੋਜੈਕਟ ਸਦਕਾ ਦੋ ਕਰੋੜ ਰੁਪਏ ਕਮਾਏ ਦੱਸੇ ਜਾਂਦੇ ਹਨ। ਉਪ ਮੁੱਖ ਮੰਤਰੀ ਬਾਦਲ ਨੇ ਦੱਸਿਆ ਕਿ ਜਾਇਜ਼ਾ ਅਫਸਰ ਨੇ ਮੁੱਲਾਂਕਣ ਦੌਰਾਨ ਨੋਟਿਸ ਕੀਤਾ ਕਿ ਉਹ ਵੀ ਪੰਜਾਬ ਕੋਆਪ੍ਰੇਟਿਵ ਹਾਊਸ ਬਿਲਡਿੰਗ ਸੁਸਾਇਟੀ ਦੇ ਮੈਂਬਰ ਹਨ। ਇਸ ਸੁਸਾਇਟੀ ਦੇ 95 ਮੈਂਬਰ ਹਨ।

ਇਹ ਸੁਸਾਇਟੀ 2000-01 ਵਿਚ 5-5 ਲੱਖ ਰੁਪਏ ਪ੍ਰਤੀ ਮੈਂਬਰ ਇਕੱਠੇ ਕਰਕੇ ਬਣਾਈ ਗਈ ਸੀ। ਹਰ ਮੈਂਬਰ ਨੂੰ 500-500 ਵਰਗ ਗਜ਼ ਦਾ ਪਲਾਟ ਮਿਲਣਾ ਸੀ। ਟਾਟਾ ਨਾਲ ਹੋਏ



ਸਮਝੌਤੇ ਤਹਿਤ ਹਰੇਕ ਵਿਧਾਇਕ ਨੂੰ ਪਲਾਟ ਦੇ ਬਦਲੇ ਵਿਚ ਇਕ-ਇਕ ਫਲੈਟ ਤੇ 82.5 ਲੱਖ ਰੁਪਏ ਮਿਲਣੇ ਸਨ। ਵਿਸਥਾਰ ਵਿਚ ਜਾਂਦਿਆਂ ਸ੍ਰੀ ਬਾਦਲ ਨੇ ਦੱਸਿਆ ਕਿ ਮੁੱਲਾਂਕਣ ਅਧਿਕਾਰੀ ਨੇ ਸਾਲ 2007-08 ਦੇ ਮੁੱਲਾਂਕਣ ਦੌਰਾਨ ਦੇਖਿਆ ਕਿ 3.08 ਏਕੜ ਦੀ ਟਰਾਂਸਫਰ ਦੇ ਮੱਦੇਨਜ਼ਰ ਉਸ ਨੇ 15 ਲੱਖ ਰੁਪਏ ਹਾਸਲ ਕੀਤੇ ਸਨ। ਇਸ ਅਨੁਪਾਤ ਤਹਿਤ ਕੈਪੀਟਲ ਗੇਨ ਟੈਅ ਕਰਕੇ ਇਸ ਬਾਰੇ ਹੁਕਮ ਪਾਸ ਕਰ ਦਿੱਤਾ ਗਿਆ ਸੀ। ਸ੍ਰੀ ਬਾਦਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਆਪਣੀ ਅਪੀਲ ਵਿਚ ਜੁਆਬ ਪੇਸ਼ ਕੀਤਾ ਸੀ ਕਿ ਜਦੋਂ ਉਸਾਰੀ ਹੀ ਸ਼ੁਰੂ ਨਹੀਂ ਹੋ ਸਕੀ, ਤਾਂ ਉਹ ਕਰ ਕਿਉਂ ਦੇਣ, ਪਰ ਇਹ ਦਲੀਲ ਕਮਿਸ਼ਨਰ ਨੇ ਖਾਰਜ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਹੋਰ ਸਾਬਕਾ ਤੇ ਵਰਤਮਾਨ ਵਿਧਾਇਕ ਵੀ ਇਹ ਦਾਅਵਾ ਕਰ ਚੁੱਕੇ ਹਨ ਕਿ ਆਮਦਨ ਕਰ ਵਿਭਾਗ ਨੇ ਗਲਤ ਢੰਗ ਨਾਲ ਕੈਪੀਟਲ ਗੇਨ ਕਰ ਅਦਾ ਕੀਤੇ ਜਾਣ ਲਈ ਨੋਟਿਸ ਜਾਰੀ ਕੀਤੇ ਹਨ, ਕਿਉਂਕਿ ਹਾਲੇ ਇਹ ਰਕਮ ਉਨ੍ਹਾਂ ਨੂੰ ਮਿਲੀ ਨਹੀਂ ਹੈ।


# ਅਕਾਲੀ ਦਲ ਦਾ ਲੋਕ ਸਭਾ ਚੋਣਾਂ 'ਤੇ ਖਰਚਾ 18.46 ਕਰੋੜ

**ਬਠਿੰਡਾ:** ਲੋਕ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ 18.46 ਕਰੋੜ ਰੁਪਏ ਦਾ ਖ਼ਰਚਾ ਕੀਤਾ। ਪੰਜਾਬ ਦੇ ਮੁੱਖ ਮੰਤਰੀ ਨੇ ਇਨ੍ਹਾਂ ਚੋਣਾਂ ਵਿਚ ਸੜਕੀ ਰਸਤੇ ਚੋਣ ਪ੍ਰਚਾਰ ਕੀਤਾ ਜਦੋਂ ਕਿ ਉਪ ਮੁੱਖ ਮੰਤਰੀ ਹਵਾਈ ਜਹਾਜ਼ਾਂ 'ਤੇ ਜ਼ਿਆਦਾ ਘੁੰਮੇ। ਲੋਕ ਸਭਾ ਚੋਣਾਂ 2009 ਵਿਚ ਅਕਾਲੀ ਦਲ ਨੇ 9.25 ਕਰੋੜ ਰੁਪਏ ਖ਼ਰਚੇ ਸਨ। ਇਸ ਤਰ੍ਹਾਂ ਐਤਕੀਂ ਖ਼ਰਚਾ ਦੁੱਗਣਾ ਰਿਹਾ।

ਸ਼੍ਰੋਮਣੀ ਅਕਾਲੀ ਦਲ ਦੇ ਖ਼ਜ਼ਾਨਚੀ ਐਨ.ਕੇ. ਸ਼ਰਮਾ ਵੱਲੋਂ ਚੋਣ ਕਮਿਸ਼ਨ ਕੋਲ 22 ਅਗਸਤ 2014 ਨੂੰ ਪਾਰਟੀ ਤਰਫ਼ੋਂ ਲੋਕ ਸਭਾ ਚੋਣਾਂ ਉਤੇ ਕੀਤੇ ਖ਼ਰਚ ਬਾਰੇ 35 ਸਫ਼ਿਆਂ ਦੀ ਜੋ ਰਿਪੋਰਟ ਦਾਖ਼ਲ ਕੀਤੀ ਗਈ ਹੈ, ਉਸ ਅਨੁਸਾਰ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੂੰ 17.80 ਕਰੋੜ ਰੁਪਏ ਦੇ ਫੰਡ ਪ੍ਰਾਪਤ ਹੋਏ ਜਿਨ੍ਹਾਂ ਵਿਚੋਂ 12.61 ਕਰੋੜ ਦੇ ਫੰਡ ਨਗਦ ਮਿਲੇ। ਇਨ੍ਹਾਂ ਚੋਣਾਂ 'ਤੇ ਅਕਾਲੀ ਦਲ ਨੇ 18.19 ਕਰੋੜ ਰੁਪਏ ਪ੍ਰਚਾਰ 'ਤੇ ਖ਼ਰਚ ਕੀਤੇ ਜਦੋਂ ਕਿ 27.30 ਲੱਖ ਪਾਰਟੀ ਦੇ ਉਮੀਦਵਾਰਾਂ 'ਤੇ ਖ਼ਰਚ ਕੀਤੇ ਗਏ। ਪਾਰਟੀ ਤਰਫ਼ੋਂ ਸਿਰਫ਼ ਹਰਸਿਮਰਤ ਕੌਰ ਬਾਦਲ ਨੂੰ ਹੀ ਪੰਜ ਲੱਖ ਰੁਪਏ ਦਾ ਫੰਡ ਦਿੱਤਾ। ਹੋਰ ਕਿਸੇ ਵੀ ਅਕਾਲੀ ਉਮੀਦਵਾਰ ਨੂੰ ਪਾਰਟੀ ਤਰਫ਼ੋਂ ਫੰਡ ਨਹੀਂ ਦਿੱਤੇ ਗਏ। ਉਂਜ 6.82 ਲੱਖ ਰੁਪਏ ਦਾ ਪਬਲੀਸਿਟੀ ਮੈਟੀਰੀਅਲ ਅਕਾਲੀ ਦਲ ਨੇ ਹਰਸਿਮਰਤ ਕੌਰ ਬਾਦਲ ਤੋਂ ਇਲਾਵਾ ਪਰਮਜੀਤ ਕੌਰ ਗੁਲਸ਼ਨ, ਸ਼ੇਰ ਸਿੰਘ ਘੁਬਾਇਆ, ਸੁਖਦੇਵ ਸਿੰਘ ਢੀਂਡਸਾ, ਦੀਪਇੰਦਰ ਸਿੰਘ ਢਿੱਲੋਂ ਤੇ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਵੀ ਦਿੱਤਾ। ਸ਼੍ਰੋਮਣੀ ਅਕਾਲੀ ਦਲ ਨੇ ਮੀਡੀਆ ਨੂੰ ਦਿੱਤੇ ਇਸ਼ਤਿਹਾਰਾਂ 'ਤੇ 13.04 ਕਰੋੜ ਰੁਪਏ ਖ਼ਰਚ ਕੀਤੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਇਨ੍ਹਾਂ ਚੋਣਾਂ ਵਿਚ ਸੋਸ਼ਲ ਮੀਡੀਆ ਦੀ ਅਹਿਮੀਅਤ ਵੀ ਸਮਝੀ ਤੇ 1.05 ਕਰੋੜ ਰੁਪਏ ਇਕੱਲੇ ਸੋਸ਼ਲ ਮੀਡੀਏ 'ਤੇ ਖ਼ਰਚ ਕੀਤੇ। ਸੋਸ਼ਲ ਮੀਡੀਆ ਲਈ ਮੋਬਿਜ਼ ਇਨਫੋਟੈੱਕ ਕੰਪਨੀ ਨੂੰ ਅਕਾਲੀ ਦਲ ਨੇ 1.02 ਕਰੋੜ ਰੁਪਏ ਦਿੱਤੇ। ਪ੍ਰਿੰਟ ਮੀਡੀਆ ਨੂੰ 3.72 ਕਰੋੜ ਤੇ ਐਫ.ਐਮ. ਰੇਡੀਓ ਨੂੰ 2.41 ਕਰੋੜ ਰੁਪਏ ਦੇ ਇਸ਼ਤਿਹਾਰ ਦਿੱਤੇ। ਇਲੈਕਟ੍ਰਾਨਿਕ ਮੀਡੀਆ ਵਿਚੋਂ ਸਭ ਤੋਂ ਜ਼ਿਆਦਾ 3.26 ਕਰੋੜ ਦੇ ਇਸ਼ਤਿਹਾਰ ਜੀ. ਨੈਕਸਟ ਮੀਡੀਆ ਪ੍ਰਾਈਵੇਟ ਲਿਮਟਿਡ ਨੂੰ ਦਿੱਤੇ ਹਨ। ਪਾਰਟੀ ਨੇ ਚੋਣਾਂ ਵਿਚ 2.20 ਕਰੋੜ ਰੁਪਏ ਹੋਰਡਿੰਗਜ਼ 'ਤੇ ਖ਼ਰਚ ਕੀਤੇ ਜਦੋਂ ਕਿ 22.20 ਲੱਖ ਰੁਪਏ ਬੈਨਰਾਂ, ਪੋਸਟਰਾਂ ਤੇ ਸਟਿੱਕਰਾਂ ਆਦਿ 'ਤੇ ਖ਼ਰਚੇ ਗਏ। 25 ਅਪਰੈਲ ਨੂੰ ਨਰੇਂਦਰ ਮੋਦੀ ਦੀਆਂ ਚੋਣ ਰੈਲੀਆਂ 'ਤੇ 15.47 ਲੱਖ ਰੁਪਏ ਦਾ ਖ਼ਰਚ ਕੀਤਾ।

### ਹਿਸਾਬ ਨਾ ਦੇਣ 'ਤੇ ਭਾਜਪਾ ਤੇ ਕਾਂਗਰਸ ਨੂੰ ਨੋਟਿਸ

ਚੋਣ ਕਮਿਸ਼ਨ ਨੇ 8 ਸਤੰਬਰ ਨੂੰ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ ਕਿਉਂਕਿ ਇਨ੍ਹਾਂ ਸਿਆਸੀ ਧਿਰਾਂ ਵੱਲੋਂ ਨਿਸ਼ਚਿਤ ਸਮੇਂ ਦੇ ਅੰਦਰ ਚੋਣ ਕਮਿਸ਼ਨ ਕੋਲ ਪਾਰਟੀ ਵੱਲੋਂ ਚੋਣ ਖ਼ਰਚ ਦੇ ਵੇਰਵੇ ਜਮ੍ਹਾਂ ਨਹੀਂ ਕਰਾਏ ਗਏ। ਲੋਕ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ 60 ਦਿਨਾਂ ਦੇ ਅੰਦਰ-ਅੰਦਰ ਇਹ ਚੋਣ ਖ਼ਰਚਾ ਦੱਸਿਆ ਜਾਣਾ ਬਣਦਾ ਸੀ। ਦੋਵਾਂ ਧਿਰਾਂ ਸਮੇਤ ਦਰਜਨਾਂ ਖੇਤਰੀ ਸਿਆਸੀ ਪਾਰਟੀਆਂ ਨੂੰ ਵੀ ਨੋਟਿਸ ਜਾਰੀ ਕੀਤੇ ਗਏ ਹਨ। ਅਕਾਲੀ ਦਲ ਨੇ ਨਿਸ਼ਚਿਤ ਸਮੇਂ ਦੇ ਅੰਦਰ ਆਪਣੇ ਚੋਣ ਖ਼ਰਚੇ ਦੇ ਵੇਰਵੇ ਦੇ ਦਿੱਤੇ ਤੇ ਇਹ ਤਸੱਲੀਬਖ਼ਸ਼ ਨਿਕਲੇ।



### ਸੁਖਬੀਰ ਦਾ ਹਵਾਈ ਪ੍ਰਚਾਰ ਸਭ ਤੋਂ ਖਰਚੀਲਾ

ਅਕਾਲੀ ਦਲ ਨੇ 2.51 ਕਰੋੜ ਰੁਪਏ ਇਕੱਲੇ ਹਵਾਈ ਸਫ਼ਰ 'ਤੇ ਖ਼ਰਚੇ। ਇਨ੍ਹਾਂ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਢਿੱਲੋਂ ਐਵੀਏਸ਼ਨ ਤੇ ਮਜੀਠੀਆ ਪਰਿਵਾਰ ਦੀ ਸਰਾਇਆ ਐਵੀਏਸ਼ਨ ਦੇ ਏਅਰਕਰਾਫਟ ਵਰਤੇ। ਚੋਣ ਪ੍ਰਚਾਰ ਵਾਸਤੇ 5 ਮਾਰਚ ਤੋਂ ਏਅਰਕਰਾਫਟ ਤੇ ਹੈਲੀਕਾਪਟਰ ਦੀ ਵਰਤੋਂ ਸ਼ੁਰੂ ਕਰ ਦਿੱਤੀ ਸੀ ਜੋ ਕਿ 2 ਮਈ 2014 ਤੱਕ ਜਾਰੀ ਰਹੀ। ਰਿਪੋਰਟ ਅਨੁਸਾਰ ਚੋਣਾਂ ਦੌਰਾਨ ਏਅਰਕਰਾਫਟ/ਹੈਲੀਕਾਪਟਰ ਨੇ 137 ਦਫ਼ਾ ਉਡਾਣ ਭਰੀ ਜਿਸ ਵਿਚੋਂ 130 ਗੇੜੇ ਇਕੱਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹਨ। ਮੁੱਖ ਮੰਤਰੀ ਨੇ ਸਿਰਫ਼ ਦੋ ਵਾਰ, ਬਿਕਰਮ ਸਿੰਘ ਮਜੀਠੀਆ ਨੇ ਤਿੰਨ ਵਾਰ ਤੇ ਹਰਸਿਮਰਤ ਕੌਰ ਬਾਦਲ ਨੇ ਦੋ ਵਾਰ ਹੈਲੀਕਾਪਟਰ/ਏਅਰਕਰਾਫਟ ਦੀ ਵਰਤੋਂ ਕੀਤੀ। ਸ਼੍ਰੋਮਣੀ ਅਕਾਲੀ ਦਲ ਨੇ ਚੋਣਾਂ ਲਈ ਤਿੰਨ ਹੈਲੀਕਾਪਟਰ ਤੇ ਇਕ ਏਅਰਕਰਾਫਟ ਭਾੜੇ 'ਤੇ ਕੀਤਾ ਸੀ।

# ਅਸੈਂਬਲੀਮੈਨ ਰਿਚਰਡ ਪੈਨ ਗੁਰਦੁਆਰਾ ਰੀਓ ਲਿੰਡਾ ਪਹੁੰਚੇ


**ਸੈਕਰਾਮੈਂਟੋ (ਬਿਊਰੋ):** ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਟੈਂਪਲ, ਰੀਓ ਲਿੰਡਾ ਵਿਚ ਹੋਏ ਹਫਤਾਵਾਰੀ ਦੀਵਾਨ ਵਿਚ ਅਸੈਂਬਲੀਮੈਨ ਡਾ. ਰਿਚਰਡ ਪੈਨ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਉਨ੍ਹਾਂ ਦਾ ਸਿਰੋਪਾਓ ਦੇ ਕੇ ਸਨਮਾਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਯੁਨਾਈਟਿਡ ਅਵੇਅਰਨੈਸ ਕਮੇਟੀ ਨੇ ਡਾ. ਪੈਨ ਨੂੰ 501 ਡਾਲਰ ਭੇਟ ਕੀਤੇ। ਜਸਵਿੰਦਰ ਬੰਗਾ ਅਤੇ ਹੰਸ ਰਾਜ ਕਾਜਲਾ ਨੇ ਡਾ. ਪੈਨ ਦਾ ਗੁਰੂ ਘਰ ਪਹੁੰਚਣ 'ਤੇ ਧੰਨਵਾਦ ਕੀਤਾ।



ਇਸ ਤੋਂ ਪਹਿਲਾਂ ਅਖੰਡ ਪਾਠ ਦਾ ਭੋਗ ਪਿਆ। ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਤੇ ਭਾਈ ਨਿਰਮਲ ਸਿੰਘ ਅਤੇ ਧਰਮਿੰਦਰ ਸਿੰਘ ਸਿਆਟਲ ਦੇ ਕੀਰਤਨੀ ਜਥੇ ਨੇ ਗੁਰਬਾਣੀ ਸ਼ਬਦ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਭਾਈ ਮੋਹਣ ਸਿੰਘ ਕੰਗਰੋੜ ਦੇ ਢਾਡੀ ਜਥੇ ਨੇ ਢਾਡੀ ਵਾਰਾਂ ਪੇਸ਼ ਕੀਤੀਆਂ। ਲੰਗਰ ਅਤੁੱਟ ਵਰਤਿਆ। ਪ੍ਰਬੰਧਕ ਕਮੇਟੀ ਨੇ ਸੰਗਤ ਨੂੰ 5 ਅਕਤੂਬਰ ਨੂੰ ਗੁਰੂ ਘਰ ਦੇ 23ਵੇਂ ਸਥਾਪਨਾ ਦਿਵਸ ਸਮਾਗਮ 'ਚ ਪਹੁੰਚਣ ਦੀ ਬੇਨਤੀ ਕੀਤੀ ਹੈ।

# ਰਿਚਰਡ ਰਾਹੁਲ ਵਰਮਾ ਭਾਰਤ ਵਿਚ ਨਵੇਂ ਅਮਰੀਕੀ ਰਾਜਦੂਤ

**ਵਾਸ਼ਿੰਗਟਨ (ਬਿਊਰੋ):** ਭਾਰਤੀ ਮੂਲ ਦੇ ਅਮਰੀਕੀ ਰਿਚਰਡ ਰਾਹੁਲ ਵਰਮਾ (45) ਦਾ ਨਾਂ ਭਾਰਤ ਵਿਚ ਅਮਰੀਕੀ ਰਾਜਦੂਤ ਵਜੋਂ ਐਲਾਨ ਦਿੱਤਾ ਗਿਆ ਹੈ। ਸ੍ਰੀ ਵਰਮਾ ਇਹ ਅਹੁਦਾ ਪ੍ਰਾਪਤ



ਕਰਨ ਵਾਲੇ ਪਹਿਲੇ ਭਾਰਤੀ ਮੂਲ ਵਾਲੇ ਅਮਰੀਕੀ ਹਨ।

ਸ੍ਰੀ ਵਰਮਾ ਦੇ ਮਾਪੇ ਪੰਜਾਬੀ ਹਨ ਤੇ ਉਨ੍ਹਾਂ ਦੇ ਮਾਪਿਆਂ ਦਾ ਪਰਿਵਾਰ 1960 ਵਿਚ ਅਮਰੀਕਾ ਵਸ ਗਿਆ ਸੀ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਈ ਅਹਿਮ ਅਹੁਦਿਆਂ 'ਤੇ ਨਿਯੁਕਤੀਆਂ ਸਮੇਤ ਸ੍ਰੀ ਵਰਮਾ ਦੇ ਨਾਮ ਦਾ ਐਲਾਨ ਕੀਤਾ। ਸ੍ਰੀ ਵਰਮਾ ਇਸ ਤੋਂ ਪਹਿਲਾਂ ਅਮਰੀਕਾ ਦੇ ਵਿਦੇਸ਼-ਮੰਤਰਾਲੇ ਵਿਚ ਨੀਤੀਆਂ ਬਾਰੇ ਬੋਰਡ ਦੇ ਮੈਂਬਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ।

# ਸ਼ਹੀਦ ਕਰਾਤਰ ਸਿੰਘ ਸਰਾਭਾ ਦੀ ਸ਼ਹੀਦੀ ਸਬੰਧੀ ਸਮਾਗਮ ਕਰਾਉਣ ਦਾ ਫੈਸਲਾ

**ਫਰਿਜ਼ਨੋ (ਬਿਊਰੋ):** ਇੰਡੋ ਅਮੈਰੀਕਨ ਹੈਰੀਟੇਜ ਫੋਰਮ ਦੀ ਇਥੇ ਹੋਈ ਇਕ ਮੀਟਿੰਗ ਵਿਚ ਫੋਰਮ ਵਲੋ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਵਿਚਾਰ-ਚਰਚਾ ਹੋਈ। ਸਮੂਹ ਮੈਂਬਰਾਂ ਨੇ ਇਸ ਗੱਲ 'ਤੇ ਸਹਿਮਤੀ ਪ੍ਰਗਟਾਈ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸਹੀਦੀ ਦਿਨ 15 ਨਵੰਬਰ ਨੂੰ ਯੁਗਾਂਤਰ ਆਸ਼ਰਮ-ਸੈਨ ਫਰਾਂਸਿਸਕੋ ਵਿਚ ਮਨਾਇਆ ਜਾਵੇਗਾ। ਪ੍ਰੋਗਰਾਮ ਸਵੇਰੇ 11 ਵਜੇ ਤੋਂ ਸ਼ਾਮੀਂ 4 ਵਜੇ ਤਕ ਹੋਵੇਗਾ।

ਫੋਰਮ ਨੇ ਇਸ ਪ੍ਰੋਗਰਾਮ ਦੀ ਸਫਲਤਾ ਲਈ ਸੈਂਟਰਲਵੈਲੀ ਅਤੇ ਬੇ-ਏਰੀਏ ਦੇ ਲੋਕਾਂ ਨੂੰ ਇਸ ਵਿਚ ਸ਼ਾਮਲ ਹੋ ਕੇ ਸ਼ਹੀਦ ਸਰਾਭੇ ਨੂੰ ਸ਼ਰਧਾਂਜਲੀ ਦੇਣ ਅਤੇ ਯੁਗਾਂਤਰ ਆਸ਼ਰਮ ਦੇ ਉਸ ਇਤਿਹਾਸਿਕ ਸਥਾਨ ਨੂੰ ਦੇਖਣ ਦਾ ਖੁੱਲ੍ਹਾ ਸੱਦਾ ਦਿਤਾ ਜਿਥੇ ਕਰਤਾਰ ਸਿੰਘ ਸਰਾਭਾ ਅਤੇ ਹੋਰ ਗਦਰੀ ਸੂਰਮੇ 'ਗਦਰ ਦੀ ਗੂੰਜ' ਨਾਂ ਦਾ ਪਰਚਾ ਛਾਪਦੇ ਸਨ। ਇਹ ਅਸਥਾਨ 5 ਵੁਡ ਸਟਰੀਟ (ਸੈਨ ਫਰਾਂਸਿਸਕੋ) 'ਤੇ ਹੈ।

ਫੋਰਮ ਵਲੋਂ ਜਾਰੀ ਬਿਆਨ ਅਨੁਸਾਰ ਫੋਰਮ, ਦੇਸ਼ ਭਗਤ ਯਾਦਗਰ ਕਮੇਟੀ-ਜਲੰਧਰ ਅਤੇ ਹੋਰ ਜਥੇਬੰਦੀਆਂ ਦੀਆਂ ਲਗਾਤਾਰ ਕੋਸ਼ਿਸ਼ਾਂ ਕਾਰਨ ਸਰਕਾਰ ਨੇ ਇਸ ਨੂੰ ਲੋਕਾਂ ਲਈ ਖੁੱਲ੍ਹਾ ਰੱਖਣ ਦਾ ਫੈਸਲਾ ਕੀਤਾ ਸੀ। ਪਹਿਲਾਂ ਇਹ ਅਸਥਾਨ ਲੰਬਾ ਸਮਾਂ ਬੰਦ ਪਿਆ ਸੀ ਅਤੇ ਲੋਕਾਂ ਨੂੰ ਇਥੇ ਜਾਣ ਜਾਂ ਦੇਖਣ ਦੀ ਇਜਾਜ਼ਤ ਨਹੀ ਸੀ। ਮੀਟਿੰਗ ਵਿਚ ਸੈਨ ਫਰਾਂਸਿਸਕੋ ਸਥਿਤ ਭਾਰਤੀ ਕੌਂਸਲ ਜਨਰਲ ਦੇ ਦਫਤਰ ਵਲੋਂ ਮਿਲ ਰਹੇ ਸਹਿਯੋਗ ਲਈ ਵੀ ਧੰਨਵਾਦ ਕੀਤਾ ਗਿਆ।

ਇਸ ਤੋਂ ਇਲਾਵਾ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਸਮਾਗਮ 16 ਨਵੰਬਰ ਨੂੰ ਫਰਿਜ਼ਨੋ ਵਿਚ ਵੀ ਮਨਾਉਣ ਦਾ ਫੈਸਲਾ ਵੀ ਲਿਆ ਗਿਆ। ਇਹ ਪ੍ਰੋਗਰਾਮ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਤਾਜ ਆਫ ਇੰਡੀਆ ਵਿਚ ਹੋਵੇਗਾ। ਇਸ ਤੋਂ ਇਲਾਵਾ ਗਦਰੀ ਬਾਬਿਆਂ ਦਾ 15ਵਾਂ ਮੇਲਾ ਅਗਲੇ ਸਾਲ ਮਾਰਚ ਦੇ ਆਖਰੀ ਹਫਤੇ ਕਰਨ ਦਾ ਫੈਸਲਾ ਲਿਆ ਗਿਆ।

# ਜੀ ਐਚ ਜੀ ਅਕੈਡਮੀ ਵਲੋਂ ਬੰਦੀ ਛੋੜ ਦਿਵਸ 18 ਅਕਤੂਬਰ ਨੂੰ

**ਫਰਿਜ਼ਨੋ (ਬਿਊਰੋ):** ਸਥਾਨਕ ਜੀ ਐਚ ਜੀ ਸੰਗੀਤ ਅਤੇ ਡਾਂਸ ਅਕੈਡਮੀ ਵਲੋਂ ਬੰਦੀ ਛੋੜ ਦਿਵਸ ਨੂੰ ਸਮਰਪਿਤ ਸਮਾਗਮ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ 18 ਅਕਤੂਬਰ ਨੂੰ ਸਵੇਰੇ 10 ਵਜੇ ਹੋਵੇਗਾ। ਇਸ ਮੌਕੇ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਕੀਰਤਨ ਮੁਕਾਬਲੇ, ਗੁਰੂ ਹਰਗੋਬਿੰਦ ਸਾਹਿਬ ਦੀ ਜੀਵਨੀ ਬਾਰੇ ਭਾਸ਼ਣ ਮੁਕਾਬਲੇ, ਅਮੈਰਿਕਾ ਦੀ ਜੰਮਪਲ ਪੀੜ੍ਹੀ ਦਾ ਪੰਜਾਬੀ ਪੜ੍ਹਨ ਅਤੇ ਲਿਖਣ ਦੇ ਮੁਕਾਬਲੇ ਹੋਣਗੇ ਅਤੇ ਗੁਰਬਾਣੀ ਕੰਠ ਮੁਕਾਬਲੇ ਅਤੇ ਜੁਪਜੀ ਸਾਹਿਬ ਦੀਆਂ ਪਹਿਲੀਆਂ ਪੰਜ ਪੌੜੀਆਂ ਜਾਂ ਇਸ ਤੋਂ ਜ਼ਿਆਦਾ ਪਾਠ ਸੁਣਾਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿੱਤੇ ਜਾਣਗੇ।

ਪ੍ਰਬੰਧਕਾਂ ਅਨੁਸਾਰ ਭਾਗ ਲੈਣ ਵਾਲੇ ਹਰ ਬੱਚੇ ਨੂੰ ਕੁਝ ਨਾ ਕੁਝ ਇਨਾਮ ਵਜੋਂ ਦਿੱਤਾ ਜਾਵੇਗਾ ਤਾਂ ਕਿ ਗੁਰੂ ਗ੍ਰੰਥ ਸਹਿਬ ਦੀ ਬਾਣੀ ਨਾਲ ਜੋੜਿਆ ਜਾ ਸਕੇ। ਸਮਾਗਮ ਵਿਚ ਜੀ ਐਚ ਜੀ ਦੇ ਸੀਨੀਅਰ ਵਲੰਟੀਅਰਾਂ ਨੂੰ ਸਕਾਲਰਸ਼ਿਪ ਵੀ ਦਿੱਤੀ ਜਾਵੇਗੀ। ਹੋਰ ਜਾਣਕਾਰੀ ਫੋਨ 559-351-9465 ਤੋਂ ਲਈ ਜਾ ਸਕਦੀ ਹੈ।

# ਸ਼ਾਂਤੀ ਦਿਵਸ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ

**ਪੋਰਟਵਿੱਲ (ਬਿਊਰੋ):** ਵਿਸ਼ਵ ਸ਼ਾਂਤੀ ਦਿਵਸ ਮੌਕੇ ਗੁਰਦੁਆਰਾ ਸਿੱਖ ਸੈਂਟਰ ਪੋਰਟਵਿੱਲ ਵਿਖੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸਵੇਰੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਹਫਤਾਵਰੀ ਕੀਰਤਨ ਦੀਵਾਨ ਸਜਾਏ ਗਏ ਜਿਸ ਦੌਰਾਨ ਬੱਚੇ ਦਿਵਨੂਰ ਕੌਰ, ਗੁਰਨਾਜ ਕੌਰ, ਆਂਚਲ ਸਿੰਘ, ਸਿੰਮਵੀਰ ਸਿੰਘ, ਇੱਕਓਂਕਾਰ ਕੌਰ, ਗੁਰਪ੍ਰਸ਼ਾਦ ਕੌਰ ਅਤੇ ਕੀਰਤਨ ਕੌਰ ਨੇ ਰਸਭਿੰਨਾ ਕੀਰਤਨ ਕੀਤਾ।

ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਅਤੇ ਭਾਈ ਸੁਰਿੰਦਰਪਾਲ ਸਿੰਘ ਜਲੰਧਰ ਵਾਲਿਆਂ ਦੇ ਜਥੇ ਨੇ ਕਥਾ ਕੀਰਤਨ ਕੀਤਾ। ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਤਾਂ ਕਿ ਦੁਨੀਆਂ ਵਿਚ ਸੁੱਖ ਸ਼ਾਂਤੀ ਅਤੇ ਆਪਸੀ ਪਿਆਰ ਵਰਤੇ।

# ਸੂਫੀ ਗਾਇਕ ਜਗਦੇਵ ਸਿੰਘ ਦੀ ਮਹਿਫਿਲ 4 ਅਕਤੂਬਰ ਨੂੰ

**ਸੈਲਮਾ (ਬਿਊਰੋ):** ਪੰਜਾਬੀ ਗਾਇਕ ਜਗਦੇਵ ਸਿੰਘ ਵੱਲੋਂ ਮਿਆਰੀ ਗੀਤਾਂ ਦੀ ਇੱਕ ਮਹਿਫਿਲ 4 ਅਕਤੂਬਰ, ਸਨਿਚਰਵਾਰ ਸ਼ਾਮ 6:30 ਤੋਂ ਰਾਤ 9 ਵਜੇ ਦਰਮਿਆਨ ਸਥਾਨਕ



ਆਰਟਸ ਸੈਂਟਰ ਵਿਚ ਕੀਤੀ ਜਾ ਰਹੀ ਹੈ।

ਇਸ ਮਹਿਫਿਲ ਵਿਚ ਅਜ਼ਾਦ ਜਲੰਧਰੀ, ਸਵਰਗੀ ਜਗਜੀਤ ਸਿੰਘ, ਦਲਜੀਤ ਰਿਆੜ, ਸ਼ਾਇਰ ਹਰਜਿੰਦਰ ਕੰਗ, ਸ਼ਿਵ ਕੁਮਾਰ ਬਟਾਲਵੀ ਆਦਿ ਦੀਆਂ ਗਜ਼ਲਾਂ ਅਤੇ ਗੀਤ ਪੇਸ਼ ਕੀਤੇ ਜਾਣਗੇ। ਸਟੇਜ ਸੰਚਾਲਨ ਹਰਜਿੰਦਰ ਕੰਗ ਕਰਨਗੇ। ਹੋਰ ਜਾਣਕਾਰੀ ਲਈ ਫੋਨ 559-761-4271 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## Matrimonial

### ਕੰਨਿਆ ਦੀ ਲੋੜ

ਇੰਡੀਆ ਰਹਿੰਦੇ ਰਾਮਗੜੀਏ ਸਿੱਖ, 31 ਸਾਲ, 5'-9", ਮਕੈਨੀਕਲ ਇੰਜੀਨੀਅਰ ਅਤੇ ਆਈ ਟੀ ਆਈ ਡਿਪਲੋਮਾ ਹੋਲਡਰ, ਵੈਸ਼ਨੋ ਲੜਕੇ ਲਈ ਅਮੈਰਿਕਾ/ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਕਾਰੋਬਾਰੀ ਮਾਪਿਆਂ ਦਾ ਇਕਲੌਤਾ ਪੁੱਤ। ਪਰਿਵਾਰ ਤੇ ਰਿਸ਼ਤੇਦਾਰ ਵਿਦੇਸ਼ਾਂ ਵਿਚ ਸੈਟਲਡ। ਸੰਪਰਕ ਕਰੋ: husanvick@yahoo.com, ਫੋਨ: 513-807-3707, ਇੰਡੀਆ 91-98551-79679 *38-41*

### ਸਾਥੀ ਦੀ ਭਾਲ

ਕੰਬੋਜ ਥਿੰਦ, ਉਮਰ 48 ਸਾਲ, ਕੱਦ 6'-2", ਵਧੀਆ ਰੈਸਟੋਰੈਂਟ ਵਿਚ ਸ਼ੈਫ ਦਾ ਕੰਮ ਕਰਦੇ ਮਰਦ ਲਈ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਔਰਤ ਦੀ ਲੋੜ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁਕੀ ਹੈ। ਸੰਪਰਕ ਕਰੋ, ਫੋਨ: 510-613-5071 ਜਾਂ 408-613-6243 *38-41*


LAW OFFICE OF NIRWAN & ASSOCIATES



Jagdip S. Nirwan

SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service



AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਲੋੜ ਮੁਤਾਬਕ ਬਦਲ ਰਹੀ ਹੈ ਮਰਿਆਦਾ

**ਜਲੰਧਰ:** ਲੰਗਰ ਛਕਦੇ ਸਮੇਂ ਰਹਿਤ-ਮਰਿਆਦਾ ਦਾ ਧਿਆਨ ਨਾ ਰੱਖਣ ਕਰ ਕੇ 16 ਸਾਲ ਪਹਿਲਾਂ 25 ਜੁਲਾਈ 1998 ਨੂੰ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਛੇ ਕੈਨੇਡੀਅਨ ਸਿੱਖਾਂ ਨੂੰ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਕਿ ਹਰ ਮਾਈ-ਭਾਈ ਨੇ ਜ਼ਮੀਨ ਉਤੇ ਬੈਠ ਕੇ ਹੀ ਲੰਗਰ ਛਕਣਾ ਹੈ। ਹੁਣ ਡੇਢ ਦਹਾਕੇ ਬਾਅਦ ਲੰਗਰ ਹਾਲਾਂ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲੇ ਹਾਲ ਵਿਚ ਉਨ੍ਹਾਂ ਸ਼ਰਧਾਲੂਆਂ ਦੇ ਬੈਠਣ ਲਈ ਕੁਰਸੀਆਂ/ਬੈਂਚਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ ਜਿਹੜੇ ਗੋਡਿਆਂ ਜਾਂ ਹੋਰ ਕਿਸੇ ਤਕਲੀਫ ਕਰ ਕੇ ਭੁੰਜੇ ਬੈਠ ਨਹੀਂ ਸਕਦੇ। ਫਿਲਹਾਲ ਇਹ ਰਵਾਇਤ ਅਜੇ ਸ਼ਹਿਰੀ ਗੁਰਦੁਆਰਿਆਂ ਵਿਚ ਦੇਖਣ ਨੂੰ ਮਿਲ ਰਹੀ ਹੈ। ਯਾਦ ਰਹੇ ਕਿ ਪਿਛਲੇ ਸਾਲ ਅਕਾਲ ਤਖ਼ਤ ਤੋਂ ਇਕ ਹੋਰ ਹੁਕਮਨਾਮਾ ਜਾਰੀ ਹੋਇਆ ਸੀ ਕਿ ਗੁਰਦੁਆਰਿਆਂ ਦੇ ਵਰਾਂਡਿਆਂ ਵਿਚ ਕੁਰਸੀਆਂ ਜਾਂ ਸੋਫੇ ਅਤੇ ਵੱਡੀਆਂ ਸਕਰੀਨਾਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਕਿਸੇ ਸ਼ਰਧਾਲੂ ਨੂੰ ਕੋਈ ਔਖ ਨਾ ਹੋਵੇ।

ਰੋਜ਼ਾਨਾ ਅੰਗਰੇਜ਼ੀ ਅਖਬਾਰ 'ਟਾਈਮਜ਼ ਆਫ ਇੰਡੀਆ' ਦੇ ਪੱਤਰਕਾਰ ਆਈ.ਪੀ. ਸਿੰਘ ਨੇ ਰਿਪੋਰਟ ਨਸ਼ਰ ਕੀਤੀ ਹੈ ਜਿਸ ਵਿਚ ਗੁਰਦੁਆਰਿਆਂ ਦੇ ਹਾਲਾਂ ਵਿਚ ਬਿਮਾਰ ਜਾਂ ਢਿੱਲੇ-ਮੱਠੇ ਸ਼ਰਧਾਲੂਆਂ ਲਈ ਕੁਰਸੀ ਜਾਂ ਸਟੂਲ ਲਾਉਣ ਦਾ ਪ੍ਰਬੰਧ ਬਾਰੇ ਚਰਚਾ ਕੀਤੀ ਗਈ ਹੈ। ਲੁਧਿਆਣਾ ਦੇ ਸਭ ਤੋਂ ਵੱਡੇ ਗੁਰਦੁਆਰੇ ਦੁਖ ਨਿਵਾਰਨ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਦਾ ਕਹਿਣਾ ਹੈ- "ਕਈ ਬਜ਼ੁਰਗ ਤੇ ਬਿਮਾਰ ਸ਼ਰਧਾਲੂ

**ਗੁਰੂ ਘਰ ਜਾਣ ਵਾਲੇ ਬਿਮਾਰ ਸ਼ਰਧਾਲੂਆਂ ਲਈ ਸੁੱਖ-ਸੁਨੇਹਾ**



ਭੁੰਜੇ ਨਹੀਂ ਬੈਠ ਸਕਦੇ। ਇਸ ਲਈ ਹਾਲ ਦੇ ਅਖੀਰ ਵਿਚ ਉਨ੍ਹਾਂ ਲਈ ਸਟੂਲ ਰਖਵਾਏ ਗਏ ਹਨ। ਇਹ ਬਾਕਾਇਦਾ ਖਿਆਲ ਰੱਖਿਆ ਜਾਂਦਾ ਹੈ ਕਿ ਸਟੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਨੀਵੇਂ ਹੋਣ।" ਚੰਡੀਗੜ੍ਹ ਦੇ ਸੈਕਟਰ 8 ਸੀ. ਵਿਚ ਸਥਿਤ ਗੁਰਦੁਆਰੇ ਵਿਚ ਵੀ ਹਾਲ ਦੇ ਅਖੀਰ ਵਿਚ ਬੈਂਚ ਰੱਖੇ ਗਏ ਹਨ।

ਜਲੰਧਰ ਦੇ ਗੁਰੂ ਤੇਗ ਬਹਾਦਰ ਨਗਰ ਵਿਚ ਗੁਰਦੁਆਰਾ ਨੌਵੀਂ ਪਾਤਸ਼ਾਹੀ ਵਿਚ ਇਕ ਕਦਮ ਹੋਰ ਵਧਾਇਆ ਗਿਆ ਹੈ। ਜਦੋਂ ਗੁਰਦੁਆਰੇ ਦੀ ਇਮਾਰਤ ਬਣਾਈ ਜਾ ਰਹੀ ਸੀ, ਤਾਂ ਹਾਲ ਦਾ ਪਿਛਲਾ ਹਿੱਸਾ ਦੋ ਫੁੱਟ ਨੀਵਾਂ ਰੱਖਿਆ ਗਿਆ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਜੀਤ ਸਿੰਘ ਗਾਬਾ ਨੇ ਦੱਸਿਆ ਕਿ 60-70 ਸ਼ਰਧਾਲੂ ਅਜਿਹੇ ਹਨ ਜੋ ਭੁੰਜੇ ਨਹੀਂ ਬੈਠ ਸਕਦੇ। ਇਸ ਤਰ੍ਹਾਂ ਕਰਨ ਨਾਲ ਹੁਣ ਮਰਿਆਦਾ ਵੀ ਕਾਇਮ ਰਹਿੰਦੀ ਹੈ ਅਤੇ ਸ਼ਰਧਾਲੂਆਂ ਨੂੰ ਵੀ ਸੌਖ ਰਹਿੰਦੀ ਹੈ। ਇਸੇ ਤਰ੍ਹਾਂ ਗੁਰਦੁਆਰਾ ਨਾਨਕ ਮਿਸ਼ਨ ਵਿਚ ਕੁਰਸੀਆਂ ਇਸ ਢੰਗ ਨਾਲ ਰੱਖੀਆਂ ਗਈਆਂ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਨਾ ਆਉਣ।

ਯੂ.ਕੇ. ਵਿਚ ਗਰੇਵਸੈਂਡ ਦੇ ਗੁਰਦੁਆਰਾ ਨਾਨਕ ਦਰਬਾਰ ਦੇ ਸਾਬਕਾ ਪ੍ਰਧਾਨ ਜਸਪਾਲ ਸਿੰਘ ਢੇਸੀ ਨੇ ਦੱਸਿਆ ਕਿ ਹੋਰ ਦੇਸ਼ਾਂ ਦੇ ਗੁਰਦੁਆਰਿਆਂ ਵਿਚ ਵੀ ਬਿਮਾਰ ਸ਼ਰਧਾਲੂਆਂ ਲਈ ਅਜਿਹੇ ਪ੍ਰਬੰਧ ਕੀਤੇ ਗਏ ਹਨ। ਗੁਰਦੁਆਰਾ ਨਾਨਕ ਦਰਬਾਰ ਵਿਚ ਵੀ ਹਾਲ ਦੇ ਪਿੱਛੇ ਦੋ ਕਮਰੇ ਬਣਾਏ ਗਏ ਹਨ ਜਿਥੇ ਕੁਰਸੀਆਂ ਲਾਈਆਂ ਗਈਆਂ ਹਨ। ਲੋੜਵੰਦਾਂ ਲਈ ਵ੍ਹੀਲਚੇਅਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਵਿਚ ਇਸ ਹੁਕਮਨਾਮੇ ਨੂੰ ਲੈ ਕੇ ਕੌਮ ਵਿਚ ਵਿਵਾਦ ਪੈਦਾ ਹੋ ਗਿਆ ਸੀ ਅਤੇ ਕੁਰਸੀਆਂ ਤੇ ਬੈਂਚਾਂ ਵਾਲੇ ਕਈ ਨਵੇਂ ਗੁਰਦੁਆਰੇ ਹੋਂਦ ਵਿਚ ਆ ਗਏ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਦਾ ਵੀ ਇਸ ਬਾਰੇ ਕਹਿਣਾ ਹੈ ਕਿ ਭੁੰਜੇ ਨਾ ਬੈਠ ਸਕਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਧ ਰਹੀ ਹੈ। ਅਜਿਹੇ ਸ਼ਰਧਾਲੂਆਂ ਨੂੰ ਕੁਰਸੀ ਜਾਂ ਸਟੂਲ ਮੁਹੱਈਆ ਕਰਵਾਉਣਾ ਕੋਈ ਹੈਂਕੜ ਵਾਲੀ ਗੱਲ ਨਹੀਂ ਹੈ। ਚੇਤੇ ਰਹੇ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਾ ਸਿੰਘ ਸਭਾ (ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ) ਵਿਚ ਵੀ ਹਾਲ ਦੀ ਪਿਛਲੀ ਦੀਵਾਰ ਨਾਲ ਸਟੂਲ ਰੱਖੇ ਗਏ ਹਨ।

ਉਘੇ ਸਿੱਖ ਲਿਖਾਰੀ ਅਤੇ ਸਾਬਕਾ ਆਈ.ਏ.ਐਸ. ਅਫਸਰ ਗੁਰਤੇਜ ਸਿੰਘ ਦਾ ਕਹਿਣਾ ਹੈ ਕਿ ਸ਼ਰਧਾਲੂ ਗੁਰੂ ਘਰਾਂ ਵਿਚ ਸ਼ਰਧਾ ਨਾਲ ਅਤੇ ਨਿਮਾਣੇ ਬਣ ਕੇ ਆਉਂਦੇ ਹਨ, ਇਨ੍ਹਾਂ ਵਿਚੋਂ ਕੁਝ ਕੁ ਕੁਰਸੀ ਜਾਂ ਸਟੂਲ ਦੀ ਸੱਚਮੁੱਚ ਲੋੜ ਹੁੰਦੀ ਹੈ। ਜੇ ਕੋਈ ਸ਼ਰਧਾਲੂ ਅਜਿਹਾ ਕਰਦਾ ਹੈ ਤਾਂ ਇਹ ਕੋਈ ਵਿਵਾਦ ਵਾਲਾ ਮਸਲਾ ਨਹੀਂ ਹੈ। ਉਂਜ, ਇਸ ਪਾਸੇ ਧਿਆਨ ਦੇਣ ਦੀ ਲੋੜ ਹੈ ਕਿ ਲੋੜਵੰਦਾਂ ਦੀ ਆੜ ਵਿਚ ਇਸ ਦੀ ਦੁਰਵਰਤੋਂ ਨਾ ਹੋਣ ਲੱਗ ਪਵੇ।


# ਆਸਾਰਾਮ ਦੀ ਜ਼ਮਾਨਤ ਅਰਜ਼ੀ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਸਾਰਾਮ ਬਾਪੂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ ਜੋ ਆਪਣੇ ਆਸ਼ਰਮ ਵਿਚ ਇਕ ਲੜਕੀ ਨਾਲ ਬਲਾਤਕਾਰ ਦੇ ਦੋਸ਼ ਹੇਠ ਜੇਲ੍ਹ ਵਿਚ ਹੈ। ਜਸਟਿਸ ਟੀ.ਐਸ. ਠਾਕੁਰ ਦੀ ਅਗਵਾਈ ਵਾਲੇ ਬੈਂਚ ਨੇ ਆਖਿਆ ਕਿ ਬਚਾਅ ਪੱਖ ਅਜਿਹਾ ਕੋਈ ਆਧਾਰ ਨਹੀਂ ਦੱਸ ਸਕਿਆ ਕਿ ਆਸਾਰਾਮ ਨੂੰ ਫੌਰੀ ਜ਼ਮਾਨਤ ਦਿੱਤੀ ਜਾਵੇ।

72 ਸਾਲਾ ਆਸਾਰਾਮ ਆਪਣੇ ਆਸ਼ਰਮ ਦੀ 16 ਸਾਲਾ ਵਿਦਿਆਰਥਣ ਦੇ ਜਿਨਸੀ ਸੋਸ਼ਣ ਦੇ ਕੇਸ ਵਿਚ ਪਿਛਲੇ ਸਾਲ ਅਗਸਤ ਮਹੀਨੇ ਤੋਂ ਜੇਲ੍ਹ ਵਿਚ ਹੈ। ਅਦਾਲਤ ਨੇ ਆਖਿਆ ਕਿ ਜਦੋਂ ਤੱਕ ਕੇਸ ਦੇ ਅਹਿਮ ਗਵਾਹਾਂ ਦੀ ਪੇਸ਼ੀ ਨਹੀਂ ਹੋ ਜਾਂਦੀ, ਉਦੋਂ ਤੱਕ ਮੁਲਜ਼ਮ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ।

# ਗਦਰੀ ਬਾਬੇ ਭਕਨਾ ਦੇ ਦੁਰਲੱਭ ਦਸਤਾਵੇਜ਼ ਮਿਲੇ

**ਚੰਡੀਗੜ੍ਹ:** ਗਦਰ ਲਹਿਰ ਦੇ ਮੋਢੀ ਬਾਬਾ ਸੋਹਣ ਸਿੰਘ ਭਕਨਾ ਵੱਲੋਂ ਉਰਦੂ ਵਿਚ ਲਿਖੀ 60 ਸਫ਼ਿਆਂ ਦੀ ਇਕ ਲਿਖਤ ਅਤੇ ਉਨ੍ਹਾਂ ਦੀ ਇਕ ਆਡੀਓ ਮੁਲਾਕਾਤ ਲੱਭੀ ਹੈ। ਇਹ ਦਸਤਾਵੇਜ਼ ਜਰਮਨ ਦੀ ਰਾਜਧਾਨੀ ਬਰਲਿਨ ਦੀ ਇਕ ਲਾਇਬ੍ਰੇਰੀ ਵਿਚ ਪਏ ਹਨ। ਜਾਣਕਾਰੀ ਅਨੁਸਾਰ ਇਹ ਦਸਤਾਵੇਜ਼ ਜਰਮਨ ਦੇ ਪ੍ਰਸਿੱਧ ਇਤਿਹਾਸਕਾਰ ਹੌਰਸਟ ਕਰੂਗਰ ਨੇ ਸਾਂਭੇ ਹੋਏ ਸਨ। ਕਰੂਗਰ 1985 ਵਿਚ ਆਪਣੇ ਦੇਹਾਂਤ ਤੋਂ ਪਹਿਲਾਂ ਕਈ ਵਾਰ ਭਾਰਤ ਆ ਚੁੱਕਾ ਹੈ।



ਬਾਬਾ ਭਕਨਾ ਨਾਲ ਇਹ ਇਤਿਹਾਸਕ ਮੁਲਾਕਾਤ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਪੀ.ਸੀ. ਜੋਸ਼ੀ ਨੇ ਕੀਤੀ ਹੋਈ ਹੈ। ਇਹ ਆਡੀਓ ਮੁਲਾਕਾਤ ਕੁੱਲ 20 ਮਿੰਟ ਦੀ ਹੈ। ਇਸੇ ਤਰ੍ਹਾਂ 60 ਸਫ਼ਿਆਂ ਦਾ ਜਿਹੜਾ ਖਰੜਾ ਪ੍ਰਾਪਤ ਹੋਇਆ ਹੈ, ਉਹ 1951 ਦੇ ਨੇੜੇ-ਤੇੜੇ ਲਿਖਿਆ ਜਾਪਦਾ ਹੈ। ਗਦਰ ਲਹਿਰ ਬਾਰੇ ਖੋਜ ਕਰਨ ਵਾਲੇ ਪ੍ਰੋ. ਹਰੀਸ਼ ਪੁਰੀ ਮੁਤਾਬਕ ਇਹ ਪਤਾ ਕਰਨਾ ਮੁਸ਼ਕਿਲ ਹੈ ਕਿ ਇਹ ਦੋਵੇਂ ਦਸਤਾਵੇਜ਼ ਜਰਮਨ ਕਿਸ ਤਰ੍ਹਾਂ ਚਲੇ ਗਏ। ਯਾਦ ਰਹੇ ਕਿ ਕਰੂਗਰ ਦੀ ਕਾਮਰੇਡ ਪੀ.ਸੀ. ਜੋਸ਼ੀ ਨਾਲ ਬਹੁਤ ਸਾਂਝ ਸੀ।

ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਦੋਵਾਂ ਦਸਤਾਵੇਜ਼ਾਂ ਨਾਲ ਹੁਣ ਗਦਰ ਪਾਰਟੀ ਨੂੰ ਸਮਝ-ਸਮਝਾਉਣ ਵਿਚ ਹੋਰ ਮਦਦ ਮਿਲੇਗੀ। ਇਹ ਦਸਤਾਵੇਜ਼ ਲੰਡਨ ਵੱਸਦੇ ਪੰਜਾਬੀ ਸ਼ਾਇਰ ਅਮਰਜੀਤ ਚੰਦਨ ਅਤੇ ਲਾਹੌਰ ਯੂਨੀਵਰਸਿਟੀ ਵਿਚ ਮੈਨੇਜਮੈਂਟ ਸਾਇੰਸ ਪੜ੍ਹਾਉਂਦੇ ਤੇ ਆਕਸਫੋਰਡ ਵਿਦਵਾਨ ਰਜ਼ਾ ਅਲੀ ਸਦਕਾ ਲੱਭੇ ਹਨ। ਰਜ਼ਾ ਅਲੀ ਨੇ ਬ੍ਰਿਟਿਸ਼ ਪੰਜਾਬ ਦੌਰਾਨ ਖੱਬੇ ਅੰਦੋਲਨ ਬਾਰੇ ਪੀਐਚ.ਡੀ. ਆਕਸਫੋਰਡ ਯੂਨੀਵਰਸਿਟੀ ਤੋਂ ਅਜੇ ਪਿਛਲੇ ਸਾਲ ਹੀ ਕੀਤੀ ਹੈ। ਉਹ ਗਦਰ ਲਹਿਰ ਬਾਰੇ ਵੀ ਖੋਜ ਕਰ ਰਹੇ ਹਨ ਅਤੇ ਇਸੇ ਸਿਲਸਿਲੇ ਵਿਚ ਉਹ ਲੰਡਨ ਅਮਰਜੀਤ ਚੰਦਨ ਨੂੰ ਮਿਲੇ ਸਨ।

## ਘੱਟ-ਗਿਣਤੀਆਂ ਮੋਦੀ ਤੋਂ ਕਿਉਂ ਨੇ ਖਫਾ ਤੇ ਖੌਫਜ਼ਦਾ?

*(ਸਫਾ ਇਕ ਦੀ ਬਾਕੀ)*

ਸੈਨਾ' ਨਾਲ ਸਬੰਧਤ ਜਨੂੰਨੀਆਂ ਨੇ ਕੀਤਾ ਸੀ।

ਹਾਲ ਹੀ ਵਿਚ ਭਾਜਪਾ ਦੇ ਸੰਸਦ ਮੈਂਬਰ ਸਾਕਸ਼ੀ ਮਹਾਰਾਜ ਨੇ ਇਹ ਭੜਕਾਊ ਭਾਸ਼ਣ ਦਿੱਤਾ ਕਿ ਮਦਰੱਸਿਆਂ ਵਿਚ ਅਤਿਵਾਦ ਦੀ ਸਿਖਲਾਈ ਦਿੱਤੀ ਜਾਂਦੀ ਹੈ, ਇਹ ਸਭ ਦੇਸ਼ ਦੇ ਹਿਤ ਵਿਚ ਨਹੀਂ ਹੈ। ਪੁੱਛਣ 'ਤੇ ਉਨ੍ਹਾਂ ਦਲੀਲ ਦਿੱਤੀ ਗਣਤੰਤਰ ਜਾਂ ਆਜ਼ਾਦੀ ਦਿਵਸ ਮੌਕੇ ਕਿਸੇ ਵੀ ਮਦਰੱਸੇ ਵਿਚ ਕਦੀ ਤਿਰੰਗਾ ਝੰਡਾ ਨਹੀਂ ਲਹਿਰਾਇਆ ਜਾਂਦਾ। ਯੂ.ਪੀ. ਵਿਚ ਹੁਣੇ-ਹੁਣੇ ਹੋਈਆਂ ਉਪ ਚੋਣਾਂ ਵਿਚ ਭਾਜਪਾ ਨੇ 'ਲਵ ਜਹਾਦ' ਨੂੰ ਆਪਣਾ ਮੁੱਖ ਚੋਣ ਮੁੱਦਾ ਬਣਾ ਕੇ ਮੁਸਲਮਾਨਾਂ ਖਿਲਾਫ ਭੜਕਾਹਟ ਪੈਦਾ ਕਰਨ ਦਾ ਯਤਨ ਕੀਤਾ। ਯੂ.ਪੀ. ਲਈ ਇਨ੍ਹਾਂ ਚੋਣਾਂ ਦੇ ਇੰਚਾਰਜ ਸੰਸਦ ਮੈਂਬਰ ਅਦਿੱਤਿਆਨਾਥ ਯੋਗੀ ਨੇ ਆਪਣੇ ਭਾਸ਼ਣਾਂ ਵਿਚ ਭੜਕਾਹਟ ਦੀਆਂ ਹੱਦਾਂ ਪਾਰ ਕਰ ਦਿੱਤੀਆਂ। ਚੋਣ ਕਮਿਸ਼ਨ ਨੇ ਇਨ੍ਹਾਂ ਭਾਸ਼ਣਾਂ ਕਾਰਨ ਉਸ ਉਤੇ ਪਾਬੰਦੀ ਵੀ ਲਾਈ, ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਭਾਜਪਾ ਦੇ ਕਿਸੇ ਵੀ ਆਗੂ ਨੇ ਇਸ ਬਾਰੇ ਕੁਝ ਨਹੀਂ ਆਖਿਆ, ਸਗੋਂ ਦੇਸ਼ ਦੇ ਗ੍ਰਹਿ ਮੰਤਰੀ ਅਤੇ ਭਾਜਪਾ ਦੇ ਸਾਬਕਾ ਪ੍ਰਧਾਨ ਰਾਜਨਾਥ ਸਿੰਘ ਨੇ ਇਹ ਕਹਿ ਕੇ ਪੱਤਰਕਾਰਾਂ ਦਾ ਮਖੌਲ ਉਡਾਇਆ ਕਿ 'ਮੈਨੂੰ ਤਾਂ ਲਵ ਜਹਾਦ ਬਾਰੇ ਕੁਝ ਵੀ ਪਤਾ ਨਹੀਂ, ਜ਼ਰਾ ਤੁਸੀਂ ਹੀ ਸਮਝਾ ਦਿਓ'। ਇਨ੍ਹਾਂ ਉਪ ਚੋਣਾਂ ਵਿਚ ਭਾਜਪਾ ਨੂੰ ਭਾਵੇਂ ਵੱਡੀ ਪਛਾੜ ਵੱਜੀ ਹੈ ਪਰ ਇਸ ਨੇ ਮੁਸਲਮਾਨਾਂ ਖਿਲਾਫ ਇਹ ਪ੍ਰਚਾਰ ਬੰਦ ਨਹੀਂ ਕੀਤਾ ਹੈ। ਭਾਜਪਾ ਦੇ ਵਿਦਿਆਰਥੀ ਵਿੰਗ ਨੇ ਤਾਂ ਸਗੋਂ ਲਵ ਜਹਾਦ ਖਿਲਾਫ ਕਮੇਟੀਆਂ ਬਣਾਉਣੀਆਂ ਆਰੰਭ ਕਰ ਦਿੱਤੀਆਂ ਹਨ। ਭਾਜਪਾ ਆਗੂਆਂ ਨੇ ਇਹ ਵੀ ਕਿਹਾ ਹੈ ਕਿ ਸੰਸਦ ਮੈਂਬਰ ਅਦਿੱਤਿਆਨਾਥ ਯੋਗੀ ਦੀਆਂ ਸੇਵਾਵਾਂ ਆਉਣ ਵਾਲੀਆਂ ਚੋਣਾਂ ਅਤੇ ਪਾਰਟੀ ਦੇ ਹੋਰ ਕੰਮਾਂ-ਕਾਰਾਂ ਵਿਚ ਲਈਆਂ ਜਾਂਦੀਆਂ ਰਹਿਣਗੀਆਂ।

# ਹਰ ਪੁਲਿਸ ਮੁਕਾਬਲੇ ਦੀ ਨਿਰਪੱਖ ਜਾਂਚ ਹੋਵੇ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਦੇਸ਼ ਵਿਚ ਫਰਜ਼ੀ ਪੁਲਿਸ ਮੁਕਾਬਲਿਆਂ ਦੀ ਅਲਾਮਤ ਦੀ ਰੋਕਥਾਮ ਲਈ ਸੇਧਾਂ ਜਾਰੀ ਕਰਦਿਆਂ ਕਿਹਾ ਕਿ ਪੁਲਿਸ ਫਾਇਰਿੰਗ ਵਿਚ ਮੌਤ ਦੇ ਹਰੇਕ ਮਾਮਲੇ ਦੀ ਦੂਜੇ ਖੇਤਰ ਦੇ ਪੁਲਿਸ ਅਫਸਰਾਂ ਤੋਂ ਜਾਂਚ ਤੇ ਮੈਜਿਸਟਰੇਟੀ ਜਾਂਚ ਕਰਾਉਣੀ ਜ਼ਰੂਰੀ ਹੋਵੇਗੀ।

ਮੁਕਾਬਲੇ ਵਿਚ ਸ਼ਾਮਲ ਕਿਸੇ ਵੀ ਪੁਲਿਸ ਕਰਮੀ ਨੂੰ ਉਦੋਂ ਤੱਕ ਬਿਨਾਂ ਵਾਰੀ ਤੋਂ ਤਰੱਕੀ ਜਾਂ ਇਨਾਮ ਨਹੀਂ ਦਿੱਤਾ ਜਾ ਸਕੇਗਾ ਜਦੋਂ ਤੱਕ ਇਹ ਸਿੱਧ ਨਹੀਂ ਹੋ ਜਾਂਦਾ ਕਿ ਉਸ ਨੇ ਵਾਕਈ ਬਹਾਦਰੀ ਦਿਖਾਈ ਸੀ। ਬੈਂਚ ਨੇ ਫੈਸਲਾ ਸੁਣਾਇਆ ਕਿ ਫਰਜ਼ੀ ਮੁਕਾਬਲੇ ਵਿਚ ਸ਼ਾਮਲ ਪੁਲਿਸ ਅਫਸਰਾਂ ਨੂੰ ਮੁਅੱਤਲ ਕਰਕੇ ਉਨ੍ਹਾਂ ਖ਼ਿਲਾਫ ਫੌਰੀ ਕਾਰਵਾਈ ਕੀਤੀ ਜਾਵੇਗੀ। ਸੁਪਰੀਮ ਕੋਰਟ ਨੇ 16 ਸੇਧਾਂ ਜਾਰੀ ਕੀਤੀਆਂ ਹਨ ਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸੇਧਾਂ ਨੂੰ ਸੰਵਿਧਾਨ ਦੀ ਧਾਰਾ 141 ਤਹਿਤ ਕਾਨੂੰਨ ਦੀ ਤਰ੍ਹਾਂ ਪਾਲਣਾ ਕਰਨ ਦੇ ਹੁਕਮ ਦਿੱਤੇ। ਇਹ ਫੈਸਲਾ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਵੱਲੋਂ ਬੰਬਈ ਹਾਈ ਕੋਰਟ ਦੇ ਫੈਸਲੇ ਖ਼ਿਲਾਫ ਦਾਇਰ ਅਪੀਲ ਤੇ ਇਸ ਬਾਰੇ ਦਾਇਰ ਹੋਰ ਪਟੀਸ਼ਨਾਂ ਉੱਤੇ ਸੁਣਵਾਈ ਤੋਂ ਬਾਅਦ ਸੁਣਾਇਆ ਗਿਆ। ਪੀ.ਯੂ.ਸੀ.ਐਲ. ਦੀ ਅਪੀਲ ਵਿਚ 1995-97 ਦੌਰਾਨ ਮੁੰਬਈ ਪੁਲਿਸ ਵੱਲੋਂ ਬਣਾਏ ਗਏ 99 ਮੁਕਾਬਲਿਆਂ ਦਾ ਜ਼ਿਕਰ ਕੀਤਾ ਗਿਆ ਜਿਨ੍ਹਾਂ ਵਿਚ 135 ਵਿਅਕਤੀ ਮਾਰੇ ਗਏ ਸਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਢਿੱਲੋਂ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਜਸਕਰਨ ਸਿੰਘ ਦੀ ਮੌਤ ਨੂੰ ਸਿਆਸੀ ਰੰਗਤ ਨਾ ਦਿਤੀ ਜਾਵੇ: ਦਿਓਲ ਪਰਿਵਾਰ

**ਸੈਨ ਹੋਜ਼ੇ (ਬਿਊਰੋ):** ਲੰਘੀ ਪਹਿਲੀ ਸਤੰਬਰ ਨੂੰ ਗੁਰਦੁਆਰਾ ਸੈਨ ਹੋਜ਼ੇ ਦੇ ਪਾਰਕਿੰਗ ਲਾਟ ਵਿਚ ਕਥਿਤ ਤੌਰ ‘ਤੇ ਆਤਮ ਹੱਤਿਆ ਕਰ ਗਏ ਜਸਕਰਨ ਸਿੰਘ ਦਿਓਲ ਦੇ ਪਰਿਵਾਰ ਨੇ ਇਸ ਦੁਖਦਾਈ ਘਟਨਾ ਨੂੰ ਸਿਆਸੀ ਰੰਗਤ ਦੇਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ ਨੂੰ ਅਜਿਹਾ ਕਰਨ ਤੋਂ ਬਾਜ਼ ਆਉਣ ਦੀ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਅਜਿਹਾ ਕਰਕੇ ਉਨ੍ਹਾਂ ਦੇ ਦੁਖ-ਸੰਤਾਪ ਵਿਚ ਹੋਰ ਵਾਧਾ ਨਾ ਕੀਤਾ ਜਾਵੇ ਕਿਉਂਕਿ ਪਰਿਵਾਰ ਤਾਂ ਪਹਿਲਾਂ ਹੀ ਭਾਰੀ ਸਦਮੇ ਵਿਚ ਹੈ।


*ਜਸਕਰਨ ਸਿੰਘ*

ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਪੁਲਿਸ ਦੀ ਤਫਤੀਸ਼ ਅਤੇ ਯੋਗਤਾ ਉਤੇ ਪੂਰਾ ਵਿਸ਼ਵਾਸ ਹੈ। ਇਸ ਦੁਖਦਾਈ ਮੌਤ ਨੂੰ ਸਿਆਸੀ ਹਿਤਾਂ ਖਾਤਰ ਵਰਤਣ ਲਈ ਕੁਝ ਲੋਕਾਂ ਵਲੋਂ ਕਈ ਤਰ੍ਹਾਂ ਦੇ ਸ਼ੰਕੇ ਖੜੇ ਕੀਤੇ ਜਾ ਰਹੇ ਹਨ, ਜੋ ਕਿ ਨਿਰਮੂਲ ਹਨ।

ਮਰਹੂਮ ਜਸਕਰਨ ਸਿੰਘ ਦੀ ਪਤਨੀ ਪ੍ਰਭਜੋਤ ਕੌਰ ਦਿਓਲ, ਵੱਡੀ ਭੈਣ ਦਲਜੀਤ ਕੌਰ ਅਤੇ ਛੋਟੇ ਭਰਾ ਕਰਮਪਾਲ ਸਿੰਘ ਦਿਓਲ ਦੇ ਦਸਤਖਤਾਂ ਹੇਠ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜਾਬੀ ਅਖਬਾਰਾਂ (ਪੰਜਾਬ ਟਾਈਮਜ਼ ਨਹੀਂ) ਵਿਚ ਛਪੀਆਂ ਖਬਰਾਂ ਨਾਲ ਪਰਿਵਾਰ ਦਾ ਕੋਈ ਸਬੰਧ ਨਹੀਂ ਹੈ। ਪਰਿਵਾਰ ਨੇ ਪੰਜਾਬੀ ਮੀਡੀਆ ਨੂੰ ਅਜਿਹੀਆਂ ਤੱਥਹੀਣ ਰਿਪੋਰਟਾਂ ਛਾਪਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ।

ਇਸੇ ਦੌਰਾਨ ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿਲੋਂ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸੈਨ ਹੋਜ਼ੇ ਪੁਲਿਸ ਨੇ ਜਸਕਰਨ ਸਿੰਘ ਦਿਓਲ ਦੇ ਆਤਮ ਹਤਿਆ ਕਰਨ ਦੀ ਪੁਸ਼ਟੀ ਕੀਤੀ ਹੈ। ਇਸ ਸਬੰਧੀ ਪੁਲਿਸ ਰਿਪੋਰਟ ਸਿਰਫ ਮਰਹੂਮ ਦਿਓਲ ਦੇ ਨਿਜੀ ਪਰਿਵਾਰ ਨੂੰ ਹੀ ਮਿਲ ਸਕਦੀ ਹੈ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਰਿਵਾਰ ਦੇ ਹਰ ਦੁੱਖ ਵਿਚ ਸ਼ਰੀਕ ਹੁੰਦਿਆਂ ਅਖੰਡ ਪਾਠ ਕਰਵਾ ਕੇ ਜਸਕਰਨ ਸਿੰਘ ਦਿਓਲ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਅਤੇ ਇਸ ਸਮੇਂ ਜਸਕਰਨ ਸਿੰਘ ਦੇ ਪਿਤਾ ਨੂੰ ਛਡ ਕੇ ਉਨ੍ਹਾਂ ਦੀ ਧਰਮ ਪਤਨੀ, ਬੱਚੇ, ਭਰਾ ਅਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਹਾਜ਼ਰ ਸਨ। ਭਾਈ ਢਿੱਲੋਂ ਨੇ ਪਰਿਵਾਰ ਨਾਲ ਇਸ ਅਚਾਨਕ ਮੌਤ ‘ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨੂੰ ਗੁਰੂਘਰ ਦੀ ਤਰਫੋਂ ਹਰ ਮਦਦ ਦਾ ਭਰੋਸਾ ਦਿੱਤਾ।

ਬਿਆਨ ਵਿਚ ਕਿਹਾ ਗਿਆ ਹੈ ਕਿ ਸੰਗਤ ਦੇ ਕਈ ਮੈਂਬਰਾਂ ਦੇ ਦੱਸਣ ਮੁਤਾਬਕ ਘਟਨਾ ਵਾਲੇ ਦਿਨ ਜਸਕਰਨ ਸਿੰਘ ਅਤੇ ਉਸ ਦੇ ਪਿਤਾ ਕੁਲਦੀਪ ਸਿੰਘ ਸਵੇਰੇ ਤਕਰੀਬਨ 8 ਵਜੇ ਗੁਰਦੁਆਰਾ ਸਾਹਿਬ ਆਏ, ਯੋਗਾ ਕਲਾਸ ਵਿਚ ਕਾਫੀ ਸਮਾਂ ਬੈਠੇ ਰਹੇ, ਦੋਹਾਂ ਨੇ ਇਕੱਠਿਆਂ ਲੰਗਰ ਛਕਿਆ ਅਤੇ ਗੁਰਦੁਆਰਾ ਸਾਹਿਬ ਅੰਦਰ ਦੋਹਾਂ ਨੂੰ ਇਕੱਠਿਆਂ ਸੈਰ ਕਰਦਿਆਂ ਵੀ ਦੇਖਿਆ ਗਿਆ। ਤਕਰੀਬਨ ਸਵੇਰੇ 11 ਵਜੇ ਪਾਰਕਿੰਗ ਲਾਟ ਵਿਚ ਜਦੋਂ ਜਸਕਰਨ ਸਿੰਘ ਨੇ ਬੰਦੂਕ ਨਾਲ ਆਤਮ ਹੱਤਿਆ ਕੀਤੀ, ਕੁਲਦੀਪ ਸਿੰਘ ਦਿਓਲ ਵੀ ਆਸ-ਪਾਸ ਹੀ ਸੀ। ਸੰਗਤ ਨੂੰ ਇਹ ਵੀ ਪਤਾ ਨਹੀ ਲੱਗ ਸਕਿਆ ਕਿ ਕੁਲਦੀਪ ਸਿੰਘ ਨੇ 911 ਨੰਬਰ ‘ਤੇ ਫੋਨ ਕੀਤਾ ਜਾਂ ਨਹੀਂ।

ਬੇ-ਏਰੀਆ ਤੋਂ ਛਪਦੇ ਇਕ ਪੰਜਾਬੀ ਅਖਬਾਰ ਵਿਚ ਛਪੇ ਕੁਲਦੀਪ ਸਿੰਘ ਦਿਓਲ ਦੇ ਬਿਆਨ ਜਿਸ ਵਿਚ ਉਸ ਨੇ ਜਸਕਰਨ ਸਿੰਘ ਦੀ ਆਤਮ-ਹੱਤਿਆ ਦਾ ਰਹੱਸ ਜਾਣਨ ਅਤੇ ਕਮੇਟੀ ਵਲੋਂ ਤੰਗ-ਪ੍ਰੇਸ਼ਾਨ ਕੀਤੇ ਜਾਣ ਦੀ ਗੱਲ ਕੀਤੀ ਹੈ, ਦਾ ਗੰਭੀਰ ਨੋਟਿਸ ਲੈਂਦਿਆਂ ਭਾਈ ਢਿਲੋਂ ਨੇ ਕਿਹਾ ਹੈ ਕਿ ਇਸ ਘਟਨਾ ਵੇਲੇ ਸਭ ਤੋਂ ਨੇੜੇ ਕੁਲਦੀਪ ਸਿੰਘ ਆਪ ਹੀ ਸੀ। ਅਚਾਨਕ ਆਤਮ-ਹੱਤਿਆ ਦੀ ਸਭ ਤੋਂ ਵੱਧ ਜਾਣਕਾਰੀ ਤਾਂ ਕੁਲਦੀਪ ਸਿੰਘ ਨੂੰ ਹੀ ਹੋ ਸਕਦੀ ਹੈ।

ਇਸੇ ਦੌਰਾਨ ਗੁਰਦੁਆਰਾ ਸੁਧਾਰ ਕਮੇਟੀ ਸੈਨ ਹੋਜ਼ੇ ਨੇ ਭਾਈ ਜਸਕਰਨ ਸਿੰਘ ਦਿਉਲ ਦੇ ਚਲਾਣੇ ‘ਤੇ ਦੁਖ ਪ੍ਰਗਟਾਉਂਦਿਆਂ ਪਰਿਵਾਰ ਨੂੰ ਭਾਣਾ ਮੰਨਣ ਦੀ ਬੇਨਤੀ ਕੀਤੀ ਹੈ। ਕਮੇਟੀ ਨੇ ਇਕ ਸ਼ੋਕ ਮਤੇ ਵਿਚ ਕਿਹਾ ਹੈ ਕਿ ਜਸਕਰਨ ਸਿੰਘ ਦਿਉਲ ਮਿਲਣਸਾਰ ਅਤੇ ਸੁਹਿਰਦ ਇਨਸਾਨ ਸਨ ਅਤੇ ਗੁਰਦੁਆਰਾ ਸੁਧਾਰ ਕਮੇਟੀ ਦੇ ਸਮਰਥਕ ਵੀ ਸਨ।

**Golden State Realty**

Sacramento Office: 9912 Kapalua Ln., Elk Grove, CA 95624
Tel: 916-612-5773
*Courtesy of Sales Manager Traci Lill, Meadows at Galt*

| The Poppy ~ Plan 1 | 4 Bedrooms, 2 & half Baths, Two-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

| The Poppy ~ Plan 2 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

| The Poppy ~ Plan 3 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

| The Poppy ~ Plan 4 | 6 Bedrooms, 3 & half Baths, Three-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |


Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet ‘Sam’ Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14

**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ
ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869


Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent ’ਤੇ ਘਰ ਲੈਣਾ ਹੋਵੇ ਜਾਂ Rent ’ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**
**National Truck Driving School**

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਪੰਜਾਬ ਦੇ ਪਿੰਡਾਂ ਲਈ ਮੁਸੀਬਤ ਹੈ ਸਦੀ ਪੁਰਾਣਾ ਭੂਮੀ ਐਕਟ

**ਚੰਡੀਗੜ੍ਹ:** ਪੰਜਾਬ ਵਿਚ 114 ਸਾਲ ਪਹਿਲਾਂ ਲਾਗੂ ਹੋਇਆ ਭੌਇ ਸੰਭਾਲ ਐਕਟ (ਪੀ.ਐਲ.ਪੀ.ਏ.) ਅੱਜ ਵੀ ਸੂਬੇ ਦੇ 470 ਪਿੰਡਾਂ ਦੇ ਲੋਕਾਂ ਲਈ ਮੁਸੀਬਤ ਬਣਿਆ ਹੋਇਆ ਹੈ। ਪੀ.ਐਲ.ਪੀ.ਏ. ਦੀ ਨਜ਼ਰਸਾਨੀ ਕਰਵਾਉਣ ਲਈ ਕਿਸੇ ਵੀ ਸਿਆਸੀ ਪਾਰਟੀ ਨੇ ਕਦੇ ਵੀ ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ, ਜਿਸ ਕਾਰਨ ਜ਼ਿਲ੍ਹਾ ਮੁਹਾਲੀ, ਰੂਪਨਗਰ ਤੇ ਹੁਸ਼ਿਆਰਪੁਰ ਵਿਚਲੇ 470 ਪਿੰਡਾਂ ਦੀ ਤਕਰੀਬਨ ਡੇਢ ਲੱਖ ਹੈਕਟੇਅਰ ਜ਼ਮੀਨ ਨੂੜੀ ਪਈ ਹੈ।

ਦਰਅਸਲ 10 ਅਕਤੂਬਰ 1900 ਨੂੰ ਬਣਾਏ ਪੀ.ਐਲ.ਪੀ.ਏ. ਦਾ ਮਕਸਦ ਪੰਜਾਬ ਦੇ ਕੁਝ ਖਾਸ ਖੇਤਰਾਂ ਦੀ ਜ਼ਮੀਨ ਨੂੰ ਖੁਰਨ ਤੋਂ ਬਚਾਉਣਾ, ਕਟਾਵ ਨੂੰ ਰੋਕਣਾ ਤੇ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣਾ ਸੀ। ਇਸ ਐਕਟ ਤਹਿਤ ਆਉਂਦੀ ਜ਼ਮੀਨ ਚੰਡੀਗੜ੍ਹ ਦੇ ਨਾਲ ਲੱਗਦੇ ਨਵਾਂ ਗਾਓਂ ਤੋਂ ਸ਼ੁਰੂ ਹੋ ਕੇ ਪਠਾਨਕੋਟ ਦੇ ਧਾਰ ਬਲਾਕ ਤੱਕ 14 ਵਿਧਾਨ ਸਭਾ ਹਲਕਿਆਂ ਦੇ 470 ਪਿੰਡਾਂ ਵਿਚ ਆਉਂਦੀ ਹੈ।

ਸਾਲ 1926 ਵਿਚ ਪੀ.ਐਲ.ਪੀ.ਏ. ਵਿਚ ਸੋਧ ਕਰਕੇ ਇਸ ਨੂੰ ਅਸਥਾਈ ਰੂਪ ਦਿਤਾ ਗਿਆ ਸੀ ਜਿਸ ਤਹਿਤ ਇਸ ਐਕਟ ਅਧੀਨ ਆਉਂਦੀਆਂ ਜ਼ਮੀਨਾਂ ਉਪਰ ਸਥਾਈ ਰੋਕ ਲਾਉਣ ਦੀ ਥਾਂ 10, 15 ਤੇ 25 ਸਾਲ ਲਈ ਰੋਕਾਂ ਲਾਉਣ ਦਾ ਕਾਨੂੰਨ ਬਣਾਇਆ ਗਿਆ ਸੀ। ਇਸ ਖੇਤਰ ਦੇ ਪੀੜਤ ਲੋਕਾਂ ਅਨੁਸਾਰ ਪੀ.ਐਲ.ਪੀ.ਏ. ਐਕਟ ਨੂੰ ਲਾਗੂ ਕਰਨ ਲਈ ਨਿਰਧਾਰਤ ਧਾਰਾ-7 ਦੀ ਪ੍ਰਕਿਰਿਆ ਕਦੇ ਵੀ ਨਹੀਂ ਚਲਾਈ ਗਈ। ਨਿਰਧਾਰਿਤ ਪ੍ਰਕਿਰਿਆ ਅਨੁਸਾਰ ਕਿਸੇ ਵੀ ਜ਼ਮੀਨ ਉਪਰ ਪੀ.ਐਲ.ਪੀ.ਏ. ਲਾਗੂ ਕਰਨ ਤੋਂ ਪਹਿਲਾ ਸਬੰਧਤ ਪਿੰਡ ਵਿਚ ਮੁਨਾਦੀ ਤੇ ਇਸ਼ਤਿਹਾਰਾਂ ਰਾਹੀਂ ਲੋਕਾਂ ਕੋਲ ਪਹੁੰਚ ਕਰਨੀ ਲਾਜ਼ਮੀ ਹੈ।

ਸਰਕਾਰ ਵੱਲੋਂ ਸਬੰਧਤ ਲੋਕਾਂ ਦੇ ਇਤਰਾਜ਼ ਸੁਣਨ ਤੋਂ ਬਾਅਦ ਹੀ ਇਹ ਐਕਟ ਲਾਗੂ ਕੀਤਾ ਜਾ ਸਕਦਾ ਹੈ। ਜਿਸ ਜ਼ਮੀਨ ਉਪਰ ਪੀ.ਐਲ.ਪੀ.ਏ. ਲਾਗੂ ਕੀਤਾ ਜਾਂਦਾ ਹੈ, ਉਸ ਦਾ ਬਕਾਇਦਾ ਮੁਆਵਜ਼ਾ ਦੇਣਾ ਵੀ ਕਾਨੂੰਨਨ ਲਾਜ਼ਮੀ ਹੈ ਜਦਕਿ ਇਸ ਖੇਤਰ ਦੇ ਲੋਕ ਦੋਸ਼ ਲਾ ਰਹੇ ਹਨ ਕਿ ਸਰਕਾਰ ਨੇ ਅਜਿਹੀ ਪ੍ਰਕਿਰਿਆ ਕਦੇ ਨਾਮਾਤਰ ਹੀ ਚਲਾਈ ਹੈ। ਇਸ ਐਕਟ ਤੋਂ ਪ੍ਰਭਾਵਿਤ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਵਿਧਾਇਕ ਤੇ ਜੇਲ੍ਹ ਤੇ ਸਭਿਆਚਾਰਕ ਮੰਤਰੀ ਸੋਹਣ ਸਿੰਘ ਠੰਡਲ ਕੋਲੋਂ ਜਦੋਂ ਇਸ ਸਮੱਸਿਆ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਫਿਲਹਾਲ ਉਹ ਇਸ ਉਪਰ ਕੁਝ ਨਹੀਂ ਦੱਸ ਸਕਦੇ।

ਇਸ ਮਾਮਲੇ ਬਾਰੇ ਪਿਛਲੇ ਕਈ ਸਾਲਾਂ ਤੋਂ ਜੱਦੋ-ਜਹਿਦ ਕਰਦੇ ਆ ਰਹੇ ਪੰਜਾਬ ਸਰਕਾਰ ਦੇ ਸਹਾਇਕ ਮੀਡੀਆ ਸਲਾਹਕਾਰ ਵਿਨੀਤ ਜੋਸ਼ੀ ਨੇ ਦਾਅਵਾ ਕੀਤਾ ਕਿ ਸੁਪਰੀਮ ਕੋਰਟ ਨੇ 21 ਮਈ 2014 ਦੇ ਆਪਣੇ ਫ਼ੈਸਲੇ ਵਿਚ ਸਪੱਸ਼ਟ ਕਰ ਦਿੱਤਾ ਹੈ ਕਿ ਪੀ.ਐਲ.ਪੀ.ਏ. ਅਧੀਨ ਜ਼ਮੀਨ ਜੰਗਲਾਤ ਭੂਮੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਜੰਗਲਾਤ ਵਿਭਾਗ ਵੱਲੋਂ ਇਸ ਬਾਰੇ ਦਾਇਰ ਕੀਤੀ ਸਪੈਸ਼ਲ ਲੀਵ ਪਟੀਸ਼ਨ ਵੀ 14 ਅਗਸਤ 2014 ਨੂੰ ਖ਼ਾਰਜ ਕਰ ਦਿੱਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੰਗਲਾਤ ਵਿਭਾਗ ਵੱਲੋਂ ਪੀ.ਐਲ.ਪੀ.ਏ.-1900 ਅਧੀਨ ਜ਼ਮੀਨ ਨੂੰ ਜੰਗਲਾਤ ਦੱਸ ਕੇ ਗੁੰਮਰਾਹ ਕੀਤਾ ਜਾ ਰਿਹਾ ਹੈ। ਪੀ.ਐਲ.ਪੀ.ਏ. ਅਧੀਨ ਲੋਕਾਂ ਦੀ ਲਈ ਜ਼ਮੀਨ ਦਾ ਮੁਆਵਜ਼ਾ ਨਾ ਦੇ ਕੇ ਵੀ ਸੰਵਿਧਾਨ ਦੀ ਧਾਰਾ 300 ਏ ਦੀ ਉਲੰਘਣਾ ਕੀਤੀ ਗਈ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੀ.ਐਲ.ਪੀ.ਏ. ਨੂੰ ਡੀ-ਨੋਟੀਫਾਈ ਕਰਕੇ ਨਵੇਂ ਸਿਰਿਓਂ ਸਰਵੇ ਕਰਵਾਇਆ ਜਾਵੇ ਤਾਂ ਜੋ ਦਹਾਕਿਆਂ ਤੋਂ ਲੋਕਾਂ ਨਾਲ ਹੋ ਰਹੀ ਬੇਇਨਸਾਫੀ ਦੂਰ ਹੋ ਸਕੇ।

## ਖਾਤਮੇ ਲਈ ਕਿਸੇ ਧਿਰ ਨੇ ਨਾ ਕੀਤੀ ਪਹਿਲ



## ਸੁਪਰੀਮ ਕੋਰਟ ਦੇ ਦਖਲ ਨਾਲ ਕਿਸਾਨਾਂ ਨੂੰ ਆਸ ਬੱਝੀ

ਜੰਗਲਾਤ ਵਿਭਾਗ ਇਸ ਜ਼ਮੀਨ ਨੂੰ ਆਪਣੀ ਦੱਸ ਰਿਹਾ ਹੈ। ਉਂਜ, 1927 ਵਿਚ ਵੱਖਰੇ ਤੌਰ 'ਤੇ ਇੰਡੀਅਨ ਫੋਰੈਸਟ ਐਕਟ ਬਣਾਉਣ ਤੋਂ ਬਾਅਦ ਪੀ.ਐਲ.ਪੀ.ਏ. ਵਿਚੋਂ 1942 ਦੌਰਾਨ ਜੰਗਲਾਤ ਦੀ ਮੱਦ ਹਟਾ ਦਿੱਤੀ ਗਈ ਸੀ। ਪੀ.ਐਲ.ਪੀ.ਏ. ਕਾਰਨ ਲੋਕਾਂ ਨੂੰ ਆਪਣੀ ਜ਼ਮੀਨ ਉਪਰ ਉਸਾਰੀ ਕਰਨ, ਪੱਧਰਾ ਕਰਨ, ਟਿਊਬਵੈਲ ਲਾਉਣ ਤੇ ਦਰਖ਼ਤ ਕੱਟਣ ਆਦਿ ਵੇਲੇ ਸਰਕਾਰੀ ਤੰਤਰ ਨਾਲ ਕਈ ਤਰ੍ਹਾਂ ਨਾਲ ਜੂਝਣਾ ਪੈ ਰਿਹਾ ਹੈ। ਸੁਪਰੀਮ ਕੋਰਟ ਨੇ ਜੰਗਲਾਤ ਵਿਭਾਗ ਵੱਲੋਂ ਇਸ ਬਾਰੇ ਦਾਇਰ ਕੀਤੀ ਪਟੀਸ਼ਨ ਵੀ 14 ਅਗਸਤ 2014 ਨੂੰ ਖ਼ਾਰਜ ਕਰ ਦਿੱਤੀ। ਅਦਾਲਤ ਦੇ ਤਾਜ਼ਾ ਫ਼ੈਸਲਿਆਂ ਤੋਂ ਬਾਅਦ ਪੰਜਾਬ ਦੇ 470 ਪਿੰਡਾਂ ਦੇ ਵਸਨੀਕਾਂ ਉਪਰ ਦਹਾਕਿਆਂ ਤੋਂ ਲਾਗੂ ਭੌਇ ਸੰਭਾਲ ਐਕਟ 1900 (ਪੀ.ਐਲ.ਪੀ.ਏ.) ਤੋਂ ਛੁਟਕਾਰਾ ਮਿਲਣ ਦੇ ਆਸਾਰ ਬਣੇ ਹਨ।

## ਪੰਜਾਬ ਦਿਹਾਤੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਚ ਮੋਹਰੀ ਸੂਬਾ

**ਚੰਡੀਗੜ੍ਹ:** ਦਿਹਾਤੀ ਜਲ ਸਪਲਾਈ ਤੇ ਸੈਨੀਟੇਸ਼ਨ (ਪੀ.ਆਰ.ਡਬਲਿਊ.ਐਸ.ਐਸ) ਪ੍ਰਾਜੈਕਟ ਦੇ ਪਹਿਲੇ ਪੜਾਅ ਹੇਠ ਹੋਈਆਂ ਸਫ਼ਲਤਾਵਾਂ ਦੇ ਮੱਦੇਨਜ਼ਰ ਵਿਸ਼ਵ ਬੈਂਕ ਦੇ 16ਵੇਂ ਮਿਸ਼ਨ ਨੇ ਪੰਜਾਬ ਨੂੰ ਇਸ ਪ੍ਰਾਜੈਕਟ ਹੇਠ ਦੇਸ਼ ਭਰ ਵਿਚ ਸਭ ਤੋਂ ਵਧੀਆ ਪ੍ਰਾਪਤੀਆਂ ਕਰਨ ਵਾਲਾ ਸੂਬਾ ਕਰਾਰ ਦਿੱਤਾ ਹੈ। ਇਹ ਪ੍ਰਾਜੈਕਟ 1280 ਕਰੋੜ ਰੁਪਏ ਦਾ ਹੈ। ਇਸ ਵਿਚ ਪੰਜਾਬ ਨੇ ਨਾ ਸਿਰਫ ਟੀਚੇ ਪ੍ਰਾਪਤ ਕਰਨ ਵਿਚ ਵਧੀਆ ਭੂਮਿਕਾ ਨਿਭਾਈ, ਸਗੋਂ ਪਿੰਡਾਂ ਵਿਚ ਹਰੇਕ ਘਰ ਨੂੰ ਜਲ ਸਪਲਾਈ ਵੀ ਮੁਹੱਈਆ ਕਰਵਾਈ ਹੈ।

ਵਿਸ਼ਵ ਬੈਂਕ ਦੇ ਅਧਿਕਾਰੀ ਐਸ.ਪੀ. ਰੈਡੀ ਦੀ ਅਗਵਾਈ ਵਾਲੇ ਵਫ਼ਦ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੀਟਿੰਗ ਕਰਕੇ ਬੈਂਕ ਦੀ ਸਹਾਇਤਾ ਪ੍ਰਾਪਤ ਪੀ.ਆਰ. ਡਬਲਿਊ.ਐਸ.ਐਸ. ਸਕੀਮ ਹੇਠ ਕੀਤੀ ਪ੍ਰਗਤੀ ਤੇ ਪ੍ਰਾਪਤੀਆਂ ਬਾਰੇ ਜਾਣੂ ਕਰਾਇਆ। ਇਸ ਵਫ਼ਦ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਪ੍ਰਾਜੈਕਟ ਦੇ ਪਹਿਲੇ ਪੜਾਅ ਹੇਠ ਹੋਈਆਂ ਸਫ਼ਲਤਾਵਾਂ ਦੇ ਮੱਦੇਨਜ਼ਰ ਪੰਜਾਬ ਨੂੰ ਇਸ ਪ੍ਰਾਜੈਕਟ ਹੇਠ ਮੋਹਰੀ ਸੂਬਾ ਕਰਾਰ ਦਿੱਤਾ ਹੈ। ਸ੍ਰੀ ਰੈਡੀ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ 196 ਪਿੰਡਾਂ ਵਿਚ ਜਲ ਮੀਟਰ ਸਥਾਪਤ ਕਰ ਦਿੱਤੇ ਗਏ ਹਨ ਜਿਥੇ ਕਿ ਪਾਣੀ ਦੀਆਂ ਦਰਾਂ ਵਰਤੇ ਗਏ ਪਾਣੀ ਦੇ ਅਨੁਸਾਰ ਲਈਆਂ ਜਾ ਰਹੀਆਂ ਹਨ। ਇਸ ਪ੍ਰਾਜੈਕਟ ਹੇਠ 961 ਤੋਂ ਵੱਧ ਪਿੰਡਾਂ ਵਿਚ ਇਹ ਸਕੀਮ ਲਾਗੂ ਕੀਤੀ ਗਈ ਹੈ ਤੇ ਇਸ ਨੇ ਪਹਿਲਾਂ ਹੀ ਇਨ੍ਹਾਂ ਪਿੰਡਾਂ ਵਿਚ 100 ਫੀਸਦੀ ਘਰਾਂ ਨੂੰ ਪਾਣੀ ਮੁਹੱਈਆ ਕਰਵਾ ਦਿੱਤਾ ਹੈ। ਇਨ੍ਹਾਂ ਪਿੰਡਾਂ ਦੇ ਲੋਕ ਟੂਟੀਆਂ ਰਾਹੀਂ ਸਵੱਛ ਪਾਣੀ ਪ੍ਰਾਪਤ ਕਰ ਰਹੇ ਹਨ। ਇਸ ਪ੍ਰਾਜੈਕਟ ਹੇਠ ਕੁੱਲ 2083 ਪਿੰਡਾਂ ਵਿਚੋਂ 50 ਫ਼ੀਸਦੀ ਤੋਂ ਵੱਧ ਪਿੰਡਾਂ ਵਿਚ ਗ੍ਰਾਮ ਪੰਚਾਇਤ ਜਲ ਤੇ ਸੈਨੀਟੇਸ਼ਨ ਕਮੇਟੀਆਂ ਬਣਾ ਦਿੱਤੀਆਂ ਹਨ ਜੋ ਕਿ ਇਨ੍ਹਾਂ ਪ੍ਰਾਜੈਕਟਾਂ ਨੂੰ ਚਲਾਉਂਦੀਆਂ ਤੇ ਇਨ੍ਹਾਂ ਦੀ ਸਾਂਭ ਸੰਭਾਲ ਕਰਦੀਆਂ ਹਨ। ਇਹ ਕਮੇਟੀਆਂ ਸਰਕਾਰ ਤੋਂ ਕੋਈ ਵਿੱਤੀ ਸਹਾਇਤਾ ਪ੍ਰਾਪਤ ਨਹੀਂ ਕਰਦੀਆਂ। ਇਨ੍ਹਾਂ ਸਕੀਮਾਂ ਨੂੰ ਚਲਾਉਣ ਤੇ ਰੱਖ ਰਖਾਓ ਲਈ ਚੋਖੇ ਫੰਡ ਪੈਦਾ ਕੀਤੇ ਗਏ ਹਨ ਜੋ ਕਿ ਇਕ ਲੱਖ ਤੋਂ 10 ਲੱਖ ਦੀ ਰਾਸ਼ੀ ਦੇ ਹਨ। ਵਫ਼ਦ ਨੇ ਸ੍ਰੀ ਬਾਦਲ ਨੂੰ ਦੱਸਿਆ ਕਿ ਵਿਸ਼ਵ ਬੈਂਕ ਨੇ ਪਹਿਲਾਂ ਹੀ ਪੀ.ਆਰ. ਡਬਲਿਊ.ਐਸ.ਐਸ. ਸਕੀਮ ਦੇ ਦੂਜੇ ਫੇਜ਼ ਨੂੰ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਇਹ 2200 ਕਰੋੜ ਰੁਪਏ ਦਾ ਪ੍ਰਾਜੈਕਟ ਹੈ।

ਸ੍ਰੀ ਰੈਡੀ ਵਿਸ਼ਵ ਬੈਂਕ ਦਾ ਮਿਸ਼ਨ ਇਸ ਪ੍ਰਾਜੈਕਟ ਦੀ ਕਾਰਜ ਕੁਸ਼ਲਤਾ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹੈ ਤੇ ਇਸ ਪ੍ਰਾਜੈਕਟ ਨੂੰ ਸਮੇਂ ਸਿਰ ਲਾਗੂ ਕਰਨ ਵਾਸਤੇ ਸੂਬਾ ਸਰਕਾਰ ਦੇ ਅਧਿਕਾਰੀਆਂ ਨੇ ਪੂਰਾ ਸਹਿਯੋਗ ਤੇ ਸਮਰਥਨ ਦਿੱਤਾ ਹੈ।

# ਹੱਕਾਂ ਦੀ ਰਾਖੀ ਲਈ ਪੰਜਾਬ ਪੁਲਿਸ ਵੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਦਰਬਾਰ

**ਚੰਡੀਗੜ੍ਹ:** ਮਨੁੱਖੀ ਹੱਕਾਂ ਦੇ ਘਾਣ ਲਈ ਚਰਚਾ ਵਿਚ ਰਹਿੰਦੀ ਪੰਜਾਬ ਪੁਲਿਸ ਖੁਦ ਪੀੜਤ ਧਿਰ ਬਣ ਕੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਦਰਬਾਰ ਪੁੱਜੀ ਹੈ। ਪੰਜਾਬ ਪੁਲਿਸ ਦੇ ਵੱਖ-ਵੱਖ ਰੈਂਕ ਦੇ ਮੁਲਾਜ਼ਮਾਂ ਤੇ ਅਫ਼ਸਰਾਂ ਵੱਲੋਂ ਆਪਣੀ ਹਾਲੀਆ ਤਨਖ਼ਾਹਾਂ ਦੇ ਦਸਤਾਵੇਜ਼ ਵਿਖਾਉਂਦਿਆਂ ਕਿਹਾ ਗਿਆ ਹੈ ਕਿ ਕੰਮ ਦੇ ਬੋਝ ਤੇ ਸਿਆਸੀ ਭਾਰ ਥੱਲੇ ਦੱਬੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨੂੰ ਰੋਜ਼ਾਨਾ ਰਾਸ਼ਨ ਭੱਤੇ ਦੇ ਰੂਪ ਵਿਚ ਤਿੰਨ ਰੁਪਏ, ਤਿੰਨੋਂ ਵਕਤ ਦੇ ਖਾਣੇ ਲਈ ਦੇਣੇ ਇਕ ਕੋਝਾ ਮਜ਼ਾਕ ਹੈ।

ਸੂਬੇ ਦੇ ਲੋਕਾਂ ਦੀ ਅਮਨ ਸ਼ਾਂਤੀ ਤੇ ਸੁਖਾਵੇਂ ਮਾਹੌਲ ਲਈ ਜ਼ਿੰਮੇਵਾਰ ਬਣਨ ਵਾਲੇ ਪੰਜਾਬ ਪੁਲਿਸ ਦੇ ਮੁਲਾਜ਼ਮਾਂ ਨਾਲ ਹੀ ਸਰਕਾਰ ਵੱਲੋਂ ਇਹ ਧੱਕਾ ਕੀਤਾ ਜਾ ਰਿਹਾ ਹੈ। ਇਸ ਮੁੱਦੇ 'ਤੇ ਉਹ ਸੂਚਨਾ ਹਾਸਲ ਕਰਨ ਵਾਲੇ ਆਰ. ਟੀ.ਆਈ. ਕਾਰਜਕਰਤਾ ਐਡਵੋਕੇਟ ਦਿਨੇਸ਼ ਚੱਢਾ ਵੱਲੋਂ ਇਕ ਸ਼ਿਕਾਇਤ ਦੇ ਰੂਪ ਵਿਚ ਮਾਮਲਾ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਭੇਜਦਿਆਂ ਦਾਅਵਾ ਕੀਤਾ ਕਿ ਇਹ ਰਾਸ਼ਨ ਭੱਤਾ ਪੰਜਾਬ ਸਰਕਾਰ ਵੱਲੋਂ ਗ੍ਰਹਿ ਤੇ ਨਿਆਂ ਵਿਭਾਗ ਦੇ ਮਿਤੀ 28-11-1991 ਦੇ ਪੱਤਰ ਰਾਹੀਂ



ਲਾਇਆ ਗਿਆ ਹੈ।

ਇਸ ਪੱਤਰ ਵਿਚ ਭਾਰਤ ਦੇ ਰਾਸ਼ਟਰਪਤੀ ਵੱਲੋਂ ਇਸ ਮੰਤਵ ਲਈ ਗਰਾਂਟ ਜਾਰੀ ਕਰਨ ਦਾ ਵੀ ਹਵਾਲਾ ਹੈ। ਇਸ ਤੋਂ ਇਲਾਵਾ ਪੰਜਵੇਂ ਤਨਖ਼ਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੁਤਾਬਕ ਪੰਜਾਬ ਦੇ ਰਾਜਪਾਲ ਦੇ ਫ਼ੈਸਲੇ ਅਨੁਸਾਰ ਪੰਜਾਬ ਪੁਲਿਸ ਦੇ ਇਨ੍ਹਾਂ ਮੁਲਾਜ਼ਮਾਂ ਨੂੰ ਬਾਕੀ ਰੱਖ-ਰਖਾਅ ਬਰਕਰਾਰ ਰੱਖਣ ਹਿਤ ਮਿਲਣ ਵਾਲਾ 'ਕਿੱਟ ਮੈਂਟੀਨੈਂਸ ਅਲਾਉਂਸ' ਵੀ ਹੌਲਦਾਰ ਤੇ ਸਿਪਾਹੀ ਨੂੰ ਪ੍ਰਤੀ ਮਹੀਨਾ 50 ਰੁਪਏ, ਸਬ-ਇੰਸਪੈਕਟਰ ਤੇ ਏ.ਐਸ.ਆਈ. ਨੂੰ 80 ਰੁਪਏ, ਇੰਸਪੈਕਟਰ ਨੂੰ 120 ਰੁਪਏ ਤੇ ਡੀ.ਐਸ.ਪੀ. ਨੂੰ 160 ਰੁਪਏ ਹੀ ਪ੍ਰਤੀ ਮਹੀਨਾ ਮਿਲਦਾ ਹੈ।

ਪੰਜਾਬ ਪੁਲਿਸ ਦੇ ਡੀ.ਐਸ.ਪੀ. ਰੈਂਕ ਤੱਕ ਦੇ ਅਫ਼ਸਰਾਂ ਨੂੰ ਮਹਿਕਮੇ ਵੱਲੋਂ ਦਿੱਤੇ ਜਾਂਦੇ ਰੋਜ਼ਾਨਾ ਦੇ ਖਾਣ-ਪੀਣ ਭਾਵ ਰਾਸ਼ਨ ਭੱਤੇ ਦੀ ਗੱਲ ਕੀਤੀ ਜਾਵੇ ਤਾਂ ਇਹ ਮਹਿਜ਼ 100 ਰੁਪਏ (ਜ਼ਿਲ੍ਹਾ ਪੁਲਿਸ ਨੂੰ ) ਤੇ 150 ਰੁਪਏ (ਪੀ.ਏ.ਪੀ.) ਨੂੰ ਪ੍ਰਤੀ ਮਹੀਨਾ ਤੱਕ ਹੀ ਸੀਮਤ ਹੈ, ਜੋ ਕਿ ਰੋਜ਼ਾਨਾ ਔਸਤਨ 3 ਤੋਂ 5 ਰੁਪਏ ਬਣਦਾ ਹੈ।

ਇਸ ਤਰ੍ਹਾਂ ਕਾਗਜ਼ਾਂ ਵਿਚ ਪੰਜਾਬ ਪੁਲਿਸ ਦੇ ਸਿਪਾਹੀ, ਹੌਲਦਾਰ, ਏ.ਐਸ.ਆਈ, ਸਬ-ਇੰਸਪੈਕਟਰ, ਇੰਸਪੈਕਟਰ ਤੇ ਡੀ.ਐਸ.ਪੀ. ਨਾਸ਼ਤਾ, ਦੁਪਹਿਰ ਦਾ ਖਾਣਾ ਜਾਂ ਰਾਤ ਦਾ ਖਾਣਾ ਸਿਰਫ਼ ਇਕ ਰੁਪਏ ਵਿਚ ਹੀ ਕਰਦੇ ਹਨ। ਇਹ ਜਾਣਕਾਰੀ ਪੰਜਾਬ ਦੇ ਇੰਸਪੈਕਟਰ ਜਨਰਲ ਪੁਲਿਸ/ ਪ੍ਰੋਵਿਜ਼ਨਿੰਗ ਦੇ ਹਸਤਾਖਰਾਂ ਥੱਲੇ ਹੀ ਸੂਚਨਾ ਅਧਿਕਾਰ ਕਾਨੂੰਨ ਤਹਿਤ ਹਾਸਲ ਕੀਤੀ ਗਈ ਹੈ ਤੇ ਆਮ ਤੌਰ 'ਤੇ ਮਨੁੱਖੀ ਹੱਕਾਂ ਖਾਸਕਰ ਇਨ੍ਹਾਂ ਦੀ ਉਲੰਘਣਾ ਦੇ ਦੋਸ਼ਾਂ ਹੇਠ ਹੀ ਚਰਚਾ ਵਿਚ ਰਹਿਣ ਵਾਲੀ ਪੰਜਾਬ ਪੁਲਿਸ ਦੇ ਇਨ੍ਹਾਂ 'ਪੀੜਤ' ਮੁਲਾਜ਼ਮਾਂ ਵੱਲੋਂ ਹੁਣ ਆਪਣੇ ਇਨ੍ਹਾਂ ਸਰਵਿਸ ਹੱਕਾਂ ਦੀ ਬਹਾਲੀ ਹਿਤ ਇਨਸਾਫ਼ ਦੀ ਟੇਕ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਕੋਲੋਂ ਰੱਖੀ ਗਈ ਹੈ।

# ਵਿਧਾਇਕ-ਐਸ.ਡੀ.ਐਮ. ਵਿਵਾਦ ਨੂੰ ਚੜ੍ਹਿਆ ਸਿਆਸੀ ਰੰਗ

**ਚੰਡੀਗੜ੍ਹ:** ਫਤਿਹਗੜ੍ਹ ਸਾਹਿਬ ਤੋਂ ਕਾਂਗਰਸ ਦੇ ਵਿਧਾਇਕ ਕੁਲਜੀਤ ਸਿੰਘ ਨਾਗਰਾ ਤੇ ਮਹਿਲਾ ਐਸ.ਡੀ.ਐਮ. ਵਿਚਕਾਰ ਪੈਦਾ ਹੋਇਆ ਤਕਰਾਰ ਕਾਂਗਰਸ ਲਈ ਵਕਾਰ ਦਾ ਸਵਾਲ ਬਣਾ ਗਿਆ ਹੈ। ਲੋਕ ਸਭਾ ਵਿਚ ਕਾਂਗਰਸ ਦੇ ਉਪ ਨੇਤਾ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਸ ਮੁੱਦੇ 'ਤੇ ਇਕ ਅਧਿਕਾਰੀ ਕੋਲੋਂ ਜਾਂਚ ਕਰਵਾਉਣ ਦੇ ਦਿੱਤੇ ਹੁਕਮਾਂ ਨੂੰ ਚੁਣੌਤੀ ਦਿੱਤੀ ਹੈ। ਦੱਸਣਯੋਗ ਹੈ ਕਿ ਸ੍ਰੀ ਬਾਦਲ ਨੇ ਫਤਿਗਹੜ੍ਹ ਸਾਹਿਬ ਦੇ ਵਿਧਾਇਕ ਨਾਗਰਾ ਤੇ ਉਥੋਂ ਦੀ ਐਸ.ਡੀ.ਐਮ. ਵਿਚਕਾਰ ਪੈਦਾ ਹੋਏ ਟਕਰਾਅ ਬਾਰੇ ਪੀ.ਸੀ.ਐਸ. ਐਸੋਸੀਏਸ਼ਨ ਨਾਲ ਮੁਲਾਕਾਤ ਕਰਨ ਤੋਂ ਬਾਅਦ ਮਾਮਲੇ ਦੀ ਜਾਂਚ ਇਕ ਕਮਿਸ਼ਨਰ ਪੱਧਰ ਦੇ ਅਧਿਕਾਰੀ ਕੋਲੋਂ ਕਰਵਾਉਣ ਦੇ ਹੁਕਮ ਦਿੱਤੇ।





ਕਾਂਗਰਸ ਇਸ ਨੂੰ ਸ੍ਰੀ ਨਾਗਰਾ ਨੂੰ ਨੀਵਾਂ ਦਿਖਾਉਣ ਦੀ ਚਾਲ ਦੱਸ ਰਹੀ ਹੈ। ਕਾਂਗਰਸੀ ਵਿਧਾਇਕਾਂ ਮੁਤਾਬਕ ਫਤਿਹਗੜ੍ਹ ਸਾਹਿਬ ਦੀ ਐਸ.ਡੀ.ਐਮ. ਨੇ ਨਿਰਧਾਰਤ ਪ੍ਰੋਟੋਕੋਲ ਦੀ ਹੱਦ ਪਾਰ ਕਰਕੇ ਵਿਧਾਇਕ ਸ੍ਰੀ ਨਾਗਰਾ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਈ ਹੈ। ਸੁਨੀਲ ਜਾਖੜ ਨੇ ਕਿਹਾ ਕਿ ਇਹ ਲੋਕ ਨੁਮਾਇੰਦੇ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਹੈ। ਉਹ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਮੁਤਾਬਕ ਇਸ ਮਾਮਲੇ ਨੂੰ ਵਿਚਾਰਨ ਮਗਰੋਂ ਸਪੀਕਰ ਦੇ ਧਿਆਨ ਵਿਚ ਲਿਆਉਣਗੇ। ਉਨ੍ਹਾਂ ਦੋਸ਼ ਲਾਇਆ ਕਿ ਸਬੰਧਤ ਅਫ਼ਸਰ ਆਪਣੇ-ਆਪ ਨੂੰ ਬਚਾਉਣ ਲਈ ਇਸ ਮੁੱਦੇ ਨੂੰ ਨਵੀਂ ਰੰਗਤ ਦੇ ਰਹੀ ਹੈ, ਜੋ ਠੀਕ ਨਹੀਂ ਹੈ। ਉਧਰ ਵਿਧਾਇਕ ਨਾਗਰਾ ਨੇ ਕਿਹਾ ਕਿ ਅਕਾਲੀ ਸਰਕਾਰ ਬੌਖਲਾਹਟ ਵਿਚ ਆ ਗਈ ਹੈ। ਇਸ ਲਈ ਉਹ ਵਿਧਾਨ ਸਭਾ ਵਿਚ ਲੋਕਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਕਾਂਗਰਸੀ ਵਿਧਾਇਕਾਂ ਖ਼ਿਲਾਫ਼ ਗਲਤ ਹੱਥਕੰਡੇ ਅਪਣਾ ਕੇ ਕੇਸ ਦਰਜ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਇਸੇ ਸਾਜ਼ਿਸ਼ ਤਹਿਤ ਅਕਾਲੀ ਸਰਕਾਰ ਨੇ ਵਿਧਾਇਕ ਰਾਜਾ ਵੜਿੰਗ ਨੂੰ ਇਕ ਝੂਠੇ ਕੇਸ ਵਿਚ ਉਲਝਾਉਣ ਦੀ ਕੋਸ਼ਿਸ਼ ਕੀਤੀ ਸੀ। ਮਹਿਲਾ ਐਸ.ਡੀ.ਐਮ. ਕੇਸ ਵੀ ਉਸੇ ਸਾਜ਼ਿਸ਼ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਡਟੇ ਰਹਿਣਗੇ।

## ਕਮਿਸ਼ਨਰ ਪੱਧਰ ਦੇ ਅਧਿਕਾਰੀ ਨੂੰ ਜਾਂਚ ਦਾ ਹੱਕ ਨਹੀਂ: ਕੈਪਟਨ

ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਬਾਦਲ ਵੱਲੋਂ ਕਮਿਸ਼ਨਰ ਪੱਧਰ ਦੇ ਅਧਿਕਾਰੀ ਕੋਲੋਂ ਮਾਮਲੇ ਦੀ ਜਾਂਚ ਦੇ ਹੁਕਮ ਨੂੰ ਚੁਣੌਤੀ ਦਿੰਦਿਆਂ ਕਿਹਾ ਕਿ ਅਜਿਹਾ ਕਰਕੇ ਸ੍ਰੀ ਬਾਦਲ ਨੇ ਵਿਧਾਇਕ ਦੇ ਰੁਤਬੇ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਇਕ ਲੋਕ ਨੁਮਾਇੰਦੇ ਵਜੋਂ ਵਿਧਾਇਕ ਦਾ ਰੁਤਬਾ ਸਰਕਾਰੀ ਪ੍ਰੋਟੋਕੋਲ ਅਨੁਸਾਰ ਮੁੱਖ ਸਕੱਤਰ ਤੋਂ ਵੀ ਉੱਚਾ ਹੈ। ਇਸ ਕਾਰਨ ਇਕ ਕਮਿਸ਼ਨਰ ਪੱਧਰ ਦੇ ਅਧਿਕਾਰੀ ਕੋਲੋਂ ਵਿਧਾਇਕ ਦੇ ਮਾਮਲੇ ਦੀ ਜਾਂਚ ਕਰਵਾਉਣੀ ਲੋਕ ਨੁਮਾਇੰਦੇ ਦੀ ਹੇਠੀ ਕਰਨ ਬਰਾਬਰ ਹੈ। ਉਨ੍ਹਾਂ ਸ੍ਰੀ ਬਾਦਲ ਨੂੰ ਸਵਾਲ ਕੀਤਾ ਕਿ ਜਦੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਇਹ ਮਾਮਲਾ ਆਪਣੇ ਹੱਥ ਵਿਚ ਲੈ ਲਿਆ ਸੀ ਤਾਂ ਫਿਰ ਮਾਮਲੇ ਦੀ ਜਾਂਚ ਅਧਿਕਾਰੀ ਕੋਲੋਂ ਕਰਵਾਉਣ ਦੀ ਕੀ ਤੁੱਕ ਸੀ।

# ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੂੰ ਖੁਲ੍ਹੀ ਬਹਿਸ ਦਾ ਸੱਦਾ

**ਮਿਲਪੀਟਸ, ਕੈਲੀਫੋਰਨੀਆ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕੀ ਮਾਮਲਿਆਂ ਨੂੰ ਲੈ ਕੇ ਬਣੀ ਗੁਰਦੁਆਰਾ ਸੁਧਾਰ ਕਮੇਟੀ ਦੇ ਸੱਦੇ 'ਤੇ ਇਥੇ ਗੁਰਦੁਆਰਾ ਸਿੰਘ ਸਭਾ ਵਿਖੇ ਲੰਘੇ ਐਤਵਾਰ ਗੁਰਦੁਆਰਾ ਸੈਨ ਹੋਜ਼ੇ ਅਤੇ ਬੇ-ਏਰੀਆ ਦੀਆਂ ਸੰਗਤਾਂ ਦੀ ਇਕ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸੈਨ ਹੋਜ਼ੇ ਦੀ ਮੌਜੂਦਾ ਪ੍ਰਬੰਧਕ ਕਮੇਟੀ ਦੀ ਇਸ ਗੱਲੋਂ ਆਲੋਚਨਾ ਕੀਤੀ ਗਈ ਕਿ ਇਸ ਨੇ ਜਨਰਲ ਬਾਡੀ ਦੇ ਆਪਣੇ ਪ੍ਰਬੰਧਕ ਚੁਣਨ ਦੇ ਹੱਕ ਨੂੰ ਰੋਕਣ ਲਈ ਕਰੀਬ ਸਾਢੇ ਤਿੰਨ ਸਾਲ ਅਦਾਲਤੀ ਕੇਸਾਂ ਵਿਚ ਨਾ ਸਿਰਫ ਸੰਗਤਾਂ ਦਾ ਸਮਾਂ ਹੀ ਬਰਬਾਦ ਕੀਤਾ ਸਗੋਂ ਪੈਸਾ ਵੀ ਬਰਬਾਦ ਕੀਤਾ।

ਬੁਲਾਰਿਆਂ ਨੇ ਅਦਾਲਤੀ ਕੇਸ ਵਿਚ ਗੁਰਦੁਆਰਾ ਸੁਧਾਰ ਕਮੇਟੀ ਦੀ ਹੋਈ ਜਿੱਤ ਦੇ ਹਵਾਲੇ ਨਾਲ ਇਸ ਗੱਲ ਉਤੇ ਤਸੱਲੀ ਪ੍ਰਗਟਾਈ ਕਿ ਹੁਣ ਚੋਣਾਂ ਲਈ ਰਾਹ ਪੱਧਰਾ ਹੋ ਗਿਆ ਹੈ। ਗੁਰਦੁਆਰਾ ਸੁਧਾਰ ਕਮੇਟੀ ਦੇ ਬੁਲਾਰੇ ਡਾ. ਤਰਲੋਚਨ ਸਿੰਘ ਨਾਹਲ ਨੇ ਕਿਹਾ ਕਿ ਇਹ ਲੰਮੀ ਕਾਨੂੰਨੀ ਲੜਾਈ ਗੁਰਦੁਆਰਾ ਸੁਧਾਰ ਕਮੇਟੀ ਦੇ ਸੇਵਾਦਾਰਾਂ ਅਤੇ ਸੰਗਤਾਂ ਨੇ ਆਪਣੀ ਜੇਬ ਵਿਚੋਂ ਲੱਖਾਂ ਡਾਲਰ ਖਰਚ ਕੇ ਲੜੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਦੇ ਉਲਟ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਲੜਾਈ ਗੁਰਦੁਆਰਾ ਸਾਹਿਬ ਦੀ ਗੋਲਕ ਵਿਚੋਂ ਪੈਸੈ ਲਾ ਕੇ ਦਖਲ ਦੇਣ ਵਾਲੀ ਤੀਜੀ ਧਿਰ (ਲਖਵਿੰਦਰ ਸਿੰਘ ਸ਼ਾਹੀ, ਰਣਜੀਤ ਸਿੰਘ ਰਾਏ, ਗੁਰਦੇਵ ਸਿੰਘ ਤੀਰ ਅਤੇ ਗੁਰਪਰੀਤ ਕੌਰ) ਦੇ ਨਾਲ ਰਲ ਕੇ ਲੜੀ ਹੈ। ਇਸ ਸਬੰਧੀ ਉਨ੍ਹਾਂ ਅਦਾਲਤ ਦੇ ਫੈਸਲੇ ਵਿਚੋਂ ਹਵਾਲਾ ਦਿੰਦਿਆਂ ਕਿਹਾ ਕਿ ਮਾਣਯੋਗ ਜੱਜ ਮੋਨਾਹਨ ਨੇ ਇਸ ਫੈਸਲੇ ਵਿਚ (ਪੰਨਾ 4) ਉਤੇ ਲਿਖਿਆ ਹੈ, "ਭਾਵੇਂ ਗੁਰਦੁਆਰੇ ਨੇ ਦਖਲ ਦੇਣ ਵਾਲੀ ਧਿਰ ਵਲੋਂ ਕੀਤੇ ਕੇਸ ਦਾ ਆਮ ਖੰਡਨ ਕੀਤਾ ਅਤੇ ਪ੍ਰੋੜਤਾ ਨਾਲ ਬਚਾਅ ਪੱਖ ਵੀ ਦਾਇਰ ਕੀਤਾ ਪਰ ਮੁਕਦਮੇ ਦੇ ਦੌਰਾਨ ਇਹ ਗੱਲ ਸਪਸ਼ਟ ਹੋ ਗਈ ਕਿ ਗੁਰਦੁਆਰਾ ਦਖਲ ਦੇਣ ਵਾਲੀ ਧਿਰ ਦੇ ਦਾਅਵੇ ਦੀ ਹਮਾਇਤ ਕਰਦਾ ਹੈ ਅਤੇ ਚਾਹੁੰਦਾ ਹੈ ਕਿ ਇਸ ਕੇਸ ਵਿਚ (ਵੋਟਰ ਲਿਸਟ ਦੇਣ ਦੀ) ਮਨਾਹੀ ਦੇ ਹੁਕਮ ਜਾਰੀ ਕੀਤੇ ਜਾਣ।"

ਗੁਰਦੁਆਰਾ ਸੁਧਾਰ ਕਮੇਟੀ ਦੇ ਵਕੀਲ ਹਰਪਾਲ ਸਿੰਘ ਨਾਹਲ, ਜੋ ਪਿਛਲੇ ਸਾਢੇ ਤਿੰਨ ਸਾਲ ਤੋਂ ਮੁਫਤ ਕਾਨੂੰਨੀ ਸੇਵਾ ਕਰ ਰਹੇ ਹਨ, ਨੇ ਕੇਸ ਬਾਰੇ ਸੰਗਤਾਂ ਨੂੰ ਕਾਨੂੰਨੀ ਜਾਣਕਾਰੀ ਦਿਤੀ। ਬੁਲਾਰਿਆਂ ਨੇ ਗੁਰਦੁਆਰਾ ਕਮੇਟੀ ਤੋਂ ਹਿਸਾਬ ਮੰਗਦਿਆਂ ਪੁਛਿਆ ਕਿ ਕੀ ਇਸ ਕੇਸ ਵਿਚ ਹਜ਼ਾਰਾਂ ਜਾਂ ਲੱਖਾਂ ਡਾਲਰ ਖਰਚਣ ਦੀ ਪ੍ਰਵਾਨਗੀ ਜਨਰਲ ਬਾਡੀ ਤੋਂ ਲਈ ਗਈ ਸੀ, ਜੋ ਕਿ ਗੁਰਦੁਆਰਾ ਸਾਹਿਬ ਦੇ ਸੰਵਿਧਾਨ ਮੁਤਾਬਿਕ ਜਰੂਰੀ ਹੈ। ਜੇ ਨਹੀਂ ਤਾਂ ਕਮੇਟੀ ਮੈਂਬਰ ਇਸ ਕੇਸ ਉਪਰ ਲੱਗੇ ਸਾਰੇ ਪੈਸੇ ਆਪਣੀਆਂ ਜੇਬਾਂ ਵਿਚੋਂ ਗੁਰਦੁਆਰਾ ਸਾਹਿਬ ਦੇ ਅਕਾਊਂਟ ਵਿਚ ਜਮਾਂ ਕਰਾਉਣ।

ਅਮੈਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਨੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਨੂੰ ਗੁਰਦੁਆਰਾ ਸੁਧਾਰ ਕਮੇਟੀ ਦੀ ਤਰਫੋਂ ਬਹਿਸ ਕਰਨ ਦਾ ਖੁੱਲ੍ਹਾ ਸੱਦਾ ਦਿਤਾ। ਡਾ. ਨਾਹਲ ਨੇ ਇਸ ਗੱਲ ਨਾਲ ਸਹਿਮਤ ਹੁੰਦਿਆਂ ਕਿਹਾ ਕਿ ਸਕੱਤਰ ਬਾਬ ਢਿਲੋਂ ਜਾਂ ਪ੍ਰਬੰਧਕ ਕਮੇਟੀ ਦਾ ਕੋਈ ਵੀ ਮੈਂਬਰ ਉਸ ਨਾਲ ਜਦੋਂ ਮਰਜੀ, ਜਿਥੇ ਮਰਜੀ ਬਹਿਸ ਕਰ ਸਕਦਾ ਹੈ ਪਰ ਚੰਗਾ ਹੋਵੇਗਾ ਜੇ ਬਹਿਸ ਗੁਰਦੁਆਰਾ ਸੈਨ ਹੋਜ਼ੇ ਵਿਖੇ ਭਰੀ ਸੰਗਤ ਵਿਚ ਕੀਤੀ ਜਾਏ ਤਾਂ ਕਿ ਸੰਗਤਾਂ ਨੂੰ ਸੱਚਾਈ ਦਾ ਪਤਾ ਲੱਗ ਸਕੇ।

ਇਕੱਤਰਤਾ ਨੂੰ ਹੋਰਨਾਂ ਤੋਂ ਇਲਾਵਾ ਗੁਰਮੇਲ ਸਿੰਘ, ਦਲਜੀਤ ਸਿੰਘ, ਬਲਬੀਰ ਸਿੰਘ ਢਿੱਲੋਂ, ਡਾ. ਹਰਬੰਸ ਸਿੰਘ ਸਰਾਂ, ਬਚਿੱਤਰ ਸਿੰਘ ਸੰਘਾ, ਬੀਬੀ ਕੁਲਵੰਤ ਕੌਰ, ਬੀਬੀ ਸੁਰਿੰਦਰਜੀਤ ਕੌਰ, ਜਸਪਾਲ ਸਿੰਘ ਸੈਣੀ, ਹਰਦੁਮਣ ਸਿੰਘ ਸੰਘੇੜਾ, ਸ਼ਿਵਰਾਜ ਸਿੰਘ ਸੰਧੂ, ਅਵਤਾਰ ਸਿੰਘ ਖੇਲਾ, ਮਲਕੀਤ ਸਿੰਘ, ਹਰਪਾਲ ਸਿੰਘ ਚਾਹਲ, ਜਲਵਿੰਦਰ ਸਿੰਘ ਗਿੱਲ, ਬਲਕਾਰ ਸਿੰਘ, ਸੁਖਵਿੰਦਰ ਸਿੰਘ ਅਤੇ ਬੀਬੀ ਹਰਬੰਸ ਕੌਰ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਦੀਆਂ ਸੰਭਾਵੀ ਚੋਣਾਂ ਲਈ ਹੁਣੇ ਤੋਂ ਤਿਆਰ ਹੋਣ ਦਾ ਸੱਦਾ ਦਿੱਤਾ।

# ਰੋਹਿਤ ਖੰਨਾ ਵਲੋਂ ਚੋਣਾਂ 'ਚ ਸਿੱਖ ਭਾਈਚਾਰੇ ਨੂੰ ਮਦਦ ਦੀ ਅਪੀਲ



*ਰੋਹਿਤ ਖੰਨਾ (ਐਨ ਵਿਚਕਾਰ) ਗੁਰਦੁਆਰਾ ਸੈਨ ਹੋਜ਼ੇ ਵਿਚ*

**ਸੈਨ ਹੋਜ਼ੇ (ਚਰਨਜੀਤ ਸਿੰਘ ਪੰਨੂ):** ਅਮਰੀਕੀ ਕਾਂਗਰਸ ਲਈ ਕੈਲੀਫੋਰਨੀਆ ਦੇ 17ਵੇਂ ਡਿਸਟ੍ਰਿਕਟ ਤੋਂ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਸ੍ਰੀ ਰੋਹਿਤ ਖੰਨਾ ਨੇ ਗੁਰਦੁਆਰਾ ਸੈਨ ਹੋਜ਼ੇ ਦੀਆਂ ਸੰਗਤਾਂ ਨੂੰ ਲੰਘੇ ਐਤਵਾਰ ਸੰਬੋਧਨ ਕਰਦਿਆਂ ਸਿੱਖ ਭਾਈਚਾਰੇ ਨੂੰ ਆਪਣੀ ਹਮਾਇਤ ਦੀ ਬੇਨਤੀ ਕੀਤੀ ਅਤੇ ਭਰੋਸਾ ਦਿਤਾ ਕਿ ਉਹ ਸਿੱਖ ਅਤੇ ਭਾਰਤੀ ਭਾਈਚਾਰੇ ਦੇ ਹਿਤਾਂ ਦੀ ਡਟ ਕੇ ਪੈਰਵੀ ਕਰਨਗੇ।



*ਗੁਰਦੁਆਰਾ ਸੈਨ ਹੋਜ਼ੇ ਦੇ ਫਾਊਂਡਰ ਮੈਂਬਰ ਪੰਥ ਦੀ ਮਹਾਨ ਸ਼ਖਸੀਅਤ ਭਾਈ ਜੀਤ ਸਿੰਘ ਬੈਣੀਵਾਲ ਨੂੰ ਉਨ੍ਹਾਂ ਦੀਆਂ ਪੰਥਕ ਸੇਵਾਵਾ ਬਦਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਨੂੰ ਸਿਰੋਪਾਓ ਦੀ ਬਖਸ਼ਿਸ਼ ਕਰਦੇ ਹੋਏ*

ਜ਼ਿਕਰਯੋਗ ਹੈ ਕਿ 38 ਸਾਲਾ ਸ੍ਰੀ ਖੰਨਾ ਬਰਾਕ ਓਬਾਮਾ ਪ੍ਰਸ਼ਾਸਨ ਵਿਚ ਅਫਸਰ ਰਹਿ ਚੁਕੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਖੰਨਾ ਨੂੰ ਹਮਾਇਤ ਦਾ ਭਰੋਸਾ ਦਿੰਦਿਆਂ ਗੁਰੂਘਰ ਵਲੋਂ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਇਸ ਤੋਂ ਇਲਾਵਾ ਆਉਂਦੇ ਐਤਵਾਰ ਸੈਨ ਹੋਜ਼ੇ ਤੋਂ ਮੇਅਰ ਦੀ ਚੋਣ ਲੜ ਰਹੇ ਸੈਮ ਲਿਕੈਡੋ ਵੀ ਗੁਰਦੁਆਰਾ ਸੈਨ ਹੋਜ਼ੇ ਆਉਣਗੇ।

ਇਸੇ ਦੌਰਾਨ ਗੁਰਦੁਆਰਾ ਸੈਨ ਹੋਜ਼ੇ ਦੇ ਫਾਊਂਡਰ ਮੈਂਬਰ ਭਾਈ ਜੀਤ ਸਿੰਘ ਬੈਣੀਵਾਲ ਨੂੰ ਉਨ੍ਹਾਂ ਦੀਆਂ ਪੰਥਕ ਸੇਵਾਵਾ ਬਦਲੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੀ ਧਰਮ ਪਤਨੀ ਬੀਬੀ ਸੁਰਿੰਦਰ ਕੌਰ ਨੂੰ ਸਿਰੋਪਾਓ ਦੀ ਬਖਸ਼ਿਸ਼ ਨਾਲ ਸਨਮਾਨਿਤ ਕੀਤਾ। ਇਸ ਮੌਕੇ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਭਾਈ ਜੀਤ ਸਿੰਘ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।

ਇਸ ਮੌਕੇ ਭਾਈ ਜੀਤ ਸਿੰਘ ਬੈਣੀਵਾਲ ਦੇ ਪੋਤਰੇ ਤੇਜਪਾਲ ਸਿੰਘ ਬੈਣੀਵਾਲ ਤੇ ਪੋਤਰੀਆਂ-ਰਾਜਬੀਰ ਕੌਰ ਬੈਣੀਵਾਲ ਤੇ ਕੁਲਬੀਰ ਕੌਰ ਬੈਣੀਵਾਲ ਨੇ ਸੰਗਤਾਂ ਨੂੰ ਕੀਰਤਨ ਕਰ ਕੇ ਆਪਣੇ ਪਿਤਾ ਪੁਰਖੀ ਸਿੱਖ ਆਦਰਸ਼ ਨੂੰ ਉਜਾਗਰ ਕੀਤਾ। ਭਾਈ ਰਣਬੀਰ ਸਿੰਘ ਦਸੂਹਾ ਵਾਲਿਆਂ ਨੇ ਕਥਾ ਨਾਲ ਸੰਗਤਾਂ ਦਾ ਧਿਆਨ ਜੋੜੀ ਰੱਖਿਆ। ਭਾਈ ਬਲਵਿੰਦਰ ਸਿੰਘ ਦਰਬਾਰ ਸਾਹਿਬ, ਭਾਈ ਸੁਬੇਗ ਸਿੰਘ ਲੁਧਿਆਣਾ, ਭਾਈ ਰਸ਼ਪਾਲ ਸਿੰਘ ਦਿੱਲੀ ਅਤੇ ਭਾਈ ਜਗਤਾਰ ਸਿੰਘ ਡੇਹਰਾਦੂਨ ਵਾਲਿਆਂ ਦੇ ਕੀਰਤਨੀ ਜਥਿਆਂ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਫਗਵਾੜੇ ਤੋਂ ਢਾਡੀ ਨਿਰਮਲ ਸਿੰਘ ਨੂਰ ਦੇ ਜਥੇ ਨੇ ਇੱਕ ਹਫਤਾ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜ ਕੇ ਨਿਹਾਲ ਕੀਤਾ। ਜ਼ਿਕਰਯੋਗ ਹੈ ਕਿ ਐਤਵਾਰ ਨੂੰ ਗੁਰੂ ਘਰ ਦੇ ਖਾਲਸਾ ਸਕੂਲ ਦੇ ਛੇ ਸੌ ਤੋਂ ਵੱਧ ਬੱਚੇ ਪੰਜਾਬੀ ਸਿੱਖਦੇ ਹਨ। ਹਾਰਮੋਨੀਅਮ, ਤਬਲਾ ਤੇ ਹੋਰ ਸੰਗੀਤ ਦੀਆਂ ਕਲਾਸਾਂ ਵੀ ਲਗਦੀਆਂ ਹਨ।

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**



*Gurdip Singh Sandhu*

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
Fax:(408)292-6200

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***

# ਕਰਾਚੀ ਵਿਚ ਕਾਫ਼ਰ ਐਲਾਨੇ ਪ੍ਰੋਫੈਸਰ ਦਾ ਕਤਲ

**ਕਰਾਚੀ:** ਕਰਾਚੀ ਯੂਨੀਵਰਸਿਟੀ ਦੇ ਇਸਲਾਮਿਕ ਸਟੱਡੀਜ਼ ਦੇ ਪ੍ਰੋਫੈਸਰ ਡਾ. ਸ਼ਕੀਲ ਔਜ ਨੂੰ ਕਤਲ ਕਰ ਦਿੱਤਾ ਗਿਆ। ਯਾਦ ਰਹੇ ਕਿ ਦੋ ਸਾਲ ਪਹਿਲਾਂ ਉਸ ਖ਼ਿਲਾਫ਼ ਚਲਾਈ ਐਸ.ਐਮ.ਐਸ. ਮੁਹਿਮ ਵਿਚ ਉਸ ਨੂੰ ਕਾਫ਼ਿਰ ਗਰਦਾਨਿਆ ਗਿਆ ਸੀ।



ਕਰਾਚੀ ਨੇੜਲੇ ਗੁਲਸ਼ਨ-ਏ-ਇਕਬਾਲ ਕਸਬੇ ਵਿਚ ਬੈਤੁਲ ਮਕੱਰਮ ਮਸਜਿਦ ਨੇੜੇ ਉਸ ਉੱਤੇ ਹਮਲਾ ਕੀਤਾ ਗਿਆ। ਉਸ ਦੀ ਗਰਦਨ ਤੇ ਛਾਤੀ ਵਿਚ ਤਿੰਨ ਗੋਲੀਆਂ ਲੱਗੀਆਂ। ਹਮਲੇ ਵਕਤ ਉਹ ਇਰਾਨੀ ਕੌਂਸਲੇਟ ਜਾ ਰਹੇ ਸਨ ਜਿਥੇ ਉਨ੍ਹਾਂ ਸਮਾਗਮ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨੀ ਸੀ।



# ਘਰ ਆਇਆ ਪੈਸਾ ਵੀ ਨਾ ਸਾਂਭ ਹੋਇਆ

## ਸਰਕਾਰ ਦੀ ਨਾਲਾਇਕੀ ਕਿਸਾਨਾਂ ਨੂੰ ਪਈ ਭਾਰੀ




**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੇਂਦਰੀ ਖੇਤੀ ਯੋਜਨਾਵਾਂ ਅਧੀਨ ਆਉਂਦੇ ਪੈਸੇ ਦੀ ਵੇਲੇ ਸਿਰ ਵਰਤੋਂ ਨਾ ਕਰਨ ਕਰਕੇ 219 ਕਰੋੜ ਰੁਪਏ ਹੱਥੋਂ ਨਿਕਲ ਗਏ। ਪੰਜਾਬ ਸਰਕਾਰ ਦੀ ਇਸ ਢਿੱਲ ਦਾ ਖਮਿਆਜ਼ਾ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ। ਖੇਤੀ ਵਿਭਾਗ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਧੀਨ ਰਹਿਣ ਦੇ ਸਮੇਂ ਦੌਰਾਨ ਸੂਬਾ ਸਰਕਾਰ ਨੇ ਖੇਤੀ ਨੂੰ ਪੈਰਾਂ-ਸਿਰ ਕਰਨ ਲਈ ਖੁਦ ਤਾਂ ਵਿੱਤੀ ਮਦਦ ਕੀ ਦੇਣੀ ਸੀ, ਸਗੋਂ ਕੇਂਦਰ ਸਰਕਾਰ ਦੀਆਂ ਖੇਤੀ ਯੋਜਨਾਵਾਂ ਵੀ ਮੁੰਜੇਲਾ ਦਿੱਤੀਆਂ। ਸ. ਬਾਦਲ ਨੇ ਪਿਛਲੇ ਦੋ ਸਾਲਾਂ ਤੋਂ ਖੇਤੀ ਵਿਭਿੰਨਤਾ ਦਾ ਏਜੰਡਾ ਚੁੱਕਿਆ ਹੈ ਪਰ ਹਕੀਕਤਾਂ ਕੁਝ ਹੋਰ ਹੀ ਬਿਆਨ ਕਰਦੀ ਹੈ। ਸੂਬਾਈ ਯੋਜਨਾ ਵਿਭਾਗ ਦੇ ਅੰਕੜਿਆਂ ਮੁਤਾਬਕ ਸਰਕਾਰ ਵੱਲੋਂ ਖੇਤੀ ਵਿਭਿੰਨਤਾ ਲਈ ਲੋੜੀਂਦੇ ਫੰਡ ਜਾਰੀ ਨਾ ਕੀਤੇ ਜਾਣ ਕਾਰਨ ਇਹ ਯੋਜਨਾ ਮੂਧੇ ਮੂੰਹ ਡਿੱਗ ਪਈ ਹੈ। ਯੋਜਨਾ ਵਿਭਾਗ ਵੱਲੋਂ ਸਾਰੇ ਵਿਭਾਗਾਂ ਨੂੰ ਜਾਰੀ ਕੀਤੀਆਂ ਗਰਾਂਟਾਂ ਦੇ ਜੋ ਤੱਥ ਇਕੱਤਰ ਕੀਤੇ ਜਾਂਦੇ ਹਨ, ਉਸ ਮੁਤਾਬਕ ਖੇਤੀਬਾੜੀ ਸਰਕਾਰ ਦੀ ਪ੍ਰਮੁੱਖਤਾ ਨਹੀਂ ਜਾਪਦੀ।

ਅੰਕੜਿਆਂ ਮੁਤਾਬਕ ਕੌਮੀ ਖੇਤੀ ਵਿਕਾਸ ਯੋਜਨਾ (ਆਰ.ਕੇ.ਵੀ.ਵਾਈ.) ਤੇ ਕੌਮੀ ਅੰਨ ਸੁਰੱਖਿਆ ਮਿਸ਼ਨ (ਐਨ.ਐਫ.ਐਸ.ਐਮ.) ਤਹਿਤ ਕੇਂਦਰ ਸਰਕਾਰ ਵੱਲੋਂ ਜਾਰੀ ਗਰਾਂਟਾਂ ਕਈ-ਕਈ ਮਹੀਨੇ ਜਾਰੀ ਹੀ ਨਹੀਂ ਕੀਤੀਆਂ ਜਾਂਦੀਆਂ। ਮਿਸਾਲ ਦੇ ਤੌਰ 'ਤੇ ਆਰ.ਕੇ.ਵੀ.ਵਾਈ. ਅਧੀਨ ਸਾਲ 2012-13 ਦੌਰਾਨ ਕੇਂਦਰ ਸਰਕਾਰ ਨੇ 86.83 ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ। ਆਰਥਿਕ ਤੰਗੀ ਦੇ ਚੱਲਦਿਆਂ ਕੇਂਦਰ ਸਰਕਾਰ ਤੋਂ ਮਿਲੀ ਇਸ ਰਕਮ ਵਿਚੋਂ ਸਰਕਾਰ ਨੇ ਸਾਲ 2012-13 ਅੰਦਰ ਸਿਰਫ਼ 36.73 ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ। ਵਿੱਤ ਵਿਭਾਗ ਵੱਲੋਂ ਸਮੇਂ-ਸਿਰ ਗਰਾਂਟ ਜਾਰੀ ਨਾ ਕਰਨ ਤੇ ਵਿਭਾਗ ਵੱਲੋਂ ਵਰਤੋਂ ਸਰਟੀਫਿਕੇਟ ਜਾਰੀ ਨਾ ਕਰਨ ਕਰਕੇ ਅਗਲੀ ਕਿਸ਼ਤ ਜਾਰੀ ਨਹੀਂ ਕੀਤੀ ਗਈ। ਇਸ ਗਰਾਂਟ ਦੇ ਬਾਕੀ 50.10 ਕਰੋੜ ਰੁਪਏ ਸਾਲ 2013-14 ਦੌਰਾਨ ਜਾਰੀ ਕੀਤੇ ਗਏ। ਸੂਬਾ ਸਰਕਾਰ ਵੱਲੋਂ ਖੇਤੀ ਸੈਕਟਰ ਲਈ ਗਰਾਂਟਾਂ ਦੇਰੀ ਨਾਲ ਜਾਰੀ ਕਰਨ ਦਾ ਰੁਝਾਨ ਲੰਘੇ ਮਾਲੀ ਸਾਲ ਦੌਰਾਨ ਵੀ ਰਿਹਾ।


ਸਾਲ 2013-14 ਦੌਰਾਨ ਕੇਂਦਰ ਸਰਕਾਰ ਨੇ 229.44 ਕਰੋੜ ਰੁਪਏ ਆਰ.ਕੇ.ਵੀ.ਵਾਈ. ਯੋਜਨਾ ਅਧੀਨ ਜਾਰੀ ਕੀਤੇ। ਇਸ ਰਾਸ਼ੀ ਵਿਚੋਂ 26.93 ਕਰੋੜ ਰੁਪਏ 24 ਜੂਨ 2014 ਨੂੰ ਜਾਰੀ ਕੀਤੇ ਗਏ। ਇਸੇ ਤਰ੍ਹਾਂ 25.32 ਕਰੋੜ ਰੁਪਏ ਮਾਲੀ ਸਾਲ ਦੀ ਅੰਤਿਮ ਮਿਤੀ 31 ਮਾਰਚ 2014 ਨੂੰ ਜਾਰੀ ਕੀਤੇ ਗਏ, ਜਦੋਂਕਿ ਡਾਇਰੈਕਟਰ ਖੇਤੀਬਾੜੀ ਵਿਭਾਗ ਦੇ ਦਫ਼ਤਰ ਨਾਲ ਸਬੰਧਤ ਅਫ਼ਸਰਾਂ ਦਾ ਦੱਸਣਾ ਹੈ ਕਿ ਖਜ਼ਾਨੇ ਵਿਚੋਂ ਗਰਾਂਟ ਦੀ ਰਾਸ਼ੀ ਅਪਰੈਲ ਮਹੀਨੇ ਵਿਚ ਹੀ ਨਿਕਲ ਸਕੀ ਹੈ। ਬਾਕੀ ਦਾ ਪੈਸਾ ਵੀ ਸੂਬਾ ਸਰਕਾਰ ਨੇ ਕਿਸ਼ਤਾਂ ਵਿਚ ਜਾਰੀ ਕੀਤਾ। ਇਸ ਕਾਰਨ ਰਾਸ਼ੀ ਸਹੀ ਢੰਗ ਨਾਲ ਵਰਤੀ ਨਹੀਂ ਜਾ ਸਕੀ। ਇਸ ਤਰ੍ਹਾਂ ਸਰਕਾਰੀ ਢਿੱਲ ਦਾ ਖਮਿਆਜ਼ਾ ਕਿਸਾਨਾਂ ਨੂੰ ਭੁਗਤਣਾ ਪੈਂਦਾ ਹੈ। ਕੇਂਦਰ ਸਰਕਾਰ ਵੱਲੋਂ ਆਰ.ਕੇ.ਵੀ.ਵਾਈ. ਤੇ ਹੋਰਨਾਂ ਯੋਜਨਾ ਅਧੀਨ ਦਿੱਤੀ ਪਹਿਲੀ ਕਿਸ਼ਤ ਦੀ ਰਾਸ਼ੀ ਦੀ ਵਰਤੋਂ ਦਾ ਸਰਟੀਫਿਕੇਟ ਸਮੇਂ-ਸਿਰ ਦਾਖਲ ਨਾ ਕਰਾਏ ਜਾਣ ਕਾਰਨ ਅਗਲੀ ਕਿਸ਼ਤ ਰੋਕ ਲਈ ਜਾਂਦੀ ਹੈ।

ਫ਼ਸਲੀ ਵਿਭਿੰਨਤਾ ਦੇ ਮਾਮਲੇ ਵਿਚ ਵੀ ਸਰਕਾਰ ਦੀ ਹਾਲਤ ਪਤਲੀ ਹੋਈ ਪਈ ਹੈ। ਖੇਤੀ ਵਿਭਿੰਨਤਾ ਲਈ ਸਰਕਾਰ ਦਾ ਮੁੱਖ ਮਕਸਦ ਝੋਨੇ ਹੇਠਲਾ ਰਕਬਾ ਘਟਾਉਣਾ ਹੈ। ਸਾਉਣੀ ਦੀਆਂ ਫ਼ਸਲਾਂ ਲਈ ਢੁਕਵੇਂ ਬੀਜ ਤੇ ਹੋਰਨਾਂ ਸਹੂਲਤਾਂ ਵਿਚ ਦੇਰੀ ਹੋਣ ਕਾਰਨ ਕਿਸਾਨ ਫ਼ਸਲੀ ਚੱਕਰ ਦੀ ਘੁੰਮਣਘੇਰੀ ਤੋਂ ਬਾਹਰ ਨਹੀਂ ਨਿਕਲ ਰਹੇ। ਪਿਛਲੇ ਦੋ ਸਾਲਾਂ ਤੋਂ ਚੱਲ ਰਹੀ ਇਸ ਮੁਹਿੰਮ ਦਾ ਅਜੇ ਤੱਕ ਕੋਈ ਸਾਰਥਿਕ ਸਿੱਟਾ ਨਹੀਂ ਨਿਕਲ ਸਕਿਆ। ਖੇਤੀ ਮੰਤਰੀ ਤੋਤਾ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਪਿਛਲੇ ਮਾਲੀ ਸਾਲਾਂ ਦੌਰਾਨ ਆਰ.ਕੇ.ਵੀ.ਵਾਈ. ਜਾਂ ਹੋਰਨਾਂ ਸਕੀਮਾਂ ਲਈ ਗਰਾਂਟਾਂ ਦੇਰੀ ਨਾਲ ਜਾਰੀ ਕਰਨ ਬਾਰੇ ਟਿੱਪਣੀ ਕਰਨ ਤੋਂ ਨਾਂਹ ਕਰਦਿਆਂ ਕਿਹਾ ਕਿ ਉਹ ਦਾਅਵਾ ਕਰਦੇ ਹਨ ਕਿ ਚਾਲੂ ਮਾਲੀ ਸਾਲ ਤੋਂ ਕੇਂਦਰੀ ਗਰਾਂਟਾਂ ਸਮੇਂ-ਸਿਰ ਜਾਰੀ ਕੀਤੀਆਂ ਜਾਣਗੀਆਂ ਤੇ ਵਰਤੋਂ ਸਰਟੀਫਿਕੇਟ ਵੀ ਸਹੀ ਸਮੇਂ 'ਤੇ ਜਾਰੀ ਕੀਤੇ ਜਾਣਗੇ ਤਾਂ ਜੋ ਖੇਤੀ ਸੈਕਟਰ ਨੂੰ ਲਾਭ ਮਿਲ ਸਕੇ।

# ਭਿੰਡਰਾਂਵਾਲਾ ਟਾਈਗਰਜ਼ ਫੋਰਸ ਦਾ ਮੁਖੀ ਰਤਨਦੀਪ ਗ੍ਰਿਫ਼ਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਇਕ ਕੇਂਦਰੀ ਏਜੰਸੀ ਨਾਲ ਮਿਲ ਕੇ ਕੀਤੇ ਸਾਂਝੇ ਅਪਰੇਸ਼ਨ ਦੌਰਾਨ ਖਾੜਕੂ ਰਤਨਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹ ਭਿੰਡਰਾਂਵਾਲੇ ਟਾਈਗਰਜ਼ ਫੋਰਸ ਆਫ਼ ਖਾਲਿਸਤਾਨ (ਬੀ.ਟੀ.ਐਫ.ਕੇ.) ਦਾ ਮੁਖੀ ਸੀ ਤੇ ਪਾਕਿਸਤਾਨ ਵਿਚ ਰਹਿ ਰਿਹਾ ਸੀ।

ਪੁਲਿਸ ਨੇ ਦਾਅਵਾ ਕੀਤਾ ਹੈ ਕਿ ਉਸ ਨੂੰ ਯੂ.ਪੀ. ਦੇ ਗੋਰਖਪੁਰ ਸ਼ਹਿਰ ਦੇ ਬਾਹਰੋਂ 17 ਸਤੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਦੇ ਇੰਸਪੈਕਟਰ ਹਰਵਿੰਦਰ ਪਾਲ ਸਿੰਘ ਤੇ ਬਲਬੀਰ ਸਿੰਘ ਦੀ ਅਗਵਾਈ ਹੇਠਲੀ 19 ਮੈਂਬਰੀ ਟੀਮ ਨੇ 14 ਸਤੰਬਰ ਨੂੰ ਯੂ.ਪੀ. ਪੁਲਿਸ ਨਾਲ ਤਾਲਮੇਲ ਕਰ ਕੇ ਰਤਨਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਕੋਲੋਂ ਪਾਕਿਸਤਾਨੀ ਪਾਸਪੋਰਟ ਤੇ ਹੁਸੈਨ ਸ਼ੇਖ ਜਾਹਿਦ ਦੇ ਨਾਂ ਨਾਲ ਬਣੇ ਸ਼ਨਾਖ਼ਤੀ ਕਾਰਡ ਸਮੇਤ 300 ਰੁਪਏ ਦੀ ਪਾਕਿਸਤਾਨੀ ਤੇ 11,000 ਰੁਪਏ ਦੀ ਭਾਰਤੀ ਕਰੰਸੀ ਬਰਾਮਦ ਕੀਤੀ ਗਈ ਹੈ। ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਪੰਜਾਬ ਦੇ ਏ.ਆਈ.ਜੀ. ਮਨਮੋਹਨ ਸਿੰਘ ਨੇ ਦੱਸਿਆ ਕਿ ਸ਼ੁਰੂ ਵਿਚ ਰਤਨਦੀਪ ਖਾਲਿਸਤਾਨ ਕਮਾਂਡੋ ਫੋਰਸ ਦਾ ਮੁੱਖ ਕਾਰਕੁਨ ਸੀ ਤੇ ਫਿਰ ਉਹ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਹੱਥ ਮਿਲਾ ਕੇ ਇਸ ਜਥੇਬੰਦੀ ਦੀਆਂ ਅਤਿਵਾਦੀ ਕਾਰਵਾਈਆਂ ਲਈ ਮੁਖੀ ਬਣ ਗਿਆ ਸੀ। ਜੁਲਾਈ 2014 ਵਿਚ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਨੇ ਬੀ.ਟੀ.ਐਫ.ਕੇ. ਨੂੰ ਸੁਰਜੀਤ ਕੀਤਾ ਸੀ। ਉਸ ਸਮੇਂ ਆਈ.ਐਸ.ਆਈ. ਦੇ ਕਰਨਲ ਸ਼ਾਹਬਾਜ਼ ਮਿਨਹਾਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਵਧਾਵਾ ਸਿੰਘ ਤੇ ਰਤਨਦੀਪ ਸਿੰਘ ਨਾਲ ਸਾਂਝੀ ਮੀਟਿੰਗ ਕਰ ਕੇ ਰਤਨਦੀਪ ਨੂੰ ਬੀ.ਟੀ.ਐਫ.ਕੇ. ਦਾ ਮੁਖੀ ਬਣਾਇਆ ਸੀ ਜਿਸ ਉਪਰੰਤ ਰਤਨਦੀਪ ਭਾਰਤ ਵਿਚ ਅਤਿਵਾਦੀ ਕਾਰਵਾਈਆਂ ਨੂੰ ਅੰਜਾਮ ਦੇਣ ਲਈ ਹੋਇਆ ਸੀ। ਆਈ.ਐਸ.ਆਈ. ਤਿਉਹਾਰਾਂ ਦੇ ਸੀਜ਼ਨ ਦੌਰਾਨ ਪੰਜਾਬ ਵਿਚ ਅਤਿਵਾਦੀ ਕਾਰਵਾਈਆਂ ਕਰਨ ਦੀ ਤਾਕ ਵਿਚ ਸੀ।



ਪੁਲਿਸ ਅਨੁਸਾਰ ਮੁਢਲੀ ਪੜਤਾਲ ਦੌਰਾਨ ਪਤਾ ਲੱਗਿਆ ਹੈ ਕਿ ਰਤਨਦੀਪ ਦਾ ਪਹਿਲਾ ਨਿਸ਼ਾਨਾ ਇਕ ਪ੍ਰਮੁੱਖ ਹਿੰਦੂ ਆਗੂ ਸੀ। ਉਸ ਦੇ ਨਿਸ਼ਾਨੇ 'ਤੇ ਆਉਣ ਵਾਲੇ ਹੋਰ ਵਿਅਕਤੀਆਂ ਨੂੰ ਪੰਜਾਬ ਪੁਲਿਸ ਵੱਲੋਂ ਪਹਿਲਾਂ ਹੀ ਸੁਰੱਖਿਆ ਦਿੱਤੀ ਗਈ ਹੈ। ਉਕਤ ਜਥੇਬੰਦੀ ਦਾ ਮੁਖੀ ਹਰਮਿੰਦਰ ਸਿੰਘ ਮਿੰਟੂ ਇਸ ਵੇਲੇ ਪਾਕਿਸਤਾਨ ਵਿਚ ਹੈ। ਫਰਵਰੀ 2013 ਵਿਚ ਆਈ.ਐਸ.ਆਈ ਵੱਲੋਂ ਨਰਾਇਣ ਸਿੰਘ ਚੌੜਾ ਨੂੰ ਭੇਜਿਆ ਗਿਆ ਸੀ ਜਿਸਨੂੰ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਰਤਨਦੀਪ ਸਾਲ 1993 ਤੋਂ ਪਾਕਿਸਤਾਨ ਵਿਚ ਰਹਿ ਰਿਹਾ ਹੈ। ਇਸ ਦੌਰਾਨ ਉਹ ਅਤਿਵਾਦੀ ਵਾਰਦਾਤਾਂ ਲਈ ਭਾਰਤ ਆਉਂਦਾ ਰਿਹਾ ਹੈ ਤੇ ਹੁਣ ਇਕ ਵਾਰ ਫਿਰ ਕਿਸੇ ਵੱਡੀ ਵਾਰਦਾਤ ਲਈ ਪਹੁੰਚਿਆ ਸੀ। ਉਹ ਮਈ 2010 ਵਿਚ ਅੰਮ੍ਰਿਤਸਰ ਵਿਚ ਸਰਕਟ ਹਾਊਸ ਨੇੜੇ ਇਕ ਕਾਰ ਵਿੱਚ ਬੰਬ ਰੱਖਣ ਵਾਲੇ ਅਤਿਵਾਦੀਆਂ ਦੇ ਗਰੁੱਪ ਦਾ ਮੁਖੀ ਸੀ।


# ਲੋਹ-ਪੁਰਸ਼ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਦੇਹਾਂਤ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਦੇਹਾਂਤ ਹੋ ਗਿਆ। ਉਹ 85 ਵਰ੍ਹਿਆਂ ਦੇ ਸਨ। ਉਨ੍ਹਾਂ ਨੇ ਇਥੇ ਡੀ.ਐਮ.ਸੀ. ਹਸਪਤਾਲ ਵਿਚ ਆਖ਼ਰੀ ਸਾਹ ਲਿਆ। ਜਥੇਦਾਰ ਤਲਵੰਡੀ 20 ਅਗਸਤ ਤੋਂ ਹੀਰੋ ਡੀ.ਐਮ.ਸੀ. ਹਾਰਟ ਇੰਸਟੀਚਿਊਟ ਵਿਚ ਇਲਾਜ ਅਧੀਨ ਸਨ। ਉਹ ਆਪਣੇ ਪਿੱਛੇ ਦੋ ਪੁੱਤਰ ਤੇ ਦੋ ਧੀਆਂ ਸਮੇਤ ਭਰਿਆ ਪਰਿਵਾਰ ਛੱਡ ਗਏ ਹਨ।

ਦੱਸਣਯੋਗ ਹੈ ਕਿ ਜਥੇਦਾਰ ਤਲਵੰਡੀ ਦਾ ਜਨਮ 1929 ਨੂੰ ਚੱਕ ਨੰਬਰ 52, ਲਾਇਲਪੁਰ (ਪਾਕਿਸਤਾਨ) ਵਿਚ ਪਿਤਾ ਜਥੇਦਾਰ ਛਾਂਗਾ ਸਿੰਘ ਦੇ ਘਰ ਹੋਇਆ ਸੀ। ਰਾਏਕੋਟ (ਰਾਮ ਗੋਪਾਲ ਰਾਏਕੋਟੀ): ਜਥੇਦਾਰ ਤਲਵੰਡੀ ਦੇ ਦੇਹਾਂਤ ਦੀ ਖ਼ਬਰ ਜਿਵੇਂ ਹੀ ਉਨ੍ਹਾਂ ਦੇ ਇਸ ਇਲਾਕੇ ਤੇ ਪਿੰਡ ਤਲਵੰਡੀ ਰਾਏ ਵਿਚ ਪੁੱਜੀ ਤਾਂ ਸਾਰੇ ਸੋਗ ਦੀ ਲਹਿਰ ਪਸਰ ਗਈ। ਜਥੇਦਾਰ ਤਲਵੰਡੀ ਦਾ ਸਿਆਸੀ ਸਫ਼ਰ ਪਿੰਡ ਦੀ ਸਰਪੰਚੀ ਤੋਂ ਸ਼ੁਰੂ ਹੋਇਆ ਸੀ। ਉਹ 1955 ਤੋਂ 1965 ਤੱਕ ਲਗਾਤਾਰ 10 ਸਾਲ ਪਿੰਡ ਦੇ ਸਰਪੰਚ ਰਹੇ। ਸਾਲ 1960 ਵਿਚ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ। ਇਸ ਮਗਰੋਂ ਲਗਾਤਾਰ 50 ਸਾਲ (2011 ਤੱਕ) ਮੈਂਬਰ ਬਣਦੇ ਰਹੇ। ਉਹ 1967 ਵਿਚ ਪਹਿਲੀ ਵਾਰ ਹਲਕਾ ਰਾਏਕੋਟ ਤੋਂ ਵਿਧਾਇਕ ਬਣ ਕੇ ਪੰਜਾਬ ਵਿਧਾਨ ਸਭਾ ਵਿਚ ਪੁੱਜੇ। ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਵਿਚ 1969 ਵਿਚ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ 1970 ਦੀ ਸਰਕਾਰ ਵਿਚ ਕੈਬਨਿਟ ਮੰਤਰੀ ਰਹੇ। ਸਾਲ 1978 ਵਿਚ ਉਹ ਲੋਕ ਸਭਾ ਹਲਕਾ ਲੁਧਿਆਣਾ ਤੋਂ ਮੈਂਬਰ ਬਣੇ। ਸਾਲ 1978 ਤੇ 1988 ਵਿਚ ਦੋ ਵਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੇ ਅਹੁਦੇ 'ਤੇ ਰਹੇ।



ਜਥੇਦਾਰ ਤਲਵੰਡੀ ਨੇ 1981 ਵਿਚ ਕੇਂਦਰ ਸਰਕਾਰ ਵਿਰੁੱਧ ਆਨੰਦਪੁਰ ਦੇ ਮਤੇ ਲਈ ਮੋਰਚੇ ਦੀ ਅਗਵਾਈ ਕੀਤੀ ਤੇ ਇਸ ਬਾਰੇ ਮਤਾ ਵੀ ਪੇਸ਼ ਕੀਤਾ। ਉਨ੍ਹਾਂ ਨੇ ਸਾਲ 1980 ਤੋਂ 1986 ਤੱਕ ਰਾਜ ਸਭਾ ਵਿਚ ਪੰਜਾਬ ਦੀ ਨੁਮਾਇੰਦਗੀ ਕੀਤੀ ਤੇ 2000 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਹਲਕਾ ਰਾਏਕੋਟ ਤੋਂ ਉਨ੍ਹਾਂ ਦੇ ਵੱਡੇ ਪੁੱਤਰ ਰਣਜੀਤ ਸਿੰਘ ਤਲਵੰਡੀ 2002 ਵਿਚ ਵਿਧਾਇਕ ਚੁਣੇ ਗਏ ਤੇ ਹੁਣ ਉਨ੍ਹਾਂ ਦੇ ਛੋਟੇ ਪੁੱਤਰ ਜਥੇਦਾਰ ਜਗਜੀਤ ਸਿੰਘ ਤਲਵੰਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਵਜੋਂ ਸੇਵਾ ਨਿਭਾਅ ਰਹੇ ਹਨ।



*ਜਥੇਦਾਰ ਤਲਵੰਡੀ ਤੇ ਜਥੇਦਾਰ ਟੌਹੜਾ ਦੀ ਇਕ ਪੁਰਾਣੀ ਤਸਵੀਰ।*

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਸਮੇਤ ਹੋਰਨਾਂ ਆਗੂਆਂ ਨੇ ਜਥੇਦਾਰ ਤਲਵੰਡੀ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਤਲਵੰਡੀ ਪੰਥ, ਪੰਜਾਬ ਤੇ ਕੌਮ ਪ੍ਰਤੀ ਵਚਨਬੱਧਤਾ ਦੀ ਮਿਸਾਲ ਹਨ। ਉਨ੍ਹਾਂ ਹਮੇਸ਼ਾ ਕੌਮ ਦੀ ਆਵਾਜ਼ ਬੁਲੰਦ ਕੀਤੀ। ਉਹ ਦ੍ਰਿੜ ਇਰਾਦੇ ਕਰਕੇ ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਸਨ।

# ਹੁਰੀਅਤ ਆਗੂ ਗਿਲਾਨੀ ਨੇ ਸ਼੍ਰੋਮਣੀ ਕਮੇਟੀ ਤੋਂ ਹੜ੍ਹ ਪੀੜਤਾਂ ਲਈ ਮਦਦ ਮੰਗੀ

## ਸ਼੍ਰੋਮਣੀ ਕਮੇਟੀ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਕਾਰਜਾਂ ਦੀ ਸ਼ਲਾਘਾ



**ਅੰਮ੍ਰਿਤਸਰ:** ਜੰਮੂ ਕਸ਼ਮੀਰ ਦੀ ਹੁਰੀਅਤ ਕਾਨਫਰੰਸ ਜਥੇਬੰਦੀ ਦੇ ਆਗੂ ਸੱਯਦ ਅਲੀ ਸ਼ਾਹ ਗਿਲਾਨੀ ਨੇ ਸ਼੍ਰੋਮਣੀ ਕਮੇਟੀ ਕੋਲੋਂ ਹੜ੍ਹ ਪੀੜਤਾਂ ਲਈ ਹੋਰ ਮਦਦ ਦੀ ਮੰਗ ਕੀਤੀ ਹੈ। ਹੁਰੀਅਤ ਆਗੂ ਸੱਯਦ ਅਲੀ ਸ਼ਾਹ ਗਿਲਾਨੀ ਨੇ ਸਿੱਖ ਆਗੂਆਂ ਨਾਲ ਮੁਲਾਕਾਤ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦੇ ਨਾਂ 'ਤੇ ਪੱਤਰ ਭੇਜਿਆ ਹੈ। ਇਸ ਪੱਤਰ ਵਿਚ ਉਨ੍ਹਾਂ ਰਾਸ਼ਨ, ਦਵਾਈਆਂ, ਕੰਬਲ ਤੇ ਬੱਚਿਆਂ ਲਈ ਸਾਮਾਨ ਦੀ ਮੰਗ ਕੀਤੀ ਹੈ।

ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਮਨੁੱਖਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਧੰਨਵਾਦ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਸੱਯਦ ਅਲੀ ਸ਼ਾਹ ਗਿਲਾਨੀ ਦੀ ਮੰਗ ਅਨੁਸਾਰ ਲੋੜੀਂਦਾ ਸਾਮਾਨ ਜਲਦੀ ਭੇਜਿਆ ਜਾਵੇਗਾ। ਇਹ ਪੱਤਰ ਲੈ ਕੇ ਪੁੱਜੇ ਸਕੱਤਰ ਮਨਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਗਿਲਾਨੀ ਨੇ ਗੁਰਦੁਆਰਾ ਬੜਗਮ ਵਿਖੇ ਚਲਾਏ ਜਾ ਰਹੇ ਰਾਹਤ ਕੈਂਪ ਨੂੰ ਵੀ ਦੇਖਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਚੱਲ ਰਹੇ ਸਮੂਹ ਵਿਦਿਅਕ ਅਦਾਰਿਆਂ ਵਿਚ ਜੰਮੂ ਕਸ਼ਮੀਰ ਦੇ ਬੱਚਿਆਂ ਦੀਆਂ ਫੀਸਾਂ ਮੁਆਫ਼ ਕਰ ਦਿੱਤੀਆਂ ਗਈਆਂ ਹਨ, ਜਿਨ੍ਹਾਂ ਬੱਚਿਆਂ ਕੋਲ ਖ਼ਰਚ ਲਈ ਪੈਸੇ ਨਹੀਂ ਹਨ ਤੇ ਉਨ੍ਹਾਂ ਦੇ ਮਾਪੇ ਇਸ ਸਮਰੱਥ ਨਹੀਂ ਰਹੇ ਹਨ, ਉਨ੍ਹਾਂ ਨੂੰ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਖ਼ਰਚ ਵਜੋਂ ਵਜ਼ੀਫ਼ਾ ਦੇਣ ਦਾ ਫ਼ੈਸਲਾ ਕੀਤਾ ਹੈ।

ਇਹ ਮਦਦ ਇਨ੍ਹਾਂ ਬੱਚਿਆਂ ਦੇ ਮਾਪਿਆਂ ਦੇ ਆਰਥਿਕ ਪੱਖੋਂ ਸਮਰੱਥ ਹੋਣ ਤੱਕ ਜਾਰੀ ਰਹੇਗੀ। ਸ਼੍ਰੋਮਣੀ ਕਮੇਟੀ ਦੀ 15 ਮੈਂਬਰੀ ਟੀਮ ਦੀ ਅਗਵਾਈ ਕਰ ਰਹੇ ਸੁਖਦੇਵ ਸਿੰਘ ਭੌਰ ਨੇ ਦੱਸਿਆ ਕਿ ਜੰਮੂ ਕਸ਼ਮੀਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਹਾਲਾਤ ਅਜੇ ਵੀ ਖ਼ਰਾਬ ਹਨ। ਹੜ੍ਹ ਦੇ ਪਾਣੀ ਦੀ ਨਿਕਾਸੀ ਨਾ ਹੋਣ ਕਰਕੇ ਇਹ ਸਮੱਸਿਆ ਹੋਰ ਗੰਭੀਰ ਹੋ ਰਹੀ ਹੈ।

ਜੇਕਰ ਛੇਤੀ ਹੀ ਸੂਬਾ ਸਰਕਾਰ ਵੱਲੋਂ ਪਾਣੀ ਦੀ ਨਿਕਾਸੀ ਲਈ ਪਹਿਲ ਦੇ ਆਧਾਰ 'ਤੇ ਪ੍ਰਬੰਧ ਨਾ ਕੀਤੇ ਗਏ ਤਾਂ ਸੂਬੇ ਵਿਚ ਲੋਕਾਂ ਨੂੰ ਮਹਾਂਮਾਰੀ ਨਾਲ ਜੂਝਣਾ ਪੈ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜਵਾਹਰ ਨਗਰ, ਅਲੂਚਾ ਬਾਗ, ਮਜ਼ਹਰ ਨਗਰ ਤੇ ਹੋਰ ਇਲਾਕਿਆਂ ਵਿਚ ਖੜ੍ਹਾ ਪਾਣੀ ਹੁਣ ਬਦਬੂ ਮਾਰਨ ਲੱਗ ਪਿਆ ਹੈ। ਸੂਬਾ ਸਰਕਾਰ ਨੂੰ ਆਪਣੇ ਪੱਧਰ 'ਤੇ ਜਾਂ ਫਿਰ ਫੌਜ ਦੀ ਮਦਦ ਨਾਲ ਪਹਿਲ ਦੇ ਆਧਾਰ 'ਤੇ ਹੜ੍ਹ ਦੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਇਸ ਤੋਂ ਬਾਅਦ ਲੋਕਾਂ ਲਈ ਆਰਜ਼ੀ ਰਿਹਾਇਸ਼ ਦਾ ਪ੍ਰਬੰਧ ਜ਼ਰੂਰੀ ਹੈ ਕਿਉਂਕਿ ਵਾਦੀ ਵਿਚ ਠੰਢ ਸ਼ੁਰੂ ਹੋ ਚੁੱਕੀ। ਉਥੋਂ ਦੇ ਲੋਕਾਂ ਨੂੰ ਵੱਡੀ ਗਿਣਤੀ ਵਿਚ ਰਜਾਈਆਂ ਤੇ ਗਰਮ ਕੱਪੜੇ ਵੀ ਚਾਹੀਦੇ ਹਨ। ਉਨ੍ਹਾਂ ਸੰਗਤਾਂ ਨੂੰ ਨਵੇਂ ਕੱਪੜੇ ਭੇਜਣ ਦੀ ਅਪੀਲ ਕੀਤੀ ਤੇ ਦੱਸਿਆ ਕਿ ਵਾਦੀ ਦੇ ਲੋਕਾਂ ਨੇ ਪੁਰਾਣੇ ਕੱਪੜੇ ਲੈਣ ਤੋਂ ਨਾਂਹ ਕਰ ਦਿੱਤੀ ਹੈ।

ਰਸਦ ਵਿਚ ਚੌਲ, ਦਾਲ, ਸਰੋਂ ਦੇ ਤੇਲ ਦੀ ਵਧੇਰੇ ਲੋੜ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਉਹ ਸਮੁੱਚੀ ਰਿਪੋਰਟ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸੌਂਪਣਗੇ ਤੇ ਮੀਟਿੰਗ ਮਗਰੋਂ ਅਗਲੀ ਰਣਨੀਤੀ ਤੈਅ ਕੀਤੀ ਜਾਵੇਗੀ। ਫਿਲਹਾਲ ਸ਼੍ਰੋਮਣੀ ਕਮੇਟੀ ਵੱਲੋਂ ਸੁੱਕੇ ਰਾਸ਼ਨ, ਦਵਾਈਆਂ, ਨਵੇਂ ਕੱਪੜੇ, ਰਜਾਈਆਂ-ਤਲਾਈਆਂ ਭੇਜੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਕੁਝ ਇਲਾਕਿਆਂ ਵਿਚੋਂ ਪਾਣੀ ਉਤਰਿਆ ਹੈ ਤੇ ਉਨ੍ਹਾਂ ਇਲਾਕਿਆਂ ਵਿਚਲੇ ਗੁਰਦੁਆਰਿਆਂ ਵਿਚ ਮਰਿਆਦਾ ਦੀ ਬਹਾਲੀ ਕੀਤੀ ਜਾਵੇਗੀ।


ਹੁਣ ਤੱਕ ਉਥੇ ਗੁਰਦੁਆਰਾ ਸ਼ਹੀਦ ਬੁੰਗਾ ਬੜਗਮ ਵਿਚ ਰਾਹਤ ਕੈਂਪ ਚੱਲ ਰਿਹਾ ਸੀ ਤੇ ਜਲਦੀ ਹੀ ਹੋਰਨਾਂ ਗੁਰਦੁਆਰਿਆਂ ਵਿਚ ਵੀ ਰਾਹਤ ਕੈਂਪ ਸ਼ੁਰੂ ਕਰ ਦਿੱਤੇ ਜਾਣਗੇ।

# ਭਾਰਤ ਰਤਨ ਲਈ ਬਲਬੀਰ ਸਿੰਘ ਦਾ ਨਾਂ ਪੇਸ਼

**ਪ੍ਰਿੰ. ਸਰਵਣ ਸਿੰਘ**

ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਬਲਬੀਰ ਸਿੰਘ ਦਾ ਨਾਂ ਭਾਰਤ ਰਤਨ ਲਈ ਪੇਸ਼ ਕਰ ਦਿੱਤਾ ਹੈ। ਗੇਂਦ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਾਲੇ ਵਿਚ ਹੈ। ਉਮੀਦ ਹੈ ਕਿ ਬਲਬੀਰ ਸਿੰਘ ਨੂੰ ਭਾਰਤ ਰਤਨ ਦਾ ਖ਼ਿਤਾਬ ਹੁਣ ਜੀਂਦੇ ਜੀਅ ਮਿਲ ਜਾਵੇਗਾ। ਉਹ ਹੁਣ ਉਮਰ ਦੇ 91ਵੇਂ ਸਾਲ ਵਿਚ ਹੈ। ਹਾਕੀ ਦੀ ਖੇਡ ਦੇ ਇਸ ਯੁਗ ਪੁਰਸ਼ ਨੇ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤੇ ਹਨ ਜਿਸ ਕਰਕੇ ਉਸ ਨੂੰ 'ਗੋਲਡਨ ਹੈਟ ਟ੍ਰਿਕ' ਵਾਲਾ ਬਲਬੀਰ ਵੀ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ ਵਿਚੋਂ 8 ਗੋਲ ਉਸ ਦੀ ਸਟਿੱਕ ਨਾਲ ਹੋਏ ਸਨ। ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਓਲੰਪਿਕ ਖੇਡਾਂ ਦੇ ਇਤਿਹਾਸ ਦਾ ਅਜੇ ਵੀ ਰਿਕਾਰਡ ਹੈ ਤੇ ਗਿੱਨੀਜ਼ ਬੁੱਕ ਆਫ ਵਰਲਡ ਰਿਕਾਰਡਜ਼ ਵਿਚ ਦਰਜ ਹੈ।

ਲੰਡਨ ਦੀਆਂ ਓਲੰਪਿਕ ਖੇਡਾਂ-2012 ਸਮੇਂ ਓਲੰਪਿਕ ਖੇਡਾਂ ਦੇ ਸਫਰ 'ਚੋਂ ਜਿਹੜੇ 16 'ਆਈਕੋਨਿਕ ਓਲੰਪੀਅਨ' ਚੁਣੇ ਗਏ ਉਨ੍ਹਾਂ ਵਿਚ ਹਾਕੀ ਦਾ ਇਕੋ ਇਕ ਖਿਡਾਰੀ ਬਲਬੀਰ ਸਿੰਘ ਹੀ ਚੁਣਿਆ ਗਿਆ ਹੈ। ਓਲੰਪਿਕ ਖੇਡਾਂ ਦੇ 16 ਰਤਨਾਂ ਵਿਚ 8 ਪੁਰਸ਼ ਹਨ ਤੇ 8 ਔਰਤਾਂ। ਇਨ੍ਹਾਂ ਵਿਚ ਏਸ਼ੀਆ ਦੇ ਸਿਰਫ ਦੋ ਖਿਡਾਰੀ ਹਨ। ਦੂਜਾ ਖਿਡਾਰੀ ਚੀਨ ਦਾ ਹੈ। ਬਲਬੀਰ ਸਿੰਘ ਦੀਆਂ ਖੇਡ ਪ੍ਰਾਪਤੀਆਂ ਕਿਸੇ ਵੀ ਭਾਰਤੀ ਖਿਡਾਰੀ ਤੋਂ ਘੱਟ



ਬਲਬੀਰ ਸਿੰਘ

ਨਹੀਂ। ਹਾਕੀ ਦੇ ਜਾਦੂਗਰ ਕਹੇ ਜਾਂਦੇ ਧਿਆਨ ਚੰਦ ਨੇ ਬ੍ਰਿਟਿਸ਼ ਇੰਡੀਆ ਵੇਲੇ ਮੈਡਲ ਜਿੱਤੇ ਤੇ ਯੂਨੀਅਨ ਜੈਕ ਝੁਲਾਏ, ਬਲਬੀਰ ਸਿੰਘ ਨੇ ਆਜ਼ਾਦ ਭਾਰਤ ਵੇਲੇ ਜਿੱਤੇ ਤੇ ਤਿਰੰਗੇ ਲਹਿਰਾਏ। ਓਲੰਪਿਕ ਖੇਡਾਂ ਵਿਚ ਤਿੰਨ ਗੋਲਡ ਮੈਡਲ ਜਿੱਤਣ ਤੋਂ ਬਿਨਾ ਬਲਬੀਰ ਸਿੰਘ ਨੇ ਭਾਰਤੀ ਟੀਮਾਂ ਦੇ ਕੋਚ/ਮੈਨੇਜਰ ਬਣ ਕੇ ਵਿਸ਼ਵ ਹਾਕੀ ਕੱਪ ਜਿੱਤਿਆ ਤੇ ਛੇ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ। ਦੋ ਪੁਸਤਕਾਂ ਲਿਖੀਆਂ ਜਿਨ੍ਹਾਂ 'ਚ ਇਕ ਹਾਕੀ ਦੀ ਕੋਚਿੰਗ ਬਾਰੇ ਹੈ। ਭਾਰਤ-ਚੀਨ ਜੰਗ ਵੇਲੇ ਆਪਣੇ ਤਿੰਨੇ ਗੋਲਡ ਮੈਡਲ ਪ੍ਰਧਾਨ ਮੰਤਰੀ ਫੰਡ ਲਈ ਦਾਨ ਕੀਤੇ। ਫਿਰ ਆਪਣੀਆਂ ਸਾਰੀਆਂ ਖੇਡ ਨਿਸ਼ਾਨੀਆਂ ਸਾਈ ਦੇ ਸਪੁਰਦ ਕਰ ਦਿੱਤੀਆਂ ਜੋ ਹੁਣ ਲੱਭਦੀਆਂ ਨਹੀਂ। ਜਾਇਦਾਦ ਪੱਖੋਂ ਆਪਣੀ ਪੈਨਸ਼ਨ ਤੋਂ ਸਿਵਾ ਉਸ ਪਾਸ ਕੁਝ ਵੀ ਨਹੀਂ।

ਧਿਆਨ ਚੰਦ ਦੇ ਪਿਤਾ ਜੀ ਬ੍ਰਿਟਿਸ਼ ਆਰਮੀ ਵਿਚ ਸਨ। ਬਲਬੀਰ ਸਿੰਘ ਦੇ ਪਿਤਾ ਜੀ ਸੁਤੰਤਰਤਾ ਸੰਗਰਾਮ ਸਮੇਂ ਜੇਲ੍ਹ ਜਾਂਦੇ ਰਹੇ ਤੇ ਸਕੂਲ ਅਧਿਆਪਕ ਬਣੇ। ਧਿਆਨ ਚੰਦ ਨੂੰ ਪਦਮ ਭੂਸ਼ਨ ਪੁਰਸਕਾਰ ਦਿੱਤਾ ਗਿਆ। ਪਟਿਆਲੇ ਦੇ ਕੌਮੀ ਖੇਡ ਸੰਸਥਾਨ ਵਿਚ ਧਿਆਨ ਚੰਦ ਹੋਸਟਲ ਤੇ ਦਿੱਲੀ ਦੇ ਨੈਸ਼ਨਲ ਸਟੇਡੀਅਮ ਦਾ ਨਾਂ ਧਿਆਨ ਚੰਦ ਹਾਕੀ ਸਟੇਡੀਅਮ ਰੱਖਿਆ ਗਿਆ। ਧਿਆਨ ਚੰਦ ਦੇ ਨਾਂ ਉਤੇ ਭਾਰਤ ਦਾ ਨਾਮੀ ਖੇਡ ਪੁਰਸਕਾਰ ਦਿੱਤਾ ਜਾ ਰਿਹੈ ਤੇ ਉਹਦੇ ਜਨਮ ਦਿਨ ਨੂੰ ਭਾਰਤ ਦੇ ਖੇਡ ਦਿਵਸ ਵਜੋਂ ਮਨਾਇਆ ਜਾ ਰਿਹੈ। ਬਲਬੀਰ ਸਿੰਘ ਦਾ ਨਾਮ ਅਜੇ ਕਿਤੇ ਵੀ ਨਹੀਂ ਜੋੜਿਆ ਗਿਆ। ਕੀ ਸਰਕਾਰਾਂ ਉਸ ਦੇ 'ਗੋਲਡਨ ਗੋਲ' ਦੀ ਉਡੀਕ ਵਿਚ ਹਨ?

ਗੋਲਡਨ ਗੋਲ ਬਾਰੇ ਬਲਬੀਰ ਸਿੰਘ ਕਹਿੰਦਾ ਹੈ ਕਿ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ। ਐਕਸਟਰਾ ਟਾਈਮ ਵਿਚ ਵੀ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ। ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ ਗੋਲਡਨ ਗੋਲ ਹੋ ਗਿਆ ਤਾਂ ਖੇਡ ਮੁੱਕ ਜਾਣੀ ਹੈ। ਸੁਆਲ ਹੈ ਕਿ ਜਿਉਂਦਿਆਂ ਦਾ ਸਨਮਾਨ ਕਰਨ ਦੀ ਥਾਂ ਮੜ੍ਹੀਆਂ ਦੀ ਪੂਜਾ ਕਰਨ ਦੀ ਭਾਰਤੀ ਬਿਰਤੀ ਕਦੋਂ ਬਦਲੇਗੀ? ਮੈਂ ਅੱਜ ਕੱਲ੍ਹ ਬਲਬੀਰ ਸਿੰਘ ਦੀ ਹੱਡਬੀਤੀ 'ਗੋਲਡਨ ਗੋਲ' ਲਿਖ ਰਿਹਾਂ ਜੋ ਛੇਤੀ ਹੀ ਛਪੇਗੀ।

## ਕੇਜਰੀਵਾਲ ਖਿਲਾਫ ਚੱਲੇਗਾ ਮਾਣਹਾਨੀ ਦਾ ਕੇਸ

**ਨਵੀਂ ਦਿੱਲੀ:** ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਵਕੀਲ ਪ੍ਰਸ਼ਾਂਤ ਭੂਸ਼ਣ, ਆਪ ਦੇ ਆਗੂ ਮਨੀਸ਼ ਸਿਸੋਦੀਆ ਤੇ ਸ਼ਾਜ਼ੀਆ ਇਲਮੀ ਖ਼ਿਲਾਫ਼ ਮਾਣਹਾਨੀ ਦਾ ਕੇਸ ਚੱਲੇਗਾ। ਸਾਬਕਾ ਟੈਲੀਕਾਮ ਮੰਤਰੀ ਕਪਿਲ ਸਿੱਬਲ ਦੇ ਲੜਕੇ ਅਮਿਤ ਸਿੱਬਲ ਵੱਲੋਂ ਕੀਤੀ ਸ਼ਿਕਾਇਤ ਦੇ ਆਧਾਰ 'ਤੇ ਅਦਾਲਤ ਨੇ ਉਨ੍ਹਾਂ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 500 (ਮਾਣਹਾਨੀ) ਤਹਿਤ ਦੋਸ਼ ਆਇਦ ਕਰ ਦਿੱਤੇ ਹਨ। ਚਾਰੇ ਆਗੂਆਂ ਨੇ ਆਪਣੇ ਦੋਸ਼ਾਂ ਨੂੰ ਜਾਇਜ਼ ਠਹਿਰਾਉਂਦਿਆਂ ਮੁਕੱਦਮਾ ਚਲਾਉਣ ਦੀ ਮੰਗ ਕੀਤੀ।


# Prince's Barber Shop
37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com



To Advertise with Punjab Times Call: 847-359-0746
Fax:847-705-9388, e-mail:punjabtimes1@sbcglobal.net
Visit us on the web: wwwpunjabtimesusa.com



# ਤੰਦੂਰੀਏ ਦੀ ਲੋੜ ਹੈ

ਆਇਓਵਾ ਸਟੇਟ ਵਿਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਦੀ ਫੌਰੀ ਲੋੜ ਹੈ

ਪਤੀ-ਪਤਨੀ ਨੂੰ ਪਹਿਲ
ਚੰਗੀ ਤਨਖਾਹ ਤੇ
ਮੁਫਤ ਰਿਹਾਇਸ਼



ਸੰਪਰਕ ਕਰੋ, ਮਿਸਟਰ ਸਿੰਘ
**ਫੋਨ: 515-291-1961**

39



# 40 ਟਰੱਕ ਰਿਪੇਅਰ-ਓਕਲਹੋਮਾ

# ਮਕੈਨਿਕਾਂ ਦੀ ਜ਼ਰੂਰਤ ਹੈ

ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ



ਹੋਰ ਜਾਣਕਾਰੀ ਲਈ ਸੰਪਰਕ ਕਰੋ
**ਫੋਨ: 832-512-7172**



# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ
DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Special Price for Truck Wash
Grand Opening

• 8 Drive Tires For $3300
Kelly KDA

• Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

ਪੰਜਾਬ ਟਾਈਮਜ਼

ਸਨਿਚਰਵਾਰ, 27 ਸਤੰਬਰ 2014

## ਲੋਹ ਪੁਰਸ਼ ਜਥੇਦਾਰ ਤਲਵੰਡੀ

ਜਥੇਦਾਰ ਜਗਦੇਵ ਸਿੰਘ ਤਲਵੰਡੀ ਇਸ ਫਾਨੀ ਸੰਸਾਰ ਨੂੰ ਆਖਰੀ ਅਲਵਿਦਾ ਆਖ ਗਏ। ਉਨ੍ਹਾਂ ਦੇ ਜੀਵਨ ਵਿਚ ਅਨੇਕਾਂ ਉਤਰਾ-ਚੜ੍ਹਾ ਆਏ, ਪਰ ਉਹ ਸਦਾ ਆਪਣੇ ਰਾਹ ਦੇ ਰਾਹੀ ਬਣੇ ਰਹੇ। ਉਨ੍ਹਾਂ ਸਦਾ ਅਕਾਲੀਆਂ ਦੇ ਰੋਸ ਨੂੰ ਦਰਸਾਉਣ ਵਾਲੀ ਕਾਲੀ ਦਸਤਾਰ ਸਜਾਈ। ਇਹ ਅਕਾਲੀਅਤ ਉਨ੍ਹਾਂ ਨੂੰ ਵਿਰਾਸਤ ਵਿਚ ਮਿਲੀ ਸੀ। ਉਨ੍ਹਾਂ ਦੇ ਪਿਤਾ ਛਾਂਗਾ ਸਿੰਘ ਅਕਾਲੀ ਮੋਰਚਿਆਂ ਦੇ ਅਣਥੱਕ ਸਿਪਾਹੀ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਆਪਣੇ ਭਰਾ ਮਾਸਟਰ ਦੇਵ ਰਾਜ ਸਿੰਘ ਨਾਲ ਉਨ੍ਹਾਂ ਬਾਕਾਇਦਾ ਮੋਰਚਿਆਂ ਵਿਚ ਭਰਵੀਂ ਸ਼ਿਰਕਤ ਕੀਤੀ। ਇਸੇ ਦੌਰਾਨ ਹੀ ਉਨ੍ਹਾਂ ਦੇ ਨਾਂ ਨਾਲ ਸਦਾ-ਸਦਾ ਲਈ 'ਲੋਹ ਪੁਰਸ਼' ਦਾ ਖਿਤਾਬ ਜੁੜਿਆ। ਆਪਣੀ ਧੀ ਦੇ ਵਿਆਹ ਵੇਲੇ ਉਹ ਲੁਧਿਆਣਾ ਜੇਲ੍ਹ ਵਿਚ ਸਨ। ਉਦੋਂ ਉਨ੍ਹਾਂ ਵਿਆਹ ਵਿਚ ਸ਼ਾਮਲ ਹੋਣ ਲਈ ਅਧਿਕਾਰੀਆਂ ਦੀਆਂ ਲਿਲਕੜੀਆਂ ਕੱਢਣ ਦੀ ਥਾਂ ਵਿਆਹ ਵਿਚ ਜਾਣਾ ਹੀ ਕੈਂਸਲ ਕਰ ਦਿੱਤਾ। ਅਜਿਹੇ ਬਹੁਤ ਸਾਰੇ ਕਿੱਸੇ ਹਨ ਜੋ ਉਨ੍ਹਾਂ ਦੀ ਟਕਸਾਲੀ ਅਕਾਲੀ ਵਰਕਰ ਵਾਲੇ ਅਕਸ ਨੂੰ ਉਭਾਰਦੇ ਹਨ। ਉਂਜ, ਇਹ ਗੱਲ ਵਿਚਾਰਨੀ ਬਣਦੀ ਹੈ ਕਿ ਇੰਨਾ ਜੇਰਾ ਹੋਣ ਦੇ ਬਾਵਜੂਦ ਉਹ ਆਖਰਕਾਰ ਆਪਣੇ ਸਮਕਾਲੀ ਲੀਡਰ ਪ੍ਰਕਾਸ਼ ਸਿੰਘ ਬਾਦਲ ਦੇ ਗੇੜ ਵਿਚ ਆ ਗਏ। ਅਜੇ ਸਾਲ 2011 ਦੀ ਹੀ ਗੱਲ ਹੈ, ਜਦੋਂ ਉਹ ਕੁਝ ਕਾਰਨਾਂ ਕਰ ਕੇ ਬਾਦਲ ਨਾਲ ਰੁੱਸੇ ਹੋਏ ਸਨ। 2011 ਵਿਚ ਜਦੋਂ ਮਨਪ੍ਰੀਤ ਸਿੰਘ ਬਾਦਲ, ਬਾਦਲ ਪਰਿਵਾਰ ਖਿਲਾਫ ਲਾਮਬੰਦੀ ਕਰ ਰਿਹਾ ਸੀ ਅਤੇ ਨਵੀਂ ਪਾਰਟੀ ਦੀ ਉਸਾਰੀ ਵੱਲ ਵਧ ਰਿਹਾ ਸੀ। ਸਭ ਦੀ ਇਹੀ ਕਿਆਸ-ਆਰਾਈ ਸੀ ਕਿ ਬਾਦਲਾਂ ਨੂੰ ਥਾਂ ਸਿਰ ਕਰਨ ਖਾਤਰ ਜਥੇਦਾਰ ਤਲਵੰਡੀ, ਮਨਪ੍ਰੀਤ ਦਾ ਸਾਥ ਦੇਣਗੇ, ਪਰ ਬਾਦਲ ਨੇ ਜਥੇਦਾਰ ਤਲਵੰਡੀ ਨੂੰ ਐਨ ਮੌਕੇ 'ਤੇ ਮਨਾ ਲਿਆ। ਕੋਈ ਸਮਾਂ ਸੀ ਜਦੋਂ ਸਮੁੱਚੀ ਅਕਾਲੀ ਸਿਆਸਤ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਤਲਵੰਡੀ ਅਤੇ ਪ੍ਰਕਾਸ਼ ਸਿੰਘ ਬਾਦਲ ਦੁਆਲੇ ਘੁੰਮਦੀ ਸੀ, ਪਰ ਹੌਲੀ-ਹੌਲੀ ਹਾਲ ਇਹ ਹੋਇਆ ਕਿ ਸਾਰੀ ਦੀ ਸਾਰੀ ਤਾਕਤ ਬਾਦਲ ਦੇ ਹੱਥਾਂ ਵਿਚ ਆ ਗਈ। ਇਕ ਵੇਲੇ ਜਥੇਦਾਰ ਤਲਵੰਡੀ ਨੇ ਜਥੇਦਾਰ ਟੌਹੜਾ ਨਾਲ ਰਲ ਕੇ ਬਾਦਲ ਨੂੰ ਵੰਗਾਰਿਆ ਵੀ, ਪਰ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ ਅਤੇ ਬਾਦਲ ਸ਼੍ਰੋਮਣੀ ਅਕਾਲੀ ਦਲ ਤੇ ਸਿੱਖ ਸਿਆਸਤ ਦੇ ਧੁਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਆਪਣੀ ਪੈਂਠ ਬਣਾ ਚੁੱਕਾ ਸੀ। ਅਸਲ ਵਿਚ ਇਹ ਮੰਨਣ ਵਾਲੀ ਗੱਲ ਹੈ ਕਿ ਸਿਆਸਤ ਦੀਆਂ ਗਰਾਰੀਆਂ ਘੁਮਾਉਣ ਦੇ ਮਾਮਲੇ ਵਿਚ ਕੋਈ ਵੀ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਦਾ ਮੁਕਾਬਲਾ ਨਹੀਂ ਕਰ ਸਕਿਆ। ਬਾਅਦ ਵਿਚ ਤਾਂ ਹਾਲਤ ਇਹ ਬਣ ਗਈ ਸੀ ਕਿ ਬਾਦਲ ਦੇ ਖਿਲਾਫ ਜਿਸ ਵੀ ਆਗੂ ਨੇ ਸਿਰ ਚੁੱਕਣ ਦਾ ਯਤਨ ਕੀਤਾ, ਉਸ ਨੂੰ ਦਲ ਤੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਗਿਆ ਅਤੇ ਇਹ ਸਿਲਸਿਲਾ ਅੱਜ ਤੱਕ ਜਾਰੀ ਹੈ। ਦਲ ਦੀ ਕਮਾਨ ਬਾਦਲ ਪਰਿਵਾਰ ਨੇ ਇੰਨੀ ਪੀਡੀ ਪਕੜੀ ਹੋਈ ਹੈ ਕਿ ਜਥੇਦਾਰ ਤਲਵੰਡੀ ਵਰਗੇ ਲੋਹ ਪੁਰਸ਼ ਨੂੰ ਆਪਣੇ ਪੁੱਤਰ ਲਈ ਵਿਧਾਨ ਸਭਾ ਟਿਕਟ ਨਾਲ ਹੀ ਸਬਰ ਕਰਨਾ ਪਿਆ।

ਅਸਲ ਵਿਚ ਇਹੀ ਉਹ ਨੁਕਤਾ ਹੈ ਜੋ ਅਕਾਲੀ ਦਲ ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਚੜ੍ਹਤ ਅਤੇ ਬਾਕੀ ਲੀਡਰਾਂ ਦੇ ਲਾਂਭੇ ਹੋਣ ਦੀ ਹੋਣੀ ਨਾਲ ਜੁੜਿਆ ਹੋਇਆ ਹੈ। ਪੰਥ ਅਤੇ ਪੰਜਾਬ ਦੀ ਥਾਂ ਜਿੱਥੇ ਅਤੇ ਜਦੋਂ ਵੀ ਵਿਅਕਤੀਗਤ ਲਾਲਸਾਵਾਂ ਨੇ ਸਿਰ ਚੁੱਕਿਆ, ਉਦੋਂ ਅਕਾਲੀ ਦਲ ਅਤੇ ਅਕਾਲੀਆਂ ਨੂੰ ਢਾਹ ਲੱਗਣੀ ਹੀ ਸੀ। ਸਾਲ 2000 ਵਿਚ ਜਦੋਂ ਸ਼੍ਰੋਮਣੀ ਕਮੇਟੀ ਦੀ ਤਤਕਾਲੀ ਪ੍ਰਧਾਨ ਜਗੀਰ ਕੌਰ ਆਪਣੀ ਧੀ ਦੀ ਮੌਤ ਵਾਲੇ ਕੇਸ ਵਿਚ ਬੁਰੀ ਤਰ੍ਹਾਂ ਫਸੇ ਹੋਏ ਸਨ ਤਾਂ ਜਥੇਦਾਰ ਤਲਵੰਡੀ ਨੂੰ ਹੀ ਸ਼੍ਰੋਮਣੀ ਕਮੇਟੀ ਦੀ ਕਮਾਨ ਫੜਾਈ ਗਈ ਸੀ। ਹਾਲਾਤ ਦੀ ਸਿਤਮਜ਼ਰੀਫੀ ਇਹ ਰਹੀ ਕਿ 1960 ਤੋਂ 2011 ਤੱਕ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹਿਣ ਵਾਲੇ ਜਥੇਦਾਰ ਤਲਵੰਡੀ, ਬਾਦਲ ਦੀਆਂ ਸਿਆਸੀ ਗਰਾਰੀਆਂ ਵਿਚ ਸਹਿਜੇ ਹੀ ਘੁੰਮ ਗਏ। ਉਹ ਵੀ ਸਮਾਂ ਸੀ, ਜਦੋਂ ਜਥੇਦਾਰ ਤਲਵੰਡੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਨ ਅਤੇ 1977 ਦੀਆਂ ਲੋਕ ਸਭਾ ਚੋਣਾਂ ਵੇਲੇ ਉਨ੍ਹਾਂ ਬਾਦਲ ਨੂੰ ਫਰੀਦਕੋਟ ਤੋਂ ਟਿਕਟ ਦਿੱਤੀ ਸੀ। ਉਨ੍ਹਾਂ ਜਦੋਂ ਖੁਦ 1967 ਵਿਚ ਰਾਏਕੋਟ ਤੋਂ ਵਿਧਾਨ ਸਭਾ ਦੀ ਚੋਣ ਲੜੀ ਸੀ ਤਾਂ ਸਾਰਾ ਚੋਣ ਪ੍ਰਚਾਰ ਸਾਈਕਲ ਉਤੇ ਕੀਤਾ ਸੀ ਅਤੇ ਵੱਡੇ ਫਰਕ ਨਾਲ ਇਹ ਚੋਣ ਜਿੱਤੀ ਸੀ। ਇਥੇ ਜਥੇਦਾਰ ਤਲਵੰਡੀ ਅਤੇ ਅਕਾਲੀ ਸਿਆਸਤ ਬਾਰੇ ਚਰਚਾ ਕਰਨ ਦਾ ਮਕਸਦ ਪਾਠਕਾਂ ਦੇ ਧਿਆਨ ਵਿਚ ਇਹ ਲਿਆਉਣਾ ਹੈ ਕਿ ਜਦੋਂ-ਜਦੋਂ ਵੀ ਲੀਡਰਾਂ ਨੇ ਨਿਸ਼ਕਾਮ ਸੇਵਕ ਬਣ ਕੇ ਸਰਬੱਤ ਦੇ ਵਿਹੜੇ ਵਿਚ ਪੈਰ ਧਰਿਆ, ਉਨ੍ਹਾਂ ਲਈ ਸਦਾ ਹੀ ਅਗਾਂਹ ਰਾਹ ਬਣਦਾ ਰਿਹਾ; ਬੇਸ਼ੱਕ, ਬਹੁਤੀ ਵਾਰੀ ਇਹ ਰਾਹ ਬੜਾ ਬਿਖੜਾ ਵੀ ਹੋ ਨਿਬੜਦਾ ਸੀ। ਅੱਜ ਵੀ ਜਿਹੜਾ ਆਗੂ ਇਸ ਬਿਖੜੇ ਰਾਹ ਉਤੇ ਤੁਰਿਆ ਹੈ, ਉਸ ਨੂੰ ਅੱਜ ਦੇ ਸਿਆਸੀ ਜੋੜ-ਤੋੜ ਵਿਚ ਸਫਲਤਾ ਭਾਵੇਂ ਨਾ ਵੀ ਮਿਲੀ ਹੋਵੇ, ਪਰ ਲੋਕਾਂ ਵਿਚ ਅਜਿਹੇ ਆਗੂ ਦਾ ਅਕਸ ਸਦਾ ਹੀ ਵੱਖਰੀ ਛਾਪ ਛੱਡਦਾ ਰਿਹਾ ਹੈ। ਅੱਜ ਜਦੋਂ ਹਰ ਪਾਸੇ ਹਨੇਰਗਰਦੀ ਵਾਲਾ ਮਾਹੌਲ ਭਾਰੂ ਹੈ ਅਤੇ ਸਮੁੱਚੀ ਅਕਾਲੀ ਸਿਆਸਤ ਪ੍ਰਕਾਸ਼ ਸਿੰਘ ਬਾਦਲ ਵਰਗੇ ਲੀਡਰ ਦੁਆਲੇ ਘੁੰਮ ਰਹੀ ਹੈ, ਤਾਂ ਉਸ ਜਥੇਦਾਰ ਤਲਵੰਡੀ ਦੀ ਯਾਦ ਆਉਂਦੀ ਹੈ ਜਿਹੜਾ ਬਾਦਲ ਨੂੰ ਸਾਹਮਣੇ ਖਲੋ ਕੇ ਵੰਗਾਰਨ ਦਾ ਦਮ ਰੱਖਦਾ ਸੀ। ਪਿਛਲੀ ਉਮਰੇ ਜਥੇਦਾਰ ਟੌਹੜਾ ਨੇ ਵੀ ਬਾਦਲਾਂ ਦੇ ਮੋਰਚੇ ਨੂੰ ਸੰਨ੍ਹ ਲਾਉਣ ਦਾ ਯਤਨ ਕੀਤਾ ਸੀ, ਪਰ ਆਖਰਕਾਰ ਉਨ੍ਹਾਂ ਦਾ ਵਾਰ ਵੀ ਖੁੰਡਾ ਹੋ ਗਿਆ। ਜ਼ਾਹਿਰ ਹੈ ਕਿ ਜਿੰਨਾ ਚਿਰ ਤੱਕ ਜਥੇਦਾਰ ਤਲਵੰਡੀ ਵਾਂਗ ਕੋਈ 'ਲੋਹ ਪੁਰਸ਼' ਨਹੀਂ ਉਠਦਾ; ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਲੱਗ ਰਿਹਾ ਖੋਰਾ ਰੋਕਿਆ ਨਹੀਂ ਜਾ ਸਕਦਾ। ਅੱਜ ਦੇ ਅਕਾਲੀ ਦਲ ਅੰਦਰ ਫਿਲਹਾਲ ਕੋਈ ਅਜਿਹੀ ਸੰਭਾਵਨਾ ਨਜ਼ਰ ਨਹੀਂ ਆਉਂਦੀ, ਕਿਉਂਕਿ ਹਰ ਲੀਡਰ ਆਪੋ-ਆਪਣੇ ਲਾਭ ਕਾਰਨ ਦੜ ਵੱਟੀ ਬੈਠਾ ਹੈ। ਬਾਹਰਲੇ ਮੋਰਚੇ ਤੋਂ ਉਸ ਤਰ੍ਹਾਂ ਦੀ ਲੜਾਈ ਸੰਭਵ ਹੀ ਨਹੀਂ ਹੋ ਸਕੀ। ਫਿਰ ਵੀ ਸੰਭਵ ਹੈ ਕਿ ਕਿਸੇ ਪਾਸਿਓਂ ਕੋਈ 'ਹਰਿਆ ਬੂਟ' ਅਹੁਲ ਰਿਹਾ ਹੋਵੇ, ਤਬਦੀਲੀ ਕੁਦਰਤ ਦਾ ਪੱਕਾ ਨੇਮ ਜੋ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਚੱਲ ਪਏ ਟਰੱਕ ਦਿੱਲੀਓਂ!

ਬਿਜਲੀ ਏ ਵਾਧੂ ਮੁੱਲ ਵੇਚਦੇ ਨੇ 'ਪਾਕਿ' ਤਾਈਂ, ਰਕਮਾਂ ਦੇ ਚੈਕ ਦੇਖੋ 'ਮੀਆਂ ਜੀ' ਘਲਾਉਂਦੇ ਨੇ।
'ਪੌਡ ਪ੍ਰਣਾਲੀ' ਚੱਲੇ ਅੰਮ੍ਰਿਤਸਰ ਵਿਖੇ, ਜਾ ਕੇ ਸ਼ਰਧਾਲੂ ਜੱਸ 'ਕਾਲੀਆਂ ਦਾ ਗਾਉਂਦੇ ਨੇ।
ਪਿੱਤਰਾਂ 'ਤੇ ਦੌੜਦੀ ਏ ਮੈਟਰੋ ਵੀ 'ਲੁੱਦੇਹਾਣੇ', ਬਿਜਲੀ ਨਾ ਹੋਵੇ, ਨਾਲ ਪਾਥੀਆਂ ਚਲਾਉਂਦੇ ਨੇ।
ਦੌੜ ਰਹੀਆਂ ਕਾਰਾਂ ਛੇ-ਛੇ ਮਾਰਗੀ ਟ੍ਰੈਕਾਂ ਉਤੇ, ਲਾ ਕੇ ਘੁੱਟ ਚਾਲਕ ਵੀ ਢੋਲੇ ਦੀਆਂ ਲਾਉਂਦੇ ਨੇ।
ਮੁੱਕੀ 'ਮਤਰੇਲਈ' ਮਾਤਾ 'ਅਸਲੀ' ਨੇ ਝੱਲਿਆ ਨਾ, ਮੋੜਿਆ ਏ ਖਾਲੀ ਆਸਾਂ ਹਾਲੇ ਵੀ ਰਖਾਉਂਦੇ ਨੇ।
ਹੱਥਾਂ ਵਿਚ ਹਾਰ ਲੈ ਕੇ ਖੜ੍ਹੇ ਹੋਵੋ ਜਥੇਦਾਰੋ! ਦਿੱਲੀਓਂ ਟਰੱਕ ਭਰੇ ਨੋਟਾਂ ਵਾਲੇ ਆਉਂਦੇ ਨੇ!

# ਕਿੱਦਾਂ ਮੁੱਕੇ ਦਲਿਤਾਂ ਦਾ ਸੰਤਾਪ

*ਦਲਿਤਾਂ ਬਾਰੇ ਬੜਾ ਕੁਝ ਲਿਖਿਆ ਗਿਆ ਹੈ, ਲਗਾਤਾਰ ਲਿਖਿਆ ਜਾ ਰਿਹਾ ਹੈ। ਦੇਸ਼ ਦਾ ਸੰਵਿਧਾਨ ਛੂਤ-ਛਾਤ ਨੂੰ ਗੁਨਾਹ ਮੰਨਦਾ ਹੈ। ਫਿਰ ਵੀ ਅਜਿਹੀਆਂ ਘਟਨਾਵਾਂ ਘਟ ਨਹੀਂ ਰਹੀਆਂ, ਸਗੋਂ ਵਧ ਰਹੀਆਂ ਹਨ। ਦੇਖਣਾ ਇਹ ਚਾਹੀਦਾ ਹੈ ਕਿ ਇਸ ਸਮੱਸਿਆ ਦੀ ਜੜ੍ਹ ਵਿਚ ਕੀ ਹੈ? ਜਿਹੜਾ ਧਰਮ ਜਾਂ ਸਮਾਜ ਗ਼ੈਰ-ਬਰਾਬਰੀ ਜਾਂ ਅਸਮਾਨਤਾ ਦੇ ਆਧਾਰ 'ਤੇ ਵੰਡਿਆ ਹੋਵੇਗਾ, ਉਥੇ ਅਜਿਹਾ ਭੇਦ-ਭਾਵ ਵੀ ਹੋਵੇਗਾ। ਸੰਸਾਰ ਦੇ ਹੋਰ ਧਰਮਾਂ/ਸਮਾਜਾਂ ਵਿਚ ਵੀ ਉਚ-ਨੀਚ, ਛੋਟਾ-ਵੱਡਾ ਮਿਲ ਜਾਣਗੇ, ਪਰ ਉਨ੍ਹਾਂ ਦੇ ਧਰਮ ਗ੍ਰੰਥ ਇਸ ਨੂੰ ਮਨਜ਼ੂਰੀ ਨਹੀਂ ਦਿੰਦੇ, ਪਰ ਦਲਿਤ ਜਿਸ ਧਰਮ ਨਾਲ ਜੁੜੇ ਹੋਏ ਹਨ, ਉਨ੍ਹਾਂ ਦੇ ਧਰਮ ਸ਼ਾਸਤਰ ਅਜਿਹੀ ਗੈਰ-ਬਰਾਬਰੀ ਨੂੰ ਧਰਮ ਮੰਨਦੇ ਹਨ, ਉਸ ਨੂੰ ਮਾਨਤਾ ਦਿੰਦੇ ਹਨ, ਉਸ ਦੀ ਪ੍ਰੋੜ੍ਹਤਾ ਕਰਦੇ ਹਨ।*

ਸਭ ਤੋਂ ਨਵੀਂ ਖਬਰ ਹੈ ਕਿ ਮਦੁਰਾਈ (ਤਾਮਿਲਨਾਡੂ) ਵਿਚ ਕੁਝ ਲੋਕਾਂ ਨੇ ਇਕ ਮੁੰਡੇ ਦੀ ਕਲਾਈ ਵੱਢ ਦਿੱਤੀ। ਉਸ ਦਾ ਕਸੂਰ ਇਹ ਸੀ ਕਿ ਉਹ ਦਲਿਤ ਸੀ ਅਤੇ ਉਸ ਨੇ ਕਲਾਈ 'ਤੇ ਘੜੀ ਬੰਨ੍ਹਣ ਦੀ ਜੁਰਅਤ ਕੀਤੀ ਸੀ। ਅੱਜ ਵੀ ਇਹੋ ਜਿਹੀਆਂ ਘਟਨਾਵਾਂ ਨਿੱਤ ਹੁੰਦੀਆਂ ਹਨ। ਅੱਜ ਵੀ ਦਲਿਤ ਲਾੜੇ ਨੂੰ ਲੋਕੀਂ ਘੋੜੀ ਉਤੋਂ ਜਬਰਨ ਉਤਾਰ ਕੇ ਉਸ ਦੀ ਮਾਰ-ਕੁਟਾਈ ਕਰਦੇ ਹਨ। ਰਾਜਸਥਾਨ ਵਿਚ ਦਲਿਤ ਔਰਤਾਂ ਨੂੰ ਲਾਲ ਕਿਨਾਰੇ ਵਾਲੀ ਧੋਤੀ ਨਹੀਂ ਪਾਉਣ ਦਿੱਤੀ ਜਾਂਦੀ ਹੈ, ਨਾ ਚੱਪਲਾਂ ਪਾਉਣ ਦਿੱਤੀਆਂ ਜਾਂਦੀਆਂ ਹਨ। ਦੇਸ਼ ਵਿਚ ਬੜੀਆਂ ਥਾਂਵਾਂ ਅਤੇ ਸ਼ਮਸ਼ਾਨਘਾਟਾਂ 'ਤੇ ਦਲਿਤਾਂ ਦੀਆਂ ਦੇਹਾਂ ਦਾ ਸਸਕਾਰ ਨਹੀਂ ਹੋਣ ਦਿੱਤਾ ਜਾਂਦਾ। ਜਿਨ੍ਹਾਂ ਸਕੂਲਾਂ ਵਿਚ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਦਿੱਤਾ ਜਾਂਦਾ ਹੈ, ਜੇ ਉਹ ਖਾਣਾ ਦਲਿਤ ਔਰਤਾਂ ਬਣਾਉਣ ਤਾਂ ਬਹੁਤ ਸਾਰੇ ਮਾਂ-ਪਿਉ ਆਪਣੇ ਬੱਚਿਆਂ ਨੂੰ ਉਥੇ ਖਾਣਾ ਨਹੀਂ ਖਾਣ ਦਿੰਦੇ।

**ਮਹੀਪ ਸਿੰਘ**
ਫੋਨ: 91-93139-32888

ਅਜੀਬ ਗੱਲ ਤਾਂ ਉਦੋਂ ਪੜ੍ਹਨ ਨੂੰ ਮਿਲੀ, ਜਦੋਂ ਉਚੀ ਜਾਤੀ ਦੇ ਬੰਦੇ ਦੇ ਕੁੱਤੇ ਨੇ ਕਿਸੇ ਦਲਿਤ ਦੇ ਘਰ ਵਿਚ ਬਣੀ ਹੋਈ ਰੋਟੀ ਖਾ ਲਈ ਤਾਂ ਕੁੱਤੇ ਦੇ ਮਾਲਕ ਨੇ ਕੁੱਤੇ ਨੂੰ ਘਰੋਂ ਕੱਢ ਦਿੱਤਾ।

ਦਲਿਤਾਂ ਬਾਰੇ ਬੜਾ ਕੁਝ ਲਿਖਿਆ ਗਿਆ ਹੈ, ਲਗਾਤਾਰ ਲਿਖਿਆ ਜਾ ਰਿਹਾ ਹੈ। ਦੇਸ਼ ਦਾ ਸੰਵਿਧਾਨ ਛੂਤ-ਛਾਤ ਨੂੰ ਗੁਨਾਹ ਮੰਨਦਾ ਹੈ। ਫਿਰ ਵੀ ਅਜਿਹੀਆਂ ਘਟਨਾਵਾਂ ਘਟ ਨਹੀਂ ਰਹੀਆਂ, ਸਗੋਂ ਵਧ ਰਹੀਆਂ ਹਨ। ਦੇਖਣਾ ਇਹ ਚਾਹੀਦਾ ਹੈ ਕਿ ਇਸ ਸਮੱਸਿਆ ਦੀ ਜੜ੍ਹ ਵਿਚ ਕੀ ਹੈ? ਜਿਹੜਾ ਧਰਮ ਜਾਂ ਸਮਾਜ ਗ਼ੈਰ-ਬਰਾਬਰੀ ਜਾਂ ਅਸਮਾਨਤਾ ਦੇ ਆਧਾਰ 'ਤੇ ਵੰਡਿਆ ਹੋਵੇਗਾ, ਉਥੇ ਅਜਿਹਾ ਭੇਦ-ਭਾਵ ਵੀ ਹੋਵੇਗਾ। ਸੰਸਾਰ ਦੇ ਹੋਰ ਧਰਮਾਂ/ਸਮਾਜਾਂ ਵਿਚ ਵੀ ਉਚ-ਨੀਚ, ਛੋਟਾ-ਵੱਡਾ ਮਿਲ ਜਾਣਗੇ, ਪਰ ਉਨ੍ਹਾਂ ਦੇ ਧਰਮ ਗ੍ਰੰਥ ਇਸ ਨੂੰ ਮਨਜ਼ੂਰੀ ਨਹੀਂ ਦਿੰਦੇ, ਪਰ ਦਲਿਤ ਜਿਸ ਧਰਮ ਨਾਲ ਜੁੜੇ ਹੋਏ ਹਨ, ਉਨ੍ਹਾਂ ਦੇ ਧਰਮ ਸ਼ਾਸਤਰ ਅਜਿਹੀ ਗ਼ੈਰ-ਬਰਾਬਰੀ ਨੂੰ ਧਰਮ ਮੰਨਦੇ ਹਨ, ਉਸ ਨੂੰ ਮਾਨਤਾ ਦਿੰਦੇ ਹਨ, ਉਸ ਦੀ ਪ੍ਰੋੜ੍ਹਤਾ ਕਰਦੇ ਹਨ। ਰਿਗ ਵੇਦ ਦੇ ਦਸਵੇਂ ਮੰਡਲ ਦੇ ਪੁਰੁਸ਼-ਸੂਕਤ ਵਿਚ ਮਿਲਦਾ ਹੈ ਕਿ ਪ੍ਰਜਾਪਤੀ ਦੇ ਮੂੰਹ ਤੋਂ ਬ੍ਰਾਹਮਣ ਪੈਦਾ ਹੋਏ, ਬਾਹਵਾਂ ਤੋਂ ਕਸ਼ੱਤਰੀ ਪੈਦਾ ਹੋਏ, ਉਦਰ ਤੋਂ ਵੈਸ਼ ਪੈਦਾ ਹੋਏ ਅਤੇ ਪੈਰਾਂ ਤੋਂ ਸ਼ੂਦਰ ਪੈਦਾ ਹੋਏ।

ਧਰਮ ਗ੍ਰੰਥਾਂ ਵਿਚ ਅਜਿਹੀ ਪੌੜੀ ਵਿਵਸਥਾ ਕਈ ਵਾਰ ਦੁਹਰਾਈ ਗਈ ਹੈ। ਹੋ ਸਕਦਾ ਹੈ ਕਿ ਉਤੇ ਤੋਂ ਥੱਲੇ ਵੱਲ ਆਉਣ ਵਾਲੀ ਵਰਣ-ਵਿਵਸਥਾ ਮੂਲ ਰੂਪ ਵਿਚ ਗ਼ੈਰ-ਬਰਾਬਰੀ ਨੂੰ ਨਾ ਦਰਸਾਉਂਦੀ ਹੋਵੇ, ਪਰ ਹੌਲੀ-ਹੌਲੀ ਇਹ ਪੂਰੀ ਤਰ੍ਹਾਂ ਗ਼ੈਰ-ਬਰਾਬਰੀ ਜਾਂ ਅਸਮਾਨਤਾ ਵੱਲ ਵਧਦੀ ਗਈ। ਬ੍ਰਾਹਮਣ ਉਚੇ ਤੋਂ ਉਚਾ ਹੁੰਦਾ ਚਲਿਆ ਗਿਆ ਅਤੇ ਸ਼ੂਦਰ ਨੀਵੇਂ ਤੋਂ ਨੀਵਾਂ ਹੁੰਦਾ ਗਿਆ। ਬ੍ਰਾਹਮਣ ਭੂ-ਦੇਵਤਾ ਬਣ ਗਿਆ ਤੇ ਸ਼ੂਦਰ ਦਲਿਤ ਬਣ ਗਿਆ। ਵੈਦਿਕ ਕਾਲ ਤੋਂ ਬਣੀ ਵਰਣ ਵਿਵਸਥਾ ਸਮਾਜ ਵਿਚ ਊਚ-ਨੀਚ ਦਾ ਆਧਾਰ ਬਣ ਗਈ।

ਭਾਰਤ ਵਿਚ ਆਰੀਆ ਅਤੇ ਪ੍ਰਾਚੀਨ ਕਾਲ ਤੋਂ ਇਥੇ ਵਸਣ ਵਾਲੇ (ਆਦਿ ਵਾਸੀ) ਅਨ-ਆਰੀਆ ਦੇ ਸੰਘਰਸ਼ ਅਤੇ ਮੇਲ-ਜੋਲ ਦੀ ਕਹਾਣੀ ਬੜੀ ਦਿਲਚਸਪ ਹੈ। ਆਰੀਆ ਕੋਲ ਚੰਗੇ ਹਥਿਆਰ ਸਨ ਅਤੇ ਇਥੇ ਦੇ ਮੂਲ ਨਿਵਾਸੀਆਂ ਨੂੰ ਦਬਾਅ ਕੇ ਆਪਣਾ ਦਾਸ (ਗੁਲਾਮ) ਬਣਾਉਣ ਦੀ ਬੜੀ ਇੱਛਾ ਤੇ ਯੋਗਤਾ ਵੀ ਸੀ। ਉਹ ਆਰੀਆ ਵਰਤ (ਅੱਜ ਦਾ ਪੰਜਾਬ ਤੇ ਸਰਹੱਦੀ ਇਲਾਕਾ) ਤੋਂ ਅੱਗੇ ਵਧਦੇ-ਵਧਦੇ ਸਾਰੇ ਦੇਸ਼ ਵਿਚ ਫੈਲਣ ਲੱਗ ਪਏ। ਹਾਰੇ ਹੋਏ ਮੂਲ ਨਿਵਾਸੀ ਉਨ੍ਹਾਂ ਦੇ ਦਾਸ ਬਣਦੇ ਗਏ ਅਤੇ ਸ਼ੂਦਰਾਂ ਵਿਚ ਸ਼ਾਮਿਲ ਹੁੰਦੇ ਗਏ।

ਵਿਦਵਾਨਾਂ ਦਾ ਵਿਚਾਰ ਹੈ ਕਿ ਆਰੀਆ ਦੇ ਪੂਰਵਜ ਈਸਾ ਤੋਂ 5 ਹਜ਼ਾਰ ਵਰ੍ਹੇ ਪਹਿਲਾਂ ਮੱਧ ਏਸ਼ੀਆ ਤੋਂ ਹੋਰ ਦੇਸ਼ਾਂ ਵੱਲ ਫੈਲਣੇ ਸ਼ੁਰੂ ਹੋਏ। ਭਾਰਤ ਵਿਚ ਉਨ੍ਹਾਂ ਨੇ ਮੂਲ ਨਿਵਾਸੀਆਂ (ਦ੍ਰਾਵਿੜਾਂ) ਉਤੇ ਆਪਣਾ ਗਲਬਾ ਪਾ ਲਿਆ, ਪਰ ਅਜਿਹੇ ਸ਼ੂਦਰਾਂ ਦੀਆਂ ਔਰਤਾਂ ਨਾਲ ਵਿਆਹ ਕਰਾਉਣ ਦੀ ਮਨਾਹੀ ਕਰ ਦਿੱਤੀ, ਕਿਉਂਕਿ ਉਹ ਇਹ ਨਹੀਂ ਚਾਹੁੰਦੇ ਸਨ ਕਿ ਸ਼ੂਦਰਾਂ ਦਾ ਖੂਨ ਆਰੀਆ ਦੇ ਖੂਨ ਨਾਲ ਰਲੇ।

ਸ਼ਾਸਤਰਾਂ ਵਿਚ ਸਦਾ ਹੀ ਸ਼ੂਦਰਾਂ ਨੂੰ ਅਧਮ (ਨੀਵੀਂ) ਜਾਤ ਦਾ ਸਮਝਿਆ ਗਿਆ। ਚਾਰੇ ਵਰਣਾਂ ਦੀ ਕਰਮ-ਵੰਡ ਵੱਖਰੀ-ਵੱਖਰੀ ਮੰਨੀ ਗਈ। ਸ਼ੂਦਰ ਦਾ ਕੰਮ ਸਿਰਫ ਦੂਜੇ ਵਰਣਾਂ ਦੀ ਸੇਵਾ ਕਰਨਾ ਸਮਝਿਆ ਗਿਆ।

ਪਹਿਲਾਂ ਚਾਰ ਵਰਣ ਸਨ- ਬ੍ਰਾਹਮਣ, ਕਸ਼ੱਤਰੀ, ਵੈਸ਼ ਤੇ ਸ਼ੂਦਰ। ਫਿਰ ਸ਼ੂਦਰਾਂ ਵਿਚ ਵੀ ਦੋ ਵਰਣ ਬਣ ਗਏ। ਇਕ ਉਹ ਸ਼ੂਦਰ ਜਿਨ੍ਹਾਂ ਦੇ ਹੱਥ ਦਾ ਪਾਣੀ ਪੀਤਾ ਜਾ ਸਕਦਾ ਸੀ, ਜਿਹੜੇ ਛੂਹੇ ਜਾ ਸਕਦੇ ਸਨ। ਦੂਜੇ ਸ਼ੂਦਰ ਅਛੂਤ ਸਨ, ਉਨ੍ਹਾਂ ਦੇ ਹੱਥ ਦਾ ਪਾਣੀ ਵੀ ਨਹੀਂ ਪੀਤਾ ਜਾ ਸਕਦਾ ਜਿਹੜੇ ਅੱਜ ਸੱਚਮੁੱਚ ਦਲਿਤ ਹਨ। ਸਮਾਜ ਵਿਚ ਅੱਜ ਜਿਨ੍ਹਾਂ ਨੂੰ ਹੋਰ ਪਛੜੀਆਂ ਜਾਤੀਆਂ (ਓ.ਬੀ.ਸੀ.) ਕਿਹਾ ਹੈ, ਉਹ ਛੂਹਣਯੋਗ ਸ਼ੂਦਰ ਹਨ। ਭਾਰਤ ਵਿਚ ਇਨ੍ਹਾਂ ਦੀ ਗਿਣਤੀ ਤਕਰੀਬਨ ਅੱਧੀ ਹੈ। ਮੰਡਲ ਕਮਿਸ਼ਨ ਦੀ ਸਿਫਾਰਸ਼ ਇਹ ਸੀ ਕਿ ਇਨ੍ਹਾਂ ਜਾਤੀਆਂ ਨੂੰ 29 ਫੀਸਦੀ ਰਾਖਵਾਂਕਰਨ ਦਿੱਤਾ ਜਾਵੇ।

ਬਾਹਰਲੇ ਮੁਲਕਾਂ ਤੋਂ ਬਹੁਤ ਸਾਰੀਆਂ ਨਸਲਾਂ ਦੇ ਬਹੁਤ ਸਾਰੇ ਬੰਦੇ ਇਸ ਦੇਸ਼ ਵਿਚ ਆਏ, ਜਿਵੇਂ ਜਾਟ (ਜੱਟ), ਗੁੱਜਰ, ਹੂਣ, ਸ਼ਕ ਆਦਿ। ਇਹ ਨਾ ਬ੍ਰਾਹਮਣ ਸਨ, ਨਾ ਕਸ਼ੱਤਰੀ ਤੇ ਨਾ ਵੈਸ਼। ਇਨ੍ਹਾਂ ਨੂੰ ਸ਼ੂਦਰਾਂ ਦੀ ਸ਼੍ਰੇਣੀ ਵਿਚ ਸਮਝਿਆ ਗਿਆ, ਪਰ ਕਿਉਂਕਿ ਸਵਰਨ ਜਾਤੀਆਂ ਨੂੰ ਖੇਤੀ ਕਰਨ ਲਈ ਔਜ਼ਾਰ ਬਣਾਉਣ, ਘਰਾਂ ਦੀ ਉਸਾਰੀ ਲਈ, ਕੱਪੜੇ ਧੋਣ ਤੇ ਸਿਲਵਾਉਣ ਲਈ ਲੋਕਾਂ ਦੀ ਲੋੜ ਸੀ, ਇਸ ਲਈ ਇਨ੍ਹਾਂ ਨੂੰ ਛੂਹਣ ਯੋਗ ਸ਼ੂਦਰਾਂ ਦੀ ਸ਼੍ਰੇਣੀ ਵਿਚ ਸ਼ਾਮਿਲ ਕਰ ਲਿਆ ਗਿਆ। ਹੋਰ ਨਿਚਲੇ ਕੰਮਾਂ ਜਿਵੇਂ ਗੰਦਗੀ ਸਾਫ਼ ਕਰਨ, ਮਰੇ ਹੋਏ ਪਸ਼ੂਆਂ ਦੀ ਖੱਲ ਲਾਹੁਣ, ਜੁੱਤੀਆਂ ਗੰਢਣ ਵਰਗੇ ਕੰਮਾਂ ਲਈ ਜਿਹੜੇ ਲੋਕੀਂ ਲੱਗੇ, ਉਹ ਅਛੂਤ ਸ਼ੂਦਰ ਹੋ ਗਏ।

> *ਦਲਿਤਾਂ ਬਾਰੇ ਡਾ. ਅੰਬੇਡਕਰ ਨੇ ਮੰਤਰ ਦਿੱਤਾ ਸੀ ਜਿਹੜਾ ਅੱਜ ਵੀ ਬੜਾ ਸਾਰਥਕ ਹੈ। ਉਨ੍ਹਾਂ ਕਿਹਾ ਸੀ, "ਖੂਬ ਪੜ੍ਹੋ, ਇਕੱਠੇ ਹੋਵੋ ਅਤੇ ਸੰਘਰਸ਼ ਕਰੋ।" ਉਨ੍ਹਾਂ ਨੂੰ ਵਿਤਕਰੇ ਨਾਲ ਭਰੇ ਧਰਮ ਸ਼ਾਸਤਰਾਂ ਨੂੰ ਤਰਜੀਹ ਦੇਣ ਵਾਲੇ ਧਰਮ ਨੂੰ ਛੱਡਣਾ ਜ਼ਰੂਰੀ ਲੱਗਾ ਸੀ, ਪਰ ਉਹ ਇਹ ਵੀ ਜਾਣਦੇ ਸਨ ਕਿ ਸਿਰਫ ਧਰਮ ਬਦਲਣ ਨਾਲ ਲੋਕਾਂ ਦੀ ਮਾਨਸਿਕਤਾ ਨਹੀਂ ਬਦਲੇਗੀ। ਇਸ ਲਈ ਉਨ੍ਹਾਂ ਨੇ ਦਲਿਤਾਂ ਲਈ ਵੱਧ ਤੋਂ ਵੱਧ ਪੜ੍ਹਨਾ-ਲਿਖਣਾ ਜ਼ਰੂਰੀ ਸਮਝਿਆ। ਉਨ੍ਹਾਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਲਈ ਵੀ ਪ੍ਰੇਰਿਆ ਸੀ। ਉਨ੍ਹਾਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਲਈ ਵੀ ਪ੍ਰੇਰਿਆ ਸੀ।*

ਉਤਲੀ ਸ਼੍ਰੇਣੀ ਦੇ ਸ਼ੂਦਰਾਂ ਲਈ ਖੇਤੀਬਾੜੀ ਤੋਂ ਇਲਾਵਾ ਅੱਗੇ ਵਧਣ ਲਈ ਹੋਰ ਬਹੁਤ ਸਾਰੇ ਰਾਹ ਖੁੱਲ੍ਹ ਗਏ। ਉਨ੍ਹਾਂ ਦੀਆਂ ਵੱਡੀਆਂ ਜ਼ਿਮੀਂਦਾਰੀਆਂ ਬਣ ਗਈਆਂ। ਉਹ ਰਜਵਾੜਿਆਂ ਦੀਆਂ ਫੌਜਾਂ ਵਿਚ ਵੀ ਸ਼ਾਮਿਲ ਹੋਣ ਲੱਗ ਪਏ। ਫਿਰ ਉਹ ਵੀ ਆਪਣੇ ਰਾਜ ਕਾਇਮ ਕਰਨ ਲੱਗ ਪਏ ਅਤੇ ਰਾਜਿਆਂ ਦੀ ਸ਼੍ਰੇਣੀ ਵਿਚ ਆ ਗਏ। ਉੱਤਰ ਭਾਰਤ ਵਿਚ ਜੱਟ ਤੇ ਗੁੱਜਰ ਰਜਵਾੜੇ ਬਣ ਗਏ। ਮਹਾਰਾਸ਼ਟਰ ਵਿਚ ਮਰਾਠੇ ਵੀ ਇਸੇ ਸ਼੍ਰੇਣੀ ਵਿਚ ਸਨ। ਸ਼ਿਵਾ ਜੀ ਮਰਾਠਾ ਸਨ। ਬ੍ਰਾਹਮਣ ਪੁਰੋਹਿਤ ਉਨ੍ਹਾਂ ਨੂੰ ਕਸ਼ੱਤਰੀਆਂ ਦੀ ਸ਼੍ਰੇਣੀ ਵਿਚ ਨਹੀਂ ਸਮਝਦੇ ਸਨ। ਇਸ ਲਈ ਮਹਾਰਾਸ਼ਟਰ ਵਿਚ ਬਹੁਤ ਸਾਰੇ ਇਲਾਕਿਆਂ ਦੇ ਮਾਲਕ ਬਣ ਜਾਣ ਦੇ ਬਾਵਜੂਦ ਬ੍ਰਾਹਮਣ ਪੁਰੋਹਿਤ ਉਨ੍ਹਾਂ ਦੇ ਮੱਥੇ 'ਤੇ ਤਿਲਕ ਲਗਾ ਕੇ ਉਨ੍ਹਾਂ ਨੂੰ ਛੱਤਰਪਤੀ (ਮਹਾਰਾਜਾ) ਬਣਾਉਣ ਨੂੰ ਤਿਆਰ ਨਹੀਂ ਸਨ। ਇਸ ਕੰਮ ਲਈ ਕਾਸ਼ੀ ਤੋਂ ਕੁਝ ਬ੍ਰਾਹਮਣਾਂ ਨੂੰ ਕੁਝ ਰਿਸ਼ਵਤ ਦੇ ਕੇ ਰਾਇਗੜ੍ਹ ਲਿਆਂਦਾ ਗਿਆ ਸੀ। ਇਨ੍ਹਾਂ ਬ੍ਰਾਹਮਣਾਂ ਨੇ ਇਹ ਸਾਬਤ ਕਰਨ ਦਾ ਯਤਨ ਕੀਤਾ ਕਿ ਸ਼ਿਵਾ ਜੀ ਦੇ ਪੂਰਵਜ ਰਾਜਸਥਾਨ ਦੇ ਰਾਜਪੂਤ ਸਨ। ਇਸ ਸਹਾਰੇ ਉਨ੍ਹਾਂ ਨੂੰ ਰਾਜਗੱਦੀ 'ਤੇ ਬਿਠਾ ਕੇ ਤਿਲਕ ਲਗਾਇਆ ਗਿਆ। ਇੰਜ ਉਹ ਛਤਰਪਤੀ ਸ਼ਿਵਾ ਜੀ ਬਣੇ।

ਇਹ ਵੀ ਦੁਖਾਂਤ ਹੀ ਹੈ ਕਿ ਅੱਜ ਦਲਿਤ ਸਮਾਜ ਉਤੇ ਜਿਹੜੇ ਜ਼ੁਲਮ ਹੁੰਦੇ ਹਨ, ਉਹ ਸਵਰਨ ਜਾਤੀਆਂ- ਬ੍ਰਾਹਮਣਾਂ, ਰਾਜਪੂਤਾਂ ਜਾਂ ਵੈਸ਼ਾਂ ਵੱਲੋਂ ਇੰਨੇ ਨਹੀਂ ਹੁੰਦੇ, ਜਿੰਨੇ ਵਿਚਕਾਰਲੀਆਂ ਜਾਤੀਆਂ ਭਾਵ ਉਪਰਲੀ ਸ਼੍ਰੇਣੀ ਦੇ ਸ਼ੂਦਰਾਂ ਵੱਲੋਂ ਹੁੰਦੇ ਹਨ। ਮਰਾਠੇ, ਜੱਟ (ਜਾਟ), ਯਾਦਵ, ਕੁਰਮੀ ਵਰਗੀਆਂ ਸ਼੍ਰੇਣੀਆਂ ਵੱਲੋਂ ਹੁੰਦੇ ਹਨ। ਹੁਣ ਦਲਿਤ ਸ਼੍ਰੇਣੀ ਦੇ ਲੋਕਾਂ ਵਿਚ ਜਾਗ੍ਰਿਤੀ ਵਧ ਰਹੀ ਹੈ। ਉਹ ਹੁਣ ਜ਼ੁਲਮ ਬਰਦਾਸ਼ਤ ਨਹੀਂ ਕਰਦੇ। ਉਨ੍ਹਾਂ ਦੇ ਸੁਆਰਥ ਟਕਰਾਉਣ ਲੱਗ ਪਏ ਹਨ ਅਤੇ ਆਪਸੀ ਸੰਘਰਸ਼ ਵਧ ਰਿਹਾ ਹੈ। ਦੇਸ਼ ਦੀ ਰਾਜਨੀਤੀ ਵਿਚ ਸੱਤਾ ਦੀ ਪ੍ਰਾਪਤੀ ਦੀ ਹੋੜ ਵਿਚ ਦਲਿਤ ਵੀ ਸ਼ਾਮਿਲ ਹੋ ਗਏ ਹਨ ਅਤੇ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਦਲਿਤਾਂ ਨੂੰ ਨਜ਼ਰਅੰਦਾਜ਼ ਕਰ ਕੇ ਰਾਜਨੀਤੀ ਵਿਚ ਕਾਮਯਾਬੀ ਹਾਸਲ ਨਹੀਂ ਕੀਤੀ ਜਾ ਸਕਦੀ।

ਉਂਜ ਇਸ ਨਾਲ ਦਲਿਤ ਸਮੱਸਿਆ ਦਾ ਹੱਲ ਨਹੀਂ ਮਿਲਦਾ। ਸਾਰੇ ਧਰਮ ਸ਼ਾਸਤਰ ਦਲਿਤ-ਵਿਰੋਧੀ ਹਨ। ਦੇਸ਼ ਦਾ ਕਾਨੂੰਨ ਲੋਕਾਂ ਦੀ ਮਾਨਸਿਕਤਾ ਨਹੀਂ ਬਦਲ ਸਕਦਾ। ਗੌਤਮ ਬੁੱਧ ਤੋਂ ਲੈ ਕੇ ਮਹਾਤਮਾ ਗਾਂਧੀ ਤੱਕ ਅਜਿਹੀ ਜ਼ਹਿਨੀਅਤ ਨੂੰ ਬਦਲਣ ਦੇ ਬਹੁਤ ਯਤਨ ਹੋਏ ਹਨ, ਪਰ ਉਨ੍ਹਾਂ ਨੂੰ ਕਾਮਯਾਬੀ ਨਹੀਂ ਮਿਲੀ। ਦਲਿਤ ਸਮਾਜ ਦੀ ਮੁਕਤੀ ਲਈ ਡਾ. ਭੀਮ ਰਾਓ ਅੰਬੇਡਕਰ ਨੇ ਸਾਰੀ ਉਮਰ ਯਤਨ ਕੀਤੇ, ਪਰ ਖਿਝ ਕੇ ਉਹ ਇਸ ਨਤੀਜੇ 'ਤੇ ਪੁੱਜੇ ਕਿ ਅਜਿਹੇ ਧਰਮ ਗ੍ਰੰਥਾਂ ਦੀ ਹੋਂਦ ਵਿਚ ਰਹਿੰਦਿਆਂ ਲੋਕਾਂ ਦੀ ਮਾਨਸਿਕਤਾ ਨਹੀਂ ਬਦਲ ਸਕਦੀ। ਉਨ੍ਹਾਂ ਨੇ ਐਲਾਨ ਕੀਤਾ ਸੀ- "ਮੈਂ ਹਿੰਦੂ ਦੇ ਤੌਰ 'ਤੇ ਜਨਮਿਆ ਜ਼ਰੂਰ ਹਾਂ, ਪਰ ਹਿੰਦੂ ਰਹਿ ਕੇ ਮਰਾਂਗਾ ਨਹੀਂ।" ਇਸ ਬਾਰੇ ਉਹ ਲੰਮਾ ਚਿਰ ਵਿਚਾਰ ਕਰਦੇ ਰਹੇ। ਅਖੀਰ 1956 ਵਿਚ ਨਾਗਪੁਰ ਵਿਚ ਲੱਖਾਂ ਬੰਦਿਆਂ ਦੀ ਹਾਜ਼ਰੀ ਵਿਚ ਉਨ੍ਹਾਂ ਨੇ ਹਿੰਦੂ ਧਰਮ ਛੱਡ ਕੇ ਬੁੱਧ ਧਰਮ ਸਵੀਕਾਰ ਕਰ ਲਿਆ।

ਦਲਿਤਾਂ ਬਾਰੇ ਡਾ. ਅੰਬੇਡਕਰ ਨੇ ਮੰਤਰ ਦਿੱਤਾ ਸੀ ਜਿਹੜਾ ਅੱਜ ਵੀ ਬੜਾ ਸਾਰਥਕ ਹੈ। ਉਨ੍ਹਾਂ ਕਿਹਾ ਸੀ, "ਖੂਬ ਪੜ੍ਹੋ, ਇਕੱਠੇ ਹੋਵੋ ਅਤੇ ਸੰਘਰਸ਼ ਕਰੋ।" ਉਨ੍ਹਾਂ ਨੂੰ ਵਿਤਕਰੇ ਨਾਲ ਭਰੇ ਧਰਮ ਸ਼ਾਸਤਰਾਂ ਨੂੰ ਤਰਜੀਹ ਦੇਣ ਵਾਲੇ ਧਰਮ ਨੂੰ ਛੱਡਣਾ ਜ਼ਰੂਰੀ ਲੱਗਾ ਸੀ, ਪਰ ਉਹ ਇਹ ਵੀ ਜਾਣਦੇ ਸਨ ਕਿ ਸਿਰਫ ਧਰਮ ਬਦਲਣ ਨਾਲ ਲੋਕਾਂ ਦੀ ਮਾਨਸਿਕਤਾ ਨਹੀਂ ਬਦਲੇਗੀ। ਇਸ ਲਈ ਉਨ੍ਹਾਂ ਨੇ ਦਲਿਤਾਂ ਲਈ ਵੱਧ ਤੋਂ ਵੱਧ ਪੜ੍ਹਨਾ-ਲਿਖਣਾ ਜ਼ਰੂਰੀ ਸਮਝਿਆ। ਉਨ੍ਹਾਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਲਈ ਵੀ ਪ੍ਰੇਰਿਆ ਸੀ।

# ਪੰਜਾਬ ਹਾਲੋਂ ਹੋਇਆ ਬੇਹਾਲ



***ਪੰਜਾਬ ਇਸ ਸਮੇਂ ਇੱਕ ਹੋਰ ਗੰਭੀਰ ਸਮੱਸਿਆ ਵਿਚ ਫਸਿਆ ਹੋਇਆ ਹੈ। ਲੁੱਟਾਂ-ਖੋਹਾਂ, ਚੋਰੀਆਂ, ਠੱਗੀਆਂ ਆਮ ਵਰਤਾਰਾ ਬਣ ਗਿਆ ਹੈ। ਪਿਛਲੇ ਸਮੇਂ ਵਿਚ ਵਿਦੇਸ਼ ਭੇਜਣ ਦੇ ਨਾਂ 'ਤੇ ਲੋਕਾਂ ਨਾਲ ਵੱਡੀਆਂ ਠੱਗੀਆਂ ਮਾਰੀਆਂ ਗਈਆਂ ਹਨ। ਮੁੰਡੇ-ਕੁੜੀਆਂ ਨੂੰ ਵਿਆਹ ਦੇ ਝਾਂਸੇ ਦੇ ਕੇ ਇਹ ਕੁਕਰਮ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਹੈ। ਪੰਜਾਬ 'ਚ ਬਹੁਤ ਸਾਰੀਆਂ ਚਿੱਟ ਫੰਡ ਕੰਪਨੀਆਂ ਨੇ ਲੋਕਾਂ ਦੇ ਕਰੋੜਾਂ ਰੁਪਏ ਮਾਰ ਲਏ ਹਨ। ਏ.ਟੀ.ਐਮ. ਲੁੱਟੇ ਜਾ ਰਹੇ ਹਨ। ਹਾਲ ਹੀ ਵਿਚ ਖੰਨੇ ਨੇੜੇ ਕੁਝ ਹਥਿਆਰਬੰਦ ਬੰਦਿਆਂ ਵੱਲੋਂ ਬੱਸ ਲੁੱਟਣ ਨਾਲ ਸੂਬੇ ਦੀ ਅਮਨ ਕਾਨੂੰਨ ਦੀ ਸਥਿਤੀ 'ਤੇ ਸੁਆਲੀਆ ਚਿੰਨ੍ਹ ਲਗਾ ਦਿੱਤਾ ਹੈ। ਅਜਿਹੀਆਂ ਲੁੱਟਾਂ-ਖੋਹਾਂ, ਠੱਗੀਆਂ ਅਤੇ ਚੋਰੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ, ਸਗੋਂ ਨਿਰੰਤਰ ਵਧ ਰਹੀਆਂ ਹਨ।***

ਪੰਜਾਬ ਹਰ ਰੋਜ਼ ਬਦਅਮਨੀ ਅਤੇ ਅਰਾਜਕਤਾ ਵੱਲ ਵਧ ਰਿਹਾ ਹੈ। ਇਸ ਦੇ ਦਿਨੋ-ਦਿਨ ਖ਼ਰਾਬ ਹੋ ਰਹੇ ਹਾਲਾਤ ਲਈ ਸਰਕਾਰ ਅਤੇ ਅਫ਼ਸਰਸ਼ਾਹੀ ਜ਼ਿੰਮੇਵਾਰ ਹੈ। ਇਸ ਸਮੇਂ ਸਮੁੱਚੇ ਪੰਜਾਬ ਵਿਚ ਅਜੀਬ ਕਿਸਮ ਦੀ ਹਿੱਲਜੁਲ ਹੈ। ਕੋਈ ਬੰਦਾ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਪਿੰਡਾਂ ਅਤੇ ਸ਼ਹਿਰਾਂ ਵਿਚ ਇਸ ਹੱਦ ਤਕ ਗੰਦਗੀ ਫੈਲ ਚੁੱਕੀ ਹੈ ਕਿ ਹੁਣ ਇਨ੍ਹਾਂ ਵਿਚ ਰਹਿਣਾ ਮੁਸ਼ਕਲ ਹੋ ਗਿਆ ਹੈ। ਪੰਜਾਬ

ਸੁਰਜੀਤ ਬਰਾੜ

ਗੰਦਗੀ ਕਾਰਨ ਨਰਕ ਬਣ ਗਿਆ ਹੈ। ਪਿੰਡ ਅਤੇ ਸ਼ਹਿਰ ਬੇਹੱਦ ਪ੍ਰਦੂਸ਼ਿਤ ਹੋ ਚੁੱਕੇ ਹਨ। ਪੰਜਾਬ ਦੀ ਹਵਾ, ਪਾਣੀ, ਮਿੱਟੀ ਦੂਸ਼ਿਤ ਹੋ ਚੁੱਕੀ ਹੈ। ਕੈਂਸਰ, ਪੀਲੀਆ ਅਤੇ ਹੋਰ ਨਾਮੁਰਾਦ ਰੋਗ ਘਰ-ਘਰ ਵਿਚ ਪੈਰ ਪਸਾਰ ਚੁੱਕੇ ਹਨ। ਦਰਿਆਵਾਂ ਦੀ ਧਰਤੀ 'ਤੇ ਮੁੱਲ ਦਾ ਪਾਣੀ ਪੀਣਾ ਪੈ ਰਿਹਾ ਹੈ। ਪੰਜਾਬ ਦੇ ਲੋਕਾਂ ਨੇ ਇਹ ਵੀ ਦਿਨ ਦੇਖਣੇ ਸਨ।

ਪੰਜਾਬ ਇਸ ਸਮੇਂ ਇੱਕ ਹੋਰ ਗੰਭੀਰ ਸਮੱਸਿਆ ਵਿਚ ਫਸਿਆ ਹੋਇਆ ਹੈ। ਲੁੱਟਾਂ-ਖੋਹਾਂ, ਚੋਰੀਆਂ, ਠੱਗੀਆਂ ਆਮ ਵਰਤਾਰਾ ਬਣ ਗਿਆ ਹੈ। ਪਿਛਲੇ ਸਮੇਂ ਵਿਚ ਵਿਦੇਸ਼ ਭੇਜਣ ਦੇ ਨਾਂ 'ਤੇ ਲੋਕਾਂ ਨਾਲ ਵੱਡੀਆਂ ਠੱਗੀਆਂ ਮਾਰੀਆਂ ਗਈਆਂ ਹਨ। ਮੁੰਡੇ-ਕੁੜੀਆਂ ਨੂੰ ਵਿਆਹ ਦੇ ਝਾਂਸੇ ਦੇ ਕੇ ਇਹ ਕੁਕਰਮ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ। ਪੰਜਾਬ 'ਚ ਬਹੁਤ ਸਾਰੀਆਂ ਚਿੱਟ ਫੰਡ ਕੰਪਨੀਆਂ ਨੇ ਲੋਕਾਂ ਦੇ ਕਰੋੜਾਂ ਰੁਪਏ ਮਾਰ ਲਏ ਹਨ। ਏ.ਟੀ.ਐਮ. ਲੁੱਟੇ ਜਾ ਰਹੇ ਹਨ। ਹਾਲ ਹੀ ਵਿਚ ਖੰਨੇ ਨੇੜੇ ਕੁਝ ਹਥਿਆਰਬੰਦ ਬੰਦਿਆਂ ਵੱਲੋਂ ਇੱਕ ਬੱਸ ਲੁੱਟਣ ਨਾਲ ਸੂਬੇ ਦੀ ਅਮਨ ਕਾਨੂੰਨ ਦੀ ਸਥਿਤੀ 'ਤੇ ਸੁਆਲੀਆ ਚਿੰਨ੍ਹ ਲਗਾ ਦਿੱਤਾ ਹੈ। ਅਜਿਹੀਆਂ ਲੁੱਟਾਂ-ਖੋਹਾਂ, ਠੱਗੀਆਂ ਅਤੇ ਚੋਰੀਆਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ, ਸਗੋਂ ਨਿਰੰਤਰ ਵਧ ਰਹੀਆਂ ਹਨ।

ਪੰਜਾਬ ਪੁਲਿਸ ਦੀ ਜਿੰਨੀ ਬਦਨਾਮੀ ਹੈ, ਸ਼ਾਇਦ ਹੀ ਦੇਸ਼ ਦੇ ਕਿਸੇ ਹੋਰ ਸੂਬੇ ਦੀ ਪੁਲਿਸ ਦੀ ਹੋਵੇ। ਪੁਲਿਸ ਰਿਸ਼ਵਤ ਨੂੰ ਆਪਣਾ ਹੱਕ ਸਮਝਦੀ ਹੈ। ਜਬਰ-ਜ਼ੁਲਮ ਅਤੇ ਤਸ਼ੱਦਦ ਕਰਨ ਸਮੇਂ ਜਿਸ ਕਿਸਮ ਦੇ ਉਹ ਤੀਜੇ ਦਰਜੇ ਦੇ ਸਾਧਨ ਵਰਤਦੀ ਹੈ, ਉਨ੍ਹਾਂ ਨੂੰ ਸੁਣ-ਦੇਖ ਕੇ ਹੈਰਾਨੀ ਹੀ ਨਹੀਂ ਹੁੰਦੀ, ਸਗੋਂ ਸ਼ਰਮ ਨਾਲ ਸਿਰ ਝੁਕਦਾ ਹੈ। ਪਿਛਲੇ ਦਿਨੀਂ ਪੰਜਾਬ ਵਿਚ ਜਬਰ-ਜਨਾਹ ਦੇ ਕਿੰਨੇ ਹੀ ਕੇਸ ਸਾਹਮਣੇ ਆਏ ਹਨ, ਪਰ ਪੁਲਿਸ ਨੇ ਕੋਈ ਠੋਸ ਕਾਰਵਾਈ ਨਹੀਂ ਕੀਤੀ। ਬਲਾਤਕਾਰੀਆਂ, ਬਦਮਾਸ਼ਾਂ ਅਤੇ ਠੱਗਾਂ-ਚੋਰਾਂ ਦਾ ਪੱਖ ਪੂਰਨਾ ਪੁਲਿਸ ਦਾ ਕਸਬ ਬਣ ਗਿਆ ਹੈ। ਮੰਤਰੀ ਅਤੇ ਅਫ਼ਸਰ ਵੀ ਗੁਨਾਹਗਾਰਾਂ ਨੂੰ ਬਚਾਉਣ ਲਈ ਯਤਨਸ਼ੀਲ ਰਹਿੰਦੇ ਹਨ। ਪੰਜਾਬ 'ਚ ਇਸ ਕਿਸਮ ਦੇ ਅਨਿਆਂ, ਧੱਕੇ ਅਤੇ ਜ਼ਿਆਦਤੀਆਂ ਆਮ ਵਰਤਾਰੇ ਬਣ ਗਏ ਹਨ। ਆਮ ਬੰਦੇ ਨੂੰ ਇਨਸਾਫ਼ ਨਹੀਂ ਮਿਲ ਰਿਹਾ।

ਪੰਜਾਬ 'ਚ ਬੱਚੇ-ਬੱਚੀਆਂ ਅਤੇ ਮੁੰਡੇ ਕੁੜੀਆਂ ਨੂੰ ਅਗਵਾ ਕਰਨ ਦੀਆਂ ਅਨੇਕ ਘਟਨਾਵਾਂ ਵਾਪਰ ਚੁੱਕੀਆਂ ਹਨ। ਇਕੱਲੇ ਫ਼ਰੀਦਕੋਟ ਜ਼ਿਲ੍ਹੇ ਵਿਚ ਹੀ 30 ਨੌਜਵਾਨ ਮੁੰਡੇ-ਕੁੜੀਆਂ ਅਗਵਾ ਹੋ ਚੁੱਕੇ ਹਨ। ਪੁਲਿਸ ਇੱਕ ਵੀ ਮੁੰਡੇ-ਕੁੜੀ ਨੂੰ ਲੱਭ ਨਹੀਂ ਸਕੀ। ਪੰਜਾਬ 'ਚ ਵੱਡੀ ਪੱਧਰ 'ਤੇ ਮੁੰਡੇ-ਕੁੜੀਆਂ ਅਤੇ ਮਰਦ-ਔਰਤਾਂ ਲਾਪਤਾ ਹਨ। ਪੁਲਿਸ ਇਸ ਕਰ ਕੇ ਸੁੱਤੀ ਹੋਈ ਹੈ, ਕਿਉਂਕਿ ਸਰਕਾਰ ਸੁੱਤੀ ਹੋਈ ਹੈ। ਸਰਕਾਰ ਜਾਗੇ ਤਾਂ ਪੁਲਿਸ ਜਾਗਣ ਲਈ ਮਜਬੂਰ ਹੋਵੇ।

ਪੰਜਾਬ ਇਸ ਸਮੇਂ ਪੂੰਜੀਵਾਦੀ ਵਿਸ਼ਵੀਕਰਨ ਦੀ ਮਾਰ ਹੇਠ ਆਇਆ ਹੋਇਆ ਹੈ। ਸੂਬੇ ਦਾ ਕਿਸਾਨੀ-ਸੰਕਟ ਚਰਮਸੀਮਾ 'ਤੇ ਪੁੱਜ ਚੁੱਕਾ ਹੈ। ਵਿਸ਼ਵੀਕਰਨ ਨੇ ਪੰਜਾਬ ਦੇ ਰਿਸ਼ਤਾ-ਨਾਤਾ ਪ੍ਰਬੰਧ ਨੂੰ ਬੁਰੀ ਤਰ੍ਹਾਂ ਭੰਨ ਤੋੜ ਦਿੱਤਾ ਹੈ। ਘਰ-ਪਰਿਵਾਰਾਂ ਵਿਚ ਤਣਾਓ, ਟਕਰਾਓ ਅਤੇ ਲੜਾਈ-ਝਗੜੇ ਨਿਰੰਤਰ ਵਧ ਰਹੇ ਹਨ। ਮਾਮੂਲੀ ਗੱਲ ਤੋਂ ਹੀ ਕਤਲ ਅਤੇ ਮਾਰਕੁੱਟ ਹੋਣ ਲੱਗ ਪਈ ਹੈ। ਧੱਕੇ, ਅਨਿਆਂ ਅਤੇ ਗੁੰਡਾਗਰਦੀ ਵਿਚ ਕਾਫ਼ੀ ਵਾਧਾ ਹੋ ਚੁੱਕਾ ਹੈ। ਗੁੰਡਾਗਰਦੀ ਦੀਆਂ ਘਟਨਾਵਾਂ ਪੰਜਾਬ ਵਿਚ ਨਿੱਤ ਵਾਪਰਦੀਆਂ ਹਨ। ਕਾਨੂੰਨ ਦੀ ਹਾਲਤ ਬਦਤਰ ਹੋ ਚੁੱਕੀ ਹੈ। ਹਰ ਕੋਈ ਕਾਨੂੰਨ ਆਪਣੇ ਹੱਥਾਂ ਵਿਚ ਲਈ ਫਿਰਦਾ ਹੈ।

ਸਮੁੱਚੇ ਪੰਜਾਬ ਦੇ ਲੋਕ ਸੰਘਰਸ਼ ਦੇ ਰਸਤੇ ਪਏ ਹੋਏ ਹਨ। ਪੇਂਡੂ ਦਲਿਤ ਸਰਕਾਰ ਤੋਂ ਪੰਜ-ਪੰਜ ਮਰਲਿਆਂ ਦੇ ਪਲਾਟਾਂ ਦੀ ਮੰਗ ਕਰ ਰਹੇ ਹਨ। ਲਗਪਗ ਪੰਜਾਬ ਦੇ ਸਭ ਪਿੰਡਾਂ ਵਿਚ ਪੰਚਾਇਤਾਂ ਕੋਲ ਸਾਂਝੀ ਜ਼ਮੀਨ ਹੈ। ਇਸ ਜ਼ਮੀਨ ਦੇ 33 ਫ਼ੀਸਦੀ ਹਿੱਸੇ 'ਤੇ ਦਲਿਤਾਂ ਦਾ ਹੱਕ ਹੈ। ਕਾਨੂੰਨ ਅਨੁਸਾਰ ਉਨ੍ਹਾਂ ਨੂੰ ਠੇਕੇ 'ਤੇ ਜ਼ਮੀਨ ਵਾਹੁਣ ਲਈ ਦੇਣੀ ਚਾਹੀਦੀ ਹੈ, ਪਰ ਆਮ ਕਰ ਕੇ ਕਿਸੇ ਨਾ ਕਿਸੇ ਦਲਿਤ ਦੇ ਨਾਂ 'ਤੇ ਬੋਲੀ ਦੁਆ ਕੇ ਕੋਈ ਨਾ ਕੋਈ ਜ਼ਿਮੀਂਦਾਰ ਹੀ ਜ਼ਮੀਨ ਠੇਕੇ ਉੱਪਰ ਲੈ ਜਾਂਦਾ ਹੈ। ਹੁਣ ਦਲਿਤ ਜਾਗ ਪਏ ਹਨ ਅਤੇ ਉਹ ਆਪਣੇ ਹਿੱਸੇ ਦੀ ਜ਼ਮੀਨ ਆਪ ਠੇਕੇ 'ਤੇ ਲੈਣਾ ਚਾਹੁੰਦੇ ਹਨ। ਇਸ ਹੱਕ ਦੀ ਪ੍ਰਾਪਤੀ ਲਈ ਦਲਿਤ ਸੰਘਰਸ਼ ਕਰ ਰਹੇ ਹਨ। ਕਿਸਾਨ ਵੀ ਆਪਣੀਆਂ ਮੰਗਾਂ/ਹੱਕਾਂ ਲਈ ਹਰ ਜ਼ਿਲ੍ਹੇ ਵਿਚ ਧਰਨੇ-ਮੁਜ਼ਾਹਰੇ ਕਰ ਰਹੇ ਹਨ। ਕਿਸਾਨ ਨਾਕਸ ਬਿਜਲੀ ਪ੍ਰਬੰਧ ਅਤੇ ਦੂਸ਼ਿਤ ਪਾਣੀ ਦਰਿਆਵਾਂ, ਨਹਿਰਾਂ ਵਿਚ ਸੁੱਟਣ ਅਤੇ ਨਸ਼ਿਆਂ ਵਿਰੁੱਧ ਲੜ ਰਹੇ ਹਨ। ਉਨ੍ਹਾਂ ਦੀ ਮੰਗ ਹੈ ਕਿ ਆਰਥਿਕ ਪੱਖੋਂ ਕਮਜ਼ੋਰ ਕਿਸਾਨਾਂ ਨੂੰ ਰਾਂਖਵਾਕਰਨ ਦੀ ਸਹੂਲਤ ਦਿੱਤੀ ਜਾਵੇ। ਡਾ. ਸਵਾਮੀਨਾਥਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਉਨ੍ਹਾਂ ਦੀਆਂ ਫ਼ਸਲਾਂ ਦੇ ਭਾਅ ਦਿੱਤੇ ਜਾਣ। ਬੇਰੁਜ਼ਗਾਰ ਅਧਿਆਪਕ, ਲਾਈਨਮੈਨ, ਨਰਸਾਂ, ਆਸ਼ਾ ਵਰਕਰਾਂ ਅਤੇ ਮਿਡ-ਡੇਅ-ਮੀਲ ਵਰਕਰਾਂ ਦਾ ਲੰਬੇ ਸਮੇਂ ਤੋਂ ਸੰਘਰਸ਼ ਜਾਰੀ ਹੈ। ਰੋਡਵੇਜ਼ ਮੁਲਾਜ਼ਮਾਂ ਅਤੇ ਪੀ.ਆਰ.ਟੀ.ਸੀ. ਕਾਮਿਆਂ ਵੱਲੋਂ ਵੀ ਆਪਣੀਆਂ ਮੰਗਾਂ ਖ਼ਾਤਰ ਸੰਘਰਸ਼ ਕੀਤਾ ਜਾ ਰਿਹਾ ਹੈ। ਸਰਕਾਰ ਇਨ੍ਹਾਂ ਜਨਤਕ ਅਦਾਰਿਆਂ ਨੂੰ ਇਸ ਕਰ ਕੇ ਡੋਬਣ 'ਤੇ ਤੁਲੀ ਹੋਈ ਹੈ ਤਾਂ ਕਿ ਪ੍ਰਾਈਵੇਟ ਟਰਾਂਸਪੋਰਟਾਂ ਨੂੰ ਲਾਭ ਮਿਲ ਸਕੇ। ਇਨ੍ਹਾਂ ਅਦਾਰਿਆਂ ਦੇ ਮੁਲਾਜ਼ਮ ਰੋਡਵੇਜ਼ ਅਤੇ ਪੀ.ਆਰ.ਟੀ.ਸੀ. ਨੂੰ ਬਚਾਉਣ ਲਈ ਯਤਨ ਕਰ ਰਹੇ ਹਨ ਪਰ ਸਰਕਾਰ ਦੇ ਕੰਨ 'ਤੇ ਕੋਈ ਜੂੰ ਨਹੀਂ ਸਰਕ ਰਹੀ। ਜਾਪਦਾ ਹੈ ਕਿ ਸਰਕਾਰ ਇਨ੍ਹਾਂ ਅਦਾਰਿਆਂ ਨੂੰ ਖ਼ਤਮ ਕਰਕੇ ਹੀ ਸਾਹ ਲਵੇਗੀ। ਈ.ਟੀ.ਟੀ. ਅਧਿਆਪਕਾਂ ਦਾ ਸੰਘਰਸ਼ ਵੀ ਖ਼ਤਮ ਨਹੀਂ ਹੋ ਰਿਹਾ। ਬਿਜਲੀ ਮੁਲਾਜ਼ਮਾਂ ਦੀਆਂ ਸਭ ਜਥੇਬੰਦੀਆਂ ਨੇ ਅਗਸਤ ਮਹੀਨੇ ਵਿਚ ਆਪਣੀਆਂ ਮੰਗਾਂ ਲਈ ਸਫ਼ਲ ਹੜਤਾਲ ਕੀਤੀ ਸੀ। ਉਹ ਇਸ ਤੋਂ ਅੱਗੇ ਹੋਰ ਸਖ਼ਤ ਐਕਸ਼ਨ ਕਰਨਗੇ, ਜੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ। ਮੈਡੀਕਲ ਪ੍ਰੈਕਟੀਸ਼ਨਰ ਵੀ ਸਰਕਾਰ ਦਾ ਪਿੱਟ-ਸਿਆਪਾ ਕਰ ਰਹੇ ਹਨ। ਕਿਸਾਨ ਯੂਨੀਅਨਾਂ ਅਤੇ ਪਿੰਡਾਂ ਦੇ ਲੋਕ ਸ਼ਰਾਬ ਦੇ ਠੇਕਿਆਂ ਵਿਰੁੱਧ ਸੰਘਰਸ਼ ਕਰ ਰਹੇ ਹਨ। ਉਹ ਆਪਣੇ ਪਿੰਡਾਂ ਵਿਚ ਠੇਕੇ ਨਹੀਂ ਖੁੱਲ੍ਹਵਾਉਣੇ ਚਾਹੁੰਦੇ, ਪਰ ਸਰਕਾਰ ਨੇ ਧੱਕੇ ਨਾਲ ਠੇਕੇ ਖੋਲ੍ਹੇ ਹੋਏ ਹਨ। ਸਰਕਾਰ ਲੋਕਾਂ ਦੀ ਥਾਂ ਸ਼ਰਾਬ ਦੇ ਠੇਕੇਦਾਰਾਂ ਨੂੰ ਫ਼ਾਇਦਾ ਪਹੁੰਚਾ ਰਹੀ ਹੈ। ਕਹਿਣ ਨੂੰ ਲੋਕਾਂ ਦੀ ਸਰਕਾਰ ਹੈ ਪਰ ਕੰਮ ਲੋਕਾਂ ਹਿੱਤਾਂ ਦੇ ਉਲਟ ਕਰ ਰਹੀ ਹੈ। ਨਗਰ ਨਿਗਮਾਂ ਦੇ ਮੁਲਾਜ਼ਮ ਅਤੇ ਸਫ਼ਾਈ ਸੇਵਕ ਵੀ ਹੜਤਾਲਾਂ, ਧਰਨੇ ਅਤੇ ਮੁਜ਼ਾਹਰੇ ਕਰ ਰਹੇ ਹਨ। ਇਸੇ ਤਰ੍ਹਾਂ 'ਜਾਇਦਾਦ ਰੋਕੂ ਬਿੱਲ' ਵਿਰੁੱਧ ਪੰਜਾਬ ਦੀਆਂ ਵਿਰੋਧੀ ਪਾਰਟੀਆਂ, ਅਵਾਮੀ ਜਥੇਬੰਦੀਆਂ ਅਤੇ ਮੁਲਾਜ਼ਮ ਯੂਨੀਅਨਾਂ ਆਵਾਜ਼ ਬੁਲੰਦ ਕਰ ਰਹੀਆਂ ਹਨ। ਅਕਾਲੀ ਦਲ ਨੂੰ ਇਹ ਨਹੀਂ ਪਤਾ ਕਿ ਸਾਲ 2017 ਵਿਚ ਜਦ ਉਨ੍ਹਾਂ ਦੀ ਸਰਕਾਰ ਨਾ ਰਹੀ ਤਾਂ ਸੱਤਾਧਾਰੀ ਦੂਜੀ ਪਾਰਟੀ ਇਸ ਕਾਨੂੰਨ ਦੀ ਉਨ੍ਹਾਂ ਵਿਰੁੱਧ ਵਰਤੋਂ ਨਾ ਕਰੇਗੀ। ਸਰਹੱਦੀ ਕਿਸਾਨਾਂ ਦੀਆਂ ਹੱਕੀ ਮੰਗਾਂ ਵੱਲ ਕਿਸੇ ਸਰਕਾਰ ਦਾ ਧਿਆਨ ਅੱਜ ਤਕ ਨਹੀਂ ਗਿਆ। ਉਹ ਫ਼ਿਰੋਜ਼ਪੁਰ ਦੇ ਡੀ.ਸੀ. ਦਫ਼ਤਰ ਅੱਗੇ ਆਪਣੇ ਹੱਕਾਂ ਲਈ ਧਰਨੇ ਦੇ ਰਹੇ ਹਨ।

ਪੰਜਾਬ ਸਰਕਾਰ ਕੋਲੋਂ ਤਾਂ ਉਸ ਦੇ ਆਪਣੇ ਅਫ਼ਸਰ ਹੀ ਕਾਬੂ ਵਿਚ ਨਹੀਂ ਆ ਰਹੇ। ਪੰਜਾਬ ਦੇ 200 ਤੋਂ ਵੱਧ ਅਫ਼ਸਰ ਕੈਨੇਡਾ ਅਤੇ ਅਮਰੀਕਾ ਵਰਗੇ ਕਈ ਦੇਸ਼ਾਂ ਵਿਚ ਬੈਠੇ ਹਨ ਅਤੇ ਮੋਟੀਆਂ ਤਨਖ਼ਾਹਾਂ ਇੱਧਰੋਂ ਬਟੋਰਦੇ ਹਨ। ਹੋਰ ਢੰਗ ਨਾਲ ਵੀ ਕਮਾਈ ਕਰਦੇ ਹੋਣਗੇ ਅਤੇ ਫਿਰ ਕਮਾਏ ਧਨ ਨਾਲ ਐਸ਼ਾਂ ਵਿਦੇਸ਼ਾਂ ਵਿਚ ਕਰਦੇ ਹਨ। ਸਾਰੇ ਚੌਧਰੀ ਦੇਸ਼ ਨੂੰ ਲੁੱਟਣ 'ਤੇ ਤੁਲੇ ਹੋਏ ਹਨ। ਹਰ ਪਾਸੇ 'ਲੁੱਟ ਲਓ, ਲੁੱਟ ਲਓ' ਹੋਈ ਪਈ ਹੈ। ਪੰਜਾਬ ਦਾ ਕੋਈ ਹਮਦਰਦ ਨਹੀਂ ਰਿਹਾ। ਇਸ ਸਮੇਂ ਪੰਜਾਬ ਤਬਾਹੀ ਦੇ ਕਗਾਰ 'ਤੇ ਖੜ੍ਹਾ ਹੈ। ਲੋਕਾਂ ਨੂੰ ਚੇਤਨ ਹੋਣਾ ਪਵੇਗਾ ਅਤੇ ਪੰਜਾਬ ਦੇ ਹਿੱਤੂ ਬਣ ਕੇ ਪੰਜਾਬ ਨੂੰ ਬਚਾਉਣਾ ਪਵੇਗਾ।

# ਭਾਰਤ ਵਿਚ ਫਾਸ਼ੀਵਾਦ ਦਾ ਮੁੜ ਉਭਾਰ

ਸੱਤਾ ਦਾ ਤਾਜ ਨਰੇਂਦਰ ਮੋਦੀ ਦੇ ਸਿਰ 'ਤੇ ਸਜ ਚੁੱਕਾ ਹੈ। ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਭਾਰਤ ਵਿਚ ਫਾਸ਼ੀਵਾਦੀ ਰੁਚੀਆਂ ਵਾਲੇ ਸਿਆਸੀ ਦਲ ਨੇ ਸੰਸਦੀ ਚੋਣਾਂ ਵਿਚ ਸਪਸ਼ਟ ਬਹੁਮਤ ਨਾਲ ਜਿੱਤ ਹਾਸਲ ਕੀਤੀ ਹੈ। ਫਾਸ਼ੀਵਾਦ ਦਾ ਭਿਆਨਕ ਭੂਤ ਜੋ ਹੁਣ ਹੋਰ ਵੀ ਜ਼ਿਆਦਾ ਭਿਆਨਕ ਹਕੀਕਤ ਬਣ ਚੁੱਕਾ ਹੈ, ਸਾਨੂੰ ਇਸ ਗੱਲ ਲਈ ਪ੍ਰੇਰਿਤ ਕਰਦਾ ਹੈ ਕਿ ਭਾਰਤ ਵਿਚ ਫਾਸ਼ੀਵਾਦ ਦੇ ਜੜ੍ਹਾਂ ਫੜ ਚੁੱਕੇ ਢਾਂਚਿਆਂ ਬਾਰੇ ਵਿਚਾਰ ਕੀਤੀ ਜਾਵੇ ਅਤੇ ਇਸ ਤਰ੍ਹਾਂ ਭਾਰਤ ਵਿਚਲੇ

ਮੁਰਜ਼ਬਨ ਜਲ

ਫਾਸ਼ੀਵਾਦ ਦੇ ਸਮੁੱਚੇ ਮਨੋਵਿਗਿਆਨ ਦੀ ਘੋਖ-ਪੜਤਾਲ ਕੀਤੀ ਜਾਵੇ। ਇਸ ਦੇ ਨਾਲ ਹੀ 2014 ਦੀਆਂ ਕੌਮੀ ਚੋਣਾਂ ਵਿਚ ਫਾਸ਼ੀਵਾਦ ਦੀ ਹੋਈ ਜਿੱਤ ਦੀਆਂ ਇਤਿਹਾਸਕ ਪਦਾਰਥਵਾਦੀ ਬਣਤਰਾਂ ਨੂੰ ਵੀ ਸਮਝਣ ਦੀ ਲੋੜ ਹੈ। ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਹਿੰਦੂਤਵ ਸ਼ਬਦ (ਇਹ ਸਾਵਰਕਰ ਵੱਲੋਂ 1920ਵਿਆਂ ਵਿਚ ਘੜਿਆ ਗਿਆ ਸੀ ਜਿਸ ਸਮੇਂ ਇਟਲੀ ਵਿਚ ਮੁਸੋਲਿਨੀ ਸੱਤਾ ਸੰਭਾਲ ਰਿਹਾ ਸੀ) ਭਾਰਤੀ ਫਾਸ਼ੀਵਾਦ ਦੇ ਸਿਆਸੀ ਦਰਸ਼ਨ ਦਾ ਆਧਾਰ ਹੈ, ਪਰ ਜਾਤ ਦਰਜਾਬੰਦੀ ਵਾਲੇ ਹਿੰਦੂਵਾਦ ਦੇ ਡੂੰਘੇਰੇ ਢਾਂਚਿਆਂ ਨੂੰ ਵਿਗਿਆਨਕ ਪੱਧਰਾਂ 'ਤੇ ਅਜਿਹੇ ਢੰਗ ਨਾਲ ਘੋਖਿਆ ਨਹੀਂ ਗਿਆ ਕਿ ਇਨਕਲਾਬੀ ਖੱਬੀ ਲਹਿਰ ਪੂਰਵ-ਪੂੰਜੀਵਾਦੀ ਭਾਰਤ ਦੀ ਇਸ ਗ਼ੈਰ-ਮਨੁੱਖਤਾਵਾਦੀ, ਲੋਕ ਵਿਰੋਧੀ ਵਿਚਾਰਧਾਰਾ ਨੂੰ ਜੜ੍ਹੋਂ ਉਖਾੜ ਸਕਦੀ।

ਜਾਤ ਦੇ ਸਵਾਲ ਨੂੰ ਭਾਰਤ ਵਿਚ ਉਤਪਾਦਨ ਦੇ ਢੰਗ-ਤਰੀਕਿਆਂ ਦੇ ਢਾਂਚਾਗਤ ਅੰਗ ਵਜੋਂ ਨਜ਼ਰਅੰਦਾਜ਼ ਕਰਨ ਦੇ ਨਾਲ-ਨਾਲ ਸਥਾਪਤ ਖੱਬੇ ਪੱਖੀਆਂ ਵੱਲੋਂ ਸਭ ਤੋਂ ਵੱਡੀ ਗ਼ਲਤੀ ਇਹ ਕੀਤੀ ਗਈ ਕਿ ਇਹ ਸੰਸਦੀ ਸਿਆਸੀ ਵਿਵਸਥਾ ਦਾ ਹਿੱਸਾ ਬਣ ਗਏ। ਖੱਬੇ ਪੱਖੀ ਭੁੱਲ ਗਏ ਮਾਰਕਸ ('ਸਟੇਟ ਐਂਡ ਰੈਵੋਲਿਊਸ਼ਨ' ਵਿਚ ਲੈਨਿਨ ਨੇ ਵੀ ਇਸ ਬਾਰੇ ਚੇਤਾ ਕਰਾਇਆ ਸੀ) ਦਾ ਮੰਨਣਾ ਸੀ ਕਿ ਇਨਕਲਾਬੀ ਰਾਜਨੀਤੀ ਵਧੇਰੇ ਕਰ ਕੇ ਰਾਜ ਵਿਵਸਥਾ ਦੇ ਬਾਹਰੋਂ ਉਸ ਦੇ ਖਿਲਾਫ਼ ਉਭਰਦੀ ਹੈ। ਖੱਬੇ ਪੱਖੀ ਭੁੱਲ ਗਏ ਕਿ ਮਾਰਕਸ ਨੇ ਇਕ ਵਾਰ ਕਿਹਾ ਸੀ- 'ਅਜਿਹਾ ਨਹੀਂ ਹੈ ਕਿ ਕਾਮਾ ਵਰਗ ਬੱਸ ਬਣੀ-ਬਣਾਈ ਰਾਜ ਮਸ਼ੀਨਰੀ ਨੂੰ ਆਪਣੇ ਹੱਥਾਂ ਵਿਚ ਲੈ ਲਵੇ ਅਤੇ ਇਸ ਦੀ ਵਰਤੋਂ ਆਪਣੇ ਮਕਸਦਾਂ ਦੀ ਪੂਰਤੀ ਲਈ ਕਰਨੀ ਸ਼ੁਰੂ ਕਰ ਦੇਵੇ।' ਉਹ ਇਹ ਵੀ ਭੁੱਲ ਗਏ ਕਿ ਅਸਲ ਵਿਚ 'ਰਾਜਸੀ ਸੱਤਾ ਤੋਂ ਭਾਵ ਹੈ- ਮਜ਼ਦੂਰੀ ਉਤੇ ਪੂੰਜੀ ਦੀ ਕੌਮੀ ਸੱਤਾ, ਸਮਾਜਕ ਗੁਲਾਮੀ ਲਈ ਜਥੇਬੰਦ ਕੀਤੀ ਗਈ ਜਨਤਕ ਤਾਕਤ ਅਤੇ ਜਾਤ ਆਧਾਰਤ ਨਿਰੰਕੁਸ਼ਤਾਵਾਦ ਦਾ ਇੰਜਣ।' ਇਹ ਵੀ ਜਾਣਿਆ-ਪਛਾਣਿਆ ਤੱਥ ਹੈ ਕਿ ਰਾਜ ਆਪਣੇ ਵੱਡੇ-ਵੱਡੇ ਜਾਦੂਮਈ ਦਾਅਵਿਆਂ ਦੇ ਬਾਵਜੂਦ ਸਿਰਫ 'ਸਮਾਜ ਦਾ ਸਭ ਤੋਂ ਵੱਡਾ ਘਪਲਾ' ਅਤੇ 'ਹਰ ਤਰ੍ਹਾਂ ਦੇ ਭ੍ਰਿਸ਼ਟਾਚਾਰ ਦਾ ਜਰਖੇਜ਼ ਅੱਡਾ' ਹੀ ਹੁੰਦਾ ਹੈ। ਸਥਾਪਤ ਖੱਬਾ ਪੱਖ ਇਸ ਜਾਦੂਮਈ ਅਤੇ ਭ੍ਰਿਸ਼ਟ ਅੱਡੇ ਦਾ ਹਿੱਸਾ ਬਣਿਆ ਰਿਹਾ। ਮੋਦੀ ਦੀ ਜਿੱਤ ਇਸ ਅੱਡੇ 'ਤੇ ਨਵ-ਉਦਾਰਵਾਦੀ ਸੱਜੇ-ਪੱਖੀ ਕੰਟਰੋਲ ਦੀ ਹੀ ਜਿੱਤ ਹੈ। ਖੱਬੇ ਪੱਖੀ ਇਸ ਦਾ ਹਿੱਸਾ ਨਹੀਂ ਬਣ ਸਕਦੇ, ਪਰ ਇਸ ਦੇ ਬਾਵਜੂਦ ਸਟਾਲਨਵਾਦੀ ਸਥਾਪਤ ਖੱਬੇ ਪੱਖੀ ਆਪਣੇ-ਆਪ ਨੂੰ ਇਸ ਸਥਿਤੀ ਵਿਚ ਸੁਖਾਵਾਂ ਕਰਾਰ ਦੇਣ 'ਤੇ ਜ਼ੋਰ ਦੇ ਰਹੇ ਹਨ। ਉਹ ਇਹ ਨਹੀਂ ਜਾਣਦੇ ਕਿ ਇਕ ਦਿਨ ਭ੍ਰਿਸ਼ਟਾਚਾਰ ਦਾ ਇਹ ਨਿੱਘਾ ਅੱਡਾ ਜਾਤ ਆਧਾਰਤ ਨਿਰੰਕੁਸ਼ਤਾਵਾਦ ਵਜੋਂ ਆਪਣਾ ਭਿਆਨਕ ਚਿਹਰਾ ਦਿਖਾਵੇਗਾ ਅਤੇ ਫਾਸ਼ੀਵਾਦ ਦੀ ਮੁਕੰਮਲ ਜਿੱਤ ਵਜੋਂ ਉੱਭਰੇਗਾ। ਜਿਨ੍ਹਾਂ ਢੰਗ-ਤਰੀਕਿਆਂ ਬਾਰੇ ਭਾਰਤ ਵਿਚਲੇ ਖੱਬੇ ਪੱਖੀਆਂ ਵੱਲੋਂ ਸੋਚਿਆ ਜਾ ਰਿਹਾ ਹੈ, ਅਸਲ ਵਿਚ ਉਨ੍ਹਾਂ ਤੋਂ ਬਿਲਕੁਲ ਵੱਖਰੇ ਢੰਗ-ਤਰੀਕਿਆਂ ਨਾਲ ਹੀ ਕਿਸੇ ਤਰ੍ਹਾਂ ਦੇ ਇਨਕਲਾਬ ਨੂੰ ਜਨਮ ਦਿੱਤਾ ਜਾ ਸਕਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਨੂੰ ਉਤਪਾਦਨ ਦੇ ਏਸ਼ੀਆਈ ਢੰਗ-ਤਰੀਕੇ ਦੇ ਸਾਂਚੇ ਦੇ ਅੰਦਰ ਜਾਤ ਦੇ ਸਵਾਲ ਨਾਲ ਸਿੱਝਣਾ ਪਵੇਗਾ। ਇਸ ਤੋਂ ਬਾਅਦ ਉੱਭਰ ਰਹੀਆਂ ਆਧੁਨਿਕ ਜਮਾਤਾਂ ਨੂੰ ਵੇਖਣਾ ਹੋਵੇਗਾ ਅਤੇ ਅੰਤ ਵਿਚ ਰਾਜਕੀ ਮਸ਼ੀਨਰੀ ਦੇ ਬਾਹਰੋਂ ਲੜਾਈ ਲੜਨੀ ਪਵੇਗੀ। ਸਾਡੀ ਕਿਸਮ ਦਾ ਮਾਰਕਸਵਾਦ ਉਦਾਰਵਾਦੀਆਂ ਜਾਂ ਮਾਰਕਸਵਾਦੀਆਂ ਦੀ ਕਿਸਮ ਵਾਲਾ ਨਹੀਂ ਹੋ ਸਕਦਾ। ਮਾਰਕਸ ਦੀਆਂ ਸਿਖਿਆਵਾਂ 'ਕਾਨੂੰਨੀ ਮਾਰਕਸਵਾਦ' ਦੇ ਬਾਨੀ ਪੀਟਰ ਸਟਰੂਵ ਦੀਆਂ ਸਿਖਿਆਵਾਂ ਵਰਗੀਆਂ ਨਹੀਂ ਹਨ।

ਇਸ ਤੋਂ ਵੀ ਅਗਲੇਰੀ ਗੱਲ ਇਹ ਹੈ ਕਿ ਇਨਕਲਾਬ ਕੋਈ ਘਟਨਾ ਨਹੀਂ ਹੈ, ਨਾ ਹੀ ਇਹ ਸਟਾਲਨਵਾਦੀਆਂ ਵੱਲੋਂ ਘੜੇ ਗਏ ਕਾਨੂੰਨਾਂ ਦੀ ਪਾਲਣਾ ਕਰਦਾ ਹੈ, ਸਗੋਂ ਇਨਕਲਾਬ ਤਾਂ ਅਮਲ ਦੀ ਇਕ ਕਿਸਮ ਹੈ ਜਿਸ ਵਿਚ ਹਕੀਕੀ ਲੋੜਾਂ ਵਾਲੇ ਹਕੀਕੀ ਲੋਕ ਸ਼ਾਮਿਲ ਹੁੰਦੇ ਹਨ। ਇਤਿਹਾਸਕਤਾਵਾਦ ਅਤੇ ਮਨੁੱਖਤਾਵਾਦ ਇਸ ਦੀ ਬੁਨਿਆਦ ਬਣਦੇ ਹਨ। ਜਦੋਂ ਇਨਕਲਾਬ ਨੂੰ ਹਕੀਕੀ ਮਨੁੱਖੀ ਘਟਨਾ ਵਜੋਂ ਸਮਝ ਲਿਆ ਜਾਂਦਾ ਹੈ ਤਾਂ ਸਭਿਆਚਾਰਕ ਉਸਾਰ ਵੱਡੀ ਅਹਿਮੀਅਤ ਹਾਸਲ ਕਰ ਲੈਂਦਾ ਹੈ। ਇਸ ਸਬੰਧੀ ਦੋ ਮੁੱਖ ਗੱਲਾਂ ਹਨ-ਭਾਰਤੀ ਫਾਸ਼ੀਵਾਦ ਦੇ ਸਿਆਸੀ ਅਤੇ ਵਿਚਾਰਧਾਰਕ ਉਸਾਰ ਨਾਲ ਸਿੱਝਣਾ ਅਤੇ ਦੂਜੀ, ਜਾਤ-ਜਮਾਤ ਦੇ ਗਲਬੇ ਦੀ ਗਤੀਸ਼ੀਲਤਾ ਨੂੰ ਸਮਝਣਾ। ਭਾਰਤ ਵਿਚ ਫਾਸ਼ੀਵਾਦ ਦੇ ਉਭਾਰ ਦੀ ਸਮਝ ਲਈ ਡਾ. ਬੀ.ਆਰ. ਅੰਬੇਡਕਰ ਵੱਲੋਂ ਜਾਤੀਵਾਦੀ ਪ੍ਰਬੰਧ ਬਾਰੇ ਕੀਤੀਆਂ ਇਨ੍ਹਾਂ ਦੋ ਟਿੱਪਣੀਆਂ ਨੂੰ ਆਧਾਰ ਬਣਾਇਆ ਜਾ ਸਕਦਾ ਹੈ- 1. ਇਹ ਦਰਜਾਬੰਦ ਗ਼ੈਰ-ਬਰਾਬਰੀ ਵਾਲਾ ਪ੍ਰਬੰਧ ਹੈ; 2. ਇਹ ਸਿਰਫ ਮਜ਼ਦੂਰੀ ਦੀ ਵੰਡ ਦਾ ਪ੍ਰਬੰਧ ਨਹੀਂ, ਸਗੋਂ ਮਜ਼ਦੂਰਾਂ ਦੀ ਵੰਡ ਦਾ ਪ੍ਰਬੰਧ ਹੈ। ਇਨ੍ਹਾਂ ਟਿੱਪਣੀਆਂ ਨਾਲ ਮਾਰਕਸ ਦੇ ਬੇਗਾਨਗੀ ਦੇ ਸਿਧਾਂਤ ਨੂੰ ਜੋੜ ਕੇ ਸਮਝਿਆ ਜਾ ਸਕਦਾ ਹੈ ਕਿ ਕਿਵੇਂ ਜਾਤ ਦਰਜਾਬੰਦੀ ਭਾਰਤੀ ਕਿਸਮ ਦਾ ਨਸਲਵਾਦ ਬਣਦੀ ਹੈ ਜੋ ਅੰਤ ਨੂੰ ਭਾਰਤੀ ਫਾਸ਼ੀਵਾਦ ਦੇ ਰੂਪ ਵਿਚ ਜ਼ਾਹਰ ਹੁੰਦਾ ਹੈ।

***ਜਾਤ ਦੇ ਸਵਾਲ ਨੂੰ ਭਾਰਤ ਵਿਚ ਉਤਪਾਦਨ ਦੇ ਢੰਗ-ਤਰੀਕਿਆਂ ਦੇ ਢਾਂਚਾਗਤ ਅੰਗ ਵਜੋਂ ਨਜ਼ਰਅੰਦਾਜ਼ ਕਰਨ ਦੇ ਨਾਲ-ਨਾਲ ਸਥਾਪਤ ਖੱਬੇ ਪੱਖੀਆਂ ਵੱਲੋਂ ਸਭ ਤੋਂ ਵੱਡੀ ਗ਼ਲਤੀ ਇਹ ਕੀਤੀ ਗਈ ਕਿ ਇਹ ਸੰਸਦੀ ਸਿਆਸੀ ਵਿਵਸਥਾ ਦਾ ਹਿੱਸਾ ਬਣ ਗਏ। ਖੱਬੇ ਪੱਖੀ ਭੁੱਲ ਗਏ ਮਾਰਕਸ ('ਸਟੇਟ ਐਂਡ ਰੈਵੋਲਿਊਸ਼ਨ' ਵਿਚ ਲੈਨਿਨ ਨੇ ਵੀ ਇਸ ਬਾਰੇ ਚੇਤਾ ਕਰਾਇਆ ਸੀ) ਦਾ ਮੰਨਣਾ ਸੀ ਕਿ ਇਨਕਲਾਬੀ ਰਾਜਨੀਤੀ ਵਧੇਰੇ ਕਰ ਕੇ ਰਾਜ ਵਿਵਸਥਾ ਦੇ ਬਾਹਰੋਂ ਉਸ ਦੇ ਖਿਲਾਫ਼ ਉਭਰਦੀ ਹੈ। ਖੱਬੇ ਪੱਖੀ ਭੁੱਲ ਗਏ ਕਿ ਮਾਰਕਸ ਨੇ ਇਕ ਵਾਰ ਕਿਹਾ ਸੀ- 'ਅਜਿਹਾ ਨਹੀਂ ਹੈ ਕਿ ਕਾਮਾ ਵਰਗ ਬੱਸ ਬਣੀ-ਬਣਾਈ ਰਾਜ ਮਸ਼ੀਨਰੀ ਨੂੰ ਆਪਣੇ ਹੱਥਾਂ ਵਿਚ ਲੈ ਲਵੇ ਅਤੇ ਇਸ ਦੀ ਵਰਤੋਂ ਆਪਣੇ ਮਕਸਦਾਂ ਦੀ ਪੂਰਤੀ ਲਈ ਕਰਨੀ ਸ਼ੁਰੂ ਕਰ ਦੇਵੇ।'***



# ਬਿੱਲੀਏ ਆਈਂ... ਬਚਾਈਂ ਬਚਾਈਂ...

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਪ੍ਰਚੱਲਤ ਲੋਕ ਭਾਖਿਆ ਅਨੁਸਾਰ ਬਿੱਲੀ ਨੂੰ ਸ਼ੇਰ ਦੀ ਮਾਸੀ ਕਿਹਾ ਜਾਂਦਾ ਹੈ। ਮਾਸੀ ਭਾਣਜੇ ਦੀ ਇਸ ਜੋੜੀ ਵਿਚਕਾਰ ਹੋਈ ਉਸਤਾਦੀ-ਸ਼ਾਗਿਰਦੀ ਬਾਬਤ ਵੀ ਰੌਚਕ ਕਹਾਣੀ ਸੁਣੀ-ਸੁਣਾਈ ਜਾਂਦੀ ਹੈ। ਅਖੇ, ਇਕ ਵਾਰ ਬਿੱਲੀ, ਸ਼ੇਰ ਨੂੰ ਚੁਸਤੀ-ਫੁਰਤੀ ਦੇ ਦਾਅ-ਪੇਚ ਸਿਖਾ ਰਹੀ ਸੀ। ਸ਼ਿਕਾਰ ਨਜ਼ਰੀਂ ਪੈਣ 'ਤੇ ਛਹਿ ਜਾਣਾ, ਫਿਰ ਇਕ ਦਮ ਹਮਲਾਵਰ ਹੋ ਕੇ ਉਸ ਨੂੰ ਦਬੋਚਣਾ, ਇਸ ਸਭ ਕਾਸੇ ਦੀ ਟਰੇਨਿੰਗ ਦਿੱਤੀ ਜਾ ਰਹੀ ਸੀ। ਜਦ ਉਸ ਨੇ ਇਨ੍ਹਾਂ ਗੁਣਾਂ ਵਿਚ ਸ਼ੇਰ ਨੂੰ ਨਿਪੁੰਨ ਕਰ ਦਿੱਤਾ, ਤਦ ਪੈਂਦੀ ਸੱਟੇ ਸ਼ੇਰ ਦਹਾੜਦਾ ਹੋਇਆ ਬਿੱਲੀ ਨੂੰ ਹੀ ਖਾਣ ਪੈ ਗਿਆ। ਚਾਬੀ ਦਿੱਤੇ ਖਿਡਾਉਣੇ ਵਾਂਗ ਬਿੱਲੀ ਬੜੀ ਫੁਰਤੀ ਨਾਲ ਲਾਗੇ ਦੇ ਦਰਖ਼ਤ ਉਪਰ ਜਾ ਚੜ੍ਹੀ। ਟਾਹਣ 'ਤੇ ਬੈਠੀ ਮੁੱਛਾਂ ਸੰਵਾਰਦੀ ਬਿੱਲੀ ਵੱਲ ਦੇਖ ਕੇ ਸ਼ੇਰ ਛਿੱਥਾ ਜਿਹਾ ਹੁੰਦਿਆਂ ਕਹਿੰਦਾ, "ਮਾਸੀ, ਸ਼ਿਕਾਰ ਮਗਰ ਛੜੱਪਾ ਮਾਰ ਕੇ ਦਰਖ਼ਤ ਉਪਰ ਚੜ੍ਹਨ ਵਾਲਾ ਦਾਅ ਤੂੰ ਮੈਨੂੰ ਕਿਉਂ ਨਹੀਂ ਸਿਖਾਇਆ?"

"ਭਾਣਜਿਆ!....", ਖਚਰੀ ਹਾਸੀ ਹੱਸਦਿਆਂ ਬਿੱਲੀ ਬੋਲੀ, "ਬੱਚੂ, ਜੇ ਇਹ ਦਾਅ ਵੀ ਤੈਨੂੰ ਦੱਸਿਆ ਹੁੰਦਾ, ਤਦ ਅੱਜ ਮੇਰੀ ਜਾਨ ਨਹੀਂ ਸੀ ਬਚਣੀ।"

ਸਾਡੇ ਲੋਕਯਾਨ ਦੀ ਇਸ ਕਥਾ ਵਾਲੀ ਬਿੱਲੀ ਨੇ ਚਲਾਕੀ ਨਾਲ ਸਿਰਫ ਖੁਦ ਨੂੰ ਹੀ ਬਚਾਇਆ ਸੀ, ਪਰ ਮਹਾਨ ਲੇਖਕ ਤਾਲਸਟਾਏ ਨੇ ਐਸੀ ਸੁਘੜ ਸਿਆਣੀ ਬਿੱਲੀ ਦੀ ਕਹਾਣੀ ਲਿਖੀ ਜਿਸ ਨੇ ਸ਼ੇਰ ਪਾਸੋਂ ਸਿਰਫ ਆਪਣੀ ਹੀ ਜਾਨ ਨਹੀਂ ਬਚਾਈ, ਸਗੋਂ ਜੰਗਲ ਦੇ ਹੋਰ ਅਨੇਕਾਂ ਜਾਨਵਰਾਂ ਨੂੰ ਵੀ ਉਸ ਤੋਂ ਭੈਅ-ਮੁਕਤ ਕਰਾਇਆ ਸੀ। ਜੰਗਲ ਵਿਚ ਕਿਵੇਂ ਇਕ ਬੁੱਢਾ ਮੱਕਾਰ ਤੇ ਢੌਂਗੀ ਸ਼ੇਰ, ਬੜੀ ਜੁਗਤ ਨਾਲ ਬਿਨਾਂ ਕੋਈ ਤਰੱਦਦ ਕੀਤਿਆਂ ਜਾਨਵਰਾਂ ਨੂੰ ਆਪਣੀ ਅਹਾਰ ਪੂਰਤੀ ਲਈ ਵਰਤਣ ਲੱਗਿਆ, ਤੇ ਕਿਵੇਂ ਬਿੱਲੀ ਨੇ ਉਹਦਾ ਪਾਜ ਉਘਾੜ ਕੇ ਕਿੰਜ ਉਸ ਨੂੰ ਠੁੱਠ ਵਿਖਾਇਆ! ਸੰਘਣੇ ਜੰਗਲ ਵਿਚ ਹੋਈ ਬੀਤੀ ਇਸ ਦਿਲਚਸਪ ਤੇ ਵਿਅੰਗਮਈ ਕਹਾਣੀ ਦੀ ਲੜੀ ਛੋਹਣ ਤੋਂ ਪਹਿਲਾਂ, ਆਪਾਂ ਪੰਜਾਬ ਦੇ ਸਿਆਸੀ ਜੰਗਲ ਵਲ ਵੀ ਗੇੜਾ ਮਾਰ ਲਈਏ, ਕਿਉਂਕਿ ਉਥੇ ਵੀ ਲਗਭਗ 'ਜੰਗਲ ਰਾਜ' ਜੈਸਾ ਹੀ ਮਾਹੌਲ ਬਣਿਆ ਹੋਇਆ ਹੈ।

ਤਾਲਸਟਾਏ ਦੀ ਕਹਾਣੀ ਵਾਂਗ ਕੋਈ ਸਿਆਸੀ ਆਗੂ ਫਰੇਬ ਦੀ ਸਿਆਸਤ ਦੇ ਸਿਰ 'ਤੇ ਸ਼ੇਰ ਬਣਿਆ ਹੋਇਆ, ਕਈ ਜਾਨਵਰਾਂ ਵਾਂਗ ਉਸ ਦਾ ਸ਼ਿਕਾਰ ਬਣ ਰਹੇ ਹਨ। ਪੰਜ ਦਰਿਆਵਾਂ ਦੀ ਉਸ ਧਰਤੀ 'ਤੇ ਛਾਏ ਹੋਏ ਜੰਗਲੀਪੁਣੇ ਉਤੇ ਐਨ ਢੁਕਵਾਂ, ਸ਼ਾਇਰ ਗੁਰਦੀਪ ਦਾ ਇਕ ਸ਼ਿਅਰ ਵੀ ਹੈ,

ਜੰਗਲ ਤੇ ਸ਼ਹਿਰ ਦੀ ਹੱਦ 'ਤੇ
ਪਹਿਰਾ ਨਹੀਂ ਕੋਈ।
ਸ਼ਹਿਰ ਅੰਦਰ ਜੇ ਵਧ ਆਇਆ ਹੈ ਜੰਗਲ,
ਕੋਈ ਅਨਹੋਣੀ ਨਹੀਂ ਹੋਈ।

ਅੱਗੇ ਵਰਣਨ ਕੀਤੀ ਜਾ ਰਹੀ ਰੂਸੀ ਕਹਾਣੀ ਪੂਰੇ ਲੁਤਫ ਨਾਲ ਪੜ੍ਹਨ ਲਈ ਪੰਜਾਬ ਦੇ ਸਿਆਸੀ ਤੇ ਰਾਜਸੀ ਪਿੜ ਦਾ ਜ਼ਿਕਰ ਕਰ ਰਿਹਾ ਹਾਂ, ਕਿਉਂ ਜੋ ਉਸ ਕਹਾਣੀ ਦੇ ਕੁਝ-ਕੁਝ ਨਕਸ਼ ਪੰਜਾਬ ਦੇ ਮੌਜੂਦਾ ਹੁਕਮਰਾਨਾਂ ਦੀ ਸਿਆਸੀ ਕਾਰਜਸ਼ੈਲੀ ਨਾਲ ਮਿਲਦੇ-ਜੁਲਦੇ ਹਨ। ਪੰਜਵੀਂ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਕਾਫੀ ਬਜ਼ੁਰਗ ਹੋ ਚੁੱਕੇ ਹਨ। ਨਿੱਤ ਦਿਨ ਦੀ ਭੱਜ-ਦੌੜ ਕਰਦਿਆਂ ਭਾਵੇਂ ਉਹ ਗੱਭਰੂਆਂ ਨੂੰ ਵੀ ਮਾਤ ਪਾਉਂਦੇ ਹਨ,



ਪਰ ਜੇ ਗੁਰਬਾਣੀ ਦੇ ਇਕ ਸ਼ਬਦ ਦੇ ਖਾਕੇ ਅਨੁਸਾਰ ਦੇਖੀਏ ਤਾਂ ਉਨ੍ਹਾਂ ਦੀ ਉਮਰ 'ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ' ਦੀ ਹੱਦ ਪਾਰ ਕਰ ਚੁੱਕੀ ਹੈ।

ਆਪਣੇ ਜੁੱਗਾਂ ਜਿੱਡੇ ਲੰਮੇ ਸਿਆਸੀ ਜੀਵਨ ਵਿਚ ਉਨ੍ਹਾਂ ਨੇ ਅਨੇਕਾਂ ਧੁਰੰਧਰ ਸ਼ਖ਼ਸੀਅਤਾਂ ਨੂੰ ਧੋਬੀ ਪਟਕੇ ਮਾਰੇ, ਪਰ ਖੁਦ ਉਹ ਸ਼ਾਇਦ ਹੀ ਕਦੇ ਕਿਸੇ ਦੀ ਅਜਿਹੀ ਮਾਰ ਹੇਠ ਆਏ ਹੋਣ। ਵਿਰੋਧੀ ਨੂੰ ਟਿਕਾਣੇ ਲਾਉਣ ਦਾ ਉਨ੍ਹਾਂ ਦਾ ਸਟਾਈਲ ਇੰਨਾ ਅਜੀਬ ਹੈ ਕਿ ਉਨ੍ਹਾਂ ਦੇ ਨਿਸ਼ਾਨੇ ਹੇਠ ਆਏ ਸ਼ਿਕਾਰ ਨੂੰ ਕੋਈ ਖ਼ਬਰ ਨਹੀਂ ਹੁੰਦੀ ਕਿ ਉਹਦੇ ਉੱਤੇ ਗੁਲੇਲਾ ਖਿੱਚਿਆ ਜਾ ਚੁੱਕਿਆ ਹੈ। ਇਹ ਜ਼ਰੂਰੀ ਨਹੀਂ ਕਿ ਉਹ ਦੁਸ਼ਮਣ ਨੂੰ ਦਾੜ੍ਹ ਹੇਠ ਆਏ ਨੂੰ ਚਿੱਥਣ, ਸਗੋਂ ਉਨ੍ਹਾਂ ਦੀਆਂ ਮਿੱਠੀਆਂ ਗੋਲੀਆਂ ਵੀ ਸਲਫਾਸ ਹੋ ਨਿਬੜਦੀਆਂ ਹਨ। ਉਨ੍ਹਾਂ ਦੀ ਇਸ ਅਨੋਖੀ ਰਾਜਨੀਤੀ (ਅਸਲ ਵਿਚ ਕੂਟਲ ਨੀਤੀ) ਦਾ ਲੋਹਾ ਉਨ੍ਹਾਂ ਦੇ ਵਿਰੋਧੀ ਵੀ ਮੰਨਦੇ ਹਨ।

ਮੈਨੂੰ ਸ੍ਰੀ ਬਾਦਲ ਬਾਰੇ ਸ਼੍ਰੋਮਣੀ ਕਮੇਟੀ ਦੇ ਇਕ ਬਜ਼ੁਰਗ ਆਗੂ ਦੀ ਕਹੀ ਗੱਲ ਯਾਦ ਆਉਂਦੀ ਹੈ। ਉਹ ਕਹਿੰਦੇ ਹੁੰਦੇ ਸਨ ਕਿ ਬਾਦਲ ਜੇ ਕਿਸੇ ਦਾ ਨਾਂ ਲੈ ਕੇ ਆਖਣ, ਕਿ ਮੈਂ ਤਾਂ ਫਲਾਣਾ ਸਿੰਘ ਦਾ ਬਹੁਤ ਸਤਿਕਾਰ ਕਰਦਾ ਹਾਂ, ਤਦ ਸਮਝੋ ਕਿ ਉਹ, ਉਸ ਦਾ ਸਤਿਕਾਰ ਨਹੀਂ ਸਗੋਂ 'ਅੰਤਿਮ ਸੰਸਕਾਰ' ਕਰਨ ਦੀ ਤਿਆਰੀ ਕਰ ਰਹੇ ਨੇ! ਫਿਰ ਸਮਝੋ ਕਿ ਉਸ ਫਲਾਣਾ ਸਿੰਘ ਦਾ 'ਕੀਰਤਨ ਸੋਹਿਲਾ' ਪੜ੍ਹਿਆ ਜਾਣ ਵਾਲਾ ਹੈ। ਪੁਰਾਣੀਆਂ ਪਨੀਣੀਆਂ ਨਾ ਵੀ ਪੁਣੀਏ, ਆਪਣੇ ਸਮਿਆਂ ਵੱਲ ਹੀ ਝਾਤ ਮਾਰ ਕੇ ਦੇਖੀਏ ਕਿ ਬਾਦਲ ਨੇ ਕਿਸੇ ਨੂੰ ਖੂੰਜੇ ਲਾਇਆ, ਕਿਸੇ ਨੂੰ ਚਿੱਥ ਸੁਟਿਆ, ਕਿਸੇ ਨੂੰ ਰਗੜਾ ਫੇਰਿਆ, ਕਿਸੇ ਨੂੰ ਅਹੁਦਿਆਂ ਦੀ 'ਡੋਜ਼' ਨਾਲ ਸੁਲਾ ਦਿੱਤਾ, ਕਿਸੇ ਨੂੰ ਉਸ ਦਾ 'ਸ਼ਰੀਕ' ਤਕੜਾ ਕਰ ਕੇ ਬੇਵੱਸ ਬਣਾਇਆ ਅਤੇ ਕਿਸੇ ਨੂੰ ਜੂਸ ਦਾ ਗਲਾਸ ਪਿਲਾ ਕੇ ਹੀ 'ਕਾਣਾ' ਕਰ ਦਿੱਤਾ।

ਇਥੇ ਮੈਂ ਬਾਦਲ ਦੀ ਵੱਡੀ ਉਮਰ ਦਾ ਸਤਿਕਾਰ ਕਰਦਿਆਂ ਉਨ੍ਹਾਂ ਦੇ 'ਸ਼ਿਕਾਰ' ਬਣ ਚੁੱਕਿਆਂ ਦੀ ਗਿਣਤੀ-ਮਿਣਤੀ ਦੇ ਚੱਕਰ ਵਿਚ ਨਹੀਂ ਪੈਣਾ; ਇਹ ਕੰਮ ਤਾਂ ਇਤਿਹਾਸ ਨੇ ਕਰਨਾ ਹੈ ਜੋ ਫੈਸਲਾ ਕਰਨ ਲੱਗਿਆਂ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਮਸਲਨ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਬੇਸ਼ੱਕ ਧਿਆਨ ਸਿੰਘ ਡੋਗਰਾ ਪ੍ਰਧਾਨ ਮੰਤਰੀ ਹੁੰਦਾ ਸੀ, ਪਰ ਸਿੱਖ ਇਤਿਹਾਸ ਨੇ ਉਸ ਨੂੰ ਕੌਮਘਾਤੀ ਦਾ ਲਕਬ ਦਿੱਤਾ ਹੋਇਆ ਹੈ। ਹੁਣ ਕਿਸੇ ਹੋਰ ਭੇੜੇ ਵਿਚ ਪੈਣ ਦੀ ਬਜਾਏ ਆਪਾਂ ਤਾਲਸਟਾਏ ਦੀ ਕਹਾਣੀ ਨਾਲ ਗੱਲ ਮੁਕਾਈਏ...

ਕਹਿੰਦੇ, ਜੰਗਲ ਵਿਚ ਇਕ ਸ਼ੇਰ ਕਾਫੀ ਬੁੱਢਾ ਹੋ ਗਿਆ। ਸ਼ਿਕਾਰ ਮਾਰਨ ਵਿਚ ਅਸਮਰੱਥ ਰਹਿਣ ਕਰ ਕੇ ਉਹ ਨੂੰ ਕਈ-ਕਈ ਡੰਗ ਭੁੱਖਾ ਰਹਿਣਾ ਪੈਂਦਾ। ਇਕ ਸ਼ਾਮ ਭੁੱਖਣ-ਭਾਣੇ ਬੈਠੇ ਨੂੰ ਤਰਕੀਬ ਸੁੱਝੀ। ਉਸ ਨੇ ਆਪਣੇ ਇਕ ਬਚਿਆਰ ਮਿੱਤਰ ਰਾਹੀਂ ਜੰਗਲ ਦੇ ਸਾਰੇ ਜਾਨਵਰਾਂ ਨੂੰ ਸੂਚਿਤ ਕਰ ਦਿੱਤਾ ਕਿ ਉਹ ਸਖ਼ਤ ਬਿਮਾਰ ਹੋ ਗਿਆ ਹੈ, ਪਤਾ ਨਹੀਂ ਕਿੰਨੇ ਦਿਨਾਂ ਦਾ ਪ੍ਰਾਹੁਣਾ ਹੈ, ਬੱਸ ਹੁਣ ਉਹਨੇ ਆਪਣੀ ਗੁਫ਼ਾ ਵਿਚ ਲੰਮਾ ਪੈ ਜਾਣਾ ਹੈ, ਤੁਸੀਂ ਸਾਰੇ ਵਾਰੋ-ਵਾਰੀ ਉਹਦੀ ਖ਼ਬਰਸਾਰ ਲਈ ਆਈ ਜਾਇਓ।

ਲਓ ਜੀ, ਹੋ ਗਿਆ ਮਿਜ਼ਾਜ਼-ਪੁਰਸ਼ੀ ਦਾ ਸਿਲਸਿਲਾ ਸ਼ੁਰੂ। ਜੰਗਲ ਦੇ ਸਮੂਹ ਜੀਆ-ਜੰਤ ਨੂੰ ਆਪਣੇ ਬਜ਼ੁਰਗ ਬਾਦਸ਼ਾਹ ਉੱਤੇ ਪੂਰਨ ਭਰੋਸਾ ਆ ਗਿਆ। ਵਾਰੀਆਂ ਸ਼ੁਰੂ ਹੋ ਗਈਆਂ। ਪਹਿਲੇ ਦਿਨ ਹਿਰਨ, ਸ਼ੇਰ ਦੀ ਖ਼ਬਰ ਲੈਣ ਲਈ ਉਸ ਦੀ ਗੁਫ਼ਾ ਵਿਚ ਗਿਆ। ਸ਼ਾਮ ਪੈ ਗਈ, ਕਾਫ਼ੀ ਹਨੇਰਾ ਹੋ ਗਿਆ, ਪਰ ਹਿਰਨ ਵਾਪਸ ਘਰ ਨਾ ਪਹੁੰਚਿਆ। ਦੂਜੇ ਦਿਨ ਗਧੇ ਦੀ ਵਾਰੀ ਆ ਗਈ। ਉਹਦੀ ਘਰਵਾਲੀ ਵੀ ਉਡੀਕ-ਉਡੀਕ ਥੱਕ ਗਈ, ਪਰ ਗਧਾ ਵਾਪਸ ਮੁੜ ਕੇ ਨਾ ਆਇਆ।

ਆਪੋ ਆਪਣੀ ਵਾਰੀ ਅਨੁਸਾਰ ਸਾਰੇ ਜਾਨਵਰ ਬੁੱਢੇ ਸ਼ੇਰ ਦੀ ਖ਼ਬਰ ਨੂੰ ਤਾਂ ਜਾਂਦੇ ਰਹੇ, ਪਰ ਉਹ ਇਸ ਗੱਲੋਂ ਚਿੰਤਤ ਹੋਏ ਕਿ ਖ਼ਬਰਸਾਰ ਲੈਣ ਜਾਣ ਵਾਲੇ ਆਖਰ ਚਲੇ ਕਿਥੇ ਜਾਂਦੇ ਨੇ? ਮੁੜ ਕੇ ਉਨ੍ਹਾਂ ਦਾ ਕੋਈ ਨਾਂ ਨਿਸ਼ਾਨ ਹੀ ਨਹੀਂ ਲੱਭਦਾ। ਉਨ੍ਹਾਂ ਨੂੰ ਕਿਹੜੀ ਧਰਤੀ ਨਿਗਲ ਲੈਂਦੀ ਹੈ? ਇਸ ਖ਼ਤਰਨਾਕ ਵਰਤਾਰੇ ਦਾ ਕੋਈ ਥਹੁ ਪਤਾ ਲੱਭਣ ਲਈ, ਜੰਗਲ ਦੇ ਸਾਰੇ ਜਾਨਵਰਾਂ ਨੇ ਹੰਗਾਮੀ ਮੀਟਿੰਗ ਕੀਤੀ। ਸਾਰੇ ਅਧਿਕਾਰ ਕਿਸੇ ਇਕ ਦੇ ਬੋਝੇ ਵਿਚ ਪਾਉਣ ਦੀ ਥਾਂ ਉਨ੍ਹਾਂ ਸਰਬਸੰਮਤੀ ਨਾਲ ਇਹ ਮਤਾ ਪਾਸ ਕੀਤਾ ਕਿ ਬਿੱਲੀ ਸ਼ੇਰ ਦੀ ਮਾਸੀ ਸਦਾਉਂਦੀ ਹੈ, ਨਾਲੇ ਇਹ ਸਿਆਣੀ ਤੇ ਚੁਸਤ ਚਲਾਕ ਵੀ ਹੈ। ਸਮੁੱਚੇ ਮਾਮਲੇ ਦੀ ਤਹਿਕੀਕਾਤ ਕਰਨ ਦੀ ਜ਼ਿੰਮੇਵਾਰੀ ਇਸ ਨੂੰ ਸੌਂਪ ਦਿਓ। ਬਿੱਲੀ ਨੇ ਹੌਸਲਾ ਜਿਹਾ ਧਾਰ ਕੇ ਜੰਗਲੀ ਭਾਈਚਾਰੇ ਨਾਲ ਵਾਅਦਾ ਕੀਤਾ ਕਿ ਉਹ ਕੱਲ੍ਹ ਸ਼ਾਮ ਸ਼ੇਰ ਕੋਲ ਜਾਣ ਵਾਲਿਆਂ ਦੀ ਹੋਣੀ ਦਾ ਪਤਾ ਲਗਾ ਲਵੇਗੀ। ਉਸ ਨੇ ਇਹ ਐਲਾਨ ਵੀ ਕਰ ਦਿੱਤਾ ਕਿ ਕੱਲ੍ਹ ਨੂੰ ਸ਼ੇਰ ਕੋਲ ਹੋਰ ਕੋਈ ਨਾ ਜਾਵੇ, ਉਹ ਖੁਦ ਹੀ ਜਾਵੇਗੀ।

ਦੂਜੇ ਦਿਨ ਬਿੱਲੀ ਜਾਣ ਬੁੱਝ ਕੇ ਸ਼ੇਰ ਕੋਲ ਕਾਫ਼ੀ ਲੇਟ ਪਹੁੰਚੀ। ਜਾਂਦਿਆਂ ਹੀ ਉਸ ਨੇ ਸ਼ੇਰ ਦੀ ਗੁਫ਼ਾ ਦਾ ਆਲਾ-ਦੁਆਲਾ ਬੜੇ ਗਹੁ ਨਾਲ ਤੱਕਿਆ। ਮਲਕ-ਮਲਕ ਪੈਰ ਧਰਦੀ ਉਹ ਗੁਫ਼ਾ ਦੇ ਮੁੱਖ ਦੁਆਰ ਦੀ ਧਰਤੀ ਸੁੰਘਣ ਲੱਗ ਪਈ। ਵੱਖ-ਵੱਖ ਜਾਨਵਰਾਂ ਦੀਆਂ ਪੈੜਾਂ ਦੇ ਨਿਸ਼ਾਨ ਦੇਖ ਕੇ ਉਸ ਨੇ ਇਕ ਦਮ ਕੰਨ ਛੰਡਕੇ। ਫੁਰਤੀ ਨਾਲ ਪਿਛਲ ਖੁਰੀ ਮੁੜਦੀ ਉਹ ਗੁਫਾ ਦੇ ਬਾਹਰ ਆ ਕੇ ਬਹਿ ਗਈ। ਅੰਦਰੋਂ ਸ਼ੇਰ ਨੇ ਬਿੜਕ ਸੁਣ ਕੇ ਪੁੱਛਿਆ, "ਕੌਣ ਹੈ ਬਈ?" ਬੜੀ ਨਿਮਰਤਾ ਨਾਲ ਬਿੱਲੀ ਕਹਿੰਦੀ, "ਮੈਂ ਤਾਂ ਭਾਣਜਿਆ, ਤੇਰੀ ਖ਼ਬਰ ਨੂੰ ਆਈ ਹਾਂ।"

"ਬਾਹਰੋਂ ਹੀ ਗੱਲਾਂ ਮਾਰੀ ਜਾਨੀ ਐਂ, ਅੰਦਰ ਆ ਕੇ ਮੇਰਾ ਹਾਲ-ਚਾਲ ਪੁੱਛ ਤਾਂ?" ਸ਼ੇਰ ਗੁੱਸੇ ਹੁੰਦਾ ਬੋਲਿਆ। "ਅੰਦਰ ਮੈਂ ਇਸ ਕਰ ਕੇ ਨਹੀਂ ਆ ਰਹੀ, ਕਿਉਂਕਿ ਤੇਰੀ ਰਾਜ਼ੀ-ਖੁਸ਼ੀ ਪੁੱਛਣ ਆਏ ਸਾਰੇ ਜਾਨਵਰਾਂ ਦੀਆਂ ਪੈੜਾਂ ਗੁਫ਼ਾ ਦੇ ਅੰਦਰ ਵੱਲ ਤਾਂ ਜਾਂਦੀਆਂ ਹਨ, ਪਰ ਬਾਹਰ ਆਉਂਦਿਆਂ ਦੀ ਇਕ ਵੀ ਪੈੜ ਨਹੀਂ।"

ਕਪਟ, ਪਖੰਡ ਜਾਂ ਢੌਂਗ ਭਾਵੇਂ ਜੰਗਲ ਦੇ ਬਾਦਸ਼ਾਹ ਦਾ ਹੀ ਕਿਉਂ ਨਾ ਹੋਵੇ, ਬਿੱਲੀ ਜਿਹੇ ਨਿੱਕਤੇ ਜਾਨਵਰ ਦੀ ਸੂਝ ਸਿਆਣਪ ਵੀ ਉਸ ਦਾ ਪਰਦਾਫਾਸ਼ ਕਰ ਸਕਦੀ ਹੈ। ਲਿੰਕਨ ਦਾ ਨੀਤੀ ਵਾਕ ਹੈ- ਕੁਝ ਚਿਰ ਲਈ ਕੁਝ ਲੋਕਾਂ ਨੂੰ ਮੂਰਖ ਬਣਾਇਆ ਜਾ ਸਕਦਾ ਹੈ, ਹਮੇਸ਼ਾ ਲਈ ਵੀ ਕੁਝ ਲੋਕਾਂ ਨੂੰ ਮੂਰਖ ਬਣਾਇਆ ਜਾ ਸਕਦਾ ਹੈ, ਪਰ ਹਮੇਸ਼ਾ ਲਈ ਸਾਰਿਆਂ ਨੂੰ ਮੂਰਖ ਨਹੀਂ ਬਣਾਇਆ ਜਾ ਸਕਦਾ।

# ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਸ਼ਬਦਾਂ ਦੇ ਰੰਗ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਕੀ ਤੁਸੀਂ ਜਾਣਦੇ ਹੋ ਕਿ ਬਾਜ ਨਾਂ ਦਾ ਪੰਛੀ ਨਰ ਨਹੀਂ, ਮਦੀਨ ਹੈ। ਇਸ ਦਾ ਨਰ ਜੁਰੱਰਾ ਹੈ। ਮੈਂ ਇਸ ਨੂੰ ਕੱਲ ਤੱਕ ਨਰ ਸਮਝਦਾ ਆਇਆ ਹਾਂ। ਮੇਰੇ ਕਾਲਜ (ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ-ਮਾਹਿਲਪੁਰ) ਵਾਲਿਆਂ ਆਪਣੇ ਵੱਲੋਂ ਕੱਢੇ ਗਏ ਰਸਾਲੇ ਦਾ ਨਾਂ ਚਿੱਟਾ ਬਾਜ਼ ਰੱਖਿਆ ਸੀ। ਮੇਰੀ ਗਲਤੀ ਭਾਈ ਕਾਨ੍ਹ ਸਿੰਘ ਨਾਭਾ ਨੇ





ਠੀਕ ਕੀਤੀ ਹੈ। ਇਹ ਵੀ ਕਿ ਮਦੀਨ ਬਾਜ਼ ਦਾ ਕੱਦ ਆਪਣੇ ਨਰ ਜੁਰੱਰਾ ਨਾਲੋਂ ਵੱਡਾ ਹੁੰਦਾ ਹੈ ਤੇ ਤਿੱਤਰ, ਮੁਰਗਾਬੀ ਤੇ ਸਹੇ ਦਾ ਸ਼ਿਕਾਰ ਕਰਨ ਵਿਚ ਮਾਹਰ ਹੋਣ ਕਾਰਨ ਅਮੀਰ ਲੋਕ ਇਸ ਨੂੰ ਆਪਣੇ ਹੱਥ ਉਤੇ ਰੱਖ ਕੇ ਸ਼ਿਕਾਰ ਖੇਡਦੇ ਸਨ। ਉਂਜ ਬਾਜ਼ ਸ਼ਬਦ ਦੇ ਅਰਥ ਸ਼ਰਾਬ, ਕਰ/ਮਸੂਲ ਤੇ ਖੁਰਪਾ/ਰੰਬਾ ਵੀ ਹਨ ਅਤੇ ਜਲ ਘੋੜਾ, ਤੀਰ ਪੰਖ ਅਤੇ ਵੇਗ/ਤੇਜ਼ੀ ਵੀ। ਮਹਾਨ ਕੋਸ਼ ਵਿਚ ਸ਼ਬਦਾਂ ਦੇ ਅਰਥ ਵੇਖਦਿਆਂ ਭਾਈ ਸਾਹਿਬ ਦੀ ਵਿਦਵਤਾ ਬਾਰੇ ਹੈਰਾਨ ਰਹਿ ਜਾਈਦਾ ਹੈ।

ਤੁਸੀਂ ਇਹ ਤਾਂ ਜਾਣਦੇ ਹੀ ਹੋਵੋਗੇ ਕਿ ਮੁਕਤੇ ਦਾ ਅਰਥ ਬੰਧਨ-ਰਹਿਤ ਹੋਣਾ ਹੈ। ਇਹ ਵੀ ਮੁਕਤਸਰ ਦੇ ਧਰਮ ਯੁੱਧ ਵਿਚ ਸ਼ਹੀਦ ਹੋਣ ਵਾਲੇ 40 ਸਿੰਘਾਂ ਨੂੰ ਚਾਲੀ ਮੁਕਤੇ ਕਹਿੰਦੇ ਹਾਂ। ਇਹ ਵੀ ਦੱਸਦਾ ਹੈ ਕਿ ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਣ ਵਾਲੇ 40 ਸਿੰਘ ਵੀ ਮੁਕਤੇ ਸਨ। ਮਹਾਨ ਕੋਸ਼ ਵਿਚ 40+40=80 ਮੁਕਤਿਆਂ ਦੇ ਨਾਂ ਵੀ ਦਿੱਤੇ ਹੋਏ ਹਨ।

ਹੋਰ ਜਾਣਨਾ ਚਾਹੋ ਤਾਂ ਬਕਰੀਦ ਉਸ ਤਿਉਹਾਰ ਦਾ ਨਾਂ ਹੈ ਜਿਸ ਵਿਚ ਬਕਰੀ ਨਹੀਂ ਬਕਰ (ਗਊ) ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਇਹ ਵੀ ਕਿ ਮਾਹੀ ਸ਼ਬਦ ਦੀ ਵਰਤੋਂ ਮੱਝ/ਮਹਿੰ ਚਰਾਉਣ ਵਾਲੇ ਲਈ ਕੀਤੀ ਜਾਂਦੀ ਹੈ। ਰਾਂਝੇ ਦੇ ਮਾਹੀ ਬਣਨ ਕਾਰਨ ਇਸ ਦਾ ਅਰਥ ਪਿਆਰਾ/ਪ੍ਰੇਮੀ/ਮਿੱਤਰ ਹੋ ਗਿਆ।

ਮਹਾ ਕੋਸ਼ ਇਹ ਵੀ ਦਸਦਾ ਹੈ ਕਿ ਝਗੜੇ ਉਪੱਧਰ ਜਾਂ ਬਲਵੇ ਨੂੰ ਰਾਮ ਰੌਲਾ ਏਸ ਲਈ ਕਿਹਾ ਜਾਂਦਾ ਹੈ ਕਿ ਜਦੋਂ ਰਾਮ ਚੰਦਰ ਜੀ ਸੀਤਾ ਨੂੰ ਵਿਆਹ ਕੇ ਆਯੁੱਧਿਆ ਲਿਜਾ ਰਹੇ ਸਨ ਤਾਂ ਪਰਸੁਰਾਮ ਨੇ ਅਜਿਹਾ ਰੌਲਾ ਮਚਾਇਆ ਕਿ ਮੰਗਲ ਵਿਚ ਵਿਘਨ ਪਾ ਦਿੱਤਾ। ਹੁਣ ਹਰ ਵਿਘਨ ਨੂੰ ਰਾਮ ਰੌਲਾ ਕਿਹਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਹਰ ਸ਼ਬਦ ਦੀਆਂ ਜੜ੍ਹਾਂ ਤੱਕ ਜਾਂਦੇ ਸਨ। ਕਿਸੇ ਇੱਕ ਵਿਅਕਤੀ ਦੀ ਏਨੀ ਵਿਦਵਤਾ ਤੇ ਗਿਆਨ



*ਭਾਈ ਕਾਨ੍ਹ ਸਿੰਘ ਨਾਭਾ*

ਬਾਰੇ ਸੋਚ ਕੇ ਹੈਰਾਨ ਰਹਿ ਜਾਈਦਾ ਹੈ।

ਉਰਦੂ ਸ਼ਬਦ ਦੀਆਂ ਜੜ੍ਹਾਂ ਵਿਚ ਜਾਂਦਿਆਂ ਮਹਾਨ ਕੋਸ਼ ਦਸਦਾ ਹੈ ਕਿ ਇਹ ਸ਼ਬਦ ਸੈਨਾ ਦੇ ਨਿਵਾਸ ਅਸਥਾਨ ਤੇ ਸੈਨਾ-ਬਾਜ਼ਾਰ ਲਈ ਵਰਤਿਆ ਜਾਂਦਾ ਸੀ ਪਰ ਪਿਛੋਂ ਜਾ ਕੇ ਧਾਵਾ ਬੋਲਣ ਵਾਲਿਆਂ ਤੇ ਇਸ ਨੂੰ ਰੋਕਣ ਵਾਲਿਆਂ ਦੀ ਮਿਲੀ-ਜੁਲੀ ਭਾਸ਼ਾ ਨੂੰ ਵੀ ਉਰਦੂ ਕਹਿਣ ਲੱਗ ਪਏ। ਉਰਦੂ ਖਿਲਜੀਆਂ ਦੇ ਰਾਜ ਵਿਚ ਮੁਸਲਮਾਨਾਂ ਤੇ ਹਿੰਦੂਆਂ ਦੀ ਸਾਂਝੀ ਭਾਸ਼ਾ ਵਜੋਂ ਹੋਂਦ ਵਿਚ ਆਈ ਤੇ ਸ਼ਾਹ ਜਹਾਨ ਦੇ ਰਾਜ ਵਿਚ ਪੂਰਨ ਤੇ ਪਰਪੱਕ ਹੋ ਗਈ। ਇਸ ਦਾ ਆਧਾਰ ਹਿੰਦੀ ਹੈ ਤੇ ਪਾਸਾਰ ਅਰਬੀ ਤੇ ਫਾਰਸੀ।

ਹੋਰ ਪੁੱਛੋ ਤਾਂ ਸਾਰੰਗ ਦੇ ਅਰਥ ਪਪੀਹਾ, ਕਾਲਾ ਹਿਰਨ, ਘੋੜਾ, ਹਾਥੀ, ਮੋਰ, ਸੋਨਾ, ਭੂਸ਼ਨ ਗਹਿਣਾ ਹੀ ਨਹੀਂ, ਬਦਲ, ਰਾਤ, ਪ੍ਰਿਥਵੀ, ਚੰਨ, ਸੂਰਜ, ਪਰਬਤ, ਸੱਪ, ਕੱਜਲ, ਕਬੂਤਰ, ਕਰਤਾਰ, ਬਿਜਲੀ, ਮੋਤੀ, ਇਸਤਰੀ ਆਦਿ ਪੰਜਾਹ ਤੋਂ ਵੱਧ ਹਨ। ਹੈ ਕੋਈ ਭਾਈ ਸਾਹਬ ਦਾ ਲੇਖਾ! ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਭਾਈ ਕਾਨ੍ਹ ਸਿੰਘ ਨਾਭਾ ਯਾਦਗਾਰੀ ਭਾਸ਼ਣ ਵਿਚ ਇਨ੍ਹਾਂ ਤੇ ਇਨ੍ਹਾਂ ਵਰਗੇ ਦਰਜਨਾਂ ਸ਼ਬਦਾਂ ਉਤੇ ਚਰਚਾ ਹੋਈ। ਹਿੱਸਾ ਲੈਣ ਵਾਲਿਆਂ ਵਿਚ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ (ਪ੍ਰਧਾਨ) ਤੋਂ ਬਿਨਾਂ ਭਾਸ਼ਣ ਕਰਤਾ ਡਾ. ਜੇ ਐਸ ਨੇਕੀ ਅਤੇ ਉਦਘਾਟਨੀ ਸ਼ਬਦ ਕਹਿਣ ਵਾਲੇ ਡਾ. ਮਹਿੰਦਰ ਸਿੰਘ ਤੇ ਭਾਸ਼ਾ ਵਿਕਾਸ ਵਿਭਾਗ ਦੀ ਮੁਖੀ ਡਾ. ਜਸਬੀਰ ਕੌਰ ਪ੍ਰਮੁੱਖ ਸਨ ਜਦ ਕਿ ਸ਼ਬਦ ਭੇਦਾਂ ਦੀ ਜਾਣਕਾਰੀ ਮੁੱਖ ਤੌਰ 'ਤੇ ਭਾਈ ਸਾਹਿਬ ਦੇ ਪੜਪੋਤਰੇ ਸੇਵਾ ਮੁਕਤ ਮੇਜਰ ਏ ਪੀ ਸਿੰਘ ਤੇ ਪ੍ਰਕਾਸ਼ਕ ਬਿਊਰੋ ਦੀ ਮੁਖੀ ਡਾ. ਧਨਵੰਤ ਕੌਰ ਨੇ ਦਿੱਤੀ। ਜੇ ਤੁਸੀਂ ਇਹੋ ਜਿਹੀ ਜਾਣਕਾਰੀ ਪ੍ਰਾਪਤ ਕਰਨ ਦੇ ਇੱਛੁਕ ਹੋ ਤਾਂ ਏਸ ਕਾਲਮ ਵੱਲ ਹੀ ਨਾ ਤੱਕੀ ਜਾਣਾ। ਮਹਾਨ ਕੋਸ਼ ਵਿਚ 65000 ਸ਼ਬਦ ਹਨ। ਵੇਖੋ, ਜਾਣੋ ਤੇ ਮਾਣੋ।

**ਅੰਤਿਕਾ:**

*(ਚਿੱਟੇ ਬਾਜਾਂ ਵਾਲੇ ਦਾ ਵਿਸਥਾਰ ਮਹਾਨ ਕੋਸ਼ ਵਿਚ)*

ਨੀਚ ਨੀਚ ਆਖ ਕੇ ਅਛੂਤ ਦੁਰਕਾਰਿਆਂ ਨੂੰ
ਕੌਣ ਚੁੱਕ ਪੁੱਤਾਂ ਵਾਂਗ ਛਾਤੀ ਨਾਲ ਲਾਉਂਦਾ?
ਇੱਕ ਘਰ ਹੋਣ ਜਿੱਥੇ ਬਾਰਾਂ ਚੁਲ੍ਹੇ ਵਖ ਵਖ
ਕੌਣ ਉਨ੍ਹਾਂ ਇਕ ਭਾਂਡੇ ਅੰਮ੍ਰਿਤ ਪਿਆਉਂਦਾ?
ਬਿਨਾਂ ਘਰ ਦਰ ਜੇਹੜੇ ਫਿਰਨ ਵਿਜੇ ਸ਼ਹਿਰ
ਕੌਣ ਤਿਨ੍ਹਾਂ ਰਾਜ ਦੇ ਸਿੰਘਾਸਣ ਬਹਾਉਂਦਾ?
ਹੁੰਦੇ ਕਿਵੇਂ, ਚਿੜੇ, ਬਾਜ਼, ਗਿੱਦੜ ਬੱਬਰ ਸ਼ੇਰ
ਚਿੱਟੇ ਬਾਜਾਂ ਵਾਲਾ ਜੇ ਨਾ ਜੱਗ ਵਿਚ ਆਉਂਦਾ?

# ਅਸ਼ੋਕ ਭੌਰਾ ਦੀ ਪੁਸਤਕ 'ਮੇਰੇ ਸਮਿਆਂ ਦੀ ਪੰਜਾਬੀ ਗਾਇਕੀ' ਜਾਰੀ


**ਸਰੀ, ਕੈਨੇਡਾ (ਬਿਊਰੋ):** "ਅਸੀਂ ਪਿਛਲੇ ਕਰੀਬ ਚਾਲੀ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਹੇ ਹਾਂ ਪਰ ਇਹ ਪਹਿਲੀ ਵਾਰ ਵੇਖਣ ਸੁਣਨ ਨੂੰ ਮਿਲਿਆ ਹੈ ਕਿ ਪੰਜਾਬੀ ਕਿਸੇ ਲੇਖਕ ਨੂੰ ਏਨਾ ਰੱਜ ਕੇ ਪਿਆਰ ਕਰਦੇ ਹਨ। ਮੈਂ ਜਦੋਂ ਵੀ ਪੰਜਾਬੀ ਭਾਈਚਾਰੇ ਵਿਚ ਜਾਂਦਾ ਹਾਂ ਤਾਂ ਅਕਸਰ ਐਸ. ਅਸ਼ੋਕ ਭੌਰਾ ਦੀਆਂ ਲਿਖਤਾਂ ਤੇ ਉਨ੍ਹਾਂ ਦੀ ਸ਼ਬਦਾਵਲੀ ਦੀ ਚਰਚਾ ਚੱਲਦੀ ਹੈ। ਤੇ ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਭੌਰਾ ਦੀ ਇਹ ਵੱਡੀ ਪੁਸਤਕ 'ਮੇਰੇ ਸਮਿਆਂ ਦੀ ਪੰਜਾਬੀ ਗਾਇਕੀ' ਅੱਜ ਮੈਨੂੰ ਰਿਲੀਜ਼ ਕਰਨ ਦਾ ਅਵਸਰ ਮਿਲਿਆ ਹੈ।" ਇਹ ਸ਼ਬਦ ਬੀ ਸੀ, ਕੈਨੇਡਾ ਦੇ ਐਡਵਾਂਸ ਐਜੂਕੇਸ਼ਨ ਮਨਿਸਟਰ ਸ੍ਰੀ ਅਮਰੀਕ ਸਿੰਘ ਵਿਰਕ ਨੇ ਪੁਸਤਕ ਜਾਰੀ ਕਰਨ ਸਮੇਂ ਹਾਜ਼ਰੀਨ ਨਾਲ ਸਾਂਝੇ ਕਰਦਿਆਂ ਕਹੇ।

ਭੌਰਾ ਦੇ ਮਿੱਤਰਾਂ, ਸਹਿਯੋਗੀਆਂ ਤੇ ਪ੍ਰਸ਼ੰਸਕਾਂ ਵਲੋਂ ਸਾਂਝੇ ਰੂਪ ਵਿਚ ਰਿਵਰਸਾਈਡ ਬੈਂਕੁਇਟ ਹਾਲ ਵਿਚ ਕਰਵਾਏ ਸਮਾਗਮ ਵਿਚ ਵੱਡੀ ਗਿਣਤੀ ਵਿਚ ਬੀ ਸੀ ਦੀਆਂ ਨਾਮੀ ਹਸਤੀਆਂ, ਸਾਹਿਤਕ ਸਖਸ਼ੀਅਤਾਂ ਨੇ ਭਰਵੀਂ ਹਾਜ਼ਰੀ ਭਰੀ। ਪ੍ਰਧਾਨਗੀ ਮੰਡਲ ਵਿਚ ਜਤਿੰਦਰ ਜੇ. ਮਿਨਹਾਸ, ਬਿੱਕਰ ਸਿੰਘ ਖੋਸਾ ਤੇ ਐਸ. ਅਸ਼ੋਕ ਭੌਰਾ ਹਾਜ਼ਰ ਸਨ ਜਦਕਿ ਮੁੱਖ ਪ੍ਰਬੰਧਕਾਂ ਵਿਚ ਸ਼ਾਮਿਲ ਸ਼ਾਇਰ ਤੇ ਗਾਇਕ ਸੁਰਜੀਤ ਮਾਧੋਪੁਰੀ ਤੇ ਪ੍ਰਿਤਪਾਲ ਗਿੱਲ ਨੇ ਸ਼ਾਇਰਾਨਾ ਅੰਦਾਜ਼ ਵਿਚ ਸਮਾਰੋਹ ਦਾ ਸੰਚਾਲਨ ਕੀਤਾ।

ਇਸ ਮੌਕੇ ਕੁਲਦੀਪ ਗਿੱਲ ਨੇ ਕਿਹਾ ਕਿ ਸ੍ਰੀ ਭੌਰਾ ਨੇ ਛੋਟੀ ਉਮਰ ਵਿਚ ਮਾਣ ਤੇ ਸਤਿਕਾਰਯੋਗ ਪ੍ਰਾਪਤੀਆਂ ਕਰਕੇ ਆਪਣੀ ਸਨਮਾਨਯੋਗ ਥਾਂ ਬਣਾਈ ਹੈ। ਪ੍ਰਿੰ. ਸੁਰਿੰਦਰਪਾਲ ਕੌਰ ਬਰਾੜ ਨੇ ਸ੍ਰੀ ਭੌਰਾ ਦੀਆਂ ਲਿਖਤਾਂ ਦੀ ਵਰਤਮਾਨ ਪ੍ਰਸੰਗਕਤਾ ਬਾਰੇ ਪੜ੍ਹੇ ਪਰਚੇ ਵਿਚ ਕਿਹਾ ਕਿ ਭੌਰਾ ਕੋਲ ਨਾ ਸਿਰਫ ਸ਼ਬਦਾਂ ਦੀ ਜਾਦੂਗਰੀ ਹੈ ਸਗੋਂ ਉਹ ਸਮੁੱਚੀ ਲਿਖਤ ਵਿਚ ਮਾਨਵ ਜਾਤੀ ਦੀ ਗੱਲ ਕਰਦਿਆਂ ਹਰ ਰਚਨਾ ਨੂੰ ਉਦੇਸ਼ ਭਰਪੂਰ ਬਣਾ ਕੇ ਆਪਣੇ ਪਾਠਕ ਨੂੰ ਨਾਲ ਨਾਲ ਤੋਰੀ ਰੱਖਦਾ ਹੈ। ਖਾਸ ਗੱਲ ਇਹ ਵੀ ਹੈ ਕਿ ਉਹਦੀਆਂ ਬਹੁਤੀਆਂ ਲਿਖਤਾਂ ਵਿਗਿਆਨਕ ਤੇ ਤਰਕ ਭਰਪੂਰ ਵੀ ਹਨ। ਹਰਭਜਨ ਸਿੰਘ ਮਾਂਗਟ ਦਾ ਪਰਚਾ ਵੀ ਪੜ੍ਹ ਕੇ ਸੁਣਾਇਆ ਗਿਆ। ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰਾਂ ਵਿਚ ਇਸ ਗੱਲ ਨੂੰ ਸਾਂਝੇ ਰੂਪ ਵਿਚ ਸਵਿਕਾਰ ਕੀਤਾ ਕਿ ਭੌਰਾ ਕਿਉਂਕਿ ਤਿੰਨ ਦਹਾਕਿਆਂ ਤੱਕ ਪੰਜਾਬੀ ਗਾਇਕੀ ਤੇ ਗਾਇਕਾਂ ਵਿਚ ਗਹਿਗੱਚ ਹੋ ਕੇ ਵਿਚਰਿਆ ਹੈ ਇਸ ਲਈ ਪੁਸਤਕ 'ਮੇਰੇ ਸਮਿਆਂ ਦੀ ਗਾਇਕੀ' ਪੰਜਾਬੀ ਸੰਗੀਤ ਦੇ ਇਕ ਖਾਸ ਸਮੇਂ ਦਾ ਮੁਕੰਮਲ ਦਸਤਾਵੇਜ਼ ਹੈ।

ਸਮਾਰੋਹ ਦੌਰਾਨ ਸੰਗੀਤਕ ਮਾਹੌਲ ਬਣਿਆ ਰਿਹਾ। ਜਗੀਰ ਜੌਹਲ ਦੀ ਤੂੰਬੀ 'ਤੇ ਧੁਨ, ਢਾਡੀ ਰਣਜੀਤ ਸਿੰਘ ਸਿੱਧਵਾਂ ਦੇ ਜਥੇ ਵਿਚ ਰਹੇ ਚਮਕੌਰ ਸਿੰਘ ਨੇ ਸਾਰੰਗੀ 'ਤੇ ਗਾਇਨ ਤੇ ਵਾਦਨ ਦੀ ਕਮਾਲ ਵਿਖਾਈ। ਗਾਇਕ ਪਵਨ ਭਾਟੀਆ, ਮਨਰਾਜ ਹਸਨ, ਖੁਸ਼ਹਾਲ ਗਲੋਟੀ ਤੇ ਜਗੀਰ ਸਿੰਘ ਜੌਹਲ ਨੇ ਗੀਤਾਂ ਨਾਲ ਇਕ ਵਾਰ ਤਾਂ ਵੱਖਰਾ ਹੀ ਰੰਗ ਬੰਨ੍ਹ ਦਿੱਤਾ। ਪੁਸਤਕ ਦੀ ਘੁੰਡ ਚੁਕਾਈ ਮੌਕੇ ਢਾਡੀ ਕੁਲਜੀਤ ਸਿੰਘ ਦਿਲਬਰ, ਢਾਡੀ ਤਰਲੋਚਨ ਸਿੰਘ ਭਮੱਦੀ ਤੇ ਪ੍ਰਿਤਪਾਲ ਸਿੰਘ ਬੈਂਸ ਦਾ ਢਾਡੀ ਜਥਾ ਵੀ ਹਾਜ਼ਰ ਸੀ। ਕੁਲਜੀਤ ਸਿੰਘ ਦਿਲਬਰ ਨੇ ਆਪਣੇ ਪਿਤਾ ਗਿਆਨੀ ਦਇਆ ਸਿੰਘ ਦਿਲਬਰ ਦੀ ਜੀਵਨੀ ਬਾਰੇ ਲਿਖੀ ਪੁਸਤਕ ਵੀ ਸਰੋਤਿਆਂ ਨੂੰ ਭੇਟ ਕੀਤੀ।

ਕੈਨਡਾ ਦੇ ਸਾਬਕਾ ਪਾਰਲੀਮੈਂਟ ਮੈਂਬਰ ਸੁੱਖ ਧਾਲੀਵਾਲ ਨੇ ਇਸ ਸਾਹਿਤਕ ਸਮਾਰੋਹ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਭੌਰਾ ਦੀਆਂ ਲਿਖਤਾਂ ਦੀ ਚਰਚਾ ਕੀਤਾ। ਇੰਡੋ ਕੈਨੇਡੀਅਨ ਟਾਈਮਜ਼ ਦੇ ਬਾਨੀ ਸੰਪਾਦਕ ਤਾਰਾ ਸਿੰਘ ਹੇਅਰ ਦੇ ਸਪੁੱਤਰ ਸਾਬਕਾ ਵਿਧਾਇਕ ਦੇਵ ਹੇਅਰ ਨੇ ਵੀ ਭਾਵੁਕ ਸ਼ਬਦਾਂ ਵਿਚ ਭੌਰਾ ਦੀਆਂ ਲਿਖਤਾਂ ਪੜ੍ਹਨ ਦੀ ਸਲਾਹ ਦਿੱਤੀ। ਪੁਰੇਵਾਲ ਖੇਡ ਮੇਲੇ ਦੇ ਪ੍ਰਬੰਧਕ ਗੁਰਜੀਤ ਸਿੰਘ ਪੁਰੇਵਾਲ ਨੇ ਵੀ ਭੌਰਾ ਨਾਲ ਨਿੱਜੀ ਤੇ ਖੇਡ ਮੇਲੇ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ।



ਐਸ. ਅਸ਼ੋਕ ਭੌਰਾ ਦੀ ਪੁਸਤਕ ਜਾਰੀ ਕਰਦੇ ਹੋਏ ਐਡਵਾਂਸ ਐਜੂਕੇਸ਼ਨ ਮਨਿਸਟਰ ਅਮਰੀਕ ਸਿੰਘ ਵਿਰਕ। ਨਾਲ ਹਨ ਸ੍ਰੀ ਭੌਰਾ, ਸੁਰਜੀਤ ਮਾਧੋਪੁਰੀ, ਪ੍ਰਿਤਪਾਲ ਗਿੱਲ, ਜੇ ਮਿਨਹਾਸ ਤੇ ਬਿੱਕਰ ਸਿੰਘ ਖੋਸਾ

ਇਸ ਮੌਕੇ ਜਿਨ੍ਹਾਂ ਸੰਸਥਾਵਾਂ ਤੇ ਅਹਿਮ ਹਸਤੀਆਂ ਵਲੋਂ ਸ੍ਰੀ ਭੌਰਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ, ਉਨ੍ਹਾਂ ਵਿਚ ਇੰਡੋ ਕੈਨੇਡੀਅਨ ਕਲਚਰਲ ਸੁਸਾਇਟੀ ਦੇ ਇਕਬਾਲ ਸਿੰਘ ਝੂਟੀ, ਜ਼ਿਲ੍ਹਾ ਮੋਹਾਲੀ ਤੇ ਰੋਪੜ ਵਲੋਂ ਢੇਸਾ ਬ੍ਰਦਰਜ਼, ਕਬੱਡੀ ਪ੍ਰੋਮੋਟਰ ਗੁਰਜੀਤ ਸਿੰਘ ਪੁਰੇਵਾਲ, ਬੀਅਰ ਗਰੀਕ ਮਾਰਕੀਟ ਦੇ ਅੰਤਰ ਪੰਮਾ, ਗੋਲਡ ਮਾਈਨ ਇੰਸ਼ੋਰੈਂਸ ਵਲੋਂ ਹਰਜਿੰਦਰ ਸਿੰਘ ਚੀਮਾ, ਸੋਭਾ ਸਿੰਘ ਮੈਮੋਰੀਅਲ ਫਾਊਂਡੇਸ਼ਨ ਵਲੋਂ ਚਿੱਤਰਕਾਰ ਜਰਨੈਲ ਸਿੰਘ ਤੇ ਅਜਾਇਬ ਸਿੰਘ ਸਿੱਧੂ, ਸੁੱਖੀ ਬਾਠ ਮੋਟਰਜ਼ ਵਲੋਂ ਸੁੱਖੀ ਬਾਠ ਤੇ ਆਰਗੇਨਾਈਜ਼ਿੰਗ ਕਮੇਟੀ ਵਲੋਂ ਪ੍ਰਿਤਪਾਲ ਗਿੱਲ ਤੇ ਸੁਰਜੀਤ ਮਾਧੋਪੁਰੀ ਸ਼ਾਮਲ ਸਨ।

ਪੁਸਤਕ ਰਿਲੀਜ਼ ਕਰਨ ਉਪਰੰਤ ਸ੍ਰੀ ਭੌਰਾ ਨੇ ਆਪਣੇ ਧੰਨਵਾਦੀ ਭਾਸ਼ਣ ਵਿਚ ਕਿਹਾ ਕਿ ਉਹ ਆਪਣੀਆਂ ਪ੍ਰਾਪਤੀਆਂ ਤੇ ਸਫਲਤਾਵਾਂ ਦਾ ਸਿਹਰਾ ਰੋਜ਼ਾਨਾ ਅਜੀਤ ਦੇ ਮੁੱਖ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਹੋਰਾਂ ਨੂੰ ਦਿੰਦੇ ਹਨ। 'ਅਜੀਤ' 'ਚ ਤੀਹ ਸਾਲ ਲਿਖ ਕੇ ਹੀ ਉਨ੍ਹਾਂ ਨੂੰ ਮਾਣ ਤੇ ਦੁਨੀਆਂ ਦੇਖਣ ਦਾ ਅਵਸਰ ਮਿਲਿਆ ਹੈ। ਸ੍ਰੀ ਭੌਰਾ ਨੇ ਹੋਰ ਦੱਸਿਆ ਕਿ ਉਹ ਤੀਹ ਸਾਲਾਂ ਤੋਂ ਨਿਰੰਤਰ ਲਿਖ ਰਹੇ ਹਨ ਪਰ ਲਿਖਣਾ ਔਖਾ ਨਹੀਂ, ਪਾਠਕ ਪੈਦਾ ਕਰਕੇ ਔਖੇ ਹਨ ਤੇ ਮੇਰੀ ਪ੍ਰਾਪਤੀ ਹੈ ਕਿ ਮੈਂ ਲੱਖਾਂ ਪਾਠਕਾਂ ਵਿਚ ਉਨ੍ਹਾਂ ਨੂੰ ਵੀ ਸ਼ਾਮਿਲ ਕੀਤਾ ਹੈ ਜੋ ਪੜ੍ਹਨ ਦੇ ਸ਼ੌਕੀਨ ਹੀ ਨਹੀਂ ਸਨ।

ਸ੍ਰੀ ਭੌਰਾ ਨੇ ਕਿਹਾ ਕਿ ਅਮਰੀਕਾ ਤੋਂ ਪ੍ਰਕਾਸ਼ਿਤ ਹੁੰਦੇ ਅਖਬਾਰ 'ਪੰਜਾਬ ਟਾਈਮਜ਼' ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਤੇ ਇੰਡੋ ਕੈਨੇਡੀਅਨ ਦੇ ਰੁਪਿੰਦਰ ਬੈਂਸ ਤੇ ਹਰਜੀਤ ਬੈਂਸ ਨੇ ਵੀ ਮੇਰੇ ਮਾਣ ਵਿਚ ਵੱਡੀ ਦੇਣ ਦਿੱਤੀ ਹੈ।

ਇਸ ਮੌਕੇ ਫੋਟੋਗ੍ਰਾਫਰ ਸੰਤੋਖ ਸਿੰਘ ਮੰਡੇਰ, ਗੀਤਕਾਰ ਜਸਵੀਰ ਗੁਣਾਚੌਰੀਆ, ਲਾਲੀ ਪਧਿਆਣਵੀ, ਬਲਵੀਰ ਸਿੰਘ ਚੰਗਿਆੜਾ, ਹਰਚੰਦ ਸਿੰਘ ਬਾਗੜੀ ਵੀ ਹਾਜ਼ਰ ਸਨ। ਭੌਰਾ ਦੀਆਂ ਪਿਛਲੇ ਤੀਹ ਸਾਲਾਂ ਦੀਆਂ ਪ੍ਰਾਪਤੀਆਂ ਬਾਰੇ ਫੋਟੋ ਸਲਾਈਡ ਸ਼ੋਅ ਵੀ ਚਲਾਇਆ ਗਿਆ। ਨਾਮੀ ਸ਼ਾਇਰ ਮੋਹਨ ਗਿੱਲ ਨੇ ਭੌਰਾ ਲਈ ਯਾਦ ਦੀ ਗੱਲ ਤੋਰਦਿਆਂ ਕਿਹਾ ਕਿ ਉਹ ਖੁਸ਼ਕਿਸਮਤ ਹਨ ਕਿ ਉਨ੍ਹਾਂ ਨੂੰ ਭੌਰਾ ਦੀ ਰਚਨਾ ਸਭ ਤੋਂ ਪਹਿਲਾਂ ਪੜ੍ਹਨ ਦਾ ਮੌਕਾ ਮਿਲਦਾ ਹੈ। ਚਾਹ ਪਾਣੀ ਉਪਰੰਤ ਪ੍ਰਿਤਪਾਲ ਗਿੱਲ ਨੇ ਸਾਰੀਆਂ ਆਈਆਂ ਹਸਤੀਆਂ ਦਾ ਧੰਨਵਾਦ ਕੀਤਾ।

# ਅਸ਼ਰਫ਼ ਗ਼ਨੀ ਬਣੇ ਅਫਗਾਨਿਸਤਾਨ ਦੇ ਨਵੇਂ ਰਾਸ਼ਟਰਪਤੀ

**ਕਾਬੁਲ:** ਅਫ਼ਗਾਨਿਸਤਾਨ ਵਿਚ ਰਾਸ਼ਟਰਪਤੀ ਦੇ ਅਹੁਦੇ ਨੂੰ ਲੈ ਕੇ ਚੱਲ ਰਿਹਾ ਰੇੜਕਾ ਮੁੱਕ ਗਿਆ ਹੈ। ਇਸ ਅਹੁਦੇ ਦੇ ਮੁੱਖ ਉਮੀਦਵਾਰਾਂ ਅਸ਼ਰਫ਼ ਗਨੀ ਅਤੇ ਅਬਦੁੱਲਾ ਅਬਦੁੱਲਾ



ਨੇ ਸਾਂਝੀ ਸਰਕਾਰ ਬਣਾਉਣ ਲਈ ਸੱਤਾ ਵਿਚ ਭਾਈਵਾਲੀ ਦੇ ਇਕਰਾਰਨਾਮੇ 'ਤੇ ਦਸਤਖਤ ਕਰ ਦਿੱਤੇ। ਇਹ ਸਮਝੌਤਾ ਰਾਸ਼ਟਰਪਤੀ ਮਹਿਲ ਵਿਚ ਹੋਇਆ ਤੇ ਉਸ ਸਮੇਂ ਮੌਜੂਦਾ ਰਾਸ਼ਟਰਪਤੀ ਹਾਮਿਦ ਕਰਜ਼ਈ ਸਮੇਤ ਹੋਰ ਆਗੂ ਹਾਜ਼ਰ ਸਨ। ਸਮਝੌਤੇ ਤਹਿਤ ਜੂਨ ਵਿਚ ਪਈਆਂ ਵੋਟਾਂ ਦੇ ਮੁੱਢਲੇ ਨਤੀਜਿਆਂ ਮੁਤਾਬਕ ਅੱਗੇ ਰਹੇ ਅਸ਼ਰਫ਼ ਗਨੀ ਰਾਸ਼ਟਰਪਤੀ ਬਣਨਗੇ ਅਤੇ ਅਬਦੁੱਲਾ ਅਬਦੁੱਲਾ ਜਾਂ ਉਨ੍ਹਾਂ ਵੱਲੋਂ ਨਾਮਜ਼ਦ ਲੀਡਰ ਨਵੇਂ ਬਣਾਏ ਗਏ ਅਹੁਦੇ 'ਚੀਫ਼ ਐਗਜ਼ੀਕਿਊਟਿਵ ਆਫਿਸਰ' (ਸੀ.ਈ.ਓ). 'ਤੇ ਤਾਇਨਾਤ ਹੋਵੇਗਾ। ਇਹ ਅਹੁਦਾ ਪ੍ਰਧਾਨ ਮੰਤਰੀ ਦੇ ਬਰਾਬਰ ਦਾ ਹੋਵੇਗਾ। ਦੋਵੇਂ ਆਗੂਆਂ ਨੇ ਸਮਝੌਤੇ 'ਤੇ ਦਸਤਖਤ ਕਰਨ ਤੋਂ ਬਾਅਦ ਇਕ-ਦੂਜੇ ਨਾਲ ਗਲੇ ਮਿਲ ਕੇ ਮੁਬਾਰਕਵਾਦ ਦਿੱਤੀ।

ਸੰਵਿਧਾਨ ਤਹਿਤ ਰਾਸ਼ਟਰਪਤੀ ਦਾ ਜ਼ਿਆਦਾਤਰ ਸੰਸਥਾਵਾਂ 'ਤੇ ਅਧਿਕਾਰ ਹੁੰਦਾ ਹੈ ਪਰ ਹੁਣ ਸੀ.ਈ.ਓ. ਨੂੰ ਅਹਿਮ ਅਹੁਦੇ ਦਿੱਤੇ ਜਾਣਗੇ। ਚੋਣਾਂ ਤੋਂ ਬਾਅਦ ਅਬਦੁੱਲਾ ਅਬਦੁੱਲਾ ਨੇ ਧਾਂਦਲੀ ਦੇ ਦੋਸ਼ ਲਾਏ ਸਨ ਤੇ ਵੋਟਾਂ ਦੀ ਮੁੜ ਗਿਣਤੀ ਕਰਨ ਦੀ ਮੰਗ ਕੀਤੀ ਸੀ। ਰੇੜਕਾ ਵਧਦਾ ਦੇਖ ਕੇ ਅਮਰੀਕਾ ਤੇ ਸੰਯੁਕਤ ਰਾਸ਼ਟਰ ਨੇ ਦਖਲ ਦਿੱਤਾ। ਅਮਰੀਕਾ ਤੇ ਪਾਕਿਸਤਾਨ ਨੇ ਸਮਝੌਤੇ ਦਾ ਸਵਾਗਤ ਕੀਤਾ ਹੈ ਤੇ ਕਿਹਾ ਹੈ ਕਿ ਨਵੀਂ ਸਰਕਾਰ ਦੀ ਅਗਵਾਈ ਵਿਚ ਅਫ਼ਗਾਨਿਸਤਾਨ ਦੇ ਲੋਕਾਂ ਨੂੰ ਹਿੰਸਾ ਤੋਂ ਮੁਕਤੀ ਮਿਲੇਗੀ।

# ਕੁਦਰਤੀ ਆਫਤਾਂ ਨਾਲ 21 ਲੱਖ ਲੋਕ ਉਜੜੇ

**ਸੰਯੁਕਤ ਰਾਸ਼ਟਰ:** ਭਾਰਤ ਵਿਚ ਪਿਛਲੇ ਸਾਲ ਕੁਦਰਤੀ ਆਫਤਾਂ ਕਰਕੇ 21 ਲੱਖ 40 ਹਜ਼ਾਰ ਲੋਕਾਂ ਨੂੰ ਹਿਜਰਤ ਕਰਨੀ ਪਈ ਸੀ। ਸੰਯੁਕਤ ਰਾਸ਼ਟਰ ਸਮਰਪਤ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ। ਪਿਛਲੇ ਸਾਲ ਫਿਲਪੀਨਜ਼ ਤੇ ਚੀਨ ਤੋਂ ਬਾਅਦ ਭਾਰਤ ਵਿਚ ਸਭ ਤੋਂ ਵੱਧ



ਲੋਕ ਦਰ ਬਦਰ ਹੋਏ ਸਨ। ਆਫ਼ਤਾਂ ਦੌਰਾਨ ਉਜੜੇ ਲੋਕਾਂ ਬਾਰੇ ਆਲਮੀ ਅੰਦਾਜ਼ੇ ਬਾਰੇ ਜਾਰੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ 2013 ਵਿਚ ਜ਼ਲਜ਼ਲੇ ਜਾਂ ਕੁਦਰਤੀ ਕਰੋਪਿਆਂ ਕਰਕੇ ਦੁਨੀਆਂ ਭਰ ਵਿਚ ਦੋ ਕਰੋੜ 20 ਲੱਖ ਲੋਕਾਂ ਨੂੰ ਉਜੜਨਾ ਪਿਆ ਸੀ।

ਸਾਲ 2008 ਤੋਂ 2013 ਵਿਚਕਾਰ ਭਾਰਤ ਵਿਚੋਂ ਕੁੱਲ ਦੋ ਕਰੋੜ 61 ਲੱਖ ਤੋਂ ਵੱਧ ਲੋਕ ਉਜੜੇ ਸਨ। ਪਹਿਲੇ ਨੰਬਰ 'ਤੇ ਚੀਨ ਵਿਚ ਪੰਜ ਕਰੋੜ 42 ਲੱਖ ਤੋਂ ਵੱਧ ਲੋਕਾਂ ਦਾ ਉਜਾੜਾ ਹੋਇਆ ਸੀ। ਪਿਛਲੇ ਸਾਲ ਸੰਘਰਸ਼ਾਂ ਤੇ ਹਿੰਸਾ ਕਾਰਨ ਭਾਰਤ ਵਿਚ 64 ਹਜ਼ਾਰ ਲੋਕਾਂ ਦਾ ਉਜਾੜਾ ਹੋਇਆ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਏਸ਼ੀਆ ਵਿਚ 2008 ਤੋਂ 2013 ਦੌਰਾਨ 80.9 ਫ਼ੀਸਦੀ ਲੋਕਾਂ ਦਾ ਉਜਾੜਾ ਹੋਇਆ ਸੀ। ਇਸ ਖ਼ਿਤੇ ਵਿਚ ਪਿਛਲੇ ਸਾਲ 14 ਵੱਡੀਆਂ ਆਫ਼ਤਾਂ ਆਈਆਂ ਤੇ ਫਿਲਪੀਨਜ਼, ਚੀਨ, ਭਾਰਤ, ਬੰਗਲਾਦੇਸ਼ ਤੇ ਵੀਅਤਨਾਮ ਵਿਚ ਸਭ ਤੋਂ ਵੱਧ ਉਜਾੜਾ ਹੋਇਆ। ਰਿਪੋਰਟ ਵਿਚ ਉਜਾੜੇ ਨੂੰ ਰੋਕਣ ਲਈ ਸੁਝਾਅ ਦਿੱਤੇ ਗਏ ਹਨ। ਆਫ਼ਤਾਂ ਦੇ ਖ਼ਤਰੇ ਨੂੰ ਘੱਟ ਕਰਨ ਤੇ ਮੌਸਮ ਦੇ ਬਦਲਦੇ ਸੁਭਾਅ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਕਿਹਾ ਗਿਆ ਹੈ।




ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

24/7 Customer Service Available

Same rate for lanline and mobile.

ਟੌਲ ਫਰੀ ਨੰਬਰ 1-888-652-6268
732-983-4332/4333

# ਚੋਣਾਂ ਦੀ ਹਾਰ ਪਿਛੋਂ ਭਾਜਪਾ ਫਿਰਕੂ ਏਜੰਡੇ ਤੋਂ ਪਿੱਛੇ ਹਟਣ ਲੱਗੀ?

**ਨਵੀਂ ਦਿੱਲੀ:** ਉੱਪ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਭਾਜਪਾ ਆਪਣੇ ਫਿਰਕੂ ਏਜੰਡੇ ਤੋਂ ਪਿੱਛੇ ਹਟਦੀ ਨਜ਼ਰ ਆ ਰਹੀ ਹੈ। ਭਾਜਪਾ ਦੇ ਸੀਨੀਅਰ ਆਗੂ ਇਹ ਮੰਨ ਬੈਠੇ ਹਨ ਕਿ ਨੌਂ ਸੂਬਿਆਂ ਦੀਆਂ ਤਿੰਨ ਲੋਕ ਸਭਾ ਤੇ 32 ਵਿਧਾਨ ਸਭਾ ਦੀਆਂ ਉਪ ਚੋਣਾਂ ਵਿਚ ਮਾੜੇ ਪ੍ਰਦਰਸ਼ਨ ਦਾ ਕਾਰਨ ਪਾਰਟੀ ਦਾ ਫਿਰਕੂ ਏਜੰਡਾ ਹੈ। ਹਾਲ ਵਿਚ ਹੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਭਾਰਤ ਦੇ ਮੁਸਲਮਾਨਾਂ ਦੇ ਸੱਚੇ ਦੇਸ਼ ਭਗਤ ਹੋਣ ਬਾਰੇ ਦਿੱਤੇ ਬਿਆਨ ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਵੱਲੋਂ ਭਾਰਤ ਤੇ ਨੇਪਾਲ ਦੀ ਸਰਹੱਦ ਨਾਲ ਲੱਗਦੇ ਇਲਾਕਿਆਂ ਵਿਚ ਧਾਰਮਿਕ ਫਿਰਕੂਵਾਦ ਫੈਲਣ 'ਤੇ ਚਿੰਤਾ ਪ੍ਰਗਟਾਉਣ ਨੂੰ ਇਸੇ ਸੰਦਰਭ ਵਿਚ ਲਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਭਾਜਪਾ ਆਗੂਆਂ ਨੇ ਉੱਤਰ ਪ੍ਰਦੇਸ਼ ਦੀਆਂ ਜ਼ਿਮਨੀ ਚੋਣਾਂ ਵਿਚ ਪਾਰਟੀ ਦੇ ਪ੍ਰਚਾਰਕ ਯੋਗੀ ਅਦਿਤਯਾਨੰਦ ਵੱਲੋਂ ਪ੍ਰਚਾਰ ਦੌਰਾਨ ਮੁਸਲਮਾਨਾਂ ਖਿਲਾਫ਼ ਵਿਵਾਦਪ੍ਰਸਤ ਬਿਆਨਬਾਜ਼ੀ ਦਾ ਵੀ ਨੋਟਿਸ ਲਿਆ ਹੈ।

ਜ਼ਿਕਰਯੋਗ ਹੈ ਕਿ ਮੋਦੀ ਨੇ ਇਕ ਟੀ.ਵੀ. ਚੈਨਲ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਹੈ ਕਿ ਭਾਰਤੀ ਮੁਸਲਮਾਨ ਦੇਸ਼ ਲਈ ਹੀ ਜਿਊਣਗੇ ਤੇ ਦੇਸ਼ ਲਈ ਹੀ ਆਪਣੀ ਜਾਨ ਦੇਣਗੇ। ਹਾਲ ਵਿਚ ਹੀ ਅਲ-ਕਾਇਦਾ ਦਹਿਸ਼ਤਗਰਦਾਂ ਨੇ ਇਕ ਵੀਡੀਓ ਜਾਰੀ ਕਰਕੇ ਇਹ ਬਿਆਨ ਦਿੱਤਾ ਸੀ ਕਿ ਉਹ ਦੱਖਣੀ ਏਸ਼ੀਆ ਦੇ ਮੁਸਲਮਾਨਾਂ ਨੂੰ ਉਨ੍ਹਾਂ ਹਾਲਾਤ ਤੋਂ ਬਚਾਉਣਾ ਚਾਹੁੰਦੇ ਹਨ, ਜੋ ਉਨ੍ਹਾਂ ਨਾਲ ਗੁਜਰਾਤ ਵਿਚ ਵਾਪਰਿਆ ਸੀ ਜਾਂ ਜੋ ਉਨ੍ਹਾਂ ਨਾਲ ਹੁਣ ਕਸ਼ਮੀਰ ਵਿਚ ਹੋ ਰਿਹਾ ਹੈ। ਅਲ-ਕਾਇਦਾ ਦੀ ਇਸ ਧਮਕੀ ਦੇ ਪਿਛੋਕੜ ਵਿਚ ਪੁੱਛੇ ਸੁਆਲਾਂ ਦਾ ਜਵਾਬ ਦਿੰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਅਲ-ਕਾਇਦਾ ਨੂੰ ਇਹ ਭੁਲੇਖਾ ਹੈ ਕਿ ਭਾਰਤੀ ਮੁਸਲਮਾਨ ਉਨ੍ਹਾਂ ਦੇ ਵਰਗਲਾਵੇ ਵਿਚ ਆ ਜਾਣਗੇ।

### *ਮੋਦੀ ਨੇ ਭਾਰਤੀ ਮੁਸਲਮਾਨਾਂ ਨੂੰ ਦੱਸਿਆ ਸੱਚੇ ਦੇਸ਼ ਭਗਤ*



## ਮੁਸਲਮਾਨਾਂ ਬਾਰੇ ਮੋਦੀ ਦਾ ਬਿਆਨ ਥੋਥਾ ਕਰਾਰ


**ਲਖਨਊ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਭਾਰਤੀ ਮੁਸਲਮਾਨਾ ਬਾਰੇ ਦਿੱਤੇ ਗਏ ਬਿਆਨ 'ਤੇ ਸਿਆਸਤ ਗਰਮਾ ਗਈ ਹੈ। ਖੱਬੇ ਪੱਖੀ ਪਾਰਟੀਆਂ ਨੇ ਸ੍ਰੀ ਮੋਦੀ ਦੇ ਇਸ ਬਿਆਨ ਨੂੰ ਅਮਰੀਕਾ ਨੂੰ ਖੁਸ਼ ਕਰਨ ਤੇ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਹੈ। ਉੱਤਰ ਪ੍ਰਦੇਸ਼ ਦੀ ਹਾਕਮ ਪਾਰਟੀ ਸਮਾਜਵਾਦੀ ਪਾਰਟੀ ਦੇ ਪ੍ਰਾਇਮਰੀ ਸਿੱਖਿਆ ਮੰਤਰੀ ਰਾਮ ਗੋਵਿੰਦ ਚੌਧਰੀ ਨੇ ਕਿਹਾ ਹੈ ਕਿ ਅਮਰੀਕਾ ਨੂੰ ਖੁਸ਼ ਕਰਨ ਦੀ ਬਜਾਏ ਪ੍ਰਧਾਨ ਮੰਤਰੀ ਆਪਣੀ ਫਿਰਕੂ ਦਿੱਖ ਨੂੰ ਤਿਆਗਣ। ਉਨ੍ਹਾਂ ਸ੍ਰੀ ਮੋਦੀ ਨੂੰ ਬੇਨਤੀ ਕੀਤੀ ਕਿ ਉਹ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.), ਵੀ.ਐਚ.ਪੀ., ਹਿੰਦੂ ਜਾਗਰਨ ਮੰਚ ਤੇ ਹੋਰ ਹਿੰਦੂਵਾਦੀ ਜਥੇਬੰਦੀਆਂ ਨੂੰ ਉਨ੍ਹਾਂ ਦੇ ਵਿਚਾਰ ਲਾਗੂ ਕਰਨ ਲਈ ਕਹਿਣ।।ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੇ ਨੇ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਵੱਲੋਂ ਮੁਸਲਮਾਨਾਂ ਪ੍ਰਤੀ ਵਿਚਾਰ ਬਦਲਣ ਦੇ ਸੁਝਾਅ ਨੂੰ ਕਬੂਲ ਲਿਆ ਜਾਪਦਾ ਹੈ।।ਇਕ ਹੋਰ ਮੰਤਰੀ ਅੰਬਿਕਾ ਚੌਧਰੀ ਨੇ ਸ੍ਰੀ ਮੋਦੀ ਦੇ ਬਿਆਨ ਦਾ ਸਵਾਗਤ ਕਰਦਿਆਂ ਕਿਹਾ ਕਿ ਫਿਰ ਵੀ ਉਹ ਆਪਣੇ ਅਕਸ 'ਤੇ ਲੱਗੇ ਧੱਬੇ ਨੂੰ ਸਾਫ਼ ਨਹੀਂ ਕਰ ਸਕਣਗੇ। ਬਸਪਾ ਮੁਖੀ ਮਾਇਆਵਤੀ ਨੇ ਕਿਹਾ ਕਿ ਨਰਿੰਦਰ ਮੋਦੀ ਦੇ ਬਿਆਨ 'ਤੇ ਸ਼ੱਕ ਹੋਣਾ ਸੁਭਾਵਿਕ ਹੈ ਕਿਉਂਕਿ ਉਨ੍ਹਾਂ ਤੇ ਪਾਰਟੀ ਦਾ ਕਿਰਦਾਰ ਇਸ ਬਿਆਨ ਨਾਲ ਮੇਲ ਨਹੀਂ ਖਾਂਦਾ।

ਪ੍ਰਧਾਨ ਮੰਤਰੀ ਦੇ ਇਸ ਬਿਆਨ ਨੂੰ ਹਾਲ ਹੀ ਵਿਚ ਭਾਜਪਾ ਦੇ 'ਲਵ ਜਿਹਾਦ' ਵਿਵਾਦ ਤੋਂ ਪੇਸ਼ ਹੋਈ ਸਥਿਤੀ ਨਾਲ ਨਿਪਟਣ ਲਈ ਇਕ ਦਮਦਾਰ ਬਿਆਨ ਤਾਂ ਮੰਨਿਆ ਹੀ ਜਾ ਰਿਹਾ ਹੈ, ਨਾਲ ਹੀ 2002 ਵਿਚ ਗੁਜਰਾਤ ਵਿਚ ਹੋਏ ਗੋਧਰਾ ਕਾਂਡ ਵਿਚ ਮੋਦੀ ਦੇ ਹਿੰਦੂ ਪੱਖੀ ਹੋਣ ਦੇ ਇਲਜ਼ਾਮ ਦਾ ਵੀ ਜਵਾਬ ਮੰਨਿਆ ਜਾ ਰਿਹਾ ਹੈ। ਉਸ ਵੇਲੇ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ ਜਦੋਂ ਗੋਧਰਾ ਵਿਚ ਹੋਏ ਫਸਾਦਾਂ ਵਿਚ 1000 ਤੋਂ ਵੱਧ ਮੁਸਲਮਾਨ ਮਾਰੇ ਗਏ ਸਨ।

ਉੱਤਰ ਪ੍ਰਦੇਸ਼ ਦੀਆਂ ਜ਼ਿਮਨੀ ਚੋਣਾਂ ਵਿਚ ਭਾਜਪਾ ਦੇ ਮਿਥੇ ਗਏ ਪ੍ਰਚਾਰਕ ਯੋਗੀ ਅਦਿਤਯਾਨੰਦ ਨੇ ਚੋਣ ਪ੍ਰਚਾਰ ਦੌਰਾਨ ਮੁਸਲਮਾਨਾਂ ਖਿਲਾਫ਼ ਵਿਵਾਦਪ੍ਰਸਤ ਬਿਆਨਬਾਜ਼ੀ ਕਰਕੇ ਭਾਜਪਾ ਦੇ ਪ੍ਰਦਰਸ਼ਨ 'ਤੇ ਮਾੜਾ ਅਸਰ ਪਾਇਆ ਸੀ। ਲੋਕ ਸਭਾ ਚੋਣਾਂ ਵਿਚ ਬਹੁਮਤ ਹਾਸਲ ਕਰਨ ਵਾਲੀ ਭਾਜਪਾ ਜ਼ਿਮਨੀ ਚੋਣਾਂ ਵਿਚ ਉਹ ਜਾਦੂ ਨਹੀਂ ਚਲਾ ਸਕੀ ਜਿਸ ਦੀ ਸਭ ਉਸ ਤੋਂ ਉਮੀਦ ਕਰ ਰਹੇ ਸਨ। ਇਨ੍ਹਾਂ ਨਤੀਜਿਆਂ ਕਾਰਨ ਅਖ਼ਬਾਰਾਂ ਤੇ ਮੀਡੀਆ ਮੋਦੀ ਦੇ ਜਾਦੂ ਦੇ ਮੱਠੇ ਅਸਰ ਤੇ ਪਾਰਟੀ ਦੀਆਂ ਹਿੰਦੂ ਪੱਖੀ ਨੀਤੀਆਂ ਨੂੰ ਹੀ ਜ਼ਿੰਮੇਵਾਰ ਠਹਿਰਾ ਰਿਹਾ ਸੀ। ਅਜਿਹੇ ਮੌਕੇ 'ਤੇ ਵਿਸ਼ਵ ਵਿਚ ਮੁਸਲਮਾਨਾਂ ਦੀ ਦੂਜੀ ਸਭ ਤੋਂ ਵੱਡੀ ਤਦਾਦ ਵਾਲੇ ਦੇਸ਼, ਭਾਰਤ ਦੇ ਆਗੂ ਵੱਲੋਂ ਇਸ ਬਿਆਨ ਨੂੰ ਕਾਫ਼ੀ ਅਹਿਮ ਮੰਨਿਆ ਜਾ ਰਿਹਾ। ਮੁਲਾਕਾਤ ਵਿਚ ਸ੍ਰੀ ਮੋਦੀ ਦੇ ਅਮਰੀਕਾ ਦੌਰੇ ਬਾਰੇ ਵੀ ਸੁਆਲ ਪੁੱਛੇ ਗਏ। ਸ੍ਰੀ ਮੋਦੀ ਦਾ ਅਮਰੀਕਾ ਦੌਰਾ ਵੀ ਇਸ ਲਈ ਜ਼ਿਆਦਾ ਸੁਰਖੀਆਂ ਵਿਚ ਹੈ ਕਿ 2002 ਦੇ ਗੁਜਰਾਤ ਦੰਗਿਆਂ ਤੋਂ ਬਾਅਦ ਅਮਰੀਕਾ ਨੇ ਮੋਦੀ ਦੇ ਦੌਰੇ 'ਤੇ ਪਾਬੰਦੀ ਲਾਈ ਹੋਈ ਸੀ ਪਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਅਮਰੀਕਾ ਨੇ ਹੀ ਉਨ੍ਹਾਂ ਨੂੰ ਦੌਰੇ ਦਾ ਸੱਦਾ ਦਿੱਤਾ। ਸ੍ਰੀ ਮੋਦੀ ਨੇ ਮੁਲਾਕਾਤ ਵਿਚ ਕਿਹਾ ਭਾਰਤ ਤੇ ਅਮਰੀਕਾ ਨੇ ਆਪਣੇ ਪਿਛਲੇ ਨਾ ਸਾਲਾਂ ਵਿਚ ਕਾਫ਼ੀ ਉਤਰਾਅ-ਚੜ੍ਹਾਅ ਵੇਖੇ ਹਨ ਪਰ ਹੁਣ ਬਦਲਾਅ ਦਾ ਸਮਾਂ ਆ ਗਿਆ ਹੈ। ਉਨ੍ਹਾਂ ਕਿਹਾ ਕਿ 21ਵੀਂ ਸਦੀ ਵਿਚ ਦੋਵੇਂ ਦੇਸ਼ਾਂ ਦੇ ਰਿਸ਼ਤਿਆਂ ਨੇ ਨਵਾਂ ਰੂਪ ਲੈ ਲਿਆ ਹੈ ਤੇ ਦੋਵੇਂ ਦੇਸ਼ਾਂ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਇਨ੍ਹਾਂ ਸਬੰਧਾਂ ਨੂੰ ਅੱਗੇ ਲਿਜਾਣ ਦੀ ਅਪਾਰ ਸੰਭਾਵਨਾ ਹੈ।

## ਮੁਸਲਮਾਨਾਂ ਨੂੰ ਕਿਸੇ ਸਰਟੀਫਿਕੇਟ ਦੀ ਲੋੜ ਨਹੀਂ: ਸ਼ਾਹੀ ਇਮਾਮ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੱਲੋਂ ਭਾਰਤੀ ਮੁਸਲਮਾਨਾਂ ਬਾਰੇ ਦਿੱਤੇ ਬਿਆਨ 'ਤੇ ਟਿੱਪਣੀ ਕਰਦਿਆਂ ਹੋਇਆ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਸ਼ਾਹੀ ਇਮਾਮ ਐਸ.ਏ. ਬੁਖਾਰੀ ਨੇ ਕਿਹਾ




ਭਾਰਤ ਵਿਚ ਰਹਿੰਦੇ ਮੁਸਲਮਾਨ ਭਾਰਤ ਪ੍ਰਤੀ ਵਫਾਦਾਰ ਹਨ ਤੇ ਉਨ੍ਹਾਂ ਨੂੰ ਕਿਸੇ ਤੋਂ ਵੀ ਸਰਟੀਫਿਕੇਟ ਦੀ ਲੋੜ ਨਹੀਂ ਹੈ। ਬੁਖਾਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਲੋਕਾਂ ਨਾਲ ਗੱਲ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਮੁਸਲਿਮ ਭਾਈਚਾਰੇ 'ਤੇ ਇਹ ਇਲਜ਼ਾਮ ਲਗਾਏ ਹਨ। ਪ੍ਰਧਾਨ ਮੰਤਰੀ ਨੂੰ ਮੁਸਲਮਾਨਾਂ ਖਿਲਾਫ ਕੱਟੜਪੁਣੇ ਨੂੰ ਖਤਮ ਕਰਨ ਲਈ ਕੰਮ ਕਰਨਾ ਚਾਹੀਦਾ ਹੈ, ਬਿਆਨਾਂ ਨਾਲ ਕੁਝ ਨਹੀਂ ਹੋਵੇਗਾ।

# ਸ਼ਹਿਰੀਕਰਨ ਦੀ ਦੌੜ ਵਿਚ ਬਹੁਤ ਤੇਜ਼ ਭੱਜ ਰਿਹਾ ਹੈ ਭਾਰਤ

**ਸੰਯੁਕਤ ਰਾਸ਼ਟਰ:** ਭਾਰਤ ਦਾ ਤੇਜ਼ੀ ਨਾਲ ਸ਼ਹਿਰੀਕਰਨ ਹੋ ਰਿਹਾ ਹੈ ਤੇ 2031 ਵਿਚ ਇਸ ਦੀ ਸ਼ਹਿਰੀ ਤੇ ਕਸਬਿਆਂ ਵਿਚਲੀ ਆਬਾਦੀ 60 ਕਰੋੜ ਹੋ ਜਾਵੇਗੀ। ਸੰਯੁਕਤ ਰਾਸ਼ਟਰ ਦੀ ਅਗਵਾਈ ਵਾਲੀ ਇਕ ਨਵੀਂ ਰਿਪੋਰਟ ਵਿਚ ਇਹ ਖੁਲਾਸਾ ਕੀਤਾ ਗਿਆ ਹੈ, ਜਿਸ ਵਿਚ ਦੇਸ਼ ਵਿਚ ਸ਼ਹਿਰੀ ਬੁਨਿਆਦੀ ਢਾਂਚੇ ਵਿਚ ਨਿਵੇਸ਼ ਵਿਚਲਾ ਪਾੜਾ ਅਗਲੇ 20 ਸਾਲ ਵਿਚ 827 ਅਰਬ ਕਰਾਰ ਦਿੱਤਾ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਭਾਰਤ ਵਿਚ ਸ਼ਹਿਰੀ ਆਬਾਦੀ 21 ਕਰੋੜ 70 ਲੱਖ ਤੋਂ 37 ਕਰੋੜ 70 ਲੱਖ ਹੋਈ ਹੈ ਤੇ 2031 ਤੱਕ ਵੱਧ ਕੇ 60 ਕਰੋੜ ਤੱਕ ਪੁੱਜਣ ਦੀ ਆਸ ਹੈ।

ਇਕਾਨਮੀ ਐਂਡ ਕਲਾਈਮੇਟ ਬਾਰੇ ਗਲੋਬਲ ਕਮਿਸ਼ਨ ਦੀ 'ਨਿਊ ਕਲਾਈਮੇਟ ਇਕਾਨਮੀ ਰਿਪੋਰਟ' ਵਿਚ ਕਿਹਾ ਗਿਆ ਹੈ ਕਿ ਭਾਰਤ ਦਾ ਪੂਰੀ ਤਰ੍ਹਾਂ ਸ਼ਹਿਰੀਕਰਨ ਹੁੰਦਾ ਜਾ ਰਿਹਾ ਹੈ, ਸ਼ਹਿਰਾਂ ਦੇ ਬਾਹਰਵਾਰ ਤੇਜ਼ੀ ਨਾਲ



ਸ਼ਹਿਰੀਕਰਨ ਹੋ ਰਿਹਾ ਹੈ, ਜੋ ਬਿਨਾਂ ਯੋਜਨਾ ਤੇ ਸ਼ਹਿਰੀ ਕਾਨੂੰਨਾਂ ਤੇ ਨਿਯਮਾਂ ਤੋਂ ਬਾਹਰ ਜਾ ਕੇ ਹੋ ਰਿਹਾ ਹੈ। ਇਹ ਪਹਿਲਾਂ ਹੀ ਬਹੁਤ ਮਹਿੰਗਾ ਪੈ ਰਿਹਾ ਹੈ। ਬੇਹਿਸਾਬਾ ਸ਼ਹਿਰੀਕਰਨ, ਮਿਊਂਸਪਲ ਤੇ ਸਥਾਨਕ ਸਰਕਾਰਾਂ ਲਈ ਸੰਕਟ ਖੜ੍ਹੇ ਕਰ ਰਿਹਾ ਹੈ ਤੇ ਬੁਨਿਆਦੀ ਢਾਂਚੇ ਦੀ ਵੱਡੀ ਥੁੜ੍ਹ ਤੇ ਸੇਵਾਵਾਂ ਵਿਚ ਪਾੜਾ ਭਿਆਨਕ ਰੂਪ ਵਿਚ ਸਾਹਮਣੇ ਆ ਰਿਹਾ ਹੈ। ਅਗਲੇ 20 ਸਾਲ ਵਿਚ ਸ਼ਹਿਰੀ ਬੁਨਿਆਦੀ ਢਾਂਚੇ ਵਿਚ ਨਿਵੇਸ਼ ਦਾ ਪਾੜਾ 827 ਅਰਬ ਡਾਲਰ ਹੋ ਜਾਏਗਾ। ਇਸ ਰਕਮ ਦਾ ਦੋ ਤਿਹਾਈ ਹਿੱਸਾ ਸ਼ਹਿਰੀ ਸੜਕਾਂ ਤੇ ਟਰੈਫਿਕ ਲਈ ਲੋੜੀਂਦਾ ਹੈ। ਸ਼ਹਿਰੀ ਹਵਾ ਪ੍ਰਦੂਸ਼ਣ ਕਾਰਨ 2050 ਤੱਕ ਛੇਤੀ ਮੌਤਾਂ ਦਾ ਵੱਡਾ ਕਾਰਨ ਬਣ ਚੁੱਕਿਆ ਹੋਵੇਗਾ। 2010 ਵਿਚ ਇਸ ਕਾਰਨ 620,000 ਅਣਆਈਆਂ ਮੌਤਾਂ ਹੋਈਆਂ ਸਨ। 2001 ਵਿਚ ਇਹ ਮੌਤਾਂ ਛੇ ਗੁਣਾ ਘੱਟ ਸਨ। ਪਸਰ ਰਹੇ ਸ਼ਹਿਰਾਂ ਕਾਰਨ ਵਾਤਾਵਰਨ ਲਗਾਤਾਰ ਨੁਕਸਾਨਿਆ ਜਾ ਰਿਹਾ ਹੈ ਤੇ ਇਸ ਕਾਰਨ ਭਾਰਤ ਦਾ ਕੁੱਲ ਘਰੇਲੂ ਉਤਪਾਦਨ 5.7 ਫੀਸਦੀ ਘੱਟ ਰਿਹਾ ਹੈ। ਸ਼ਹਿਰਾਂ ਵਿਚੋਂ ਆਵਾਜਾਈ ਦੇ ਸਾਧਨਾਂ, ਸਨਅਤਾਂ, ਇਮਾਰਤਾਂ ਤੇ ਕਚਰੇ ਵਿਚੋਂ ਕਾਰਬਨ ਦੀ ਨਿਕਾਸੀ ਵੱਡੇ ਪੱਧਰ 'ਤੇ ਹੋ ਰਹੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਰਕਾਰਾਂ ਨੂੰ ਸਿੱਧੀਆਂ ਖੇਤੀ ਸਬਸਿਡੀਆਂ ਹੌਲੀ-ਹੌਲੀ ਖਤਮ ਕਰ ਕੇ ਇਹ ਰਕਮ ਸਮਾਜਿਕ ਬਿਹਤਰੀ ਦੇ ਪ੍ਰਬੰਧਾਂ ਵੱਲ ਤੇ ਘੱਟ ਆਮਦਨ ਵਾਲੇ ਕਿਸਾਨਾਂ ਦੀ ਮਦਦ 'ਤੇ ਲਾਉਣੀ ਚਾਹੀਦੀ ਹੈ। ਰਿਪੋਰਟ ਵਿਚ ਕੋਲੇ ਦੀ ਵਰਤੋਂ 'ਤੇ ਵੀ ਉਂਗਲ ਧਰੀ ਗਈ ਹੈ ਤੇ ਨਾਲ ਹੀ ਭਰਪੂਰਤਾ ਦੀ ਪ੍ਰਾਪਤੀ ਤੇ ਨਾਲ ਹੀ ਸਾਫ਼-ਸੁਥਰੇ ਵਾਤਾਵਰਨ ਲਈ 10 ਨੁਕਾਤੀ ਆਲਮੀ ਕਾਰਜ ਯੋਜਨਾ ਦੀਆਂ ਸਿਫਾਰਸ਼ਾਂ ਕੀਤੀਆਂ ਹਨ।

## ਨਵਾਜ਼ ਸ਼ਰੀਫ ਖਿਲਾਫ ਕਤਲ ਦਾ ਕੇਸ ਦਰਜ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼, ਉਨ੍ਹਾਂ ਦੇ ਸਾਥੀ ਮੰਤਰੀਆਂ ਤੇ ਉੱਚ ਅਧਿਕਾਰੀਆਂ ਖ਼ਿਲਾਫ਼ ਇਥੇ ਸਰਕਾਰ ਵਿਰੋਧੀ ਮੁਜ਼ਾਹਰਿਆਂ ਦੌਰਾਨ ਲੋਕਾਂ ਦਾ ਕਤਲੇਆਮ ਕਰਾਉਣ ਦੇ ਦੋਸ਼ ਤਹਿਤ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਜ਼ਿਲ੍ਹਾ ਜੱਜ ਵੱਲੋਂ ਨਵਾਜ਼ ਸ਼ਰੀਫ਼ ਤੇ ਹੋਰਨਾਂ ਖ਼ਿਲਾਫ਼ ਮੁਜ਼ਾਹਰਾਕਾਰੀਆਂ ਦੇ ਕਤਲ ਦੇ ਦੋਸ਼ ਆਇਦ ਕਰਨ ਦਾ ਹੁਕਮ ਦੇਣ ਤੋਂ ਬਾਅਦ ਪੁਲਿਸ ਨੇ ਕੇਸ ਦਰਜ ਕੀਤਾ ਹੈ। ਮੁਸ਼ਕਲਾਂ ਵਿਚ ਘਿਰੇ ਪਾਕਿ ਪ੍ਰਧਾਨ ਮੰਤਰੀ ਖ਼ਿਲਾਫ਼ ਇਹ ਦੂਜਾ ਫ਼ੌਜਦਾਰੀ ਕੇਸ ਦਰਜ ਕੀਤਾ ਗਿਆ ਹੈ।



ਸਰਕਾਰ ਵਿਰੋਧੀ ਮੁਜ਼ਾਹਰੇ ਦੀ ਅਗਵਾਈ ਕਰਨ ਵਾਲੇ ਮੌਲਵੀ ਤਾਹਿਰੁਲ ਕਾਦਰੀ ਨੇ ਨਵਾਜ਼ ਸ਼ਰੀਫ਼ ਖ਼ਿਲਾਫ਼ ਕੇਸ ਦਰਜ ਕਰਾਉਣ ਲਈ ਰਿੱਟ ਦਾਇਰ ਕੀਤੀ ਸੀ। 30 ਅਗਸਤ ਨੂੰ ਪੁਲਿਸ ਨਾਲ ਹੋਈ ਝੜਪ ਦੌਰਾਨ ਘੱਟੋ-ਘੱਟ ਤਿੰਨ ਮੁਜ਼ਾਹਰਾਕਾਰੀ ਮਾਰੇ ਗਏ ਸਨ ਤੇ 500 ਤੋਂ ਵੱਧ ਜ਼ਖ਼ਮੀ ਹੋ ਗਏ ਸਨ।

ਸਕੱਤਰੇਤ ਪੁਲਿਸ ਸਟੇਸ਼ਨ ਦੇ ਇਕ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਸੈਸ਼ਨ ਜੱਜ ਦੇ ਹੁਕਮਾਂ 'ਤੇ ਇਹ ਕੇਸ ਦਰਜ ਕੀਤਾ ਗਿਆ।

# ਸਿਰਫ ਛੋਟੀ ਉਮਰੇ ਹੀ ਸਾਂਭੇ ਜਾ ਸਕਦੇ ਨੇ ਬਾਲ-ਮਨ

**ਵਾਸ਼ਿੰਗਟਨ:** ਸ਼ਰਾਰਤੀ ਤੇ ਤੇਜ਼-ਤਰਾਰ ਬੱਚਿਆਂ ਨੂੰ ਜੇਕਰ ਉਸ ਸਮੇਂ ਹੀ ਸੰਭਾਲ ਲਿਆ ਜਾਵੇ ਤਾਂ ਉਹ ਵੱਡੇ ਹੋ ਕੇ ਹਿੰਸਕ ਪ੍ਰਵਿਰਤੀ ਵਾਲੇ ਜਾਂ ਮਾਨਸਿਕ ਤੌਰ 'ਤੇ ਪਰੇਸ਼ਾਨ ਰਹਿਣ ਵਾਲੇ ਸਾਬਤ ਨਹੀਂ ਹੁੰਦੇ। ਪੈਨਸਿਲਵੇਨੀਆ ਸੂਬੇ ਦੇ ਡਿਊਕ ਤੇ ਵੈਂਡਰਬਿਲਟ ਯੂਨੀਵਰਸਿਟੀਆਂ ਤੇ ਵਾਸ਼ਿੰਗਟਨ ਯੂਨੀਵਰਸਿਟੀਆਂ ਦੇ ਖੋਜੀਆਂ ਨੇ ਤੇਜ਼-ਤਰਾਰ ਬੱਚਿਆਂ ਨਾਲ ਕੰਮ ਕਰਕੇ ਪਾਇਆ ਕਿ ਉਨ੍ਹਾਂ ਨੂੰ ਹਿੰਸਕ ਤੇ ਅਪਰਾਧਕ ਪ੍ਰਵਿਰਤੀ ਵਾਲਾ ਬਣਨ ਤੋਂ ਰੋਕਿਆ ਜਾ ਸਕਦਾ ਹੈ।

ਅਮਰੀਕਾ ਵਿਚ ਫਾਸਟਟਰੈਕ ਪ੍ਰਾਜੈਕਟ 'ਤੇ ਆਧਾਰਤ ਲੱਭਤਾਂ ਦੌਰਾਨ ਬੱਚਿਆਂ ਦੇ ਵਿਕਾਸ ਦੌਰਾਨ ਵਾਤਾਵਰਨ ਦੇ ਪੈਂਦੇ ਅਸਰ ਬਾਰੇ ਕਲੀਨਿਕਲ ਤਜਰਬਿਆਂ ਰਾਹੀਂ ਜਾਣਕਾਰੀ ਹਾਸਲ ਕੀਤੀ ਗਈ। ਤਜਰਬਿਆਂ ਦੀ ਸ਼ੁਰੂਆਤ 1991 ਤੋਂ ਹੋਈ ਤੇ ਖੋਜੀਆਂ ਨੇ ਡਰਹਮ, ਨੈਸ਼ਵਿਲੇ ਸਿਆਟਲ ਤੇ ਦਿਹਾਤੀ ਪੈਨਸਿਲਵੇਨੀਆ ਵਿਚ ਤਕਰੀਬਨ 10 ਹਜ਼ਾਰ ਪੰਜ ਸਾਲ ਦੇ ਬੱਚਿਆਂ ਦੇ ਤੇਜ਼- ਵਤੀਰੇ ਦੀਆਂ ਮੁਸ਼ਕਲਾਂ ਦਾ ਪਤਾ ਲਾਇਆ। ਤਕਰੀਬਨ 900 ਬੱਚੇ ਵੱਧ ਸ਼ਰਾਰਤੀ ਪਾਏ ਗਏ ਤੇ ਇਨ੍ਹਾਂ ਵਿਚੋਂ

### ਰੋਕੀ ਜਾ ਸਕਦੀ ਹੈ ਹਿੰਸਕ ਤੇ ਅਪਰਾਧਕ ਪ੍ਰਵਿਰਤੀ



ਅੱਧਿਆਂ ਨੂੰ ਰੋਕਣ ਵਾਲੇ ਫਾਸਟਟ੍ਰੈਕ ਪ੍ਰਗਰਾਮ ਵਿਚ ਭੇਜਿਆ ਗਿਆ ਜਦਕਿ ਬਾਕੀਆਂ ਨੂੰ ਇਕ ਕੰਟਰੋਲ ਗਰੁੱਪ ਹਵਾਲੇ ਕੀਤਾ ਗਿਆ।

19 ਸਾਲਾਂ ਬਾਅਦ ਖੋਜੀਆਂ ਨੇ ਦੇਖਿਆ ਕਿ ਫਾਸਟਟ੍ਰੈਕ ਪ੍ਰੋਗਰਾਮ ਦਾ ਲਾਹਾ ਲੈਣ ਕਰਕੇ 25 ਸਾਲ ਦੇ ਹੋ ਚੁੱਕੇ ਇਨ੍ਹਾਂ ਨੌਜਵਾਨਾਂ ਵਿਚ ਹਿੰਸਾ, ਨਸ਼ਿਆਂ ਤੇ ਹੋਰ ਸਬੰਧਤ ਅਪਰਾਧਾਂ ਦੀ ਗਿਣਤੀ ਘੱਟ ਮਿਲੀ। ਡਿਊਕ ਦੇ ਕੈਨਿਥ ਡੋਜ ਨੇ ਕਿਹਾ ਕਿ ਹਿੰਸਕ ਪ੍ਰਵਿਰਤੀ ਵਾਲੇ ਬੱਚਿਆਂ ਨੂੰ ਠੀਕ ਕੀਤਾ ਜਾ ਸਕਦਾ ਹੈ। ਮਾਪਿਆਂ ਨੂੰ ਉਚੇਚੇ ਤੌਰ 'ਤੇ ਸਿਖਲਾਈ ਦਿੱਤੀ ਗਈ ਜਿਨ੍ਹਾਂ ਰਾਹੀਂ ਉਹ ਬੱਚਿਆਂ ਦੀਆਂ ਆਦਤਾਂ 'ਤੇ ਕਾਬੂ ਪਾ ਸਕਦੇ ਹਨ।

## ਸੀਰੀਆ ਵਿਚ 30 ਲੱਖ ਬੱਚੇ ਸਿੱਖਿਆ ਤੋਂ ਵਾਂਝੇ

**ਬੈਰੂਤ:** ਸੀਰੀਆ ਵਿਚ ਜੰਗ ਕਾਰਨ 30 ਲੱਖ ਬੱਚੇ ਵਿਦਿਆ ਤੋਂ ਵਾਂਝੇ ਰਹਿ ਗਏ ਹਨ। ਬ੍ਰਿਟੇਨ ਆਧਾਰਤ ਜਥੇਬੰਦੀ 'ਸੇਵ ਦਿ ਚਿਲਡਰਨ' ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੰਗ ਕਾਰਨ ਉਜੜੇ ਲੱਖਾਂ ਬੱਚੇ ਸਕੂਲਾਂ ਵਿਚ ਦਾਖ਼ਲੇ ਲਈ ਸੰਘਰਸ਼ ਕਰ ਰਹੇ ਹਨ।

ਰਿਪੋਰਟ ਵਿਚ ਸੀਰੀਆ ਦੇ ਸੰਘਰਸ਼ ਨੂੰ ਚਾਰ ਸਾਲ ਹੋਣ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ ਬੱਚਿਆਂ ਦੀ ਨਵੀਂ ਪੀੜ੍ਹੀ ਨੂੰ ਵਧੀਆ ਸਿੱਖਿਆ ਨਹੀਂ ਮਿਲ ਰਹੀ। ਇਹ ਖ਼ਦਸ਼ਾ ਪ੍ਰਗਟ ਕੀਤਾ ਗਿਆ ਹੈ ਕਿ ਇਸ ਦੇ ਭਵਿੱਖ ਵਿਚ ਗੰਭੀਰ ਨਤੀਜੇ ਨਿਕਲਣਗੇ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਸੀਰੀਆ ਵਿਚ 3465 ਸਕੂਲ ਨਸ਼ਟ ਹੋ ਗਏ ਹਨ।


WEBSITE: DHOLRADIO.ORG

Dholradio.org

# Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210

Music 24/7


*Application for android and iPhone- Dhol Radio*



# Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*

Ph: 510-940-8236

1090 La Playa Dr., Hayward CA 94545





Malwa
FINANCIAL AND INSURANCE AGENCY

Commercial Truck Insurance: Produce/ Long Haul/ Local Radius
Auto Insurance | Homeowners Insurance | Business Insurance

Call now for a Free Quote: 510-299-2192

Fx: 510-279-5892 | Email: amber@malwaassociates.com

ਮਾਲਵਾ ਫਾਇਨਾਂਸ ਅਤੇ ਇੰਸ਼ੋਰੈਂਸ ਏਜੰਸੀ

ਅਸੀਂ ਟਰੱਕ, ਆਟੋ, ਘਰਾਂ ਅਤੇ ਬਿਜਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ

ਭਰੋਸੇਮੰਦ ਅਤੇ ਵਾਜਬ ਭਾਅ 'ਤੇ ਇੰਸ਼ੋਰੈਂਸ
ਫਰੀ ਕੋਟ ਲਈ ਅੱਜ ਹੀ ਸੰਪਰਕ ਕਰੋ

ਅਸੀਂ ਇੰਸ਼ੋਰੈਂਸ 'ਤੇ ਤੁਹਾਡਾ ਖਰਚਾ ਘੱਟ ਕਰਨ ਵਿਚ ਮਦਦ ਕਰ ਸਕਦੇ ਹਾਂ

Harminder Gill, Lic #0747955 | Kanwaljit Singh, Lic #0B57934
39675 Cedar Blvd. #190 | Newark, CA 94560 | Lic #0D75499



HD IP

Security Solution
ULTRA High Resolution
Gas stations, Liquor Store, Hotel/Motels, Homes
or
Any Kind Of Business

-Cash Register Interface.
-Fully Trained Tech.Staff.
-16 Year Satisfied Custmer.




2 Year Warranty

Vista CCTV TECHNOLOGY

Call Mr. Sukhpal

1-661-586-5080



BRIGHTEN UP & GROW

Your Business With New Trend

Hotel/Motel Rate

SIGN

FULL COLOR LED Display & Massage BOARD

DEALERS Wanted In USA

available LED Gas Canopy & Parking Lot Lights

GAS PRICE CHANGER for GAS STATIONS




We Install Anywhere in California

We Ship anywhere in USA

electric SIGN COMPANY

For More information Call Sukhpal
1-661-586-1106
Email: esigncompany@gmail.com

## ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ-ਕਰਮਨ ਦਾ ਦੋ ਰੋਜ਼ਾ ਖੇਡ ਮੇਲਾ 4 ਅਕਤੂਬਰ ਤੋਂ

**ਫਰਿਜ਼ਨੋ (ਬਿਊਰੋ):** ਗੁਰੂ ਨਾਨਕ ਸਪੋਰਟਸ ਕਲੱਬ ਸਨਵਾਕੀਨ-ਕਰਮਨ ਦੀ ਇਥੇ ਹੋਈ ਇਕ ਮੀਟਿੰਗ ਵਿਚ ਖੇਡਾਂ ਅਤੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁਲਤ ਕਰਨ ਅਤੇ ਬੱਚਿਆਂ ਨੂੰ ਪੰਜਾਬੀਅਤ ਨਾਲ ਜੋੜਨ ਲਈ ਵੱਡੇ ਪੱਧਰ 'ਤੇ ਪੰਜਵਾਂ ਦੋ ਰੋਜ਼ਾ ਖੇਡ ਮੇਲਾ ਕਰਵਾਉਣ ਦਾ ਫੈਸਲਾ ਲਿਆ ਗਿਆ। ਇਹ ਖੇਡ ਮੇਲਾ ਕਰਮਨ ਹਾਈ ਸਕੂਲ ਦੀਆਂ ਖੁਲ੍ਹੀਆਂ ਗਰਾਊਂਡਾਂ ਵਿਚ ਕਰਵਾਇਆ ਜਾਵੇਗਾ।



ਮੇਲੇ ਦੇ ਪਹਿਲੇ ਦਿਨ 4 ਅਕਤੂਬਰ, ਸਨਿਚਰਵਾਰ ਨੂੰ ਬਾਕੀ ਖੇਡਾਂ ਦੇ ਨਾਲ-ਨਾਲ ਇਕ ਵਿਸ਼ੇਸ਼ ਪਰਿਵਾਰਕ ਪਿਕਨਿਕ ਵੀ ਹੋਵੇਗੀ ਜਿਸ ਵਿਚ ਗਿੱਧੇ-ਭੰਗੜੇ ਤੋਂ ਇਲਾਵਾ ਗਾਇਕੀ ਅਤੇ ਪੁਰਾਤਨ ਖੇਡਾਂ ਅਤੇ ਰਸਮਾਂ ਦੀ ਗੱਲ ਕੀਤੀ ਜਾਵੇਗੀ। ਇਸ ਮੌਕੇ ਔਰਤਾਂ ਅਤੇ ਬੱਚਿਆਂ ਲਈ ਨਾਨਕਾ ਅਤੇ ਦਾਦਕਾ ਮੇਲ ਵੱਲੋਂ ਬੋਲੀਆਂ ਦਾ ਮੁਕਾਬਲਾ, ਤਿੰਨ ਟੰਗੀ ਦੌੜ (ਮਾਂ-ਧੀ), ਚਾਟੀ ਦੌੜ, ਮਿਊਜ਼ੀਕਲ ਚੇਅਰ, ਦੌੜਾਂ ਅਤੇ ਰੱਸਾਕਸ਼ੀ ਆਦਿਕ ਮੁੱਖ ਅਕਰਸ਼ਣ ਹੋਣਗੇ।

ਮੇਲੇ ਦੇ ਦੂਜੇ ਦਿਨ 5 ਅਕਤੂਬਰ, ਐਤਵਾਰ ਨੂੰ ਵੱਖ-ਵੱਖ ਉਮਰ ਦੇ ਬੱਚਿਆਂ ਵੱਲੋਂ ਕਬੱਡੀ ਦੇ ਮੁਕਾਬਲੇ, ਓਪਨ ਕਬੱਡੀ, ਵਾਲੀਬਾਲ, ਕੁਸ਼ਤੀਆਂ, ਭਾਰ ਚੁੱਕਣਾ, ਸਾਕਰ ਅਤੇ ਬਜ਼ੁਰਗਾਂ ਦੀ ਰੱਸਾਕਸ਼ੀ ਆਦਿ ਮੁਕਾਬਲੇ ਹੋਣਗੇ।

ਟੂਰਨਾਮੈਂਟ ਦੀ ਪ੍ਰਬੰਧਕ ਕਮੇਟੀ ਅਨੁਸਾਰ ਇਸ ਸਮੇਂ ਹੋਣ ਵਾਲੇ ਕਬੱਡੀ ਮੈਚ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਨਿਯਮਾਂ ਅਨੁਸਾਰ ਕਰਵਾਏ ਜਾਣਗੇ। ਇਸੇ ਆਧਾਰ ਉਪਰ ਇਨਾਮਾਂ ਦੀ ਰਾਸ਼ੀ ਵੀ ਨਿਯਤ ਕੀਤੀ ਗਈ ਹੈ। ਬੱਚਿਆਂ ਅਤੇ ਔਰਤਾਂ ਦੇ ਬੈਠਣ ਅਤੇ ਸਕਿਉਰਿਟੀ ਦਾ ਉਚੇਚਾ ਪ੍ਰਬੰਧ ਹੋਵੇਗਾ। ਲੰਗਰ ਅਤੇ ਪਾਰਕਿੰਗ ਮੁਫਤ ਹੋਵੇਗੀ।

ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਗੁਰਬਿੰਦਰ ਸਿੰਘ ਧਾਲੀਵਾਲ, ਮੈਸੀ ਭਲਵਾਨ, ਸ਼ੈਪਲ ਸਿੰਘ ਔਲਖ, ਰਾਜ ਧਾਲੀਵਾਲ, ਅਜੀਤ ਸਿੰਘ ਬਦੇਸ਼ਾ, ਰੁਪਿੰਦਰ ਸਿੰਘ ਕੰਗ, ਗੁਰਮੀਤ ਸਿੰਘ ਸਮਰਾ, ਗੁਰਦਰਸ਼ਨ ਸਿੰਘ ਬਰਾੜ, ਨਵਦੀਪ ਸਿੰਘ, ਮੋਹਨ ਸਿੰਘ ਬਦੇਸ਼ਾ, ਕੁਲਦੀਪ ਸਿੰਘ ਕਾਲੇਕਾ, ਬਲਦੇਵ ਸਿੰਘ ਸਰਾਂ ਹਾਜ਼ਰ ਸਨ।

## ਬਾਬਾ ਫਰੀਦ ਜੀ ਦਾ ਆਗਮਨ ਪੁਰਬ ਮਨਾਇਆ

**ਫਰੀਮਾਂਟ (ਬਿਊਰੋ):** ਬਾਬਾ ਫਰੀਦ ਜੀ ਦਾ ਆਗਮਨ ਪੁਰਬ ਲੰਘੇ ਦਿਨੀਂ ਗੁਰਦੁਆਰਾ ਫਰੀਮਾਂਟ ਵਿਚ ਫਰੀਦਕੋਟ ਅਤੇ ਨੇੜਲੇ ਇਲਾਕੇ ਨਾਲ ਸਬੰਧਤ ਸੰਗਤ ਨੇ ਸ਼ਰਧਾ ਨਾਲ ਮਨਾਇਆ। ਇਸ ਸਬੰਧੀ ਸ਼ੁੱਕਰਵਾਰ ਨੂੰ ਅਖੰਡ ਪਾਠ ਅਰੰਭ ਹੋਏ। ਸਨਿਚਰਵਾਰ ਨੂੰ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਗਈਆਂ। ਉਸੇ ਸ਼ਾਮ ਬੱਚਿਆਂ ਦੇ ਭਾਸ਼ਣ ਮੁਕਾਬਲੇ ਕਰਵਾਏ ਗਏ। ਕਾਲਮਨਵੀਸ ਤਰਲੋਚਨ ਸਿੰਘ ਦੁਪਾਲਪੁਰ, ਪ੍ਰਿੰ. ਬ੍ਰਿਜਿੰਦਰ ਸਿੰਘ ਸਿੱਧੂ ਅਤੇ ਡਾ. ਗੁਰਮੀਤ ਬਰਸਾਲ ਨੇ ਜੱਜਾਂ ਦੀ ਭੂਮੀਕਾ ਨਿਭਾਈ। ਸਟੇਜ ਦੀ ਸੇਵਾ ਡਾ. ਹਰਮਿੰਦਰ ਸਿੰਘ ਗਿੱਲ ਨੇ ਕੀਤੀ।

ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਸਿੰਘਾਂ ਨੇ ਬਾਬਾ ਫਰੀਦ ਦੇ ਸ਼ਬਦਾਂ ਦਾ ਗਾਇਨ ਕੀਤਾ ਅਤੇ ਬੁਲਾਰਿਆਂ ਨੇ ਬਾਬਾ ਫਰੀਦ ਦੇ ਜੀਵਨ ਅਤੇ ਮਿਸ਼ਨ ਸਬੰਧੀ ਰੌਸ਼ਨੀ ਪਾਈ। ਸਮਾਗਮਾਂ ਨੂੰ ਨੇਪਰੇ ਚਾੜ੍ਹਨ ਲਈ ਬੀਬੀਆਂ ਨੇ ਤਿੰਨੇ ਦਿਨ ਬਹੁਤ ਹੀ ਸ਼ਰਧਾ ਭਾਵਨਾ ਨਾਲ ਸੇਵਾ ਨਿਭਾਈ। ਆਗਮਨ ਪੁਰਬ ਮਨਾਉਣ ਵਾਲੀ ਸੰਸਥਾ ਦੇ ਪ੍ਰਬੰਧਕਾਂ ਮੁਤਾਬਕ ਅਗਲੇ ਸਾਲ ਖੇਡਾਂ ਅਤੇ ਕੀਰਤਨ ਤੋਂ ਇਲਾਵਾ ਬਾਬਾ ਫਰੀਦ ਜੀ ਦੀਆਂ ਸਿਖਿਆਵਾਂ, ਉਨ੍ਹਾਂ ਦੇ ਜੀਵਨ ਅਤੇ ਮਿਸ਼ਨ 'ਤੇ ਆਧਾਰਤ ਬੱਚਿਆਂ ਦੇ ਲੇਖ ਅਤੇ ਭਾਸ਼ਣ ਮੁਕਾਬਲੇ 'ਚ ਹੋਰ ਬੱਚਿਆਂ ਦੀ ਸ਼ਮੂਲੀਅਤ ਲਈ ਅਗਾਊਂ ਸੂਚਨਾ ਤੇ ਤਿਆਰੀ ਕਰਵਾਉਣ ਦੀ ਯੋਜਨਾ ਹੈ।





## ਕਾਮਾਗਾਟਾ ਮਾਰੂ ਸ਼ਤਾਬਦੀ ਮੌਕੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ

**ਮਰਸਡ (ਬਿਊਰੋ):** ਇੰਡੋ ਅਮੈਰਿਕਨ ਦੇਸ਼ ਭਗਤ ਫੋਰਮ ਮਰਸਡ ਵਲੋਂ ਕਰਵਾਏ ਗਏ ਕਾਮਾਗਾਟਾ ਮਾਰੂ ਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਮੌਕੇ ਦੇਸ਼ ਭਗਤਾਂ ਨੂੰ ਸਜਦਾ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਜਗਜੀਤ ਸਿੰਘ ਥਿੰਦ, ਮਹਿੰਦਰ ਸਿੰਘ ਗਰੇਵਾਲ, ਡਾ. ਸੁਰਿੰਦਰ ਸਿੰਘ ਕੈਂਥ, ਗੁਰਦੀਪ ਸਿੰਘ ਅਣਖੀ ਅਤੇ ਪ੍ਰੋ. ਕਿਰਪਾਲ ਸਿੰਘ ਨੇ ਸ਼ਮਾ ਰੌਸ਼ਨ ਕਰਕੇ ਕੀਤੀ।

ਇਸ ਮੌਕੇ ਬੁਲਾਰਿਆਂ ਵਿਚ ਮਹਿੰਦਰ ਸਿੰਘ ਗਰੇਵਾਲ, ਗਿਆਨ ਸਿੰਘ ਬਿਲਗਾ, ਕਿਰਪਾਲ ਸਿੰਘ ਸੰਧੂ, ਯੂ ਸੀ ਡੇਵਿਸ ਤੋਂ ਅਮਨਜੋਤ ਕੌਰ, ਰਵਿੰਦਰ ਸਿੰਘ ਬੋਇਲ ਮਕਸੂਦਪੁਰ, ਕਰਨਲ ਹਰਦੇਵ ਸਿੰਘ ਗਿੱਲ, ਮਾਸਟਰ ਲਛਮਣ ਸਿੰਘ ਰਾਠੌਰ ਅਤੇ ਪ੍ਰੋ. ਕਿਰਪਾਲ ਸਿੰਘ ਨੇ ਜਿੱਥੇ ਕਾਮਾਗਾਟਾ ਮਾਰੂ ਦੇ ਦੁਖਾਂਤ ਦੀ ਜਾਣਕਾਰੀ ਦਿੱਤੀ ਉਥੇ ਉਨ੍ਹਾਂ ਦੇਸ਼ ਦੇ ਹੋਰ ਸ਼ਹੀਦਾਂ ਦੇ ਜੀਵਨ ਬਾਰੇ ਵੀ ਜਾਣਕਾਰੀ ਦਿੱਤੀ।

ਰਾਜ ਬਰਾੜ ਨੇ ਦੇਸ਼ ਭਗਤੀ ਦੇ ਗੀਤ ਗਾਏ। ਦਿਲਦਾਰ ਗਰੁਪ, ਕਾਂਤਾ ਸਹੋਤਾ ਅਤੇ ਰਾਣੀ ਗਿੱਲ ਨੇ ਸ਼ਹੀਦਾਂ ਦੇ ਗੀਤ ਗਾ ਕਿ ਮਾਹੌਲ ਨੂੰ ਜੋਸ਼ੀਲਾ ਕੀਤਾ। ਆਂਚਲ ਹੇਅਰ, ਹਰਜੀਤ ਸਿੰਘ, ਅਵਤਾਰ ਸਿੰਘ ਗਰੇਵਾਲ ਅਤੇ ਹਰਜਿੰਦਰ ਸਿੰਘ ਢੇਸੀ ਨੇ ਜੋਸ਼ੀਲੀਆਂ ਦੇਸ਼ ਭਗਤੀ ਦੀਆਂ ਕਵਿਤਾਵਾਂ ਪੇਸ਼ ਕੀਤੀਆਂ। ਜੀ ਐਚ ਜੀ ਡਾਂਸ ਅਕੈਡਮੀ ਦੇ ਬੱਚਿਆਂ ਨੇ ਭੰਗੜਾ ਵੀ ਪੇਸ਼ ਕੀਤਾ। ਮੇਲੇ ਦੀ ਖਾਸ ਗੱਲ ਇਹ ਰਹੀ ਕਿ ਬੀਬੀਆਂ ਨੇ ਭਾਰੀ ਗਿਣਤੀ ਵਿਚ ਸ਼ਿਰਕਤ ਕੀਤੀ।

ਮੇਲੇ ਵਿਚ ਬਤੌਰ ਵਿਸ਼ੇਸ਼ ਮਹਿਮਾਨ ਕਾਊਂਟੀ ਸੁਪਰਵਾਈਜ਼ਰ ਜੋਨ ਪੇਡਰੋਜਾ, ਮਰਸਡ ਸਿਟੀ ਕੌਂਸਲ ਜੋਸ਼ ਪੇਡਰੋਜਾ, ਸਿਟੀ ਮੇਅਰ ਸਤਨ ਥਰਸਟੋਨ ਤੇ ਸ਼ੈਰਿਫ ਕਾਵਾਲੇਰ ਥੋਮਸ ਵੀ ਹਾਜ਼ਰ ਸਨ। ਫੋਰਮ ਦੇ ਮੋਢੀ ਗੁਰਦੀਪ ਸਿੰਘ ਅਣਖੀ ਅਤੇ ਪ੍ਰਧਾਨ ਅਸ਼ਵਨੀ ਕੁਮਾਰ ਕੈਂਥ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਚਾਹ-ਪਕੌੜੇ ਤੇ ਲੰਗਰ ਦਾ ਪ੍ਰਬੰਧ ਦਵਿੰਦਰ ਸਿੰਘ ਰਾਏ ਅਤੇ ਗੁਰੂ ਨਾਨਕ ਸਿੱਖ ਸੁਸਾਇਟੀ ਵਲੋਂ ਸੀ।


Dhillon Truck Stop
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ
24 ਘੰਟੇ ਖੁੱਲ੍ਹਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 575-815-8536

The Anu Attorney Immigration Law Firm
Law offices of Anu Peshawaria
*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC





Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁੱਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Jeeway Punjab Ent. & CVP Studios




**ਗਰੈਂਡ ਸਪਾਂਸਰ: ਵਾਈਟ ਲੋਟਸ-ਰੰਮੀ ਚੀਮਾ**

**ਸਪਾਂਸਰ:** ਰਾਜ ਭਨੋਟ ਬੇਏਰੀਆ, ਹਰਜੀਤ ਸਵੈਚ ਰਿਐਲਟਰ, ਸੁਖਵਿੰਦਰ ਚੀਮਾ ਨਟੋਮਸ ਗੋਲਫ, ਮੇਜਰ ਸਿੰਘ, ਸੈਮ ਆਟੋ ਰਿਪੇਅਰ, ਸ਼ਿੰਗਾਰਾ ਰੱਲ੍ਹ ਐਸ ਆਰ ਫੂਡ ਯੂਬਾ ਸਿਟੀ, ਮਨਪ੍ਰੀਤ ਮੰਟੂ ਯੂਬਾ ਸਿਟੀ, ਸਾਬੀ ਟਰੱਕਿੰਗ ਯੂਬਾ ਸਿਟੀ, ਹਰਨੇਕ ਸਿੰਘ ਸਟਾਰ ਆਫ ਇੰਡੀਆ ਯੂਬਾ ਸਿਟੀ, ਓਂਕਾਰ ਸਿੰਘ ਯੂਬਾ ਸਿਟੀ, ਐਮ ਕੇ ਟਰੱਕਿੰਗ, ਮੈਣੀ ਸਾਹੀ ਲੋਨ ਅਫਸਰ ਯੂਬਾ ਸਿਟੀ, ਡਾਡਲੀ ਫਾਰਮ ਯੂਬਾ ਸਿਟੀ, ਧੀਰਾ ਨਿੱਜਰ, ਦਿਲ ਨਿੱਜਰ-ਰਿਐਲਟਰ, ਜੌਨ ਬੰਗਾ-ਰਿਐਲਟਰ, ਗੈਰੀ ਸਿੱਧੂ, ਗੈਰੀ ਖਹਿਰਾ-ਰਿਐਲਟਰ, ਅਮਰੀਕ ਸਿੰਘ ਪਰਹਾਰ-ਫਾਸਟ ਸਟਾਫ, ਬੀ ਜੇ ਗੇਅਰ, ਬੋਲੀਨਾ ਬ੍ਰਦਰਜ਼ ਲੈਂਡ ਸਕੇਪਿੰਗ, ਮਨਜੀਤ ਸਿਵੀਆ-ਸੈਵਰਿਨ, ਤਾਰਾ ਅਟਵਾਲ, ਪਿਟਰ ਦੁਸਾਂਝ, ਯੂ ਐਸ ਏ ਟਰੱਕ ਡਰਾਈਵਿੰਗ ਸਕੂਲ, ਨਵੀ ਭੰਡਾਲ, ਮਨਜੀਤ ਮੋਰ ਰਿਐਲਟਰ, ਗੁਲਿੰਦਰ ਗਿੱਲ-ਡੈਨੀ'ਜ਼, ਕੈਨੀ ਵਿਰਕ, ਜਸਪ੍ਰੀਤ ਸਿੰਘ ਅਟਾਰਨੀ, ਨੈਸ਼ਨਲ ਟਰੱਕ ਡਰਾਈਵਿੰਗ ਸਕੂਲ-ਸੈਕਰਾਮੈਂਟੋ, ਬਿਸ਼ਨ ਸਿੰਘ ਰੀਨੋ, ਨਵੀ ਰੀਨੋ, ਗੁਰਮੁਖ ਸਿੰਘ, ਕਿੰਦੂ ਭਲਵਾਨ, ਮੁਹੱਬਤ ਕੈਲੇ, ਡਾਇਮੰਡ ਕਲੱਬ ਸੈਕਰਾਮੈਂਟੋ, ਜਨਕ ਸਿੰਧਰਾ, ਅਮੈਰਿਕਨ ਟੂਰ ਐਂਡ ਟਰੈਵਲਜ਼, ਕਾਲਾ ਸੰਘਾ ਟਰੇਸੀ, ਭੁਪਿੰਦਰ ਸੰਘੇੜਾ, ਗੁਰੀ ਕੰਗ-ਰਿਐਲਟਰ, ਰਵਿੰਦਰ ਕਾਹਲੋਂ, ਬੌਬੀ ਗੋਸਲ ਫੋਰ ਪੁਆਇੰਟ, ਸੈਮ ਚਾਹਲ-ਰਿਐਲਟਰ, ਜੌਨੀ ਬੱਗਾ ਪੈਲਸ, ਚੀਨਾ ਜਿਊਲਰਜ਼ ਸੈਕਰਾਮੈਂਟੋ, ਦੀਦਾਰ ਸਿੰਘ ਬੈਂਸ-ਯੂਬਾ ਸਿਟੀ, ਬਲਜਿੰਦਰ ਜੌਹਲ, ਸਿਕੰਦਰ ਗਰੇਵਾਲ, ਡਿਕਸਨ ਢਾਬਾ, ਸੋਨੀ ਕੰਗ ਐਂਡ ਜੱਸ ਕੰਗ (ਕੰਗ ਕਮਿਊਨੀਕੇਸ਼ਨ), ਜਿੰਦ ਕੰਗ, ਪੰਜਾਬੀ ਅਮੈਰਿਕਨ ਹੈਰੀਟੇਜ ਸੁਸਾਇਟੀ-ਯੂਬਾ ਸਿਟੀ, ਨਟੋਮਸ ਤੀਆਂ-ਨਟੋਮਸ, ਲਾਈਵ ਓਕ ਤੀਆਂ, ਐਲਕ ਗਰੋਵ ਤੀਆਂ-ਐਲਕ ਗਰੋਵ, ਗੁਰਜਤਿੰਦਰ ਰੰਧਾਵਾ ਪੰਜਾਬ ਮੇਲ, ਕੇ ਪੀ ਸਿੰਘ, ਰੋਨੀ ਬੰਗਾ, ਮਨਪ੍ਰੀਤ ਗਰੇਵਾਲ, ਸੁੱਖੀ ਮਾਹਲ, ਜੌਹਨ ਗਿੱਲ ਅਤੇ ਮਾਈਕ ਗਿੱਲ, ਸੋਕਰ 700 ਯੂ ਐਸ ਏ, ਮਨਜੀਤ ਰੱਲ੍ਹ।

**ਟਿਕਟਾਂ ਖਰੀਦਣ ਲਈ ਇਨ੍ਹਾਂ ਸਟੋਰਾਂ 'ਤੇ ਸੰਪਰਕ ਕਰੋ: ਇੰਡੀਆ ਮਾਰਕਿਟ ਐਲਕਰੋਨ ਰੋਡ; ਇੰਡੀਆ ਮਾਰਕਿਟ ਫੁਟਹਿਲ ਰੋਡ-ਰੋਜ਼ਵਿਲ; ਸਪਾਈਸ ਆਫ ਇੰਡੀਆ-ਐਂਟੀਲੋਪ; ਸਾਨ ਮਾਰਕਿਟ ਨਾਰਥ ਗੇਟ-ਨਟੋਮਸ; ਨਟੋਮਸ ਫੈਬਰਿਕ ਐਂਡ ਗਰੌਸਰੀ-ਨਟੋਮਸ; ਬੱਗਾ ਪੈਲਸ ਫਲੋਰਨ ਰੋਡ-ਸੈਕਰਾਮੈਂਟੋ; ਦੇਸੀ ਬਾਜ਼ਾਰ ਸਟਾਕਟਨ ਬੁਲੇਵਾਰਡ-ਸਟਾਕਟਨ; ਇੰਡੀਆ ਐਂਡ ਸਪਾਈਸ-ਵੁਡਲੈਂਡ; ਦਿੱਲੀ ਬਾਜ਼ਾਰ ਵੈਸਟ ਸੈਕਰਾਮੈਂਟੋ; ਐਲ ਏ ਮਰਚਨਡਾਈਜ਼-ਯੂਬਾ ਸਿਟੀ; ਮਾਨ ਬ੍ਰਦਰਜ਼ ਮੀਟ ਸ਼ਾਪ-ਯੂਬਾ ਸਿਟੀ; ਬੰਬੇ ਵੀਡੀਓ-ਯੂਬਾ ਸਿਟੀ।**

**ਵੀ ਆਈ ਪੀ ਅਤੇ ਵੀ ਵੀ ਆਈ ਪੀ ਟਿਕਟਾਂ ਲੈਣ ਲਈ ਸੰਪਰਕ ਕਰੋ, ਜੱਸੀ ਬੰਗਾ ਫੋਨ: 916-796-5003**

## ਪੰਜਾਬ ਅਤੇ ਝੀਤਾਂ ਵਿਚੋਂ ਦਿਸਦੀ ਸੰਕਟ ਦੀ ਮਾਰ

# ਰੋਲ ਆਫ ਔਨਰ

ਹਰ ਦੌਰ ਦਾ ਸੰਕਟ ਸਿਆਸੀ-ਸਮਾਜਕ ਮੰਚ ਤੋਂ ਹੁੰਦਾ ਹੋਇਆ ਘਰਾਂ ਅਤੇ ਅਦਾਰਿਆਂ ਵਿਚ ਸੰਨ੍ਹ ਲਗਾਉਂਦਾ ਹੈ। ਸੰਕਟ ਦੀ ਮਾਰ ਤੋਂ ਬਚਣ ਲਈ ਘਰਾਂ ਅਤੇ ਅਦਾਰਿਆਂ ਦੇ ਬੂਹੇ ਬੰਦ ਕੀਤੇ ਜਾਂਦੇ ਹਨ। ਦਰਵਾਜ਼ਿਆਂ ਅਤੇ ਖਿੜਕੀਆਂ ਦੀਆਂ ਝੀਤਾਂ ਵਿਚੋਂ ਬੰਦੇ, ਬੀਬੀਆਂ ਅਤੇ ਬੱਚੇ ਸੰਕਟ ਦੇ ਗਵਾਹ ਬਣਦੇ ਹਨ। ਸੰਕਟ ਰੂਪੀ ਊਠ, ਇਨ੍ਹਾਂ ਝੀਤਾਂ ਵਿਚੋਂ ਬੂਹੇ-ਬਾਰੀਆਂ ਦੀਆਂ ਕੁੰਡੀਆਂ, ਪੱਲਿਆਂ ਅਤੇ ਚੁਗਾਠਾਂ ਨੂੰ ਬੇਮਾਅਨੇ ਕਰਦਾ ਹੈ। ਇਨ੍ਹਾਂ ਹਾਲਾਤ ਵਿਚ ਕੋਈ ਪਰਦਾ ਕਿਸੇ ਲੱਗ-ਲਿਹਾਜ ਅਤੇ ਨੰਗ-ਕੱਜ ਨੂੰ ਢਕਣ ਦਾ ਸਬੱਬ ਨਹੀਂ ਬਣਦਾ। ਅਮਨਦੀਪ ਸੰਧੂ



ਦਲਜੀਤ ਅਮੀ
ਫੋਨ: 91-97811-21873


ਦਾ ਦੂਜਾ ਨਾਵਲ 'ਰੋਲ ਆਫ਼ ਔਨਰ' 1980ਵਿਆਂ ਦੇ ਪੰਜਾਬ ਨੂੰ ਝੀਤਾਂ ਵਿਚੋਂ ਦੇਖਦਾ ਹੈ ਅਤੇ ਸਰਕਾਰੀ ਟਾਪੂ ਵਿਚ ਉਸਰਦੇ ਮਾਪਿਆਂ ਦੇ ਸੁਫ਼ਨਿਆਂ ਦੇ ਬੇਕਿਰਕ ਕਤਲ ਦੀ ਗਵਾਹੀ ਪੇਸ਼ ਕਰਦਾ ਹੈ।

ਸਰਕਾਰ ਨੇ ਗ਼ਰੀਬ ਤਬਕੇ ਦੇ ਵਿਦਿਆਰਥੀਆਂ ਨੂੰ ਫ਼ੌਜੀ ਅਫ਼ਸਰ ਬਣਾਉਣ ਦਾ ਕਾਰਖ਼ਾਨਾ ਲਗਾਇਆ ਹੈ। ਇਸ ਕਾਰਖ਼ਾਨੇ ਵਿਚ ਹਰ ਇਤਫ਼ਰਕੇ ਨੂੰ ਮਿਟਾਉਣ ਲਈ ਅਨੁਸ਼ਾਸਨ ਅਤੇ ਰਗੜੇ ਦੀ ਬੋਲ-ਚਾਲ ਸਿਖਾਈ ਜਾਂਦੀ ਹੈ। ਅੱਠ ਸਾਲਾਂ ਦੀ ਸਿਖਲਾਈ ਤੋਂ ਬਾਅਦ ਫ਼ੌਜ ਲਈ ਪੁਖ਼ਤਾ ਪੁਰਜ਼ਾ ਤਿਆਰ ਹੋਣ ਦੀ ਤਵੱਕੋ ਕੀਤੀ ਜਾਂਦੀ ਹੈ। ਇਸੇ ਤਵੱਕੋ ਨਾਲ ਮਾਪਿਆਂ ਦੇ ਸੁਫ਼ਨੇ ਅਤੇ ਅਦਾਰੇ ਦੀ ਕਾਮਯਾਬੀ ਜੁੜੀ ਹੋਈ ਹੈ। ਇਸ ਕਾਰਖ਼ਾਨੇ ਦੀਆਂ ਮਜ਼ਬੂਤ ਕੰਧਾਂ ਟਾਪੂ ਅਤੇ ਸਮਾਜ ਨੂੰ ਇੱਕ-ਦੂਜੇ ਤੋਂ ਨਿਰਲੇਪ ਰੱਖ ਕੇ ਆਪਣੀ ਹੋਂਦ ਦਰਸਾਉਂਦੀਆਂ ਹਨ। ਕਾਮਯਾਬੀ ਦਾ ਰਾਹ ਪੱਧਰਾ ਕਰਨ ਲਈ ਕੀਤਾ ਗਿਆ ਨਿਖੇੜਾ ਹੀ ਸਰਾਪ ਬਣ ਜਾਂਦਾ ਹੈ।

ਸਾਲਾਨਾ ਛੁੱਟੀਆਂ ਕੱਟ ਕੇ ਪਰਤੇ ਵਿਦਿਆਰਥੀ, ਘਰਾਂ ਤੋਂ ਆਈਆਂ ਚਿੱਠੀਆਂ, ਹੋਸਟਲ ਵਿਚ ਚੋਰੀ-ਚੋਰੀ ਪਹੁੰਚਿਆ ਰੇਡੀਓ ਅਤੇ ਕੰਧਾਂ ਟੱਪ ਕੇ ਮਾਰੇ ਛਾਪੇ; ਪੁਰਾਣੇ ਰਿਆਸਤੀ ਮਹਿਲ ਅਤੇ ਤਤਕਾਲੀ ਸਰਕਾਰੀ ਟਾਪੂ ਦੀ ਮਜ਼ਬੂਤੀ ਨੂੰ ਫ਼ਨਾਹ ਕਰ ਦਿੰਦੇ ਹਨ। ਸੰਕਟ ਸਰਗਰਮ ਸਰਕਾਰੀ ਅਤੇ ਗ਼ੈਰ-ਸਰਕਾਰੀ ਧਿਰਾਂ ਦੇ ਸਿਰਾਂ ਤੋਂ ਉਚਾ ਹੋ ਜਾਂਦਾ ਹੈ। ਨਿਰਪੱਖ ਅਤੇ ਨਿਰਲੇਪ ਰਹਿਣ ਦੀ ਵਿੱਥ ਨਹੀਂ ਬਚਦੀ।

ਇਨ੍ਹਾਂ ਹਾਲਾਤ ਵਿਚ ਕਾਰਖ਼ਾਨਿਆਂ ਵਰਗੇ ਅਦਾਰੇ ਆਪਣੇ ਅੱਧ-ਘੜ ਪੁਰਜ਼ਿਆਂ ਨੂੰ ਸੇਧ ਦੇਣ ਤੋਂ ਮੁਨਕਰ ਹੋ ਜਾਂਦੇ ਹਨ। ਮੂੰਹਜ਼ੋਰ ਪੁਰਜ਼ਿਆਂ ਨੂੰ ਬੇਮੁਹਾਰ ਕਰ ਦਿੱਤਾ ਜਾਂਦਾ ਹੈ। ਫ਼ੌਜ ਵਿਚ ਭਰਤੀ ਹੋਣ ਦੇ ਸੁਫ਼ਨੇ ਅਪਰੇਸ਼ਨ ਬਲੂ ਸਟਾਰ ਦੇ ਹਵਾਲੇ ਨਾਲ ਤੈਅ ਹੋ ਰਹੀਆਂ ਵਫ਼ਾਦਾਰੀਆਂ ਦੀ ਪਾਲਾਬੰਦੀ ਨੂੰ ਮੁਖ਼ਾਤਬ ਹੁੰਦੇ ਹਨ। ਫ਼ੌਜ ਲਈ ਸ਼ੱਕੀ ਵਫ਼ਾਦਾਰੀਆਂ ਵਾਲੇ ਪੁਰਜ਼ੇ ਬੇਮਾਅਨੇ ਹਨ ਅਤੇ ਰੋਜ਼ਗਾਰ ਦੀ ਕਿਸੇ ਹੋਰ ਮਸ਼ੀਨ ਨਾਲ ਇਨ੍ਹਾਂ ਪੁਰਜ਼ਿਆਂ ਦਾ ਕੋਈ ਮੇਲ ਨਹੀਂ। ਜਦੋਂ ਅਦਾਰਾ ਸੇਧ ਨਹੀਂ ਦਿੰਦਾ ਤਾਂ ਕਾਰਖ਼ਾਨੇ ਨੂੰ ਤਸ਼ੱਦਦਖ਼ਾਨਾ ਬਣਨ ਵਿਚ ਸਮਾਂ ਨਹੀਂ ਲੱਗਦਾ। ਦੋਸਤੀਆਂ ਅਤੇ ਵਫ਼ਾਦਾਰੀਆਂ ਦਾ ਇਮਤਿਹਾਨ ਮੱਸ-ਫੁੱਟ ਮੁੰਡਿਆਂ ਨੂੰ ਬੁੱਚੜਪਣਾ ਸਿਖਾਉਂਦਾ ਹੈ। ਉਹ ਆਪਣੇ-ਆਪ ਅਤੇ ਆਪਣੇ ਨਾਲ ਦਿਆਂ ਨੂੰ ਬੁੱਚੜ ਬਿਰਤੀ ਦੇ ਹਵਾਲੇ ਕਰ ਦਿੰਦੇ ਹਨ। ਬੁੱਚੜ ਬਿਰਤੀ 'ਚ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦਾ ਮਿਲਗੋਭਾ ਹੋ ਜਾਂਦਾ ਹੈ। ਪਨਾਹ ਲੈਣ ਆਇਆ ਬੰਦਾ ਦੂਜਿਆਂ ਦੀ ਹੋਣੀ ਦਾ ਮਾਲਕ ਹੋ ਜਾਂਦਾ ਹੈ ਅਤੇ ਹਰ ਬਾਸ਼ਿੰਦਾ ਪਨਾਹਗੀਰ ਜਾਪਣ ਲੱਗਦਾ ਹੈ।

ਸੈਨਿਕ ਸਕੂਲ ਵਿਚ ਗੁਜ਼ਾਰੇ ਸੰਨ 1984 ਬਾਰੇ ਅਮਨਦੀਪ ਸੰਧੂ ਨੇ ਪੱਚੀ ਸਾਲ ਬਾਅਦ ਲਿਖਿਆ ਹੈ। ਮਨੁੱਖੀ ਮਨ ਵਿਚ ਪਈਆਂ ਗੁੰਝਲਾਂ ਨੂੰ ਕਾਗ਼ਜ਼ ਉਤੇ ਕਹਾਣੀ ਵਜੋਂ ਦਰਜ ਹੋਣ ਵਿਚ ਚੌਥਾਈ ਸਦੀ ਲੱਗੀ ਹੈ। ਇਹ ਲਿਖਤ ਉਸ ਦੌਰ ਵਿਚ ਜਵਾਨ ਹੋਈ ਪੀੜ੍ਹੀ ਦੀਆਂ ਘੁੰਮਣਘੇਰੀਆਂ ਨੂੰ ਸਮਝਣ ਦਾ ਉਪਰਾਲਾ ਕਰਦੀ ਹੈ। ਅਪਰੇਸ਼ਨ ਬਲੂ ਸਟਾਰ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਅਤੇ ਸਿੱਖਾਂ ਦਾ ਕਤਲੇਆਮ ਹੁਣ ਤੱਕ ਸਰਗਰਮ ਧਿਰਾਂ, ਸ਼ਖ਼ਸੀਅਤਾਂ ਅਤੇ ਘਟਨਾਵਾਂ ਦੇ ਹਵਾਲੇ ਨਾਲ ਹੀ ਲਿਖਿਆ ਗਿਆ ਹੈ। ਉਸ ਦੌਰ ਦਾ ਸਮਾਜਕ ਸਦਮੇ ਵਾਲਾ ਪੱਖ ਤਕਰੀਬਨ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਹ ਪੱਖ ਹੁਣ ਤੱਕ ਵਿਦਵਾਨਾਂ, ਲੇਖਕਾਂ ਅਤੇ ਪੱਤਰਕਾਰਾਂ ਦੇ ਘੇਰੇ ਤੋਂ ਬਾਹਰ ਰਿਹਾ ਹੈ। ਇਸੇ ਕਾਰਨ ਮੁੜ-ਵਸੇਬੇ, ਮੁੜ-ਬਹਾਲੀ, ਮੁਆਵਜ਼ੇ ਅਤੇ ਇਨਸਾਫ਼ ਵਰਗੀਆਂ ਧਾਰਨਾਵਾਂ ਵਿਚ ਇਸ ਪੱਖ ਨੂੰ ਥਾਂ ਨਹੀਂ ਮਿਲੀ। ਅਮਨਦੀਪ ਸੰਧੂ ਦੀ ਲਿਖਤ ਅਠਾਰਾਂ ਸਾਲ ਦੀ ਉਮਰ ਵਿਚ ਉਜੜੇ ਨੌਜਵਾਨ ਦੀ ਮੁੜ-ਵਸੇਬੇ ਲਈ ਕੀਤੀ ਪੱਚੀ ਸਾਲਾਂ ਦੀ ਜਦੋਜਹਿਦ ਦੀ ਕਹਾਣੀ ਹੈ। ਇਨ੍ਹਾਂ ਪੱਚੀ ਸਾਲਾਂ ਦੌਰਾਨ ਦਿੱਲੀ ਦਾ ਕਤਲੇਆਮ ਬੰਬਈ, ਗੁਜਰਾਤ ਅਤੇ ਉੜੀਸਾ ਤੋਂ ਹੁੰਦਾ ਹੋਇਆ ਅਤਿਵਾਦ ਖ਼ਿਲਾਫ਼ ਆਲਮੀ ਜੰਗ ਦਾ ਹਿੱਸਾ ਬਣਦਾ ਹੈ। ਇੱਕ ਮਹਾਂਨਗਰ ਤੋਂ ਦੂਜੇ ਤੱਕ ਮਹਾਂਨਗਰ ਦਾ ਬੇਰੋਜ਼ਗਾਰੀ, ਬੇਗ਼ਾਨਗੀ ਅਤੇ ਬੇਲਾਗ਼ਤਾ ਭਰਿਆ



ਸਫ਼ਰ ਲੇਖਕ ਨੂੰ ਆਪਣੀ ਨਿਗੂਣੀ ਜਿਹੀ ਗਵਾਹੀ ਦੀ ਅਹਿਮੀਅਤ ਸਮਝਾਉਂਦਾ ਹੈ। ਇਨ੍ਹਾਂ ਪੱਚੀ ਸਾਲਾਂ ਵਿਚ ਗਵਾਹੀ ਦੇ ਮਾਅਨੇ ਬਦਲਦੇ ਹਨ ਅਤੇ ਲੇਖਕ ਅੰਦਰ ਦਰਦਮੰਦੀ ਦਾ ਅਹਿਸਾਸ ਗੂੜ੍ਹਾ ਹੁੰਦਾ ਹੈ। ਮੁਕਾਮੀ ਉਜਾੜੇ ਦੀ ਮਾਰ ਵਿਚ ਆਇਆ ਮੁੰਡਾ ਆਪਣੀ ਪਛਾਣ ਦੀਆਂ ਤੰਦਾਂ ਵਿਚ ਉਲਝਦਾ ਜਾਂਦਾ ਹੈ ਅਤੇ ਆਖ਼ਰ ਜ਼ਿੰਮੇਵਾਰੀ ਆਲਮੀ ਸ਼ਹਿਰੀ ਵਜੋਂ ਮੁੜ-ਬਹਾਲੀ ਦੇ ਰਾਹ ਪੈਂਦਾ ਜਾਪਦਾ ਹੈ।

'ਰੋਲ ਆਫ਼ ਔਨਰ' ਅਮਨਦੀਪ ਸੰਧੂ ਦਾ ਸਵੈ-ਜੀਵਨੀ-ਨੁਮਾ ਨਾਵਲ ਹੈ। ਉਸ ਦਾ ਪਲੇਠਾ ਨਾਵਲ 'ਸੇਪੀਆ ਲੀਵਜ਼' ਵੀ ਇਸੇ ਤਰ੍ਹਾਂ ਦੀ ਲਿਖਤ ਸੀ। ਉਹ ਪੰਜਾਬੀ ਮਾਪਿਆਂ ਦੇ ਘਰ ਉੜੀਸਾ ਦੇ ਸ਼ਹਿਰ ਰਿਓੜਕੇਲਾ ਵਿਚ ਪਲਿਆ। ਪੰਜਾਬ ਦੇ ਸੈਨਿਕ ਸਕੂਲ ਵਿਚ ਅੱਠ ਸਾਲ ਪੜ੍ਹਨ ਤੋਂ ਬਾਅਦ ਚੰਡੀਗੜ੍ਹ, ਹੈਦਰਾਬਾਦ, ਬੰਗਲੌਰ ਅਤੇ ਦਿੱਲੀ ਵਰਗੇ ਸ਼ਹਿਰਾਂ ਵਿਚ ਪੜ੍ਹਾਈ-ਲਿਖਾਈ ਅਤੇ ਰੋਜ਼ਗਾਰ ਦਾ ਹੀਲਾ-ਵਸੀਲਾ ਕਰਦਾ ਰਿਹਾ। ਉਸ ਦਾ ਇਹ ਸਾਰਾ ਤਜਰਬਾ 'ਰੋਲ ਆਫ਼ ਔਨਰ' ਦਾ ਹਿੱਸਾ ਬਣਦਾ ਹੈ। ਲੇਖਕ ਦੇ ਬੌਧਿਕ ਸਫ਼ਰ ਅਤੇ ਕਾਲਪਨਿਕ ਉਡਾਰੀਆਂ ਵਿਚ ਬੇਚੈਨੀ ਵਿਘਨ ਪਾਉਂਦੀ ਹੈ। ਬੇਚੈਨੀ ਨੂੰ ਮੁਖ਼ਾਤਬ ਹੋਇਆ ਲੇਖਕ ਆਪਣੀ ਪਛਾਣ ਦੇ ਕਈ ਪੱਖਾਂ ਨੂੰ ਕਬੂਲ ਕਰਨ ਦਾ ਜੇਰਾ ਕਰਦਾ ਹੈ।


ਨਾਵਲ ਦਾ ਮੁੱਖ ਕਿਰਦਾਰ ਅੱਪੂ ਹਮਜਿਨਸੀ ਰਿਸ਼ਤਿਆਂ ਅਤੇ ਲਿੰਗ-ਗ਼ਲਬੇ ਦਾ ਨਿਖੇੜਾ ਬਹੁਤ ਬਰੀਕੀ ਨਾਲ ਕਰਦਾ ਹੈ। ਇਸੇ ਬਾਰੀਕੀ ਨਾਲ ਉਹ ਸਰਕਾਰ, ਅਦਾਰਿਆਂ ਅਤੇ ਸਮਾਜ ਦੇ ਮਰਦਾਵੇਂ ਖ਼ਾਸੇ ਦੀ ਸ਼ਨਾਖ਼ਤ ਕਰਦਾ ਹੈ। ਇਸੇ ਤਰ੍ਹਾਂ ਦੀ ਸੂਖਮਤਾ ਉਸ ਦੀ ਬਾਹਰਮੁਖੀ ਖੋਜ ਅਤੇ ਅੰਦਰਮੁਖੀ ਭਾਲ ਵਿਚੋਂ ਝਲਕਦੀ ਹੈ। ਅੱਪੂ ਇਕੱਲਤਾ ਦੀ ਲਪੇਟ ਵਿਚ ਨਸ਼ਿਆਂ ਦਾ ਸਹਾਰਾ ਲੈਂਦਾ ਹੈ ਅਤੇ ਉਸੇ ਵੇਲੇ ਦੁਨੀਆਂ ਦੇ ਬਿਹਰਤੀਨ ਸੰਗੀਤ ਨਾਲ ਸਾਂਝ ਪਾਉਂਦਾ ਹੈ। ਇੱਕ ਪਾਸੇ ਮਰਜ਼ ਦੀ ਨਿਸ਼ਾਨਦੇਹੀ ਹੁੰਦੀ ਹੈ ਅਤੇ ਦੂਜੇ ਪਾਸੇ ਇਲਾਜ ਦਾ ਆਹਰ ਹੁੰਦਾ ਹੈ। ਚੁੱਪ ਅਤੇ ਮਨੁੱਖੀ ਸਾਥ ਦਾ ਨਿੱਘ ਕਿਰਦਾਰਾਂ ਦਾ ਖ਼ਾਸਾ ਬਣ ਜਾਂਦਾ ਹੈ ਜਿਨ੍ਹਾਂ ਨੂੰ ਨਸ਼ਾ ਅਤੇ ਸੰਗੀਤ ਬੰਨ੍ਹੀ ਰੱਖਦੇ ਹਨ। ਆਪਣੇ-ਆਪ ਨੂੰ ਸੰਭਾਲਣ ਵਿਚ ਲੱਗੇ ਬੰਦੇ ਨੂੰ ਸਮਝ ਆਉਂਦੀ ਹੈ ਕਿ ਖ਼ਤਰਨਾਕ ਸਮਿਆਂ ਵਿਚੋਂ ਨਿਕਲੇ ਮਨੁੱਖ ਦੀ ਬੇਚੈਨੀ ਜੇ ਜਗਿਆਸਾ ਨੇ ਘਟਾਉਣੀ ਹੈ ਤਾਂ ਮਨੋਰੋਗ ਮਾਹਰਾਂ ਦੀ ਲੋੜ ਵੀ ਪੈਣੀ ਹੈ।

ਅਮਨਦੀਪ ਦੀ ਲਿਖਤ ਗੁੰਝਲਦਾਰ ਸਮੇਂ ਅਤੇ ਸ਼ਖ਼ਸੀਅਤ ਨੂੰ ਪਰਤ-ਦਰ-ਪਰਤ ਖੋਲ੍ਹਦੀ ਹੈ। ਲੇਖਕ ਕਈ ਵਾਰ ਨਿਰਦਈ ਹੋਣ ਦੀ ਹੱਦ ਤੱਕ ਕੋਰਾ ਹੋ ਜਾਂਦਾ ਹੈ। ਇਸ ਦੌਰਾਨ ਇਹ ਧਾਰਨਾ ਸਹਿਜ ਹੀ ਉਭਰ ਆਉਂਦੀ ਹੈ ਕਿ ਪੰਜਾਬ ਨੇ ਉਨ੍ਹਾਂ ਸਮਿਆਂ ਦੇ ਸੱਚ ਨੂੰ ਹਾਲੇ ਬਹੁਤ ਸਾਰੀਆਂ ਕਰੂਰ ਕਹਾਣੀਆਂ ਦੇ ਹਵਾਲੇ ਨਾਲ ਸਮਝਣਾ ਹੈ। ਨਾਵਲ ਵਿਚ ਅੱਪੂ ਵਾਰ-ਵਾਰ ਚੇਤਾ ਕਰਵਾਉਂਦਾ ਹੈ ਕਿ ਇਹ ਕਹਾਣੀ ਉਸ ਦਾ ਪੱਖ ਹੈ ਅਤੇ ਬਾਕੀਆਂ ਦੇ ਪੱਖ ਹੋਰ ਹੋ ਸਕਦੇ ਹਨ। ਬਾਕੀਆਂ ਦੇ ਪੱਖ ਹੋਰ ਹੋਣ ਨਾਲ ਅਮਨਦੀਪ ਦੀ ਲਿਖਤ ਦੀ ਅਹਿਮੀਅਤ ਵਧ ਜਾਂਦੀ ਹੈ। ਹੁਣ ਤਵੱਕੋ ਕੀਤੀ ਜਾ ਸਕਦੀ ਹੈ ਕਿ ਬਾਕੀਆਂ ਦੀਆਂ ਕਹਾਣੀਆਂ ਵੀ ਕਾਗ਼ਜ਼ ਉਤੇ ਦਰਜ ਹੋਣਗੀਆਂ ਅਤੇ ਉਨ੍ਹਾਂ ਦੀ ਮੁੜ-ਬਹਾਲੀ ਦਾ ਤਰੱਦਦ ਵੀ ਇਤਿਹਾਸ ਵਿਚ ਆਪਣੀ ਥਾਂ ਹਾਸਲ ਕਰੇਗਾ। ਅੱਪੂ ਪੱਚੀ ਸਾਲਾਂ ਬਾਅਦ ਆਪਣੀ ਡਾਇਰੀ ਦੇ ਪਿਸ਼ਾਬ ਨਾਲ ਭਿੱਜੇ, ਪਾਟੇ ਹੋਏ ਪੰਨੇ ਖੋਲ੍ਹਦਾ ਹੈ।

ਇਨ੍ਹਾਂ ਪੰਨਿਆਂ ਵਿਚ ਦਰਜ ਸ਼ਬਦਾਂ ਦੀ ਆਪਣੀ ਅਹਿਮੀਅਤ ਹੈ ਪਰ ਪੱਚੀ ਸਾਲ ਸੜੇਹਾਂਦ ਮਾਰਦੇ ਪੰਨਿਆਂ ਨੂੰ ਸਾਂਭਣਾ ਅਤੇ ਇਨ੍ਹਾਂ ਤੋਂ ਖ਼ੌਫ਼ਜ਼ਦਾ ਰਹਿਣਾ ਤਸ਼ੱਦਦ ਦੀ ਇੰਤਹਾ ਹੈ। ਡਰਿਆ ਹੋਇਆ ਬੰਦਾ ਆਪਣੇ-ਆਪ ਉਤੇ ਕਿੰਨਾ ਤਸ਼ੱਦਦ ਕਰਦਾ ਹੈ? 'ਰੋਲ ਆਫ਼ ਔਨਰ' ਬੇਚੈਨੀ ਫੈਲਾਉਂਦਾ ਹੈ, ਅੱਚਵੀ ਲਗਾਉਂਦਾ ਹੈ। ਇਸ ਕਿਤਾਬ ਨੂੰ ਪੜ੍ਹ ਕੇ ਲੱਗਦਾ ਹੈ ਕਿ ਪੰਜਾਬ ਇਸ ਬੇਚੈਨੀ ਨੂੰ ਲਗਾਤਾਰ ਨਜ਼ਰਅੰਦਾਜ਼ ਕਰਦਾ ਹੈ ਜੋ ਵਾਰ-ਵਾਰ ਬੇਕਾਬੂ ਹੋ ਜਾਂਦੀ ਹੈ। 'ਰੋਲ ਆਫ਼ ਔਨਰ' ਇਸ ਬੇਚੈਨੀ ਦੀਆਂ ਰਮਜ਼ਾਂ ਫਰੋਲਦਾ ਹੋਇਆ ਪੁਖ਼ਤਾ ਇਲਾਜ ਦੀ ਮੰਗ ਕਰਦਾ ਹੈ। ਇਹ ਬੰਦੇ ਦੀ ਮੁੜ-ਬਹਾਲੀ ਦੀ ਲਿਖਤ ਹੈ। ਇਸ ਲਿਖਤ ਵਿਚੋਂ ਦੱਸ ਪੈਂਦੀ ਹੈ ਕਿ ਹਾਲੇ ਅਦਾਰਿਆਂ ਦੀ ਮੁੜ-ਬਹਾਲੀ ਦੀ ਬਾਤ ਪੈਣੀ ਹੈ।

### 'ਰੋਲ ਆਫ ਔਨਰ' ਦਾ ਪੰਜਾਬੀ ਅਨੁਵਾਦ

*ਅਮਨਦੀਪ ਸੰਧੂ ਦੇ ਅੰਗਰੇਜ਼ੀ ਨਾਵਲ 'ਰੋਲ ਆਫ ਔਨਰ' ਦਾ ਪੰਜਾਬੀ ਅਨੁਵਾਦ ਛੇਤੀ ਹੀ ਛਪ ਰਿਹਾ ਹੈ। ਇਸ ਨਾਵਲ ਦਾ ਅਨੁਵਾਦ ਦਲਜੀਤ ਅਮੀ ਨੇ ਕੀਤਾ ਹੈ। 'ਰੋਲ ਆਫ ਔਨਰ' ਨਾਮੀ ਪ੍ਰਕਾਸ਼ਕ 'ਰੂਪਾ' ਵੱਲੋਂ ਛਾਪਿਆ ਗਿਆ ਸੀ। ਇਸ ਅੰਗਰੇਜ਼ੀ ਨਾਵਲ ਦੇ ਕੁੱਲ 242 ਪੰਨੇ ਹਨ।*




# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਅਕਤੂਬਰ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-136



*ਕੱਠੀਆਂ ਜਦ ਪੰਜਾਬਣਾਂ ਹੋਈਆਂ, ਰੂਪ ਗਿੱਧੇ ਨੂੰ ਚੜ੍ਹਿਆ।*
*ਪਿੰਡੋ ਪਿੰਡੀ ਲੱਗਦਾ ਕਦੇ, ਇਹ ਆ ਵਿਦੇਸੀਂ ਵੜਿਆ।*
*ਹੁਣ ਭਾਵੇਂ ਮੁਟਿਆਰਾਂ ਕਦੀ ਨਹੀਂ ਖੂਹ ਤੋਂ ਭਰਦੀ ਪਾਣੀ।*
*ਚੱਕ ਲਿਆ ਘੜਾ ਮੈਂ ਨਾਲ ਦੰਦਾਂ ਦੇ, ਨਰਮ ਕੁੜੀ ਨਾ ਜਾਣੀ।*

## ਕੈਪਸ਼ਨ ਮੁਕਾਬਲਾ-134



ਗੁਰੂਆਂ ਦਿੱਤੀ ਬਾਣੀ ਸਾਨੂੰ
ਜੀਵਨ ਦਾ ਇਹਨੂੰ ਅੰਗ ਬਣਾਓ।
ਬੱਚਿਆਂ ਤਾਈਂ ਪੜ੍ਹਾ, ਸਮਝਾ ਕੇ
ਜੀਵਨ ਵਾਲੀ ਜਾਚ ਸਿਖਾਓ।
ਬਾਣਾ ਬਦਲਿਆਂ ਕੁਝ ਨ੍ਹੀਂ ਬਣਦਾ
ਮਨ ਨੂੰ ਸਿੱਧੇ ਰਸਤੇ ਪਾਓ।
ਫੋਕੇ ਛੱਡ ਦਿਖਾਵੇ ਸਾਰੇ
ਅਸਲੀ ਮਕਸਦ ਉਪਰ ਆਓ।
***-ਜਗਮੀਤ ਸਿੰਘ ਪੰਧੇਰ, ਕਲਾਹੜ***
jagmitsinghpandher@gmail.com

---

ਜੇ ਚਾਹੁੰਦੇ ਹੋ ਨਸ਼ਿਆਂ ਤੋਂ ਮੁਕਤੀ
ਅਤੇ ਬਚਾਉਣਾ ਕੌਮ ਦਾ ਸਰਮਾਇਆ।
ਦੁਨੀਆਂ ਦੇ ਹਰ ਕੋਨੇ ਵਿਚ ਜਾਵੇ
ਗੁਰੂਆਂ ਦਾ ਉਪਦੇਸ਼ ਪਹੁੰਚਾਇਆ।
ਤਾਂ ਸਿੱਖੀ ਨੂੰ ਸਾਂਭਣ ਖਾਤਰ
ਯਤਨ ਕਰਨ ਮਾਂ-ਬਾਪ ਸਿਆਣੇ।
ਧਰਮ ਦੀ ਨੀਂਹ ਪੱਕੀ ਹੋ ਜਾਊ
ਜੇ ਗੁਰਬਾਣੀ ਪੜ੍ਹਨਗੇ ਨਿਆਣੇ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

ਕਿਸੇ ਧਰਮ, ਕਿਸੇ ਗ੍ਰੰਥ ਦੀ
ਕਰੋ ਨਾ ਕਦੇ ਬੁਰਾਈ।
ਸਾਰੀ ਸ੍ਰਿਸ਼ਟੀ ਉਸ ਰੱਬ ਸੱਚੇ
ਆਪਣੇ ਹੱਥੀਂ ਬਣਾਈ।
ਕੀ ਬਾਈਬਲ, ਕੀ ਭਗਵਤ ਗੀਤਾ,
ਗੁਰੂ ਗ੍ਰੰਥ ਸਾਹਿਬ ਅਤੇ ਕੁਰਾਨ।
ਰੱਬ ਦੀ ਨਿਗ੍ਹਾ ਦੇ ਵਿਚ ਸਾਰੇ
ਇਹ ਧਰਮ ਗ੍ਰੰਥ ਹਨ ਸਮਾਨ।
ਕੋਈ ਵੀ ਕੰਮ ਕਰਨੇ ਨੂੰ
ਬੱਚੇ ਧੱਕੇ ਨਾਲ ਨਾ ਤੋਰੋ।
ਪਿਆਰ ਨਾਲ ਬੱਚਿਆਂ ਨੂੰ
ਗੁਰਬਾਣੀ ਦੇ ਨਾਲ ਜੋੜੋ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਬਾਣੀ ਨਾਲ ਜੋ ਕਰਦੇ ਪਿਆਰ
ਬੱਚ ਲੈਂਦੇ ਜੀਵਨ ਸੰਵਾਰ।
'ਮਨ ਨੀਵਾਂ ਮੱਤ ਉਚੀ'
ਬਣ ਜਾਵੇ ਜੀਵਨ-ਸ਼ਿੰਗਾਰ।
ਖੁਸ਼ੀਆਂ, ਖੇੜੇ, ਬਰਕਤਾਂ
ਹਰ ਤਾਂ ਪਾਉਂਦੇ ਮਾਣ ਸਤਿਕਾਰ।
***-ਗੁਰਦੇਵ ਸਿੰਘ ਵਿਰਦੀ***
***ਓਂਟਾਰੀਓ, ਕੈਨੇਡਾ।***

---

ਦਾਤੇ ਮਿਹਰ ਕਰੀ ਆਪਣੀ
ਬੱਚੇ ਗੁਰਬਾਣੀ ਦੇ ਲੜ ਲੱਗੇ।
ਧਰਮੀ ਤੇ ਸੱਚੇ ਇਨਸਾਨ ਬਣਨਗੇ
ਇਹ ਜਦ ਹੋ ਜਾਵਣਗੇ ਵੱਡੇ।
***-ਪਰਸ਼ੋਤਮ ਸਿੰਘ ਯੂਬਾ ਸਿਟੀ।***

---

ਪੜ੍ਹੋ ਗੁਰਬਾਣੀ ਬਣੋ ਗੁਰੂ ਵਾਲੇ
ਇਹੋ ਮਾਰਗ ਸੱਚਾ ਜੀ।
ਦੁਨੀਆਂ ਹੀ ਸੱਚੀ ਸੁੱਚੀ ਹੋ ਜਾਊ
ਜੇ ਗੁਰਬਾਣੀ ਲੜ ਲੱਗੇ ਹਰ ਬੱਚਾ ਜੀ।
ਮਾਪਿਆਂ ਦਾ ਵੀ ਫਰਜ਼ ਇਹ ਬਣਦਾ
ਬੱਚਿਆਂ ਨੂੰ ਸਿੱਧੇ ਰਾਹੇ ਪਾਉਣ।
ਆਪ ਵੀ ਜਪਣ ਗੁਰਾਂ ਦੀ ਬਾਣੀ
ਬੱਚਿਆਂ ਨੂੰ ਵੀ ਜਪਾਉਣ।
***-ਬਰਜਿੰਦਰ ਸਿੰਘ ਖਾਲਸਾ***

# ਪ੍ਰਬੰਧਕਾਂ ਨੂੰ ਮਹਿੰਗੀ ਪਈ ਸਰਕਾਰੀ ਪ੍ਰਾਹੁਣਚਾਰੀ

**ਬਠਿੰਡਾ:** ਪੰਜਾਬ ਸਰਕਾਰ ਨੇ ਬਠਿੰਡਾ ਵਿਚ ਕੀਤੇ ਸੂਬਾ ਪੱਧਰੀ ਸਮਾਗਮਾਂ ਦੇ ਖਰਚੇ ਦੀ ਅਦਾਇਗੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਤੇ ਹੁਣ ਇਹ ਸਾਰੀ ਚੱਟੀ ਪ੍ਰਬੰਧਕਾਂ ਸਿਰ ਪੈ ਗਈ ਹੈ। ਮਿਲੇ ਵੇਰਵਿਆਂ ਮੁਤਾਬਕ ਇਨ੍ਹਾਂ ਸੂਬਾ ਪੱਧਰੀ ਸਮਾਗਮਾਂ ਦੇ ਪ੍ਰਬੰਧ ਤੇ ਖ਼ਾਤਿਰਦਾਰੀ 'ਤੇ 18.72 ਲੱਖ ਰੁਪਏ ਖਰਚ ਆਏ ਹਨ ਜਿਨ੍ਹਾਂ ਵਿਚੋਂ ਇਕੱਲੀ ਹਾਈ ਟੀ ਦਾ ਖਰਚਾ ਹੀ 6.53 ਲੱਖ ਰੁਪਏ ਹੈ। ਵੀ.ਆਈ.ਪੀ. ਬਰੇਕਫਾਸਟ ਤੇ ਡਿਨਰ ਦਾ ਖਰਚਾ 5.71 ਲੱਖ ਰੁਪਏ ਆਇਆ ਹੈ। ਚਾਹ, ਬਰੇਕਫਾਸਟ ਤੇ ਡਿਨਰ ਦਾ ਕੁੱਲ ਖਰਚਾ 12.24 ਲੱਖ ਰੁਪਏ ਬਣਿਆ ਹੈ।

ਬਠਿੰਡਾ ਦੇ ਸੈਪਲ ਹੋਟਲ ਨੂੰ ਪ੍ਰਾਹੁਣਚਾਰੀ ਦਾ ਜ਼ਿੰਮਾ ਸੌਂਪਿਆ ਗਿਆ ਸੀ। ਦੱਸਣਯੋਗ ਹੈ ਕਿ ਬਠਿੰਡਾ ਦੇ ਅਦਾਲਤੀ ਕੰਪਲੈਕਸ ਵਿਚ 18 ਜਨਵਰੀ 2014 ਨੂੰ ਵਿਕਲਪੀ ਝਗੜਾ ਨਿਵਾਰਨ ਕੇਂਦਰ (ਏ.ਡੀ.ਆਰ. ਸੈਂਟਰ) ਦਾ ਉਦਘਾਟਨ ਹੋਇਆ ਸੀ ਤੇ ਸਰਕਾਰ ਨੇ ਇਨ੍ਹਾਂ ਸਮਾਰੋਹਾਂ ਨੂੰ ਸਰਕਾਰੀ ਸਮਾਰੋਹ ਐਲਾਨਿਆ ਸੀ। ਉਪਰੋਕਤ ਸਾਰਾ ਖਰਚਾ ਇਸ ਮੌਕੇ ਹੋਇਆ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਤੋਂ ਇਲਾਵਾ ਕਈ ਜੱਜ ਇਨ੍ਹਾਂ ਸਮਾਰੋਹਾਂ ਵਿਚ ਪੁੱਜੇ ਸਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਇਨ੍ਹਾਂ ਸਮਾਗਮਾਂ ਵਿਚ ਵਿਸ਼ੇਸ਼ ਮਹਿਮਾਨ ਸਨ ਤੇ ਲੋਕ ਨਿਰਮਾਣ ਵਿਭਾਗ ਵੱਲੋਂ ਇਹ ਸਮਾਗਮ ਕਰਾਏ ਗਏ ਸਨ। ਇਨ੍ਹਾਂ ਸਮਾਗਮਾਂ ਉਤੇ ਆਏ ਖਰਚੇ ਦੇ ਬਿੱਲ ਪਹਿਲਾਂ ਤਾਂ ਸਰਕਾਰੀ ਦਫ਼ਤਰਾਂ ਦੇ ਗੇੜ ਵਿਚ ਹੀ ਉਲਝੇ ਰਹੇ ਤੇ ਹੁਣ ਜਦੋਂ ਲੋਕ ਨਿਰਮਾਣ ਵਿਭਾਗ ਦੇ ਮੁੱਖ ਇੰਜਨੀਅਰ (ਦੱਖਣੀ) ਨੇ ਸਮਾਗਮਾਂ ਦੇ ਭਾਰੀ ਬਿੱਲ ਦੇਖੇ ਤਾਂ ਉਨ੍ਹਾਂ ਬਿੱਲ ਇਸ ਆਧਾਰ 'ਤੇ ਵਾਪਸ ਕਰ ਦਿੱਤੇ ਕਿ ਪਹਿਲਾਂ ਇਹ ਬਿੱਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੈਰੀਫਾਈ ਕੀਤੇ ਜਾਣ। ਪ੍ਰਾਪਤ ਵੇਰਵਿਆਂ ਅਨੁਸਾਰ ਸਮਾਗਮਾਂ ਦੇ ਮਹਿਮਾਨ ਸਮਾਰੋਹਾਂ ਤੋਂ ਇਕ ਦਿਨ ਪਹਿਲਾਂ ਹੀ ਬਠਿੰਡਾ ਆ ਗਏ ਸਨ, ਜਿਨ੍ਹਾਂ ਦੇ ਸਵਾਗਤ ਵਿਚ ਡਿਊਨਜ਼ ਕਲੱਬ ਵਿਚ ਗਾਇਕ ਲਖਵਿੰਦਰ ਵਡਾਲੀ ਨੇ ਮਹਿਮਾਨਾਂ ਦਾ ਮਨੋਰੰਜਨ ਕੀਤਾ। ਇਕੱਲੇ ਵਡਾਲੀ ਦਾ ਖਰਚ 50 ਹਜ਼ਾਰ ਰੁਪਏ ਸੀ।

## ਵਿਕਲਪੀ ਝਗੜਾ ਨਿਵਾਰਨ ਕੇਂਦਰ ਨਾਲ ਜੁੜੇ ਸਮਾਗਮ ਦੇ ਬਿੱਲ ਫਸੇ



ਸੂਚਨਾ ਅਧਿਕਾਰ ਐਕਟ ਤਹਿਤ ਮਿਲੇ ਵੇਰਵਿਆਂ ਅਨੁਸਾਰ ਸੈਪਲ ਹੋਟਲ ਦੇ ਬਿੱਲ (ਨੰਬਰ 5041) ਅਨੁਸਾਰ 75 ਮਹਿਮਾਨਾਂ ਨੂੰ 900 ਰੁਪਏ ਵਾਲੀ, 400 ਮਹਿਮਾਨਾਂ ਨੂੰ 450 ਰੁਪਏ ਵਾਲੀ ਤੇ 400 ਹੋਰ ਮਹਿਮਾਨਾਂ ਨੂੰ 600 ਰੁਪਏ ਵਾਲੀ ਹਾਈ ਟੀ ਵਰਤਾਈ ਗਈ ਜਿਸ ਦਾ ਸਮੇਤ ਟੈਕਸ ਬਿੱਲ 5.98 ਲੱਖ ਰੁਪਏ ਬਣਿਆ। ਇਵੇਂ ਹੀ ਬਿੱਲ (ਨੰਬਰ 5033 ਤੇ 5034) ਅਨੁਸਾਰ 50 ਮਹਿਮਾਨਾਂ ਨੂੰ 900 ਰੁਪਏ ਵਾਲੀ ਚਾਹ ਦੇ ਖਰਚੇ ਦਾ ਬਿੱਲ ਦਿੱਤਾ ਗਿਆ ਹੈ। ਇੰਜ ਹੀ ਬਰੇਕਫਾਸਟ ਤੇ ਡਿਨਰ ਦੇ ਬਿੱਲ ਹਨ। ਸੈਪਲ ਹੋਟਲ ਦੇ ਮਾਲਕ ਸ੍ਰੀ ਕਾਤੀਆ ਦਾ ਕਹਿਣਾ ਸੀ ਕਿ ਪ੍ਰਸ਼ਾਸਨ ਵੱਲੋਂ ਖਾਣਿਆਂ ਤੇ ਚਾਹ ਸਨੈਕਸ ਦੀ ਜੋ ਸੂਚੀ ਤਿਆਰ ਕਰਕੇ ਦਿੱਤੀ ਗਈ ਸੀ, ਉਸ ਅਨੁਸਾਰ ਸਭ ਕੁਝ ਵਰਤਾਇਆ ਗਿਆ ਸੀ। ਹਾਈ ਟੀ ਲਈ ਸਨੈਕਸ ਦੀ ਸੂਚੀ ਕਾਫ਼ੀ ਲੰਮੀ ਸੀ। ਡਿਨਰ ਵਿਚ ਨਾਨ ਵੈੱਜ ਵੀ ਸ਼ਾਮਲ ਸੀ। ਉਨ੍ਹਾਂ ਨੂੰ ਸਰਕਾਰ ਨੇ ਹਾਲੇ ਤੱਕ ਬਿੱਲਾਂ ਦੀ ਅਦਾਇਗੀ ਨਹੀਂ ਕੀਤੀ।

ਮਿਲੇ ਵੇਰਵਿਆਂ ਅਨੁਸਾਰ ਸਮਾਰੋਹਾਂ 'ਤੇ ਤਕਰੀਬਨ ਇਕ ਲੱਖ ਰੁਪਏ ਦੇ ਫੁੱਲਾਂ ਦਾ ਖਰਚ ਆਇਆ ਹੈ ਜਿਸ ਵਿਚ ਫੁੱਲਾਂ ਦੀ ਡੈਕੋਰੇਸ਼ਨ ਵੀ ਸ਼ਾਮਲ ਹੈ। ਇੰਜ ਹੀ ਪਠਾਨਕੋਟ ਦੀ ਸੀਲਵੰਤੀ ਸਾਲਜ਼ ਇੰਡਸਟਰੀ ਤੋਂ 14,275 ਰੁਪਏ ਦੇ ਪੰਜ ਸ਼ਾਲ ਮਹਿਮਾਨਾਂ ਨੂੰ ਦੇਣ ਵਾਸਤੇ ਖ਼ਰੀਦੇ ਗਏ ਹਨ। ਗੁਰੂ ਨਾਨਕ ਟੈਂਟ ਹਾਊਸ, ਬਠਿੰਡਾ ਵੱਲੋਂ 3.68 ਲੱਖ ਰੁਪਏ ਦਾ ਬਿੱਲ ਦਿੱਤਾ ਗਿਆ ਹੈ ਜਿਸ ਵਿਚ 26 ਹਜ਼ਾਰ ਰੁਪਏ ਇਕੱਲੇ ਜੈਨਰੇਟਰ ਸੈੱਟ ਦਾ ਕਿਰਾਇਆ ਸ਼ਾਮਲ ਹੈ।

ਬਾਰ ਐਸੋਸੀਏਸ਼ਨ ਬਠਿੰਡਾ ਦੇ ਤਤਕਾਲੀ ਪ੍ਰਧਾਨ ਮਹਿੰਦਰ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਇਹ ਸਰਕਾਰੀ ਸਮਾਗਮ ਸਨ ਜਿਸ ਕਰਕੇ ਪ੍ਰਸ਼ਾਸਨ ਨੇ ਹੀ ਸਾਰੇ ਇੰਤਜ਼ਾਮ ਕੀਤੇ ਸਨ ਤੇ ਖਰਚਾ ਵੀ ਉਨ੍ਹਾਂ ਨੇ ਹੀ ਕੀਤਾ ਹੈ। ਦੂਜੇ ਪਾਸੇ ਲਾਅਰਜ਼ ਫਾਰ ਜਸਟਿਸ ਐਂਡ ਡੈਮੋਕਰੈਟਿਕ ਰਾਈਟਸ ਦੇ ਪ੍ਰਧਾਨ ਬਲਵੰਤ ਸਿੰਘ ਢਿੱਲੋਂ ਤੇ ਜਨਰਲ ਸਕੱਤਰ ਐਨ.ਕੇ.ਜੀਤ ਨੇ ਇਸ ਖਰਚ ਦੀ ਉੱਚ ਪੱਧਰੀ ਪੜਤਾਲ ਦੀ ਮੰਗ ਕੀਤੀ। ਇਨ੍ਹਾਂ ਆਗੂਆਂ ਨੇ ਆਖਿਆ ਕਿ ਸਰਕਾਰੀ ਖ਼ਜ਼ਾਨੇ ਦੀ ਖੁੱਲ੍ਹ ਕੇ ਸਮਾਗਮਾਂ ਵਿਚ ਦੁਰਵਰਤੋਂ ਹੋਈ ਹੈ ਤੇ ਕੋਈ ਵੀ ਅਦਾਇਗੀ ਕਰਨ ਤੋਂ ਪਹਿਲਾਂ ਸਾਰੇ ਖਰਚ ਦੀ ਉੱਚ ਪੱਧਰੀ ਜਾਂਚ ਕਰਾਈ ਜਾਣੀ ਚਾਹੀਦੀ ਹੈ।

# ਪਰਵਾਸੀ ਪੰਜਾਬੀਆਂ ਦੇ ਕੇਸਾਂ ਲਈ ਬਣਨਗੀਆਂ ਵਿਸ਼ੇਸ਼ ਅਦਾਲਤਾਂ

**ਚੰਡੀਗੜ੍ਹ:** ਪਰਵਾਸੀ ਪੰਜਾਬੀਆਂ ਦੇ ਕੇਸਾਂ ਦੇ ਜਲਦ ਨਿਬੇੜੇ ਲਈ ਪੰਜਾਬ ਵਿਚ ਵਿਸ਼ੇਸ਼ ਅਦਾਲਤਾਂ ਕਾਇਮ ਕੀਤੀਆਂ ਜਾਣਗੀਆਂ। ਪੰਜਾਬ ਸਰਕਾਰ ਨੇ ਜ਼ਿਲ੍ਹਾ ਪੱਧਰ 'ਤੇ ਪਰਵਾਸੀ ਪੰਜਾਬੀਆਂ ਦੀਆਂ 5-5 ਮੈਂਬਰੀ ਕਮੇਟੀਆਂ ਬਣਾਉਣ ਦਾ ਐਲਾਨ ਕੀਤਾ, ਜਿਨ੍ਹਾਂ ਨੂੰ ਐਨ.ਆਰ.ਆਈ. ਥਾਣਿਆਂ ਨਾਲ ਜੋੜਿਆ ਜਾਵੇਗਾ। ਇਹ ਕਮੇਟੀਆਂ ਪਰਵਾਸੀ ਪੰਜਾਬੀਆਂ ਦੇ ਮਸਲਿਆਂ ਨੂੰ ਆਪਸੀ ਸਹਿਮਤੀ ਨਾਲ ਹੱਲ ਕਰਵਾਉਣ ਲਈ ਉਪਰਾਲੇ ਕਰਨਗੀਆਂ। ਪੰਜਾਬ ਦੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਪਰਵਾਸੀ ਪੰਜਾਬੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਐਨ.ਆਰ.ਆਈਜ਼. ਨੂੰ ਅਪੀਲ ਕੀਤੀ ਕਿ ਫਰਜ਼ੀ ਵਿਆਹਾਂ ਕਾਰਨ ਹੁੰਦੇ ਖਿਲਵਾੜ ਨੂੰ ਰੋਕਣ ਲਈ ਉਹ ਸਰਕਾਰ ਦਾ ਸਹਿਯੋਗ ਦੇਣ। ਉਨ੍ਹਾਂ ਪੁਲਿਸ ਵੱਲੋਂ ਭਗੌੜਾ ਐਲਾਨੇ ਗਏ ਪਰਵਾਸੀਆਂ ਬਾਰੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਬਾਰੇ ਪੂਰੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ ਤਾਂ ਜੋ ਅਜਿਹੇ ਮਾਮਲਿਆਂ ਦੀ ਨਜ਼ਰਸਾਨੀ ਕਰਕੇ ਛੋਟੇ ਮੋਟੇ ਜਾਂ ਆਪਸੀ ਰੰਜ਼ਿਸ਼ਾਂ ਕਰਕੇ ਦਰਜ ਹੋਏ ਕੇਸਾਂ ਵਿਚ ਭਗੌੜਾ ਐਲਾਨੇ ਗਏ ਵਿਅਕਤੀਆਂ ਨੂੰ ਇਸ ਸੂਚੀ ਵਿਚੋਂ ਬਾਹਰ ਕੱਢਿਆ ਜਾ ਸਕੇ।

ਉਨ੍ਹਾਂ ਕਿਹਾ ਕਿ ਦਿੱਲੀ ਵਿਚ ਪਰਵਾਸੀ ਪੰਜਾਬੀ ਭਵਨ ਬਣਾਉਣ ਵਾਸਤੇ ਜ਼ਮੀਨ ਪ੍ਰਾਪਤੀ ਲਈ ਸਰਕਾਰ ਵੱਲੋਂ ਪਰਵਾਸੀ ਪੰਜਾਬੀਆਂ ਦੀ ਮੱਦਦ ਕੀਤੀ ਜਾਵੇਗੀ ਤੇ ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਕੋਲ ਪਰਵਾਸੀ ਪੰਜਾਬੀਆਂ ਦੇ ਨੁਮਾਇੰਦਿਆਂ ਨਾਲ ਸੰਸਦ ਮੈਂਬਰਾਂ ਦਾ ਵਫ਼ਦ ਭੇਜਿਆ ਜਾਵੇਗਾ। ਚੰਡੀਗੜ੍ਹ ਵਿਚ ਪਰਵਾਸੀ ਪੰਜਾਬੀ ਭਵਨ ਲਈ ਜ਼ਮੀਨ ਪ੍ਰਾਪਤੀ ਲਈ ਵੀ ਸਰਕਾਰ ਦਾ ਵਫ਼ਦ ਰਾਜਪਾਲ ਨਾਲ ਮੁਲਾਕਾਤ ਕਰੇਗਾ। ਉਨ੍ਹਾਂ ਪਰਵਾਸੀਆਂ ਦੀਆਂ ਜ਼ਮੀਨਾਂ ਦੀ ਤਕਸੀਮ ਕਰਵਾਉਣ ਬਾਰੇ ਕਿਹਾ ਕਿ ਇਹ ਕਾਰਜ ਨੇਪਰੇ ਚਾੜ੍ਹਨ ਲਈ ਕਾਨੂੰਨ ਵਿਚ ਤਰਮੀਮਾਂ ਕੀਤੀਆਂ ਜਾ ਰਹੀਆਂ ਹਨ।

# ਕਰਜ਼ੇ ਹੇਠ ਦੱਬੇ ਦੋ ਕਿਸਾਨਾਂ ਵੱਲੋਂ ਖ਼ੁਦਕੁਸ਼ੀ

**ਚਮਕੌਰ ਸਾਹਿਬ:** ਪਿੰਡ ਸੰਧੂਆਂ ਦੇ ਇਕ ਕਿਸਾਨ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਮਿਲੀ ਜਾਣਕਾਰੀ ਮੁਤਾਬਕ ਕਿਸਾਨ ਹਰਿੰਦਰ ਸਿੰਘ (54) ਨੇ ਆਪਣੇ ਖੇਤਾਂ ਵਿਚ ਜਾ ਕੇ ਸਲਫਾਸ ਦੀਆਂ ਗੋਲੀਆਂ ਮੂੰਹ ਵਿਚ ਪਾਉਣ ਤੋਂ ਪਹਿਲਾਂ ਸਥਾਨਕ ਥਾਣੇ ਤੇ ਆਪਣੇ ਘਰ ਫੋਨ ਕਰਕੇ ਕਿਹਾ ਸੀ ਕਿ ਉਹ ਆਪਣੀ ਜ਼ਿੰਦਗੀ ਖਤਮ ਕਰਨ ਲੱਗਾ ਹੈ।



ਜਦੋਂ ਤੱਕ ਉਸ ਦੇ ਪਰਿਵਾਰਕ ਮੈਂਬਰ ਉਸ ਕੋਲ ਪੁੱਜਦੇ ਉਦੋਂ ਤੱਕ ਉਸ ਨੇ ਸਲਫਾਸ ਮੂੰਹ ਵਿਚ ਪਾ ਲਈ ਸੀ ਜਿਸ ਨੂੰ ਪਹਿਲਾਂ ਚਮਕੌਰ ਸਾਹਿਬ ਲਿਆਂਦਾ ਗਿਆ ਉਥੋਂ ਉਸ ਨੂੰ ਚੰਡੀਗੜ੍ਹ ਦੇ ਸੈਕਟਰ 32 ਦੇ ਸਰਕਾਰੀ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਮੌਤ ਹੋ ਗਈ। ਪੁਲਿਸ ਨੇ ਮ੍ਰਿਤਕ ਦੀ ਪਤਨੀ ਅਮਰਜੀਤ ਕੌਰ ਦੇ ਬਿਆਨਾਂ 'ਤੇ ਧਾਰਾ 174 ਦੀ ਕਾਰਵਾਈ ਅਮਲ ਵਿਚ ਲਿਆਂਦੀ ਹੈ। ਹਰਿੰਦਰ ਸਿੰਘ ਦੇ ਚਚੇਰੇ ਭਰਾ ਅੱਛਰ ਸਿੰਘ ਨੇ ਦੱਸਿਆ ਕਿ ਹਰਿੰਦਰ ਸਿੰਘ ਦੇ ਸਿਰ ਚੜੇ ਕਰਜ਼ੇ ਤੋਂ ਉਹ ਕਾਫੀ ਪ੍ਰੇਸ਼ਾਨ ਰਹਿੰਦਾ ਸੀ ਜਿਸ ਕਾਰਨ ਉਸ ਨੇ ਇਸ ਘਟਨਾ ਨੂੰ ਅੰਜ਼ਾਮ ਦਿੱਤਾ। ਮ੍ਰਿਤਕ ਕਿਸਾਨ ਦੀਆਂ ਤਿੰਨ ਲੜਕੀਆਂ ਅਤੇ ਇੱਕ ਲੜਕਾ ਹੈ ਜਿਨ੍ਹਾਂ ਵਿਚੋਂ ਦੋ ਲੜਕੀਆਂ ਦੀ ਸ਼ਾਦੀ ਹੋ ਚੁੱਕੀ ਹੈ ਜਦਕਿ ਲੜਕਾ ਅਜੇ ਪੜ੍ਹਾਈ ਕਰ ਰਿਹਾ ਹੈ।

ਇਸੇ ਤਰ੍ਹਾਂ ਪਿੰਡ ਘਣੀਆ ਦੇ ਕਿਸਾਨ ਹਰਭਜਨ ਸਿੰਘ ਉਰਫ਼ ਭਜਾ (24) ਪੁੱਤਰ ਕਰਮ ਸਿੰਘ ਨੇ ਆਰਥਿਕ ਤੰਗੀ ਕਾਰਨ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਦਿੰਦਿਆਂ ਸਰਪੰਚ ਜਗਰੂਪ ਸਿੰਘ ਨੇ ਕਿਹਾ ਕਿ ਮ੍ਰਿਤਕ ਹਰਭਜਨ ਸਿੰਘ ਕੋਲ ਸਿਰਫ਼ ਡੇਢ ਏਕੜ ਜ਼ਮੀਨ ਸੀ। ਮ੍ਰਿਤਕ ਨੇ ਆਪਣੀ ਛੋਟੀ ਭੈਣ ਦਾ ਵਿਆਹ ਕਰਜ਼ਾ ਚੁੱਕ ਕੇ ਕੀਤਾ ਸੀ ਜਿਸ ਕਾਰਨ ਉਸ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਗਈ ਸੀ।

# ਮਲੂਕਾ ਦੀ ਪਤਨੀ ਨੂੰ ਬੜਾ ਮਹਿੰਗਾ ਪਿਆ ਫੈਂਸੀ ਨੰਬਰ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਦੀ ਪਤਨੀ ਨੂੰ ਅਸਰ-ਰਸੂਖ ਦੇ ਦਮ 'ਤੇ ਗੱਡੀ ਦਾ ਫ਼ੈਂਸੀ ਰਜਿਸਟਰੇਸ਼ਨ ਨੰਬਰ ਕੌਡੀਆਂ ਦੇ ਭਾਅ ਲੈਣਾ ਮਹਿੰਗਾ ਪੈ ਗਿਆ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸ੍ਰੀ ਮਲੂਕਾ ਦੀ ਪਤਨੀ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਕਾਰ ਲਈ ਲਏ ਗਏ ਫੈਂਸੀ ਰਜਿਸਟਰੇਸ਼ਨ ਨੰਬਰ ਪੀ.ਬੀ. 65 ਆਰ. 0007 ਵਾਸਤੇ ਦੋ ਲੱਖ 10 ਹਜ਼ਾਰ ਰੁਪਏ ਦੀ ਵਾਧੂ ਰਕਮ ਦਾ ਭੁਗਤਾਨ ਕਰਨ।

ਜਸਟਿਸ ਕੇ. ਕਾਨਨ ਨੇ ਮੁਹਾਲੀ ਦੇ ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ (ਡੀ.ਟੀ.ਓ.) ਨੂੰ ਹਦਾਇਤ ਕੀਤੀ ਕਿ ਉਹ ਇਹ ਪੈਸਾ ਚਾਰ ਹਫ਼ਤਿਆਂ ਅੰਦਰ ਵਸੂਲ ਕਰਨ। ਅਦਾਲਤ ਮੁਤਾਬਕ ਜੇ ਡੀ.ਟੀ.ਓ. ਮਿੱਥੇ ਸਮੇਂ ਅੰਦਰ ਰਕਮ ਨਹੀਂ ਵਸੂਲਦਾ, ਤਾਂ ਸੂਬਾ ਸਰਕਾਰ ਇਹ ਪੈਸਾ ਉਸ ਦੀ ਤਨਖਾਹ ਵਿਚੋਂ ਵਸੂਲੇ। ਅਦਾਲਤ ਨੇ ਪਟੀਸ਼ਨਰ ਦੇ ਪੈਸੇ ਵੀ ਵਿਆਜ ਸਮੇਤ ਮੋੜਨ ਦੇ ਹੁਕਮ ਦਿੱਤੇ ਹਨ। ਇਹ ਹੁਕਮ ਮੁਹਾਲੀ ਦੀ ਵਰਿੰਦਰਜੀਤ ਕੌਰ ਵੱਲੋਂ ਦਾਖ਼ਲ ਪਟੀਸ਼ਨ 'ਤੇ ਸੁਣਾਇਆ ਗਿਆ ਹੈ। ਉਸ ਮੁਤਾਬਕ ਉਹਨੇ ਫ਼ੈਂਸੀ ਨੰਬਰ ਲਈ ਦੋ ਲੱਖ 20 ਹਜ਼ਾਰ ਰੁਪਏ ਜਮ੍ਹਾਂ ਕਰਵਾ ਦਿੱਤੇ ਸਨ ਪਰ ਉਸ ਤੋਂ ਇਹ ਜਬਰੀ ਵਾਪਸ ਲੈ ਕੇ ਇਹ ਨੰਬਰ ਸੁਰਜੀਤ ਕੌਰ ਨੂੰ ਸਿਰਫ਼ 10 ਹਜ਼ਾਰ ਰੁਪਏ ਵਿਚ ਦੇ ਦਿੱਤਾ ਗਿਆ।

# ਅਕਾਲੀ-ਭਾਜਪਾ ਦੀ ਤਾਲਮੇਲ ਕਮੇਟੀ ਖ਼ੁਦ ਹੀ ਕਲੇਸ਼ 'ਚ ਉਲਝੀ

**ਚੰਡੀਗੜ੍ਹ:** ਅਕਾਲੀ-ਭਾਜਪਾ ਵੱਲੋਂ ਆਪਸੀ ਕਲੇਸ਼ ਨਬੇੜਨ ਲਈ ਬਣਾਈ ਤਾਲਮੇਲ ਕਮੇਟੀ ਆਪ ਮੁਸ਼ਕਿਲਾਂ ਵਿਚ ਘਿਰੀ ਹੋਈ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦੋਹਾਂ ਭਾਈਵਾਲ ਪਾਰਟੀਆਂ ਦੇ ਛੇ ਆਗੂਆਂ 'ਤੇ ਆਧਾਰਤ ਬਣਾਈ ਇਸ ਕਮੇਟੀ ਦੇ ਮੈਂਬਰ ਮੰਤਰੀਆਂ ਦੇ ਵਿਵਹਾਰ ਤੋਂ ਡਾਢੇ ਪ੍ਰੇਸ਼ਾਨ ਹਨ। ਸੂਤਰਾਂ ਮੁਤਾਬਕ ਕਮੇਟੀ ਦੀ ਇਥੇ ਹੋਈ ਮੀਟਿੰਗ ਦੌਰਾਨ ਇਸ ਗੱਲ 'ਤੇ ਵਿਚਾਰ ਕੀਤਾ ਗਿਆ ਕਿ ਸਰਕਾਰ ਵੱਲੋਂ ਜਿਨ੍ਹਾਂ ਲੋਕ ਮੁੱਦਿਆਂ ਦੇ ਹੱਲ ਲਈ ਤਾਲਮੇਲ ਕਮੇਟੀ ਕਾਇਮ ਕੀਤੀ ਗਈ ਹੈ, ਉਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਲਈ ਮੰਤਰੀਆਂ ਵੱਲੋਂ ਵਜ਼ਾਰਤੀ ਮੋਹਰ ਲਾਉਣ ਦੀ ਦੌੜ ਲੱਗੀ ਹੋਈ ਹੈ। ਤਾਲਮੇਲ ਕਮੇਟੀ ਦੇ ਮੈਂਬਰਾਂ ਦਾ ਇਸ਼ਾਰਾ ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ ਵੱਲੋਂ ਪ੍ਰਾਪਰਟੀ ਟੈਕਸ ਨੂੰ ਤਰਕਸੰਗਤ ਬਣਾਉਣ ਲਈ ਕੀਤੀਆਂ ਜਾ ਰਹੀਆਂ ਪਹਿਲਕਦਮੀਆਂ ਤੋਂ ਸੀ।

## ਮੰਤਰੀਆਂ 'ਤੇ ਲਾਏ ਟੰਗ ਅੜਾਉਣ ਦੇ ਦੋਸ਼




ਜ਼ਿਕਰਯੋਗ ਹੈ ਕਿ ਗੱਠਜੋੜ ਪਾਰਟੀਆਂ 'ਤੇ ਆਧਾਰਤ ਤਾਲਮੇਲ ਕਮੇਟੀ ਵੱਲੋਂ ਪ੍ਰਾਪਰਟੀ ਟੈਕਸ ਦੇ ਮੁੱਦੇ ਨੂੰ ਲਗਾਤਾਰ ਦੋ ਮੀਟਿੰਗਾਂ ਦੌਰਾਨ ਵਿਚਾਰਿਆ ਜਾ ਚੁੱਕਿਆ ਹੈ ਤੇ ਇਸ ਟੈਕਸ ਨੂੰ ਤਰਕਸੰਗਤ ਬਣਾਉਣ ਲਈ ਸਿਫਾਰਿਸ਼ਾਂ ਦੇਣ ਦਾ ਐਲਾਨ ਵੀ ਕੀਤਾ ਗਿਆ ਸੀ। ਮੀਟਿੰਗ ਦੌਰਾਨ ਮੰਤਰੀਆਂ ਦੇ ਵਿਵਹਾਰ ਦਾ ਮੁੱਦਾ ਭਾਜਪਾ ਦੇ ਇਕ ਆਗੂ ਨੇ ਚੁੱਕਿਆ। ਸ਼੍ਰੋਮਣੀ ਅਕਾਲੀ ਦਲ ਦੇ ਇਕ ਸੀਨੀਅਰ ਆਗੂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਕਮੇਟੀ ਦੇ ਇਕ ਮੈਂਬਰ ਨੇ ਕਿਹਾ ਕਿ ਜਦੋਂ ਮੁੱਖ ਮੰਤਰੀ ਨੇ ਤਾਲਮੇਲ ਕਮੇਟੀ ਹੀ ਕਾਇਮ ਕਰ ਦਿੱਤੀ ਹੈ ਤਾਂ ਮੰਤਰੀਆਂ ਨੂੰ ਸਿਫਾਰਿਸ਼ਾਂ ਦੀ ਉਡੀਕ ਕਰਨੀ ਚਾਹੀਦੀ ਹੈ। ਇਸ ਮੈਂਬਰ ਦਾ ਇਹ ਵੀ ਕਹਿਣਾ ਹੈ ਕਿ ਇਸ ਮੁੱਦੇ 'ਤੇ ਸ. ਬਾਦਲ ਨਾਲ ਵੀ ਗੱਲ ਕੀਤੀ ਜਾਵੇਗੀ। ਕਮੇਟੀ ਵੱਲੋਂ ਰੇਤ ਤੇ ਬਜਰੀ ਦਾ ਮੁੱਦਾ ਵੀ ਲਗਾਤਾਰ ਵਿਚਾਰਿਆ ਜਾ ਰਿਹਾ ਹੈ ਜਦੋਂਕਿ ਮੰਤਰੀ ਮੰਡਲ ਨੇ ਨਵੀਂ ਮਾਈਨਿੰਗ ਨੀਤੀ ਨੂੰ ਪ੍ਰਵਾਨਗੀ ਦਿੰਦਿਆਂ ਰੇਤ ਦਾ ਕੰਮ ਸਰਕਾਰੀ ਨਿਗਮ ਦੇ ਹਵਾਲੇ ਕਰ ਦਿੱਤਾ ਹੈ।

ਇਸ ਤਰ੍ਹਾਂ ਸਥਿਤੀ ਹਾਸੋਹੀਣੀ ਬਣੀ ਪਈ ਹੈ ਕਿਉਂਕਿ ਮੰਤਰੀਆਂ ਵਿਚ ਆਪਣੇ ਨੰਬਰ ਬਣਾਉਣ ਦੀ ਦੌੜ ਲੱਗੀ ਹੋਈ ਹੈ। ਕਮੇਟੀ ਮੈਂਬਰਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਅਧਿਕਾਰੀਆਂ ਵੱਲੋਂ ਕਮੇਟੀ ਨੂੰ ਸਹਿਯੋਗ ਤਾਂ ਦਿੱਤਾ ਜਾ ਰਿਹਾ ਹੈ ਪਰ ਕਮੇਟੀ ਦਾ ਕੋਈ ਨੋਟੀਫਿਕੇਸ਼ਨ ਨਾ ਹੋਣ ਕਾਰਨ ਕਈ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਮੇਟੀ ਵੱਲੋਂ ਹੁਣ ਤੱਕ ਚਾਰ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ। ਕਮੇਟੀ ਮੈਂਬਰਾਂ ਦਾ ਕਹਿਣਾ ਹੈ ਕਿ ਸਿਫਾਰਸ਼ਾਂ ਦੀ ਰਿਪੋਰਟ ਦੇਣ ਨੂੰ ਅਜੇ ਕੁਝ ਮਹੀਨੇ ਲੱਗ ਵੀ ਸਕਦੇ ਹਨ।

ਮੀਟਿੰਗ ਵਿਚ ਕਮੇਟੀ ਨੇ ਟੈਕਸ ਦੀਆਂ ਦਰਾਂ ਨੂੰ ਤਰਕਸੰਗਤ ਬਣਾਉਣ ਬਾਰੇ ਵਿਚਾਰਾਂ ਕੀਤੀਆਂ। ਇਸੇ ਤਰ੍ਹਾਂ ਲੋਹਾ ਉਦਯੋਗ, ਧਾਗਾ ਫੈਕਟਰੀਆਂ ਦੀਆਂ ਸਮੱਸਿਆਵਾਂ ਬਾਰੇ ਵੀ ਚਰਚਾ ਕੀਤੀ। ਕਮੇਟੀ ਨੇ ਉਕਤ ਅਧਿਕਾਰੀ ਤੋਂ ਰੇਤ ਤੇ ਬਜਰੀ ਦੀ ਨਵੀਂ ਨੀਤੀ ਬਾਰੇ ਪੁੱਛਿਆ ਤੇ ਇਹ ਵੀ ਜਾਣਕਾਰੀ ਲਈ ਕਿ ਕੀ ਮੰਤਰੀ ਮੰਡਲ ਵੱਲੋਂ ਪ੍ਰਵਾਨ ਕੀਤੀ ਨੀਤੀ ਦੇ ਲਾਗੂ ਹੋਣ ਤੋਂ ਬਾਅਦ ਲੋਕਾਂ ਦੀਆਂ ਸਮੱਸਿਆਵਾਂ ਹੱਲ ਹੋ ਜਾਣਗੀਆਂ। ਬਲਵਿੰਦਰ ਸਿੰਘ ਭੂੰਦੜ ਦਾ ਕਹਿਣਾ ਹੈ ਕਿ ਜੇਕਰ ਕੋਈ ਮਾਮਲਾ ਮੰਤਰੀ ਮੰਡਲ ਨੇ ਪ੍ਰਵਾਨ ਕਰ ਦਿੱਤਾ ਹੈ ਤਾਂ ਵਜ਼ਾਰਤ ਵੱਲੋਂ ਕਮੇਟੀ ਦੀਆਂ ਸਿਫਾਰਿਸ਼ਾਂ ਦੇ ਮੁਤਾਬਕ ਮੁੜ ਵੀ ਵਿਚਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਮੇਟੀ ਪਹਿਲੀ ਰਿਪੋਰਟ ਜਨਤਕ ਸੁਣਵਾਈ ਤੋਂ ਬਾਅਦ ਜਲਦੀ ਦੇਵੇਗੀ।

# ਫੀਬਾ ਵੱਲੋਂ ਸਿੱਖ ਖਿਡਾਰੀਆਂ ਨੂੰ ਆਰਜ਼ੀ ਰਾਹਤ

**ਮੈਡਰਿਡ:** ਬਾਸਕਟਬਾਲ ਦੀ ਕੌਮਾਂਤਰੀ ਗਵਰਨਿੰਗ ਬਾਡੀ ਐਫ.ਆਈ.ਬੀ.ਏ. (ਫੀਬਾ) ਨੇ ਪਟਕੇ ਵਾਲੇ ਦੋ ਸਿੱਖ ਖਿਡਾਰੀਆਂ ਨੂੰ ਦੋ ਸਾਲ ਲਈ ਆਰਜ਼ੀ ਤੌਰ ਉੱਤੇ ਖੇਡਣ ਦੀ ਆਗਿਆ ਦੇ ਦਿੱਤੀ ਹੈ। ਫੀਬਾ ਨੇ ਕਿਹਾ ਹੈ ਕਿ ਇਨ੍ਹਾਂ ਦੋ ਸਾਲਾਂ ਦੌਰਾਨ ਪਟਕੇ ਦੇ ਸੰਭਾਵੀ ਨਫ਼ੇ-ਨੁਕਸਾਨਾਂ ਨੂੰ ਦੇਖ ਕੇ ਪਟਕੇ ਬਾਰੇ ਫੈਸਲਾ ਲਿਆ ਜਾਵੇਗਾ।

ਲੰਘੇ ਹਫਤੇ ਪੁਰਸ਼ਾਂ ਦੇ ਵਿਸ਼ਵ ਕੱਪ ਮੌਕੇ ਫੀਬਾ ਦੇ ਕੇਂਦਰੀ ਬੋਰਡ ਦੀ ਬੈਠਕ ਹੋਈ ਸੀ ਜਿਸ ਦੌਰਾਨ ਦੋ ਸਾਲਾਂ ਦੇ ਅਜ਼ਮਾਇਸ਼ੀ ਪੜਾਅ ਦੌਰਾਨ ਖਿਡਾਰੀਆਂ ਨੂੰ ਸਿਰ 'ਤੇ ਕੱਪੜਾ ਬੰਨ੍ਹ ਕੇ ਖੇਡਣ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਗਿਆ। ਇਸ ਤੋਂ ਪਹਿਲਾਂ ਫੀਬਾ ਦੇ ਨੇਮਾਂ ਮੁਤਾਬਕ ਖਿਡਾਰੀ ਨੂੰ ਵਾਲ ਬੰਨਣ ਤੇ ਪਸੀਨਾ ਰੋਕਣ ਲਈ ਪੰਜ ਸੈਂਟੀਮੀਟਰ ਦਾ ਹੈੱਡਬੈਂਡ ਪਹਿਨਣ ਦੀ ਹੀ ਇਜਾਜ਼ਤ ਸੀ। ਕੌਂਸਲ ਆਨ ਅਮੇਰਿਕਨ ਰਿਲੇਸ਼ਨਜ਼ ਦੇ ਕੌਮੀ ਸੰਚਾਰ ਨਿਰਦੇਸ਼ਕ ਇਬਰਾਹੀਮ ਹੂਪਰ ਨੇ ਕਿਹਾ ਕਿ "ਅਸੀਂ ਫੀਬਾ ਦੀ ਨੀਤੀ ਵਿਚ ਇਸ ਤਬਦੀਲੀ ਦਾ ਸਵਾਗਤ ਕਰਦੇ ਹਾਂ ਕਿਉਂਕਿ ਇਸ ਨਾਲ ਮੁਸਲਿਮ, ਸਿੱਖ ਆਦਿ ਖਿਡਾਰੀਆਂ ਨੂੰ ਸਿਰ ਢੱਕ ਕੇ ਖੇਡ ਵਿਚ ਹਿੱਸਾ ਲੈਣ ਦੀ ਖੁੱਲ੍ਹ ਮਿਲੀ ਹੈ।

ਕਾਲਜ ਪੱਧਰ 'ਤੇ ਬਾਸਕਟਬਾਲ ਖੇਡਣ ਵਾਲੀ ਬੋਸਨਿਆਈ ਅਮਰੀਕੀ ਖਿਡਾਰਨ ਇੰਦਰਾ ਕਾਲਜੋ ਨੇ ਕਿਹਾ ਕਿ ਫੀਬਾ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਜਿਸ ਨਾਲ ਸਾਰੇ ਧਰਮਾਂ ਦੇ ਅਥਲੀਟਾਂ ਦੀਆਂ ਭਾਵਨਾਵਾਂ ਨੂੰ ਆਦਰ ਮਿਲੇਗਾ। ਕਾਲਜੋ ਨੂੰ ਆਇਰਲੈਂਡ ਵਿਚ ਪ੍ਰੋਫੈਸ਼ਨਲ ਬਾਸਕਟਬਾਲ ਮੁਕਾਬਲਿਆਂ ਵਿਚ ਹਿਜਾਬ ਪਹਿਨ ਕੇ ਖੇਡਣ ਤੋਂ ਰੋਕ ਦਿੱਤਾ ਗਿਆ ਸੀ ਪਰ ਉਸ ਨੇ ਆਪਣੇ ਧਾਰਮਿਕ ਰਿਵਾਜ ਤੋਂ ਪਾਸਾ ਵੱਟਣ ਤੋਂ ਇਨਕਾਰ ਕਰ ਦਿੱਤਾ ਸੀ। ਕਾਲਜੋ ਨੇ ਕਿਹਾ ਕਿ "ਮੈਂ ਹੁਣ ਬੋਸਨੀਆ ਜਾਂ ਕਿਸੇ ਵੀ ਹੋਰ ਮੁਲਕ ਵਿਚ ਜਾ ਕੇ ਖੇਡਣਾ ਚਾਹਾਂਗੀ।"

## ਦੋ ਸਾਲਾਂ ਲਈ ਅਜ਼ਮਾਇਸ਼ੀ ਤੌਰ 'ਤੇ ਦਿੱਤੀ ਪਟਕਾ ਬੰਨ੍ਹ ਕੇ ਖੇਡਣ ਦੀ ਖੁੱਲ੍ਹ





## ਅਮਰੀਕੀ ਸੰਸਦ ਮੈਂਬਰਾਂ ਵੱਲੋਂ ਪਾਬੰਦੀ ਪੂਰੀ ਤਰ੍ਹਾਂ ਹਟਾਉਣ ਦੀ ਮੰਗ

**ਵਾਸ਼ਿੰਗਟਨ:** ਅਮਰੀਕਾ ਦੇ ਦੋ ਸੰਸਦ ਮੈਂਬਰ ਜੋਅ ਕਰੋਲੀ ਤੇ ਅਮੀ ਬੇਗ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਬੇਹੱਦ ਦੁੱਖ ਹੋਇਆ ਹੈ ਕਿ ਇੰਟਰਨੈਸ਼ਨਲ ਬਾਸਕਟਬਾਲ ਫੈਡਰੇਸ਼ਨ ਨੇ ਬਿਨਾਂ ਕਿਸੇ ਕਾਰਨ ਤੋਂ ਦੋ ਸਾਲ ਲਈ ਫੈਸਲਾ ਲਮਕਾ ਦਿੱਤਾ ਹੈ ਜਦੋਂਕਿ ਇਸ ਵਿਤਕਰੇਬਾਜ਼ੀ ਨੂੰ ਤੁਰੰਤ ਖਤਮ ਕਰਨ ਦੀ ਲੋੜ ਸੀ। ਉਨ੍ਹਾਂ ਕਿਹਾ ਕਿ ਅਜਿਹੀ ਕੋਈ ਗੱਲ ਨਜ਼ਰ ਨਹੀਂ ਆਉਂਦੀ ਕਿ ਪਟਕੇ ਨਾਲ ਕਿਸੇ ਤਰ੍ਹਾਂ ਦਾ ਵਿਰੋਧੀ ਖਿਡਾਰੀ ਦਾ ਨੁਕਸਾਨ ਪੁੱਜੇ। ਉਹ ਫੀਬਾ ਦੀ ਕਾਰਗੁਜ਼ਾਰੀ ਉੱਤੇ ਨਜ਼ਰ ਰੱਖਣਗੇ ਤੇ ਕਿਸੇ ਨਾ ਕਿਸੇ ਦਿਨ ਫੀਬਾ ਨੂੰ ਇਹ ਸਹੀ ਫੈਸਲਾ ਲੈਣਾ ਹੀ ਪਵੇਗਾ।

## ਸ਼੍ਰੋਮਣੀ ਕਮੇਟੀ ਵੱਲੋਂ ਫੈਸਲੇ ਦੀ ਸ਼ਲਾਘਾ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇੰਟਰਨੈਸ਼ਨਲ ਬਾਸਕਿਟਬਾਲ ਫੈਡਰੇਸ਼ਨ (ਫੀਬਾ) ਵੱਲੋਂ ਸਿੱਖ ਖਿਡਾਰੀਆਂ ਨੂੰ ਦਸਤਾਰ (ਪਟਕਾ) ਸਜਾ ਕੇ ਬਾਸਕਿਟਬਾਲ ਖੇਡਣ ਦੀ ਆਗਿਆ ਦੇਣ ਦੇ ਫੈਸਲੇ ਨੂੰ ਸ਼ਲਾਘਾਯੋਗ ਦੱਸਿਆ ਹੈ। ਉਨ੍ਹਾਂ ਕਿਹਾ ਕਿ ਫੀਬਾ ਨੂੰ ਸਭ ਤੋਂ ਪਹਿਲਾਂ ਇਸ ਫੈਸਲੇ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਚਿੱਠੀ ਲਿਖੀ ਗਈ ਸੀ। ਉਨ੍ਹਾਂ ਫੀਬਾ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਆਪਣੇ ਫੈਸਲੇ ਨੂੰ ਬਰਕਰਾਰ ਰੱਖਦਿਆਂ ਸਿੱਖਾਂ ਨੂੰ ਮੁਕੰਮਲ ਤੌਰ 'ਤੇ ਦਸਤਾਰ (ਪਟਕਾ) ਸਜਾ ਕੇ ਬਾਸਕਿਟਬਾਲ ਖੇਡਣ ਲਈ ਛੋਟ ਦੇਣ।

# ਹਵਾਰੇ ਦਾ ਸਾਥੀ ਤਿਹਾੜ ਜੇਲ੍ਹ ਤੋਂ ਰਿਹਾਅ

**ਪਟਿਆਲਾ:** ਬੱਬਰ ਖਾਲਸਾ ਦੇ ਮੁਖੀ ਅਤੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਮੁਲਜ਼ਮ ਜਗਤਾਰ ਸਿੰਘ ਹਵਾਰਾ ਦੇ ਸਾਥੀ ਬਲਜੀਤ ਸਿੰਘ ਭਾਊ ਨੂੰ ਦਿੱਲੀ ਦੀ ਅਦਾਲਤ ਨੇ ਦੇਸ਼ ਧ੍ਰੋਹ ਦੇ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਇਸ ਤਹਿਤ ਸੱਤ ਸਾਲਾਂ ਬਾਅਦ ਉਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ ਹੈ। ਉਹ ਪੰਜਾਬ ਨਾਲ ਸਬੰਧਤ ਸੱਤ ਕੇਸਾਂ ਵਿਚੋਂ ਉਹ ਪਹਿਲਾਂ ਹੀ ਬਰੀ ਹੋ ਚੁੱਕਾ ਹੈ।

ਡੇਰਾਬਸੀ ਤਹਿਸੀਲ ਦੇ ਪਿੰਡ ਕੁਰਲੀ ਬਟੌਲੀ ਪਿੰਡ ਦਾ ਵਸਨੀਕ ਬਲਜੀਤ ਭਾਊ ਵਧੇਰੇ ਕਰ ਕੇ ਪਟਿਆਲਾ ਸ਼ਹਿਰ ਵਿਚ ਹੀ ਰਹਿੰਦਾ ਰਿਹਾ ਹੈ। ਭਾਊ ਨੂੰ ਦਿੱਲੀ ਪੁਲਿਸ ਸਪੈਸ਼ਲ ਸੈੱਲ ਨੇ ਸੱਤ ਸਾਲ ਪਹਿਲਾਂ ਪਟਿਆਲਾ ਤੋਂ ਚੁੱਕਿਆ ਸੀ। ਫਿਰ ਪਹਿਲੀ ਜਨਵਰੀ 2008 ਨੂੰ ਦੇਸ਼ ਵਿਰੋਧੀ ਗਤੀਵਿਧੀਆਂ 'ਤੇ ਆਧਾਰਤ ਧਾਰਾਵਾਂ ਅਧੀਨ ਦਰਜ ਕੇਸ ਵਿਚ ਦਿੱਲੀ ਵਿਖੇ ਗ੍ਰਿਫ਼ਤਾਰੀ ਪਾ ਦਿੱਤੀ। ਉਸ 'ਤੇ ਪਾਕਿਸਤਾਨ ਵਿਚ ਰਹਿ ਰਹੇ ਬੱਬਰ ਖਾਲਸਾ ਦੇ ਆਗੂ ਜਗਤਾਰ ਸਿੰਘ ਤਾਰਾ ਤੇ ਕੁਝ ਹੋਰਨਾਂ ਨਾਲ ਫੋਨ ਆਦਿ 'ਤੇ ਤਾਲਮੇਲ ਰੱਖਣ ਦੇ ਦੋਸ਼ ਸਨ। ਭਾਊ ਵੱਲੋਂ ਇਸ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਮੂਹਰੇ ਆਪਣਾ ਜੁਰਮ ਕਬੂਲ ਕਰ ਲੈਣ 'ਤੇ ਅਦਾਲਤ ਨੇ 16 ਸਤੰਬਰ 2014 ਨੂੰ ਸਾਢੇ ਛੇ ਸਾਲ ਦੀ ਸਜ਼ਾ ਸੁਣਾਈ ਤੇ 7500 ਰੁਪਏ ਜੁਰਮਾਨਾ ਕੀਤਾ। ਇਹ ਸਜ਼ਾ ਉਹਨੇ ਕੱਟ ਲਈ ਹੈ, ਇਸ ਲਈ ਜੁਰਮਾਨਾ ਭਰਨ 'ਤੇ ਉਸ ਨੂੰ ਰਿਹਾਅ ਕਰ ਦਿੱਤਾ ਗਿਆ।

# ਮਾਨ ਧੜੇ ਵੱਲੋਂ ਵੀ ਹਰਿਆਣੇ ਵਿਚ ਕਿਸਮਤ ਅਜ਼ਮਾਉਣ ਦਾ ਫੈਸਲਾ

**ਚੰਡੀਗੜ੍ਹ:** ਅਕਾਲੀ ਦਲ (ਅੰਮ੍ਰਿਤਸਰ) ਨੇ ਵੀ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ। ਦਲ ਵੱਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਦੂਜੀ ਵਾਰ ਹਿੱਸਾ ਲਿਆ ਜਾ ਰਿਹਾ ਹੈ। ਦਲ ਨੇ 20 ਸੀਟਾਂ ਦੀ ਸ਼ਨਾਖ਼ਤ ਕੀਤੀ ਗਈ ਹੈ ਜਿਥੇ ਸਿੱਖ ਵੋਟਰ ਉਮੀਦਵਾਰਾਂ ਦੀ ਜਿੱਤ ਹਾਰ ਦਾ ਫੈਸਲਾ ਕਰਨ ਦੇ ਸਮਰੱਥ ਹਨ। ਸਮਝਿਆ ਜਾ ਰਿਹਾ ਹੈ ਕਿ ਅਜੇ ਹੋਰ ਉਮੀਦਵਾਰ ਵੀ ਖੜ੍ਹੇ ਕੀਤੇ ਜਾ ਸਕਦੇ ਹਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਇਸ ਤੋਂ ਪਹਿਲਾਂ 1990 ਵਿਚ ਹਰਿਆਣਾ ਵਿਧਾਨ ਸਭਾ ਚੋਣਾਂ ਲੜੀਆਂ ਗਈਆਂ ਸਨ ਪਰ ਉਦੋਂ ਖ਼ਾਤਾ ਨਹੀਂ ਖੁੱਲ੍ਹ ਸਕਿਆ ਸੀ। ਉਂਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਇਕ ਤੋਂ ਵਧੇਰੇ ਵਾਰ ਲੜੀ ਗਈ ਸੀ ਤੇ ਸਫਲਤਾ ਨਹੀਂ ਮਿਲੀ ਸੀ।

ਹਰਿਆਣਾ ਵਿਚ ਸਿੱਖਾਂ ਦੀ ਗਿਣਤੀ 28 ਲੱਖ ਦੱਸੀ ਜਾ ਰਹੀ ਹੈ ਜਦੋਂਕਿ ਤਕਰੀਬਨ 18 ਲੱਖ ਵੋਟਰ ਹਨ। ਇਹ ਕੁੱਲ ਦਾ 14 ਫ਼ੀਸਦੀ ਬਣਦਾ ਹੈ। ਵਿਧਾਨ ਸਭਾ ਚੋਣਾਂ ਲਈ ਨਾਮਜ਼ਦਗੀਆਂ ਦਾ ਅਮਲ ਸ਼ੁਰੂ ਹੋ ਗਿਆ ਹੈ ਤੇ ਕਾਗਜ਼ ਦਾਖ਼ਲ ਕਰਨ ਦੀ ਆਖ਼ਰੀ ਤਰੀਕ 27 ਸਤੰਬਰ ਹੈ। ਸਮਝਿਆ ਜਾ ਰਿਹਾ ਹੈ ਕਿ ਹਰਿਆਣਾ ਲਈ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਤੋਂ ਬਾਅਦ ਦਲ ਨੂੰ ਜ਼ਿਆਦਾ ਹੁੰਗਾਰਾ ਮਿਲਣ ਦੇ ਆਸਾਰ ਬਣ ਗਏ ਹਨ ਹਾਲਾਂਕਿ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਤੇ ਜਥੇਦਾਰ ਦੀਦਾਰ ਸਿੰਘ ਨਲਵੀ ਕਾਂਗਰਸ ਦਾ ਸਾਥ ਦੇਣ ਦਾ ਐਲਾਨ ਕਰ ਚੁੱਕੇ ਹਨ।



ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਕਹਿਣਾ ਹੈ ਕਿ ਹਰਿਆਣਾ ਇਕਾਈ ਦੇ ਮੁਖੀ ਅਜੀਤ ਸਿੰਘ ਕਾਹਲੋਂ ਵੱਲੋਂ ਕਾਂਗਰਸ ਨਾਲ ਚੋਣ ਗੱਠਜੋੜ ਕਰਨ ਦਾ ਦਿੱਤਾ ਬਿਆਨ ਪਾਰਟੀ ਦੇ ਅਸੂਲਾਂ ਦੇ ਉਲਟ ਹੈ ਤੇ ਇਸ ਲਈ ਉਨ੍ਹਾਂ ਨੂੰ ਪੱਤਰ ਲਿਖ ਦਿੱਤਾ ਗਿਆ ਹੈ। ਉਨ੍ਹਾਂ ਇਹ ਵੀ ਕਿਹਾ ਹੈ ਕਿ ਹਰਿਆਣਾ ਵਿਧਾਨ ਸਭਾ ਵਿਚ ਸਿੱਖਾਂ ਨੂੰ ਪ੍ਰਤੀਨਿਧਤਾ ਲੈ ਕੇ ਦੇਣ ਦਾ ਟੀਚਾ ਮਿੱਥਿਆ ਗਿਆ ਹੈ। ਇਸ ਲਈ ਕਾਂਗਰਸ ਤੇ ਭਾਜਪਾ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਪਾਰਟੀਆਂ ਲਈ ਚੋਣ ਸਮਝੌਤੇ ਵਾਸਤੇ ਦਰਵਾਜ਼ੇ ਖੁੱਲ੍ਹੇ ਹਨ। ਦਲ ਦੇ ਸਕੱਤਰ ਜਨਰਲ ਜਸਵੰਤ ਸਿੰਘ ਮਾਨ ਮੰਨਦੇ ਹਨ ਕਿ ਸਿੱਖ ਵਸੋਂ ਵਾਲੇ ਵੀਹ ਹਲਕਿਆਂ ਵਿਚ ਉਨ੍ਹਾਂ ਦੀ ਪਾਰਟੀ ਆਪਣੀ ਹੋਂਦ ਜਤਾਉਣ ਦੀ ਸਮਰੱਥਾ ਰੱਖਦੀ ਹੈ।

# ਮਹਿਜ਼ ਸ਼ਰਾਰਤ ਸੀ ਹਰਿਮੰਦਰ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦੀ ਧਮਕੀ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦੀ ਮੋਬਾਇਲ ਫੋਨ ਰਾਹੀਂ ਦਿੱਤੀ ਧਮਕੀ ਅਸਲ ਵਿਚ ਇਕ ਸ਼ਰਾਰਤੀ ਵਿਅਕਤੀ ਦਾ ਕਾਰਾ ਸੀ। ਇਹ ਦਾਅਵਾ ਪੁਲਿਸ ਨੇ ਇਸ ਮਾਮਲੇ ਵਿਚ ਕਾਬੂ ਕੀਤੇ ਇਕ ਵਿਅਕਤੀ ਤੋਂ ਪੁੱਛਗਿੱਛ ਤੋਂ ਬਾਅਦ ਕੀਤਾ ਹੈ। ਇਸ ਧਮਕੀ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਸੁਰੱਖਿਆ ਘੇਰਾ ਮਜ਼ਬੂਤ ਕਰ ਦਿੱਤਾ ਗਿਆ ਸੀ। ਫੜੇ ਗਏ ਵਿਅਕਤੀ ਦੀ ਸ਼ਨਾਖਤ ਕਮਲ ਵਰਮਾ ਵਾਸੀ ਮੁਜ਼ੱਫਰਨਗਰ (ਉੱਤਰ ਪ੍ਰਦੇਸ਼) ਵਜੋਂ ਹੋਈ ਹੈ। ਉਹ ਪਿਛਲੇ 15 ਦਿਨਾਂ ਤੋਂ ਇਥੇ ਸ੍ਰੀ ਹਰਿਮੰਦਰ ਸਾਹਿਬ ਸਮੂਹ ਸਥਿਤ ਸ੍ਰੀ ਗੁਰੂ ਰਾਮਦਾਸ ਸਰਾਂ ਵਿਚ ਠਹਿਰਿਆ ਹੋਇਆ ਸੀ। ਇਸੇ ਦੌਰਾਨ ਹੀ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਪ੍ਰਤਾਪ ਸਿੰਘ ਨੂੰ ਮੋਬਾਇਲ ਫੋਨ 'ਤੇ ਧਮਕੀ ਦਿੱਤੀ ਸੀ।



ਪੁਲਿਸ ਕਮਿਸ਼ਨਰ ਜਤਿੰਦਰ ਸਿੰਘ ਔਲਖ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਇਸ ਵਿਅਕਤੀ ਨੇ ਦੱਸਿਆ ਕਿ ਉਹ ਇਥੇ ਸਰਾਂ ਵਿਚ ਰਹਿ ਰਿਹਾ ਸੀ ਤੇ ਉਸ ਨੇ ਸ਼੍ਰੋਮਣੀ ਕਮੇਟੀ ਦੇ ਟੈਲੀਫੋਨ ਨੰਬਰਾਂ ਵਾਲੀ ਡਾਇਰੈਕਟਰੀ ਵਿਚੋਂ ਮੈਨੇਜਰ ਪ੍ਰਤਾਪ ਸਿੰਘ ਦਾ ਨੰਬਰ ਪ੍ਰਾਪਤ ਕੀਤਾ ਸੀ।

ਇਸ ਵਿਅਕਤੀ ਦਾ ਕਹਿਣਾ ਹੈ ਕਿ ਉਸ ਦਾ ਬੈਗ ਸਰਾਂ ਵਿਚੋਂ ਗੁੰਮ ਹੋ ਗਿਆ ਸੀ ਤੇ ਉਸ ਨੇ ਇਹ ਧਮਕੀ ਭਰਿਆ ਫੋਨ ਇਸ ਲਈ ਕੀਤਾ ਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਤੇ ਬਾਹਰ ਸੁਰੱਖਿਆ ਪ੍ਰਬੰਧ ਮਜ਼ਬੂਤ ਹੋ ਜਾਣ ਤੇ ਕਿਸੇ ਹੋਰ ਦਾ ਬੈਗ ਚੋਰੀ ਨਾ ਹੋਵੇ। ਮੁੱਢਲੀ ਪੁੱਛਗਿੱਛ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਇਹ ਵਿਅਕਤੀ ਬੇਰੁਜ਼ਗਾਰ ਤੇ ਦਿਮਾਗੀ ਪੱਖੋਂ ਕਮਜ਼ੋਰ ਹੈ।

ਫਿਲਹਾਲ ਪੁਲਿਸ ਵੱਲੋਂ ਅਗਲੀ ਜਾਂਚ ਕੀਤੀ ਜਾ ਰਹੀ ਹੈ। ਉਸ ਵੱਲੋਂ ਵਰਤਿਆ ਜਾ ਰਿਹਾ ਸਿਮ ਕਾਰਡ, ਉਸ ਦਾ ਆਪਣਾ ਨਹੀਂ ਸੀ ਤੇ ਇਹ ਰੁੜਕੀ ਤੋਂ ਕਿਸੇ ਔਰਤ ਦਾ ਸੀ।

ਪੁਲਿਸ ਵੱਲੋਂ ਕੀਤੀ ਜਾਂਚ ਅਨੁਸਾਰ ਉਸ ਔਰਤ ਨੇ ਆਪਣਾ ਮੋਬਾਇਲ ਫੋਨ ਕਿਸੇ ਮਕੈਨਿਕ ਨੂੰ ਠੀਕ ਕਰਨ ਲਈ ਦਿੱਤਾ ਸੀ ਪਰ ਜਦੋਂ ਵਾਪਸ ਲਿਆ ਤਾਂ ਉਸ ਵਿਚ ਸਿਮ ਨਹੀਂ ਸੀ। ਇਸ ਦੀਆਂ ਕੜੀਆਂ ਨੂੰ ਜੋੜਦੀ ਹੋਈ ਪੁਲਿਸ ਇਸ ਮੁਲਜ਼ਮ ਤੱਕ ਪਹੁੰਚ ਗਈ।

# ਜਗਮੀਤ ਬਰਾੜ ਵੱਲੋਂ ਹਾਈਕਮਾਨ ਅੱਗੇ ਵਫ਼ਾਦਾਰੀ ਦਾ ਵਾਸਤਾ

**ਚੰਡੀਗੜ੍ਹ:** ਕਾਂਗਰਸ ਪਾਰਟੀ ਵਿਚੋਂ ਮੁਅੱਤਲ ਕੀਤੇ ਗਏ ਸਾਬਕਾ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਜਗਮੀਤ ਸਿੰਘ ਬਰਾੜ ਪਾਰਟੀ ਵਿਚ ਆਪਣੀ ਵਾਪਸੀ ਲਈ ਹਾਈਕਮਾਨ ਤੱਕ ਪਹੁੰਚ ਕਰ ਰਹੇ ਹਨ। ਬਰਾੜ ਦਾ ਕਹਿਣਾ ਹੈ ਕਿ ਉਹ ਕਾਂਗਰਸ ਪ੍ਰਤੀ ਪੂਰੀ ਤਰ੍ਹਾਂ ਵਫਾਦਾਰ ਹਨ ਤੇ ਉਨ੍ਹਾਂ ਨੇ ਪਾਰਟੀ ਕੋਲ ਆਪਣਾ ਪੱਖ ਪੇਸ਼ ਕਰ ਦਿੱਤਾ ਹੈ। ਉਹ ਕਿਸੇ ਵੀ ਕੀਮਤ 'ਤੇ ਪਾਰਟੀ ਛੱਡਣ ਲਈ ਤਿਆਰ ਨਹੀਂ ਹਨ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਪਾਰਟੀ ਉਨ੍ਹਾਂ ਨੂੰ ਨਕਾਰ ਦਿੰਦੀ ਹੈ ਤਾਂ ਉਹ ਆਪਣੀ ਅਗਲੀ ਰਣਨੀਤੀ ਤੈਅ ਕਰਨਗੇ ਕਿਉਂਕਿ ਉਹ ਆਪਣੇ 35 ਸਾਲ ਦੇ ਰਾਜਸੀ ਜੀਵਨ ਨੂੰ ਤਿਆਗ ਨਹੀਂ ਸਕਦੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਿਚ ਇਸ ਸਮੇਂ ਕਈ ਵੱਡੇ ਸੁਧਾਰਾਂ ਦੀ ਲੋੜ ਹੈ। ਇਸ ਸਮੇਂ ਕਾਂਗਰਸ ਗਿਣਤੀ ਦੇ ਕੁਝ ਸਲਾਹਕਾਰਾਂ ਦੀ ਪਾਰਟੀ ਬਣ ਕੇ ਰਹਿ ਗਈ ਹੈ ਤੇ ਖੇਤਰੀ ਆਗੂਆਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਸ ਦਾ ਕਾਂਗਰਸ ਦੀ ਲੀਡਰਸ਼ਿਪ ਵਿਚ ਪੂਰਾ ਭਰੋਸਾ ਹੈ ਤੇ ਰਾਹੁਲ ਗਾਂਧੀ ਖ਼ੁਦ ਕਾਂਗਰਸ ਵਿਚ ਸੁਧਾਰ ਚਾਹੁੰਦੇ ਹਨ। ਲੋਕ ਸਭਾ ਚੋਣਾ ਵਿਚ ਕਾਂਗਰਸ ਪਾਰਟੀ ਦੀ ਹੋਈ ਹਾਰ ਦੇ ਕਾਰਨਾਂ ਬਾਰੇ ਏ.ਕੇ. ਐਂਟਨੀ ਕਮੇਟੀ ਦੀ ਰਿਪੋਰਟ ਨੂੰ ਜਨਤਕ ਕੀਤਾ ਜਾਣਾ ਜ਼ਰੂਰੀ ਹੈ। ਕਾਂਗਰਸ ਵਿਚ ਹੇਠਲੇ ਪੱਧਰ ਦੇ ਆਗੂਆਂ ਦੀ ਕੋਈ ਪੁੱਛਗਿੱਛ ਨਹੀਂ ਰਹਿ ਗਈ ਹੈ, ਜਿਸ ਕਾਰਨ ਪਾਰਟੀ ਨੂੰ ਢਾਹ ਲੱਗੀ ਹੈ।

ਸ੍ਰੀ ਬਰਾੜ ਨੇ ਕਿਹਾ ਕਿ ਉਹ ਮੁਅੱਤਲੀ ਬਾਰੇ ਪਾਰਟੀ ਕੋਲ ਆਪਣਾ ਪੱਖ ਰੱਖ ਚੁੱਕੇ ਹਨ ਤੇ ਉਨ੍ਹਾਂ ਨੂੰ ਉਮੀਦ ਹੈ ਕਿ ਪਾਰਟੀ ਉਨ੍ਹਾਂ ਦੇ ਹੱਕ ਵਿਚ ਫ਼ੈਸਲਾ ਲਵੇਗੀ ਕਿਉਂਕਿ ਉਹ ਕਾਂਗਰਸ ਦੇ 35 ਸਾਲਾਂ ਤੋਂ ਵਫ਼ਾਦਾਰ ਸਿਪਾਹੀ ਹਨ। ਉਨ੍ਹਾਂ ਕਿਹਾ ਕਿ ਜੇਕਰ ਫਿਰ ਵੀ ਪਾਰਟੀ ਨੇ ਉਨ੍ਹਾਂ ਨੂੰ ਨਕਾਰ ਦਿੱਤਾ ਤਾਂ ਉਹ ਆਪਣੀ ਅਗਲੀ ਰਣਨੀਤੀ ਤੈਅ ਕਰਨਗੇ ਪਰ ਉਹ ਕਿਸੇ ਹੋਰ ਪਾਰਟੀ ਵਿਚ ਸ਼ਾਮਲ ਨਹੀਂ ਹੋਣਗੇ।

# ਸਦੀ ਦੇ ਅਖੀਰ ਤੱਕ 11 ਅਰਬੀ ਹੋ ਜਾਵੇਗੀ ਦੁਨੀਆਂ

**ਵਾਸ਼ਿੰਗਟਨ:** ਇਸ ਸਦੀ ਦੇ ਅਖ਼ੀਰ ਤੱਕ ਦੁਨੀਆਂ ਦੀ ਆਬਾਦੀ 11 ਅਰਬ ਹੋ ਜਾਵੇਗੀ। ਸੰਯੁਕਤ ਰਾਸ਼ਟਰ ਦੀ ਰਹਿਨੁਮਾਈ ਹੇਠ ਪ੍ਰਕਾਸ਼ਿਤ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਸਾਲ 2100 ਤੱਕ ਧਰਤੀ 'ਤੇ ਆਸ ਨਾਲੋਂ ਦੋ ਅਰਬ ਵੱਧ ਲੋਕ ਹੋਣਗੇ। ਰਿਪੋਰਟ ਵਿਚ ਇਸ ਦਾ ਕਾਰਨ ਅਫ਼ਰੀਕਾ ਵਿਚ ਉੱਚ ਜਨਮ ਦਰ ਨੂੰ ਦੱਸਿਆ ਗਿਆ ਹੈ।

ਵਾਸ਼ਿੰਗਟਨ ਯੂਨੀਵਰਸਿਟੀ ਦੇ ਸਮਾਜ ਵਿਗਿਆਨ ਤੇ ਅੰਕੜਾ ਵਿਭਾਗ ਦੀ ਪ੍ਰੋਫੈਸਰ ਐਡਰੀਅਨ ਹੈਫਟਰੀ ਨੇ ਕਿਹਾ ਹੈ ਕਿ 70 ਫ਼ੀਸਦੀ ਇਹੋ ਸੰਭਾਵਨਾ ਹੈ ਕਿ ਇਸ ਸਦੀ ਵਿਚ ਦੁਨੀਆਂ ਦੀ ਆਬਾਦੀ ਸਥਿਰ ਹੋ ਜਾਵੇਗੀ। ਸਰਵੇਖਣ ਵਿਚ ਇਸ ਗੱਲ ਦੀ 80 ਫ਼ੀਸਦੀ ਸੰਭਾਵਨਾ ਪ੍ਰਗਟਾਈ ਗਈ ਹੈ ਕਿ ਅਫ਼ਰੀਕਾ ਵਿਚ ਇਸ ਸਦੀ ਦੇ ਅਖ਼ੀਰ ਤੱਕ ਆਬਾਦੀ ਸਾਢੇ ਤਿੰਨ ਅਰਬ ਤੋਂ 5.1 ਅਰਬ ਤੱਕ ਹੋਵੇਗੀ। ਏਸ਼ੀਆ ਦੀ ਇਸ ਸਮੇਂ 4.4 ਅਰਬ ਆਬਾਦੀ ਹੈ ਤੇ ਮੰਨਿਆ ਜਾ ਰਿਹਾ ਹੈ ਕਿ 2050 ਤੱਕ ਤਕਰੀਬਨ ਪੰਜ ਅਰਬ ਆਬਾਦੀ ਹੋ ਜਾਵੇਗੀ। ਫਿਰ ਇਹ ਘਟਣੀ ਸ਼ੁਰੂ ਹੋ ਜਾਵੇਗੀ। ਉੱਤਰੀ ਅਮਰੀਕਾ, ਯੂਰਪ, ਲਾਤੀਨੀ ਅਮਰੀਕਾ ਤੇ ਕੈਰੇਬੀਅਨ ਮੁਲਕਾਂ ਵਿਚ ਇਕ ਅਰਬ ਤੋਂ ਘੱਟ ਆਬਾਦੀ ਰਹਿਣ ਦੀ ਸੰਭਾਵਨਾ ਹੈ। ਆਬਾਦੀ ਵਧਣ ਦੇ ਨਾਲ ਲੋਕਾਂ ਨੂੰ ਵਾਤਾਵਰਨ ਵਿਚ ਬਦਲਾਅ, ਖ਼ਤਰਨਾਕ ਬਿਮਾਰੀਆਂ ਤੇ ਗ਼ਰੀਬੀ ਜਿਹੀਆਂ ਸਮੱਸਿਆਵਾਂ ਦਾ ਵੱਧ ਸਾਹਮਣਾ ਕਰਨਾ ਪਏਗਾ।



# ਸਰਕਾਰੀ ਮੌਜਾਂ ਮਾਣਦੇ ਨਵੇਂ ਮਹਾਰਾਜੇ

ਚੀਜ਼ਾਂ ਜਿੰਨੀਆਂ ਜ਼ਿਆਦਾ ਬਦਲਦੀਆਂ ਹਨ, ਓਨਾ ਹੀ ਉਨ੍ਹਾਂ 'ਚ ਘੱਟ ਬਦਲਾਅ ਆਉਂਦਾ ਹੈ। ਸਾਨੂੰ ਰੋਜ਼ਾਨਾ ਆਪਣੇ ਸ਼ਾਸਕਾਂ ਦੇ ਨਾਜ਼-ਨਖ਼ਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਦੀ ਖਾਸ ਗੱਲ ਇਹ ਹੈ ਕਿ ਉਹ ਕਿਸੇ ਵੀ ਨਿਯਮ ਨੂੰ ਨਹੀਂ ਮੰਨਦੇ ਅਤੇ ਉਹ ਕਾਨੂੰਨ ਰਾਹੀਂ ਸ਼ਾਸਨ ਕਰਦੇ ਹਨ। ਕੋਈ ਉਨ੍ਹਾਂ ਦਾ ਪਛਾਣ ਪੱਤਰ ਨਹੀਂ ਦੇਖਦਾ, ਕੋਈ ਸੁਰੱਖਿਆ ਜਾਂਚ ਨਹੀਂ ਹੁੰਦੀ, ਉਨ੍ਹਾਂ ਨੂੰ ਕਿਤੇ ਲਾਈਨ 'ਚ ਨਹੀਂ ਲੱਗਣਾ ਪੈਂਦਾ। ਲਾਲ ਬੱਤੀ ਵਾਲੀ ਗੱਡੀ 'ਚ ਬੈਠ ਕੇ ਬੰਦੂਕਧਾਰੀ ਸੁਰੱਖਿਆ ਮੁਲਾਜ਼ਮਾਂ ਨਾਲ ਘਿਰੇ ਇਹ ਸ਼ਾਸਕ

**ਪੂਨਮ ਕੌਸ਼ਿਸ਼**

ਆਪਣੀ ਤਾਕਤ ਦਿਖਾਉਣ ਲਈ ਟ੍ਰੈਫਿਕ ਵਾਲੀ ਰੈੱਡ ਲਾਈਟ ਜੰਪ ਕਰ ਜਾਂਦੇ ਹਨ ਤੇ ਕੋਈ ਇਨ੍ਹਾਂ ਦੇ ਇਸ ਵਤੀਰੇ 'ਤੇ ਉਂਗਲੀ ਨਹੀਂ ਉਠਾਉਂਦਾ। ਉਨ੍ਹਾਂ ਦਾ ਕਹਿਣਾ ਹੁੰਦਾ ਹੈ ਕਿ ਉਹ ਖ਼ਾਸ ਆਦਮੀ ਹੈ, ਤੁਸੀਂ ਕੌਣ? ਕੁਝ ਲੋਕ ਇਸ ਨੂੰ 'ਓਰਵੇਲੀਅਨ ਸਿੰਡ੍ਰੋਮ' ਕਹਿੰਦੇ ਹਨ ਜਿਸ ਦਾ ਮੂਲ ਸਾਰ ਇਹ ਹੈ- 'ਮੈਂ ਤੁਹਾਡੇ ਨਾਲੋਂ ਜ਼ਿਆਦਾ ਬਰਾਬਰ ਹਾਂ, ਭਾਵ ਬਸਤੀਵਾਦੀ ਅਤੇ ਜਾਗੀਰਦਾਰੀ ਸੋਚ ਕਾਰਨ ਇਹ 'ਵੀ.ਆਈ.ਪੀ. ਕਲਚਰ' ਵਧ ਰਿਹਾ ਹੈ ਤੇ ਲੋਕ ਇਸ ਤੋਂ ਤੰਗ ਆ ਚੁੱਕੇ ਹਨ। ਇਹੋ ਨਹੀਂ, ਇਹ ਲੋਕ 'ਓਲਿਵਰ ਡਿਸਆਰਡਰ' ਤੋਂ ਵੀ ਪੀੜਤ ਹਨ। ਇਹ ਹਮੇਸ਼ਾ ਹੋਰ ਜ਼ਿਆਦਾ ਦੀ ਮੰਗ ਕਰਦੇ ਹਨ ਅਤੇ ਅਜਿਹੀ ਮੰਗ ਕਰਦਿਆਂ ਉਨ੍ਹਾਂ ਦੀ ਦਲੀਲ ਹੁੰਦੀ ਹੈ ਕਿ 'ਇਹ ਸਾਡਾ ਹੱਕ ਹੈ।' ਇਸੇ ਕਰ ਕੇ ਇਹ ਲੋਕ ਸੱਤਾ ਅਤੇ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਕਰਦੇ ਹਨ। ਉਨ੍ਹਾਂ ਦੀ ਸੁਰੱਖਿਆ ਦੀ ਲੋਕਾਂ ਦੀ ਕੀਮਤ 'ਤੇ ਕੀਤੀ ਜਾਂਦੀ ਹੈ। ਸਾਡੇ ਇਨ੍ਹਾਂ ਨਵੇਂ 'ਮਹਾਰਾਜਿਆਂ' ਦੀ ਸੂਚੀ ਵਿਚ ਮੰਤਰੀ, ਐਮ.ਪੀ., ਨੇਤਾ ਤੇ ਉਨ੍ਹਾਂ ਦੇ ਰਿਸ਼ਤੇਦਾਰ, ਨੌਕਰਸ਼ਾਹ, ਜੱਜ, ਅਧਿਆਤਮਕ ਗੁਰੂ ਤੇ ਅਪਰਾਧੀਆਂ ਤੋਂ ਰਾਜਨੇਤਾ ਬਣੇ ਲੋਕ ਸ਼ਾਮਿਲ ਹਨ। ਇਹੋ ਨਹੀਂ, ਉਨ੍ਹਾਂ ਲਈ ਖਤਰੇ ਦੀ ਸੰਭਾਵਨਾ ਹੀ ਉਨ੍ਹਾਂ ਦੀ ਤਾਕਤ ਦਾ ਪ੍ਰਤੀਕ ਬਣ ਗਈ ਹੈ।

ਹਾਲ ਹੀ ਵਿਚ ਸਾਨੂੰ ਇਸ ਵੀ.ਆਈ.ਪੀ. ਕਲਚਰ ਦੇ ਤਿੰਨ ਨਮੂਨੇ ਦੇਖਣ ਨੂੰ ਮਿਲੇ। ਸਿਆਸੀ ਰੰਗ ਬਦਲਣ ਵਾਲੇ ਰਾਸ਼ਟਰੀ ਲੋਕ ਦਲ ਦੇ ਪ੍ਰਧਾਨ ਤੇ ਸਾਬਕਾ ਮੰਤਰੀ ਅਜੀਤ ਸਿੰਘ ਨੂੰ ਸਰਕਾਰੀ ਬੰਗਲਾ ਖਾਲੀ ਕਰਨ ਲਈ ਕਿਹਾ ਗਿਆ, ਤਾਂ ਉਨ੍ਹਾਂ ਦਲੀਲ ਦਿੱਤੀ ਕਿ ਭਾਜਪਾ ਨੇਤਾ ਵੀ ਤਾਂ ਯੂ.ਪੀ.ਏ. ਦੇ ਸ਼ਾਸਨ ਦੌਰਾਨ ਲੁਟੀਅਨਜ਼ ਜ਼ੋਨ 'ਚ ਬੰਗਲਿਆਂ 'ਤੇ ਨਾਜਾਇਜ਼ ਕਬਜ਼ਾ ਕਰ ਕੇ ਬੈਠੇ ਰਹੇ ਸਨ। ਫਿਰ ਉਨ੍ਹਾਂ ਤੋਂ ਬੰਗਲਾ ਕਿਉਂ ਖਾਲੀ ਕਰਵਾਇਆ ਜਾ ਰਿਹਾ ਹੈ? ਜਦੋਂ ਸਰਕਾਰ ਨੇ ਇਹ ਦਲੀਲ ਨਹੀਂ ਮੰਨੀ ਤਾਂ ਉਨ੍ਹਾਂ ਨੇ ਮੰਗ ਕੀਤੀ ਕਿ ਇਸ ਬੰਗਲੇ ਨੂੰ ਉਨ੍ਹਾਂ ਦੇ ਪਿਤਾ ਸਾਬਕਾ ਪ੍ਰਧਾਨ ਮੰਤਰੀ ਚੌਧਰੀ ਚਰਨ ਸਿੰਘ ਦੀ ਯਾਦਗਾਰ ਬਣਾਇਆ ਜਾਵੇ, ਭਾਵ ਉਹ ਸੰਨ 2002 ਵਾਲੀ ਸਰਕਾਰ ਦੇ ਉਸ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਰਹੇ ਸਨ ਜਿਸ ਤਹਿਤ ਕਿਹਾ ਗਿਆ ਸੀ ਕਿ ਲੁਟੀਅਨਜ਼ ਜ਼ੋਨ 'ਚ ਬੰਗਲਿਆਂ ਨੂੰ ਯਾਦਗਾਰ ਨਹੀਂ ਬਣਾਇਆ ਜਾਵੇਗਾ। ਇਸ ਤੋਂ ਬਾਅਦ ਅਜੀਤ ਸਿੰਘ ਨੇ ਭਾਰਤੀ ਕਿਸਾਨ ਯੂਨੀਅਨ ਦੇ ਨੇਤਾਵਾਂ ਤੋਂ ਸਰਕਾਰ ਵਿਰੁੱਧ ਮੁਜ਼ਾਹਰਾ ਕਰਵਾਇਆ ਜਿਨ੍ਹਾਂ ਨੇ ਧਮਕੀ ਦਿੱਤੀ ਕਿ ਜੇ ਅਜੀਤ ਸਿੰਘ ਨੂੰ ਇਸ ਬੰਗਲੇ ਵਿਚ ਨਹੀਂ ਰਹਿਣ ਦਿੱਤਾ ਜਾਵੇਗਾ ਤਾਂ ਉਹ ਦਿੱਲੀ ਦੀ ਬਿਜਲੀ-ਪਾਣੀ ਦੀ ਸਪਲਾਈ ਕੱਟ ਦੇਣਗੇ। ਸਵਾਲ ਉੱਠਦਾ ਹੈ ਕਿ ਅਜੀਤ ਸਿੰਘ ਇਸ ਬੰਗਲੇ ਨੂੰ ਖਾਲੀ ਕਰਨ ਤੋਂ ਇਨਕਾਰ ਕਿਉਂ ਕਰ ਰਹੇ ਹਨ? ਕਾਰਨ ਇਹ ਹੈ ਕਿ ਉਨ੍ਹਾਂ ਨੂੰ ਅਜਿਹਾ ਸੈਵਨ ਸਟਾਰ ਬੰਗਲਾ ਕਿੱਥੇ ਮਿਲੇਗਾ? ਅਜਿਹੇ ਬੰਗਲੇ ਦੀ ਸਾਂਭ-ਸੰਭਾਲ 'ਤੇ ਹਰ ਸਾਲ 60 ਕਰੋੜ ਰੁਪਏ ਖਰਚ ਆਉਂਦਾ ਹੈ ਜੋ ਟੈਕਸ ਦੇਣ ਵਾਲੇ ਲੋਕਾਂ ਦੀ ਜੇਬ 'ਚੋਂ ਜਾਂਦਾ ਹੈ।

ਅਸਲ ਵਿਚ ਲੁਟੀਅਨਜ਼ ਦਿੱਲੀ 'ਚ ਕੋਈ ਵੀ ਬੰਗਲਾ ਖਾਲੀ ਨਹੀਂ ਕਰਨਾ ਚਾਹੁੰਦਾ। ਇਸ ਇਲਾਕੇ 'ਚ ਹਰ ਬੰਗਲੇ ਨੂੰ 1000-2000 ਗਜ਼ ਦੇ ਪਲਾਟਾਂ 'ਚ ਵੰਡ ਕੇ ਅਮੀਰ ਲੋਕਾਂ ਨੂੰ 200 ਤੋਂ 350 ਕਰੋੜ ਰੁਪਏ 'ਚ ਵੇਚਿਆ ਜਾ ਸਕਦਾ ਹੈ। ਜੇ ਸਰਕਾਰ ਇਨ੍ਹਾਂ ਪਲਾਟਾਂ ਦੀ ਨਿਲਾਮੀ ਕਰੇ ਤਾਂ ਉਸ ਨੂੰ ਹਜ਼ਾਰਾਂ ਕਰੋੜ ਰੁਪਏ ਮਿਲ ਸਕਦੇ ਹਨ। ਇਸ ਤੋਂ ਇਲਾਵਾ ਜੇ ਸਰਕਾਰ ਇਹ ਬੰਗਲੇ ਕਿਰਾਏ 'ਤੇ ਦੇ ਦੇਵੇ ਤਾਂ ਉਸ ਨੂੰ 25 ਤੋਂ 50 ਲੱਖ ਰੁਪਏ ਹਰ ਮਹੀਨੇ ਕਿਰਾਇਆ ਮਿਲ ਸਕਦਾ ਹੈ।

ਭਾਰਤੀ ਸ਼ਾਸਕਾਂ ਦਾ ਇਹ ਵੀ.ਆਈ.ਪੀ. ਕਲਚਰ ਇਥੇ ਹੀ ਖਤਮ ਨਹੀਂ ਹੁੰਦਾ। ਕਰਨਾਟਕ ਦੇ 15 ਵਿਧਾਇਕ 18 ਦਿਨਾਂ ਦੇ ਯੂਰਪ ਦੌਰੇ 'ਤੇ ਗਏ, ਜਦਕਿ ਸੂਬੇ ਦੇ ਕੁਝ ਹਿੱਸੇ ਹੜ੍ਹ ਦੀ ਲਪੇਟ 'ਚ ਆਏ ਹੋਏ ਸਨ। ਜਦੋਂ ਇਸ ਬਾਰੇ ਸੂਬੇ ਦੇ ਮੁੱਖ ਮੰਤਰੀ ਸਿੱਧਰਮਈਆ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਇਸ ਤੋਂ ਪਹਿਲਾਂ ਜਦੋਂ ਸੂਬੇ 'ਚ ਭਿਆਨਕ ਸੋਕਾ ਪਿਆ ਸੀ, ਤਾਂ ਉਥੋਂ ਦੇ 100 ਵਿਧਾਇਕ ਆਸਟਰੇਲੀਆ ਅਤੇ ਨਿਊਜ਼ੀਲੈਂਡ ਦੇ ਦੌਰੇ 'ਤੇ ਗਏ ਹੋਏ ਸਨ। ਰੌਲਾ ਪਿਆ ਤਾਂ ਸਰਕਾਰ ਨੇ ਨਿਯਮਾਂ 'ਚ ਤਬਦੀਲੀ ਕਰ ਕੇ ਵਿਧਾਇਕਾਂ ਨੂੰ ਕਿਸੇ ਵਿਸ਼ੇ-ਵਿਸ਼ੇਸ਼ 'ਤੇ ਦੌਰਾ ਕਰਨ ਦੀ ਇਜਾਜ਼ਤ ਦੇ ਦਿੱਤੀ।

ਹੁਣ ਭਾਰਤੀ ਸੰਸਦ ਮੈਂਬਰ ਮੰਗ ਕਰ ਰਹੇ ਹਨ ਕਿ ਜਦੋਂ ਉਹ ਹਵਾਈ ਸਫਰ ਕਰਨ, ਤਾਂ ਉਨ੍ਹਾਂ ਨੂੰ ਹਵਾਈ ਅੱਡੇ 'ਤੇ ਵਿਸ਼ੇਸ਼ ਰਸਤਿਓਂ ਅੰਦਰ ਜਾਣ ਦੀ ਇਜਾਜ਼ਤ ਦਿੱਤੀ ਜਾਵੇ, ਉਨ੍ਹਾਂ ਨੂੰ ਪਹਿਲਾਂ 'ਚੈੱਕ ਇਨ' ਕਰਨ ਦੀ ਸਹੂਲਤ ਦਿੱਤੀ ਜਾਵੇ, ਉਨ੍ਹਾਂ ਨੂੰ ਫਸਟ ਕਲਾਸ ਦੇ ਲਾਂਜ ਵਿਚ ਮੁਫਤ ਚਾਹ-ਨਾਸ਼ਤਾ ਮੁਹੱਈਆ ਕਰਵਾਇਆ ਜਾਵੇ, ਉਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਅਤੇ ਉਨ੍ਹਾਂ ਨੂੰ ਹਵਾਈ ਜਹਾਜ਼ ਤਕ ਛੱਡਣ ਲਈ ਏਅਰਲਾਈਨ ਦਾ ਨੁਮਾਇੰਦਾ ਮੁਹੱਈਆ ਕਰਵਾਇਆ ਜਾਵੇ ਅਤੇ ਇਹ ਸਹੂਲਤ ਨਾ ਸਿਰਫ ਸਰਕਾਰੀ ਏਅਰ ਇੰਡੀਆ ਜਾਂ ਇੰਡੀਅਨ ਏਅਰਲਾਈਨਜ਼ ਵਿਚ ਦਿੱਤੀ ਜਾਵੇ, ਸਗੋਂ ਪ੍ਰਾਈਵੇਟ ਏਅਰਲਾਈਨਜ਼ 'ਚ ਵੀ ਦਿੱਤੀ ਜਾਵੇ।

ਇਹ ਮੰਗਾਂ ਉਦੋਂ ਕੀਤੀਆਂ ਜਾ ਰਹੀਆਂ ਹਨ, ਜਦੋਂ ਉਹ ਇਨ੍ਹਾਂ ਦੇ ਹੱਕਦਾਰ ਨਹੀਂ ਹਨ ਅਤੇ ਇਹ ਸਭ ਕੁਝ ਲੋਕਾਂ ਦੀ ਕੀਮਤ 'ਤੇ ਕੀਤਾ ਜਾ ਰਿਹਾ ਹੈ। ਇਸ ਨਾਲ ਬੁਨਿਆਦੀ ਸਵਾਲ ਉੱਠਦਾ ਹੈ ਕਿ, ਕੀ ਸਾਡੇ ਦੇਸ਼ 'ਚ ਵੀ.ਆਈ.ਪੀ. ਕਲਚਰ ਦੀ ਹੱਦ ਨਹੀਂ ਹੋ ਗਈ? ਕੀ ਉਨ੍ਹਾਂ ਨੂੰ ਸੱਚਮੁਚ ਵਧੂ ਮਹੱਤਤਾ ਦਿੱਤੀ ਜਾਣੀ ਚਾਹੀਦੀ ਹੈ, ਖਾਸ ਕਰ ਕੇ ਉਦੋਂ, ਜਦੋਂ ਸਾਡੇ ਸ਼ਾਸਕਾਂ 'ਚੋਂ ਬਹੁਤੇ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਅਤੇ ਸਨਮਾਨਜਨਕ ਢੰਗ ਨਾਲ ਨਹੀਂ ਨਿਭਾਉਂਦੇ? ਕੀ ਸਾਡੇ ਨੇਤਾ ਭਾਰਤ ਦੀ ਅਸਲੀਅਤ ਬਾਰੇ ਜਾਣਦੇ ਹਨ, ਜਿਸ ਦੀ ਰੱਖਿਆ ਕਰਨ ਦੀਆਂ ਉਹ ਕਸਮਾਂ ਖਾਂਦੇ ਹਨ? ਕੀ ਉਹ ਇਸ ਅਸਲੀ ਭਾਰਤ ਦੀ ਪ੍ਰਵਾਹ ਕਰਦੇ ਹਨ?

ਇਸ ਬਾਰੇ ਕੋਈ ਵਿਵਾਦ ਨਹੀਂ ਹੈ ਕਿ ਨੇਤਾਵਾਂ ਨੂੰ ਵਿਸ਼ੇਸ਼ ਦਰਜਾ ਮਿਲਣਾ ਚਾਹੀਦਾ ਹੈ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਇਹ ਵਿਸ਼ੇਸ਼ ਦਰਜਾ ਉਨ੍ਹਾਂ ਅਹੁਦਿਆਂ ਲਈ ਦਿੱਤਾ ਜਾਂਦਾ ਹੈ ਜਿਨ੍ਹਾਂ 'ਤੇ ਉਹ ਬਿਰਾਜਮਾਨ ਹਨ, ਨਾ ਕਿ ਵਿਅਕਤੀਆਂ ਨੂੰ। ਰਾਸ਼ਟਰਪਤੀ, ਪ੍ਰਧਾਨ ਮੰਤਰੀ, ਚੀਫ ਜਸਟਿਸ, ਮੁੱਖ ਮੰਤਰੀ, ਕੈਬਨਿਟ ਮੰਤਰੀ, ਲੋਕ ਸਭਾ ਸਪੀਕਰ ਆਦਿ ਸਾਰਿਆਂ ਨੂੰ ਦੁਨੀਆ ਭਰ 'ਚ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਹੈ ਪਰ ਨਾਲ ਹੀ ਲੋਕਤੰਤਰਿਕ ਸ਼ਾਸਨ ਪ੍ਰਣਾਲੀ ਦਾ ਮੂਲ ਸਿਧਾਂਤ ਇਹ ਹੈ ਕਿ ਲਿੰਗ, ਉਮਰ, ਜਾਤ, ਧਰਮ, ਸਿਆਸੀ ਵਿਸ਼ਵਾਸ, ਵਰਗ ਅਤੇ ਆਰਥਿਕ ਹਾਲਤ ਦੇ ਆਧਾਰ 'ਤੇ ਸਾਰੇ ਨਾਗਰਿਕ ਕਾਨੂੰਨ ਦੇ ਸਾਹਮਣੇ ਬਰਾਬਰ ਹਨ। ਬਸਤੀਵਾਦੀ ਯੁੱਗ ਦੇ ਜਾਗੀਰਦਾਰਾਂ ਜਾਂ ਤਾਨਾਸ਼ਾਹ ਸ਼ਾਸਕਾਂ ਦੇ ਉਲਟ ਲੋਕਤੰਤਰ 'ਚ ਕਾਨੂੰਨ ਦਾ ਰਾਜ ਸਾਰੇ ਨਾਗਰਿਕਾਂ 'ਤੇ ਬਰਾਬਰ ਲਾਗੂ ਹੁੰਦਾ ਹੈ। ਕੋਈ ਵੀ ਜਨ ਸੇਵਕ, ਇਥੋਂ ਤਕ ਕਿ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਵੀ ਕਾਨੂੰਨ ਤੋਂ ਉਪਰ ਨਹੀਂ।

ਦੁਖਦਾਈ ਤੱਥ ਇਹ ਹੈ ਕਿ ਅਸੀਂ ਅਜਿਹੇ ਭਾਰਤ 'ਚ ਰਹਿ ਰਹੇ ਹਾਂ, ਜਿਥੇ ਸਿਰਫ 'ਵੀ.ਵੀ.ਆਈ.ਪੀ.' ਦੀ ਮਹੱਤਤਾ ਹੈ ਜੋ ਸਰਕਾਰੀ ਵਿਸ਼ੇਸ਼ ਅਧਿਕਾਰਾਂ ਨਾਲ ਰਹਿ ਰਹੇ ਹਨ। ਆਮ ਆਦਮੀ ਅਤੇ ਇਨ੍ਹਾਂ 'ਖਾਸ' ਲੋਕਾਂ ਵਿਚਾਲੇ ਵੱਡਾ ਫਰਕ ਹੈ ਜਿਸ ਕਾਰਨ ਇਨ੍ਹਾਂ ਨੇਤਾਵਾਂ ਪ੍ਰਤੀ ਲੋਕਾਂ 'ਚ ਸਨਮਾਨ ਦੀ ਭਾਵਨਾ ਖਤਮ ਹੁੰਦੀ ਜਾ ਰਹੀ ਹੈ। ਸਿੱਟੇ ਵਜੋਂ ਲੋਕ ਵੀ ਕਾਨੂੰਨਾਂ ਅਤੇ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ। ਇਹ ਨਵੇਂ 'ਮਹਾਰਾਜੇ' ਇਸ ਤੱਥ ਨੂੰ ਨਹੀਂ ਸਮਝ ਰਹੇ ਕਿ ਵੀ.ਆਈ.ਪੀ. ਕਲਚਰ ਦਾ ਵਿਚਾਰ ਆਪਣੇ-ਆਪ 'ਚ ਗੈਰ-ਲੋਕਤੰਤਰਕ ਹੈ। ਇਹ ਬਰਾਬਰੀ ਦੇ ਵਿਚਾਰ ਦੇ ਵਿਰੁੱਧ ਹੈ ਕਿਉਂਕਿ ਇਸ ਵਿਚ ਸ਼ਾਸਕਾਂ ਦੇ ਮੁਕਾਬਲੇ ਨਾਗਰਿਕਾਂ ਨੂੰ ਬਹੁਤ ਨੀਵੇਂ ਮੰਨਿਆ ਜਾਂਦਾ ਹੈ।

ਤ੍ਰਾਸਦੀ ਇਹ ਹੈ ਕਿ ਜਿਨ੍ਹਾਂ ਲੋਕਾਂ ਨੂੰ ਜਨਤਾ ਆਪਣੀ ਸੇਵਾ ਲਈ ਚੁਣਦੀ ਹੈ; ਉਹੀ ਲੋਕ, ਜਨਤਾ ਨੂੰ ਨਹੀਂ ਮਿਲਦੇ। ਇਸ ਦੇ ਉਲਟ ਵਿਕਸਿਤ ਲੋਕਤੰਤਰਕ ਦੇਸ਼ਾਂ 'ਚ ਜਨ ਸੇਵਕਾਂ ਦੀ ਖਾਸੀਅਤ ਇਹ ਹੈ ਕਿ ਉਹ ਕਾਨੂੰਨ ਦੇ ਸਾਹਮਣੇ ਬਰਾਬਰ ਹਨ। ਅਮਰੀਕਾ 'ਚ ਮੌਜੂਦਾ ਰਾਸ਼ਟਰਪਤੀ ਤੋਂ ਇਲਾਵਾ ਹੋਰ ਸਾਰੇ ਲੋਕਾਂ ਦੀ ਸੁਰੱਖਿਆ ਜਾਂਚ ਹੁੰਦੀ ਹੈ। ਜਨਤਕ ਅਧਿਕਾਰੀ ਆਪਣੀਆਂ ਕਾਰਾਂ ਤਕ ਖ਼ੁਦ ਚਲਾਉਂਦੇ ਹਨ, ਰੈਸਟੋਰੈਂਟਾਂ 'ਚ ਜਾਂਦੇ ਹਨ ਅਤੇ ਆਮ ਲੋਕਾਂ ਨੂੰ ਵੀ ਮਿਲਦੇ ਹਨ।

ਸਵੀਡਨ 'ਚ ਨਿਯਮਾਂ ਅਤੇ ਸਹੂਲਤਾਂ ਬਾਰੇ ਅਹੁਦੇ ਦੇ ਆਧਾਰ 'ਤੇ ਕੋਈ ਫਰਕ ਨਹੀਂ ਹੈ। ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਤੋਂ ਲੈ ਕੇ ਸਫਾਈ ਕਰਮਚਾਰੀ ਤਕ ਨੂੰ ਬਰਾਬਰ ਮੰਨਿਆ ਜਾਂਦਾ ਹੈ। ਇਸ ਦਾ ਅਪਵਾਦ ਸਿਰਫ ਰਾਜਾ ਮੰਨਿਆ ਜਾਂਦਾ ਹੈ। ਨਿਊਜ਼ੀਲੈਂਡ 'ਚ ਪ੍ਰਧਾਨ ਮੰਤਰੀ ਦੀ ਕਾਰ ਦੇ ਡਰਾਈਵਰ ਨੂੰ ਮਿੱਥੀ ਸਪੀਡ ਤੋਂ ਜ਼ਿਆਦਾ ਤੇਜ਼ ਗੱਡੀ ਚਲਾਉਂਦਿਆਂ ਫੜਿਆ ਗਿਆ, ਤੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਗਈ।

ਸਰਲ ਸ਼ਬਦਾਂ ਵਿਚ ਕਹੀਏ ਤਾਂ ਭਾਰਤੀ ਨੇਤਾਵਾਂ ਨੂੰ ਹੁਕਮ ਚਲਾਉਣ ਦੀ ਸਭਿਅਤਾ ਛੱਡਣੀ ਪਵੇਗੀ, ਆਪਣੇ ਵਿਸ਼ੇਸ਼ ਅਧਿਕਾਰਾਂ ਨੂੰ ਤਿਆਗਣਾ ਪਵੇਗਾ। ਇਸ ਨਾਲ ਉਨ੍ਹਾਂ ਨੂੰ 'ਮੇਰਾ ਭਾਰਤ ਮਹਾਨ' ਦੀ ਤਰਸਯੋਗ ਹਾਲਤ ਦੇਖਣ ਦਾ ਮੌਕਾ ਮਿਲੇਗਾ ਅਤੇ ਉਹ ਸਮਝ ਜਾਣਗੇ ਕਿ ਜਦੋਂ ਵੀ.ਵੀ.ਆਈ.ਪੀ. ਕੋਈ ਨਿਯਮ ਤੋੜਦੇ ਹਨ, ਹਵਾਈ ਜਹਾਜ਼ਾਂ ਅਤੇ ਰੇਲ ਗੱਡੀਆਂ 'ਚ ਸੀਟਾਂ 'ਤੇ ਕਬਜ਼ਾ ਕਰਦੇ ਹਨ ਤਾਂ ਕਿਸ ਤਰ੍ਹਾਂ ਲੋਕਤੰਤਰ ਦੀ ਅਣਦੇਖੀ ਹੁੰਦੀ ਹੈ। ਹੁਣ ਦੇਸ਼ 'ਚ ਨਵੀਂ ਪੀੜ੍ਹੀ ਪ੍ਰਪੱਕ ਹੋ ਰਹੀ ਹੈ, ਇਸ ਲਈ ਸ਼ਾਸਕਾਂ ਨੂੰ ਇਸ ਗੱਲ ਵੱਲ ਧਿਆਨ ਦੇਣਾ ਪਵੇਗਾ ਕਿ ਲੋਕਤੰਤਰ ਸਾਰਿਆਂ ਲਈ ਬਰਾਬਰੀ ਦੇ ਮੂਲ ਸਿਧਾਂਤ 'ਤੇ ਆਧਾਰਤ ਹੈ। ਹੁਣ ਉਹ ਦਿਨ ਲੱਦ ਗਏ, ਜਦੋਂ ਨੇਤਾਵਾਂ ਦਾ ਸਨਮਾਨ ਕੀਤਾ ਜਾਂਦਾ ਸੀ। ਅੱਜ ਨੇਤਾ ਉਨ੍ਹਾਂ ਸਾਰੀਆਂ ਬੁਰਾਈਆਂ ਦਾ ਪ੍ਰਤੀਕ ਬਣ ਗਏ ਹਨ ਜਿਨ੍ਹਾਂ ਦਾ ਸਾਹਮਣਾ ਭਾਰਤ ਕਰ ਰਿਹਾ ਹੈ ਅਤੇ ਜੇ ਉਹ ਆਪਣੇ-ਆਪ 'ਚ ਤਬਦੀਲੀ ਨਹੀਂ ਲਿਆਉਂਦੇ ਤਾਂ ਉਹ ਗੈਰ-ਪ੍ਰਸੰਗਕ ਬਣ ਜਾਣਗੇ।



**ਭਾਰਤੀ ਨੇਤਾਵਾਂ ਨੂੰ ਹੁਕਮ ਚਲਾਉਣ ਦੀ ਸਭਿਅਤਾ ਛੱਡਣੀ ਪਵੇਗੀ, ਆਪਣੇ ਵਿਸ਼ੇਸ਼ ਅਧਿਕਾਰਾਂ ਨੂੰ ਤਿਆਗਣਾ ਪਵੇਗਾ। ਇਸ ਨਾਲ ਉਨ੍ਹਾਂ ਨੂੰ 'ਮੇਰਾ ਭਾਰਤ ਮਹਾਨ' ਦੀ ਤਰਸਯੋਗ ਹਾਲਤ ਦੇਖਣ ਦਾ ਮੌਕਾ ਮਿਲੇਗਾ ਅਤੇ ਉਹ ਸਮਝ ਜਾਣਗੇ ਕਿ ਜਦੋਂ ਵੀ.ਵੀ.ਆਈ.ਪੀ. ਕੋਈ ਨਿਯਮ ਤੋੜਦੇ ਹਨ, ਹਵਾਈ ਜਹਾਜ਼ਾਂ ਅਤੇ ਰੇਲ ਗੱਡੀਆਂ 'ਚ ਸੀਟਾਂ 'ਤੇ ਕਬਜ਼ਾ ਕਰਦੇ ਹਨ ਤਾਂ ਕਿਸ ਤਰ੍ਹਾਂ ਲੋਕਤੰਤਰ ਦੀ ਅਣਦੇਖੀ ਹੁੰਦੀ ਹੈ।**

# ਭਾਜਪਾ ਲਈ ਹਿੰਦੂ ਵੋਟਰਾਂ ਦਾ ਸੰਦੇਸ਼

ਕੀ ਤੁਸੀਂ ਜਾਣਦੇ ਹੋ ਕਿ ਹੁਣੇ-ਹੁਣੇ ਹੋਈਆਂ ਉਪ ਚੋਣਾਂ ਦੇ ਨਤੀਜਿਆਂ ਨੂੰ ਲੈ ਕੇ ਮੈਂ ਇੰਨਾ ਉਤਸ਼ਾਹਿਤ ਕਿਉਂ ਹਾਂ? ਇਹ ਭਾਰਤ ਦੇ ਹਿੰਦੂ ਵੋਟਰਾਂ ਵਲੋਂ ਬੁਲੰਦ ਆਵਾਜ਼ 'ਚ ਦਿੱਤਾ ਗਿਆ ਸਪਸ਼ਟ ਤੇ ਮਜ਼ਬੂਤ ਸੰਦੇਸ਼ ਹੈ। ਮੈਂ ਸ਼ਰਤ ਲਗਾਉਂਦਾ ਹਾਂ ਕਿ ਆਉਣ ਵਾਲੇ ਸਮੇਂ 'ਚ ਸਾਡੇ ਸਿਆਸੀ ਹਲਕਿਆਂ 'ਚ ਇਸੇ ਨੂੰ ਮੁੜ ਦੁਹਰਾਇਆ ਜਾਵੇਗਾ।

ਭਾਰਤ ਦੇ ਹਿੰਦੂ ਵੋਟਰਾਂ ਨੇ ਭਾਜਪਾ ਵਲੋਂ 'ਲਵ ਜਹਾਦ' ਦੇ ਦੋਸ਼ ਨੂੰ ਮੰਨਣ ਤੋਂ ਸਾਫ ਨਾਂਹ ਕਰ ਦਿੱਤੀ। ਉਨ੍ਹਾਂ ਨੇ ਇਸ ਗੱਲ ਨੂੰ ਵੀ ਨਕਾਰ

**ਕਰਨ ਥਾਪਰ**

ਦਿੱਤਾ ਹੈ ਕਿ ਬਲਾਤਕਾਰ ਦੇ 99.9 ਫੀਸਦੀ ਦੋਸ਼ੀ ਮੁਸਲਿਮ ਹਨ। ਉਹ ਇਸ ਗੱਲ 'ਚ ਯਕੀਨ ਨਹੀਂ ਕਰਦੇ ਕਿ ਮਦਰੱਸਿਆਂ 'ਚ ਅੱਤਵਾਦੀਆਂ ਨੂੰ ਸਿਖਲਾਈ ਦਾ ਆਧਾਰ ਤਿਆਰ ਕੀਤਾ ਜਾਂਦਾ ਹੈ।

ਭਾਰਤ ਦੇ ਹਿੰਦੂ ਵੋਟਰਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਨ ਵਾਲੇ ਭਾਜਪਾ ਨੇਤਾਵਾਂ ਦੀ ਸੂਚੀ ਬੜੀ ਲੰਮੀ ਹੈ ਜਿਨ੍ਹਾਂ 'ਚ ਮੁੱਖ ਤੌਰ 'ਤੇ ਯੂ.ਪੀ. ਭਾਜਪਾ ਦੇ ਪ੍ਰਧਾਨ ਲਕਸ਼ਮੀਕਾਂਤ ਵਾਜਪਾਈ, ਕੇਂਦਰੀ ਮੰਤਰੀ ਕਲਰਾਜ ਮਿਸ਼ਰ, ਸੰਸਦ ਮੈਂਬਰ ਆਦਿੱਤਯਨਾਥ ਯੋਗੀ, ਸਾਕਸ਼ੀ ਮਹਾਰਾਜ ਤੇ ਯੂ.ਪੀ. ਤੋਂ ਵਿਧਾਇਕ ਸੰਗੀਤ ਸੋਮ ਸ਼ਾਮਿਲ ਹਨ। ਉਨ੍ਹਾਂ ਦਾ ਪ੍ਰਚਾਰ ਨਫਰਤ ਭਰਿਆ ਸੀ ਅਤੇ ਇਸ ਦਾ ਸਮਰਥਨ ਕਰਨ ਵਾਲਿਆਂ ਨੂੰ ਬੁਰੀ ਤਰ੍ਹਾਂ ਠੁਕਰਾ ਦਿੱਤਾ ਗਿਆ।

ਗੱਲ ਸਾਧਾਰਨ ਜਿਹੀ ਸੀ ਕਿ 'ਲਵ ਜਹਾਦ' ਦੇ ਤਹਿਤ ਭੋਲੀਆਂ-ਭਾਲੀਆਂ ਹਿੰਦੂ ਕੁੜੀਆਂ ਨਾਲ ਮੁਸਲਿਮ ਨੌਜਵਾਨ ਪਿਆਰ ਦੀਆਂ ਪੀਂਘਾਂ ਪਾਉਂਦੇ ਹਨ ਤੇ ਫਿਰ ਉਨ੍ਹਾਂ ਨਾਲ ਵਿਆਹ (ਨਿਕਾਹ) ਕਰਵਾ ਕੇ ਉਨ੍ਹਾਂ ਨੂੰ ਇਸਲਾਮ ਧਰਮ ਕਬੂਲਣ ਲਈ ਮਜਬੂਰ ਕਰਦੇ ਹਨ। ਭਾਜਪਾ ਸੋਚਦੀ ਸੀ ਕਿ ਇਹ ਝੂਠੀ ਅਫਵਾਹ ਫੈਲਾ ਕੇ ਭਾਰਤ ਦੇ ਹਿੰਦੂ-ਮੁਸਲਿਮ ਭਾਈਚਾਰੇ 'ਚ ਫੁੱਟ ਪਾ ਕੇ ਲਾਹਾ ਲੈ ਸਕਦੀ ਹੈ। ਅਜਿਹੀਆਂ ਹਰਕਤਾਂ ਦਾ ਸਪਸ਼ਟ ਉਦੇਸ਼ ਮੁਸਲਮਾਨਾਂ ਪ੍ਰਤੀ ਸ਼ੱਕ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ ਪਰ ਹਿੰਦੂ ਵੋਟਰਾਂ ਨੇ ਸਪਸ਼ਟ ਸੰਦੇਸ਼ ਦੇ ਦਿੱਤਾ ਕਿ ਉਹ ਧਰਮ ਨਿਰਪੱਖ ਹਨ।

ਯਕੀਨੀ ਤੌਰ 'ਤੇ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ, ਕਿਉਂਕਿ ਇਥੇ ਵਸਣ ਵਾਲੇ ਹਿੰਦੂ ਇਸ ਦੇ ਸਿਧਾਂਤਾਂ ਪ੍ਰਤੀ ਵਚਨਬੱਧ ਹਨ। ਕਿਸੇ ਸਮੇਂ ਭਾਜਪਾ ਵਾਰ-ਵਾਰ ਇਹੋ ਗੱਲ ਕਹਿੰਦੀ ਸੀ, ਪਰ ਮੈਨੂੰ ਹੈਰਾਨੀ ਹੈ ਕਿ ਹੁਣ ਭਾਜਪਾ ਨੇਤਾ ਇਹ ਗੱਲ ਭੁੱਲ ਗਏ ਹਨ।

ਇਹ ਸਾਡੇ ਸਾਰਿਆਂ ਲਈ ਮਾਣ ਕਰਨ ਦਾ ਪਲ ਹੈ। ਭਾਜਪਾ ਦੇ ਜਾਲ 'ਚ ਫਸਣਾ ਬਹੁਤ ਸੌਖਾ ਹੁੰਦਾ ਹੈ। ਆਖਿਰ ਭਾਜਪਾ ਨੇ ਖ਼ੁਦ ਨੂੰ ਹਿੰਦੂਆਂ ਦੇ ਹਿੱਤਾਂ ਦੀ ਰੱਖਿਅਕ ਵਜੋਂ ਪੇਸ਼ ਕੀਤਾ ਹੈ, ਤਾਂ ਕੀ ਇਸ ਦਾ ਅਰਥ ਇਹ ਹੈ ਕਿ ਯੂ.ਪੀ., ਰਾਜਸਥਾਨ ਤੇ ਗੁਜਰਾਤ ਦੇ ਵੋਟਰ ਭਾਰਤ ਦੀ ਧਰਮ ਨਿਰਪੱਖ ਪਛਾਣ ਦੀ ਪੱਕੀ ਜਾਂ ਮਜ਼ਬੂਤ ਪੁਸ਼ਟੀ ਦੀ ਹਾਮੀ ਨਹੀਂ ਭਰਦੇ? ਇਥੇ ਘੱਟੋ-ਘੱਟ ਤਿੰਨ ਸਬਕ ਹੋਰ ਹਨ ਜੋ ਇਨ੍ਹਾਂ ਉਪ ਚੋਣਾਂ ਤੋਂ ਸਿੱਖਣੇ ਚਾਹੀਦੇ ਹਨ ਤੇ ਇਨ੍ਹਾਂ 'ਚੋਂ ਘੱਟੋ-ਘੱਟ ਦੋ ਨਰੇਂਦਰ ਮੋਦੀ ਲਈ ਹਨ।

ਪਹਿਲਾ- ਜਦੋਂ ਭਾਜਪਾ ਵਿਕਾਸ, ਨੌਜਵਾਨਾਂ ਅਤੇ ਸਿਹਤ, ਪਾਣੀ, ਬਿਜਲੀ ਤੇ ਸਿੱਖਿਆ ਵਰਗੇ ਮੁੱਦਿਆਂ ਦੀ ਗੱਲ ਕਰਦੀ ਹੈ ਤਾਂ ਪਾਰਟੀ ਨੂੰ ਭਾਰੀ ਗਿਣਤੀ 'ਚ ਵੋਟਾਂ ਮਿਲਣੀਆਂ ਸੁਭਾਵਿਕ ਹਨ। ਅਜਿਹਾ ਮਈ 'ਚ ਹੋਈਆਂ ਆਮ ਚੋਣਾਂ 'ਚ ਹੋਇਆ ਵੀ ਹੈ ਪਰ ਤੁਸੀਂ ਆਪਣੀ ਭਾਸ਼ਾ ਬਦਲੋਗੇ ਤਾਂ ਨਤੀਜੇ ਬਹੁਤ ਵੱਖਰੇ ਹੋਣਗੇ।



ਦੂਜਾ ਸਬਕ ਬਹੁਤ ਮਾਮੂਲੀ ਹੈ ਪਰ ਪ੍ਰਧਾਨ ਮੰਤਰੀ ਲਈ ਬਹੁਤ ਚਾਪਲੂਸੀ ਭਰਿਆ ਹੈ। ਮੈਨੂੰ ਲੱਗਦਾ ਹੈ ਕਿ ਮਈ 'ਚ ਹੋਈਆਂ ਚੋਣਾਂ ਦੌਰਾਨ ਦੇਸ਼ ਦੇ ਵੋਟਰਾਂ ਨੇ ਮੋਦੀ ਨੂੰ ਵੋਟਾਂ ਪਾਈਆਂ, ਨਾ ਕਿ ਉਨ੍ਹਾਂ ਦੀ ਪਾਰਟੀ ਜਾਂ ਪਾਰਟੀ ਦੀ ਵਿਰਾਸਤ ਨੂੰ। ਮੋਦੀ ਨੇ ਦੇਸ਼ ਦੇ ਵੋਟਰਾਂ ਨਾਲ ਤਬਦੀਲੀ ਦਾ ਵਾਅਦਾ ਕੀਤਾ ਤੇ ਵੋਟਰਾਂ ਨੇ ਉਨ੍ਹਾਂ ਪ੍ਰਤੀ ਭਰੋਸਾ ਪ੍ਰਗਟਾਇਆ।

ਤੀਜਾ ਸਬਕ ਚੋਣ ਵਿਸ਼ਲੇਸ਼ਣ ਨੂੰ ਲੈ ਕੇ ਹੈ। ਜੇ ਭਾਜਪਾ ਵਿਰੋਧੀ ਸਾਰੀਆਂ ਤਾਕਤਾਂ ਇਕਜੁੱਟ ਹੋ ਸਕਣ, ਬੇਸ਼ੱਕ ਉਨ੍ਹਾਂ ਦੀਆਂ ਵੋਟਾਂ ਨਾ ਵੀ ਵੰਡ ਹੋਣ, ਤਾਂ ਭਾਜਪਾ ਦੇ ਅੱਗੇ ਵਧਣ 'ਤੇ ਰੋਕ ਲੱਗ ਸਕਦੀ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਮਹਾਰਾਸ਼ਟਰ 'ਚ ਸ਼ਿਵ ਸੈਨਾ ਇਸ ਸਬਕ 'ਤੇ ਅਮਲ ਕਰਦਿਆਂ ਲਾਹਾ ਲਵੇਗੀ।

ਭਾਜਪਾ ਨੂੰ ਉਸ ਵਿਸ਼ਲੇਸ਼ਣ ਨਾਲ ਕੁਝ ਰਾਹਤ ਮਿਲ ਸਕਦੀ ਹੈ ਜੋ 'ਸੈਂਟਰ ਫਾਰ ਦਿ ਸਟੱਡੀ ਆਫ ਡਿਵੈੱਲਪਮੈਂਟ ਸੁਸਾਇਟੀਜ਼' ਵਲੋਂ 1967 ਤੋਂ 2012 ਤਕ 1100 ਵਿਧਾਨ ਸਭਾ ਸੀਟਾਂ ਲਈ ਹੋਈਆਂ ਉਪ ਚੋਣਾਂ ਬਾਰੇ ਕੀਤਾ ਗਿਆ।

ਇਹ ਵਿਸ਼ਲੇਸ਼ਣ ਦੱਸਦਾ ਹੈ ਕਿ ਸੂਬੇ 'ਚ ਸੱਤਾਧਾਰੀ ਪਾਰਟੀ ਅਕਸਰ ਜਿੱਤਦੀ ਹੈ। ਕੇਂਦਰ 'ਚ ਚਾਹੇ ਉਸ ਪਾਰਟੀ ਦੀ ਸਰਕਾਰ ਹੋਵੇ ਜਾਂ ਨਾ। ਦੂਜੀ ਗੱਲ ਇਹ ਕਿ ਜਦੋਂ ਵੱਖ-ਵੱਖ ਪਾਰਟੀਆਂ ਹੋਣ, ਸੂਬੇ ਦੀ ਸੱਤਾਧਾਰੀ ਪਾਰਟੀ ਦੂਜੀ ਵਾਰ ਜਿੱਤੀ ਹੋਵੇ, ਉਸ ਦੇ ਉਪ ਚੋਣ ਜਿੱਤਣ ਦੀ ਸੰਭਾਵਨਾ ਹੁੰਦੀ ਹੈ; ਪਰ ਇਥੇ ਹਾਲਤ ਇਹ ਹੈ ਕਿ ਭਾਜਪਾ ਜਾਣਦੀ ਹੈ ਕਿ ਉਹ ਹਾਰ ਜਾਵੇਗੀ। ਫਿਰ ਵੀ ਮੈਨੂੰ ਯਕੀਨ ਹੈ ਕਿ ਉਹ ਅਜਿਹਾ ਕਹਿਣ ਜਾਂ ਮੰਨਣ ਲਈ ਤਿਆਰ ਨਹੀਂ।

ਸੱਚਾਈ ਇਹ ਹੈ ਕਿ ਮਈ ਤੋਂ ਲੈ ਕੇ ਹੁਣ ਤਕ 50 ਵਿਧਾਨ ਸਭਾ ਸੀਟਾਂ ਲਈ ਉਪ ਚੋਣਾਂ ਹੋਈਆਂ ਹਨ ਤੇ ਭਾਜਪਾ ਕੋਲ 34 ਸੀਟਾਂ ਸਨ (ਇਕ ਇਸ ਦੇ ਗੱਠਜੋੜ ਸਹਿਯੋਗੀ ਦੀ, ਭਾਵ ਕੁਲ 35 ਸੀਟਾਂ)। ਇਨ੍ਹਾਂ 'ਚੋਂ ਭਾਜਪਾ 21 ਸੀਟਾਂ 'ਤੇ ਹਾਰ ਗਈ ਤੇ ਉਸ ਦੀ ਸਹਿਯੋਗੀ ਪਾਰਟੀ ਨੇ ਵੀ ਆਪਣੀ ਸੀਟ ਗੁਆ ਲਈ। ਇਸ ਤਰ੍ਹਾਂ ਭਾਜਪਾ 35 'ਚੋਂ 22 ਸੀਟਾਂ ਹਾਰ ਗਈ ਤੇ ਇਹ ਲਗਭਗ 63 ਫੀਸਦੀ ਸੀਟਾਂ ਬਣਦੀਆਂ ਹਨ। ਜਦੋਂ ਹਾਰ ਇਸ ਪੱਧਰ ਦੀ ਹੋਵੇ ਤਾਂ ਅੰਕੜਿਆਂ ਨੂੰ ਹਜ਼ਮ ਕਰਨਾ ਮੁਸ਼ਕਿਲ ਹੁੰਦਾ ਹੈ।

# ਜਕੂਜ਼ੀ ਵਿਚ ਬਾਲਟੀ

ਮਕਾਨ ਅਤੇ ਘਰਾਂ ਦੇ ਸਬੰਧਾਂ ਦੀ ਗੱਲ ਆਮ ਚਲਦੀ ਰਹਿੰਦੀ ਹੈ। ਇਕ ਸਿਆਣੇ ਦਾ ਕਥਨ ਹੈ ਕਿ ਘਰ ਮੂਰਖ ਬਣਾਉਂਦੇ ਹਨ ਪਰ ਇਨ੍ਹਾਂ ਵਿਚ ਰਹਿੰਦੇ ਅਕਲਮੰਦ ਹਨ। ਇਕ ਦਾ ਕਹਿਣਾ ਹੈ ਕਿ ਮਕਾਨ ਇੱਟਾਂ-ਸੀਮਿੰਟ ਦਾ ਬਣਦਾ ਹੈ ਪਰ ਘਰ ਪਿਆਰ ਨਾਲ। ਕੋਈ ਕਹਿ ਰਿਹਾ ਹੈ ਕਿ ਮਕਾਨਾਂ ਵਿਚੋਂ ਘਰ ਗਾਇਬ ਹੋ ਰਹੇ ਹਨ। ਇੱਕ ਮਕਾਨ ਵਿਚ ਕਈ ਕਈ ਘਰ ਵਸੇ ਹੋਏ ਹਨ। ਘਰਾਂ ਦੀ ਤਾਲਾਸ਼ ਵਿਚ ਬੰਦਾ, ਕਿਵੇਂ ਮਕਾਨ-ਦਰ-ਮਕਾਨ ਉਸਾਰਦਾ ਜਾ ਰਿਹਾ ਹੈ, ਇਹ ਵੀ ਕ੍ਰਿਸ਼ਮਾ ਹੈ। ਬੰਦੇ ਦੀ ਇਸ ਹਿਰਸ ਨੂੰ ਬਿਲਡਰ ਕੈਸ਼ ਕਰ ਰਹੇ ਹਨ। ਭੱਠੇ ਵਾਲੇ ਦੀਆਂ ਇੱਟਾਂ ਵਿਕਦੀਆਂ ਹਨ, ਬਾਣੀਏ ਦਾ ਰੇਤਾ ਬੱਜਰੀ ਅਤੇ ਮਿਸਤਰੀ ਤੇ ਕਾਮਿਆਂ ਨੂੰ ਰੁਜਗਾਰ ਮਿਲਦਾ ਹੈ।

ਭਾਈਚਾਰੇ ਦੇ ਕਿਸੇ ਵੀ ਸਖਸ਼ ਨਾਲ ਗੱਲ ਕਰੋ, ਮਕਾਨ ਉਸ ਦੇ ਮਨ 'ਤੇ ਛਾਇਆ ਹੁੰਦਾ ਹੈ। ਉਹ ਪੰਜਾਬ ਵਿਚਲੇ ਨਸ਼ਿਆਂ, ਹਿੰਦੁਸਤਾਨ ਦੇ ਭ੍ਰਿਸ਼ਟਾਚਾਰ ਤੋਂ ਬਾਅਦ, ਮਕਾਨ ਨਾਲ ਸਬੰਧਤ ਗੱਲ ਉਹ ਜਰੂਰ ਕਰੇਗਾ। ਜੇ



ਅਵਤਾਰ ਗੋਂਦਾਰਾ
ਫੋਨ: 559-375-2589

ਮਕਾਨ ਕਿਰਾਏ ਦਾ ਹੈ ਤਾਂ ਉਹ ਪਲਾਟ ਜਾਂ ਨਵਾਂ ਖਰੀਦਣ ਦਾ ਸੁਫਨਾ ਸਾਂਝਾ ਕਰੇਗਾ। ਜੇ ਉਸ ਦਾ ਮਕਾਨ ਛੋਟਾ ਹੈ ਤਾਂ ਉਸ ਨੂੰ ਵੱਡਾ ਬਣਾਉਣ ਦੀ ਵਿਉਂਤ ਬਾਰੇ ਦੱਸੇਗਾ। ਜੇ ਵੱਡਾ ਹੈ ਤਾਂ ਰੰਗ ਜਾਂ ਰੰਗ ਬਦਲਣ ਦੀ ਲੋੜ ਬਾਰੇ ਕਹੇਗਾ। ਹੋਰ ਨਹੀਂ ਤਾਂ ਨਵੇਂ ਬਦਲੇ ਪਰਦਿਆਂ ਬਾਰੇ ਆਵਦਾ ਚਾਅ ਜਰੂਰ ਸਾਂਝਾ ਕਰੇਗਾ, ਤੇ ਤੁਹਾਥੋਂ ਤਾਰੀਫ ਦੇ ਦੋ ਬੋਲ ਜਾਂ ਟਿੱਪਣੀਆਂ ਸੁਣਨ ਦੀ ਝਾਕ ਰੱਖੇਗਾ। ਉਨ੍ਹਾਂ ਦਾ ਰੰਗ ਕੰਧਾਂ ਦੇ ਰੰਗ ਨਾਲ ਕਿੰਨਾ ਮੇਲ ਖਾਂਦਾ ਹੈ ਤੇ ਅੱਖਾਂ ਲਈ ਕਿੰਨਾ ਠੀਕ ਹੈ। ਗ੍ਰਹਿ-ਪ੍ਰਵੇਸ਼ 'ਤੇ ਪਾਠ ਖੁਲ੍ਹਾ ਕੇ ਰਿਸ਼ਤੇਦਾਰਾਂ ਤੇ ਜਾਣਕਾਰਾਂ ਨੂੰ ਸੱਦਣਾ, ਮਕਾਨ (ਕਾਮਯਾਬੀ) ਦਿਖਾਉਣ ਦੀ ਲੁਕੀ ਇੱਛਾ ਹੀ ਹੁੰਦੀ ਹੈ। ਪੰਜਾਬੀਆਂ (ਸਿੱਖਾਂ) ਵਿਚ ਸਿਵਾਏ ਗੁਰੂਆਂ ਦੀ ਬਾਣੀ ਦੇ, ਕਿਸੇ ਨੂੰ ਦਿਖਾਉਣ ਲਈ ਕੁਝ ਵੀ ਸੂਖਮ ਨਹੀਂ ਹੈ, ਉਨ੍ਹਾਂ ਦਾ ਸਾਰਾ ਕੁਝ 'ਠੋਸ ਹੀ ਠੋਸ' ਹੈ। ਹੋ ਸਕਦਾ ਹੈ ਹੋਰ ਵੀ ਕਈ ਭਾਈਚਾਰਿਆਂ ਵਿਚ ਇਹ ਅਲਾਮਤਾਂ ਹੋਣ। ਵੱਡਾ ਫਾਰਮ, ਵੱਡਾ ਘਰ, ਬਾਹਲੇ ਗੈਸ-ਸਟੇਸ਼ਨ, ਸਬ-ਵੇ ਆਦਿ। ਅੰਦਰਲੀ ਹਉਮੈ, ਈਰਖਾ, ਲਾਲਚ, ਚਲਾਕੀਆਂ, ਛੋਟਾਪਨ, ਫਿਰਕਾਪ੍ਰਸਤੀ, ਕਬਾਇਲੀ ਸੋਚ, ਦਿਖਾਵਾ, ਸਾਰਾ ਕੁਝ ਮਹਿੰਗੇ ਫਰਨੀਚਰ, ਕ੍ਰਾਕਰੀ ਤੇ ਪਰਦਿਆਂ ਦੇ ਪਿੱਛੇ ਲੁਕ ਜਾਂਦਾ ਹੈ।

ਬਹੁਤੇ ਪੜ੍ਹੇ ਲਿਖੇ ਪੇਂਡੂ, ਜਿਵੇਂ ਹੀ ਉਨ੍ਹਾਂ ਦਾ ਵਿਆਹ ਹੋਇਆ ਤੇ ਨੌਕਰੀ ਲੱਗੀ, ਉਹ ਪਿੰਡ ਛੱਡ ਕੇ ਸ਼ਹਿਰ ਰਹਿਣ ਦੇ ਸੁਫਨੇ ਲੈਣੇ ਸ਼ੁਰੂ ਕਰ ਦਿੰਦੇ ਹਨ। ਕਰਜੇ ਦੇ ਮਿਲਣ ਨੇ ਇਨ੍ਹਾਂ ਸੁਫਨਿਆਂ ਨੂੰ ਸਾਕਾਰ ਕਰਨਾ ਸੁਖੈਲਾ ਕਰ ਦਿੱਤਾ ਹੈ। ਪਹਿਲਾਂ ਕਿਰਾਏ, ਫਿਰ ਆਵਦਾ ਘਰ ਬਣਾਉਣ ਦੀਆਂ ਵਿਉਂਤਾਂ ਬਣਨ ਲਗਦੀਆਂ ਹਨ। ਘਰ ਬਣਨ ਨਾਲ ਹੀ ਇਹ ਸਿਲਸਿਲਾ ਖਤਮ ਨਹੀਂ ਹੁੰਦਾ। ਥੋੜੀ ਦੇਰ ਬਾਅਦ ਮਕਾਨ ਭੀੜਾ ਲਗਣ ਲੱਗ ਜਾਂਦਾ ਹੈ ਜਾਂ ਲਗਦਾ ਹੈ ਉਹ ਨਹੀਂ ਬਣਿਆ, ਜੋ ਸੁਫਨਿਆਂ 'ਚ ਸੀ। ਜਾਂ ਮਹੱਲਾ ਅਤੇ ਇੱਥੋਂ ਦੇ ਲੋਕਾਂ ਦੇ ਤੌਰ-ਤਰੀਕੇ ਚੁਭਣ ਲਗਦੇ ਹਨ। ਬੱਚੇ ਵੱਡੇ ਹੋਣ ਤਾਂ ਵੱਡੇ ਸ਼ਹਿਰ ਖਿੱਚ ਪਾਉਂਦੇ ਹਨ, ਜਿੱਥੇ ਤਕਨੀਕੀ ਕਾਲਜ ਜਾਂ ਯੂਨੀਵਰਸਿਟੀ ਹੋਵੇ। ਤੇ ਸੁਫਨਿਆਂ ਦੇ ਘਰ ਦੀ ਤਾਲਾਸ਼ ਵਿਚ, ਸਾਡੇ ਵਰਗੇ ਕਈ ਮੁਲਕ ਹੀ ਬਦਲ ਲੈਂਦੇ ਹਨ।

ਇਸੇ ਭਟਕਣ ਨੂੰ ਸ਼ਾਇਰ ਮਿੱਤਰ ਸੰਤੋਖ ਮਿਨਹਾਸ ਨੇ ਇਸ ਕਵਿਤਾ ਵਿਚ ਬਖੂਬੀ ਬਿਆਨਿਆ ਹੈ। ਬੰਦੇ ਅੰਦਰ ਬੈਠਾ ਬੱਚਾ 'ਘਰ ਘਰ ਬਣਾਉਣ' ਦੀ ਖੇਡ ਖੇਡਦਾ ਰਹਿੰਦਾ ਹੈ,

ਮੈਂ ਰੋਜ ਘਰ ਬਣਾਉਂਦਾ ਹਾਂ
ਤੇ ਰੋਜ ਹੀ ਢਾਹੁੰਦਾ ਹਾਂ
ਸੋਚਦਾਂ, ਇਹ ਬੱਚਿਆਂ ਵਾਲੀ
ਘਰ ਘਰ ਬਣਾਉਣ ਦੀ ਖੇਡ
ਮੈਂ ਅਜੇ ਤੱਕ ਕਿਉਂ ਖੇਡੀ ਜਾ ਰਿਹਾਂ
ਸਭ ਕੁਝ ਤਾਂ ਬਦਲ ਗਿਆ ਹੈ
ਦੇਸ ਤੋਂ ਪ੍ਰਦੇਸ ਹੋ ਗਏ ਹਾਂ
ਬੱਚੇ ਵੀ ਉਡਾਰ ਹੋ ਗਏ ਹਨ
ਜਿਉਣ ਸਲੀਕੇ ਦੀ
ਮਾਡਰਨ ਮੁਹਾਰਨੀ ਵੀ ਰਟ ਲਈ ਹੈ
ਉਮਰ ਨਾਲ ਘਰ ਦੀ
ਬੁਤ ਬੁਤ ਵੀ ਕੁਝ ਮੱਠੀ ਪੈ ਗਈ ਹੈ
ਪਰ ਮੈਂ ਅਜੇ ਵੀ ਘਰ ਘਰ ਬਣਾਉਣ
ਤੇ ਘਰ ਘਰ ਢਾਹੁਣ ਦੀ
ਖੇਡ ਖੇਡੀ ਜਾ ਰਿਹਾਂ।

ਹਰ ਸਰਦੇ ਪੁਜਦੇ ਪਰਵਾਸੀ ਵਾਂਗ, ਮਿਨਹਾਸ ਨੇ ਵੀ ਆਵਦੇ ਸ਼ਹਿਰ ਕੋਟਕਪੂਰੇ ਦੋ ਮੰਜਿਲਾ ਮਕਾਨ ਬਣਾਇਆ ਹੈ, ਹੇਠਲੇ ਹਿੱਸੇ ਦਾ ਕਬਜਾ ਕਿਰਾਏਦਾਰਾਂ ਨੂੰ ਦਿੱਤਾ ਹੈ ਤੇ ਉਪਰਲੇ ਦੀ ਚਾਬੀ, ਕਹਿੰਦਾ ਕਮਰਿਆਂ ਨੂੰ ਹਵਾ ਲਗਦੀ ਰਹਿੰਦੀ ਹੈ। ਉਹ ਜਦੋਂ ਵੀ ਇੰਡੀਆ ਜਾਂਦਾ ਹੈ, ਕਿਰਾਏਦਾਰ ਖੂਬ ਸੇਵਾ ਕਰਦੇ ਹਨ, ਘਰਦਿਆਂ ਵਾਗੂੰ ਸਾਂਭਦੇ ਹਨ। ਕਿਰਾਏ ਦਾ ਹਿਸਾਬ ਕਰਨਾ ਵਿਸਰ ਜਾਂਦਾ ਹੈ। ਗੱਲਾਂ ਗੱਲਾਂ ਵਿਚ ਦਸ ਦਿੰਦੇ ਹਨ ਕਿ ਸਾਰਾ ਕਿਰਾਇਆ ਸਾਂਭ ਸੰਭਾਲ ਜਾਂ ਰਿਪੇਅਰ 'ਚ ਲੱਗ ਗਿਆ ਹੈ। ਅਜਿਹੇ ਪਰਵਾਸੀਆਂ ਦੀ 'ਘਰ ਘਰ ਬਣਾਉਣ' ਦੀ ਖੇਡ ਦਾ ਫਾਇਦਾ, ਕਿਰਾਏਦਾਰ, ਰਿਸ਼ਤੇਦਾਰ, ਗੁਆਂਢੀ ਜਾਂ ਪੰਜਾਬ ਰਹਿੰਦੇ ਭਈਏ ਲੈਂਦੇ ਹਨ।

ਲਾਸ ਏਂਜਲਸ ਰਹਿੰਦੇ ਅੰਕਲ ਅਜਾਇਬ ਸਿੰਘ ਸੰਧੂ ਫੋਨ 'ਤੇ ਕਹਿੰਦੇ, ਖੁਸ਼ਖਬਰੀ ਹੈ। ਮੈਂ ਆਖਿਆ ਐਨ ਆਰ ਆਈ ਸਭਾ ਦਾ ਮੈਂਬਰ ਬਣਨ ਵਾਲੇ ਹੋਣਗੇ। ਸਰਕਾਰ ਨੇ ਪਿਛਲੇ ਦਿਨੀਂ ਉਨ੍ਹਾਂ ਨੂੰ ਫਰੀਦਕੋਟ ਐਨ. ਆਰ. ਆਈ. ਸਭਾ ਦਾ ਮੈਂਬਰ ਨਾਮਜ਼ਦ ਕੀਤਾ ਸੀ ਤੇ ਉਹ ਵੀ ਬਿਨਾਂ ਕਿਸੇ ਸਿਫਾਰਸ਼ ਦੇ। ਉਹ ਜਦੋਂ ਵੀ ਕੋਈ ਗੱਲ ਕਰਦੇ ਹਨ, ਇਉਂ ਲੱਗਦਾ ਹੈ ਕਿ ਜਿਵੇਂ ਕੋਈ ਖੁਸ਼ਖਬਰੀ ਹੋਵੇ। ਕਹਿੰਦੇ, ਨਹੀਂ, ਉਹ ਨਹੀਂ, ਮੇਰੇ ਬੇਟੇ ਨੇ 'ਵੱਡਾ ਘਰ' ਖਰੀਦਿਆ ਹੈ। ਮੈਂ ਵਧਾਈਆਂ ਦਿੱਤੀਆਂ। ਸੋਚਿਆ ਅੰਕਲ ਆਂਟੀ ਨੂੰ ਅਲੱਗ ਕਮਰਾ ਮਿਲ ਜਾਵੇਗਾ। ਅਮਰੀਕਾ ਵਿਚ ਘਰ ਕਿੰਨਾ ਵੀ ਵੱਡਾ ਹੋਵੇ, ਬਜੁਰਗਾਂ ਤੇ ਮਹਿਮਾਨਾਂ ਲਈ ਘਰਾਂ ਵਿਚ ਥਾਂ ਨਹੀਂ ਹੁੰਦੀ। ਉਨ੍ਹਾਂ ਨੂੰ 'ਅਡਜਸਟ' ਹੀ ਕਰਨਾ ਪੈਂਦਾ ਹੈ।

ਜੀਆਂ ਨਾਲੋਂ ਮਕਾਨ ਤੇ ਸਮਾਨ ਵਿਚ ਡੂੰਘੀ ਸਾਂਝ ਹੁੰਦੀ ਹੈ। ਮਕਾਨ ਬਣਿਆ ਨਹੀਂ ਕਿ ਉਸ ਨੂੰ ਸਮਾਨ ਨਾਲ ਭਰਨ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਹੌਲੀ ਹੌਲੀ ਸਮਾਨ ਏਨਾ ਵਧ ਜਾਂਦਾ ਹੈ ਕਿ ਘਰ ਦੇ ਜੀਆਂ ਲਈ, ਉਨ੍ਹਾਂ ਦੀਆਂ ਲੋੜਾਂ ਲਈ ਥਾਂ ਲੱਭਣੀ ਮੁਸਕਲ ਹੋ ਜਾਂਦੀ ਹੈ। ਆਪਦੇ ਸੁਖ-ਚੈਨ, ਆਰਾਮ ਲਈ ਸਮਾਂ ਭਾਵੇਂ ਨਾ ਮਿਲੇ, ਸਮਾਨ ਦੀ ਸਾਂਭ ਸੰਭਾਲ, ਸਫਾਈ ਦਾ ਫਿਕਰ ਮਨ 'ਤੇ ਛਾਇਆ ਰਹਿੰਦਾ ਹੈ। ਕਈ ਚੀਜਾਂ ਸਿਰਫ ਦੱਸਣ ਲਈ ਖਰੀਦੀਆਂ ਹੁੰਦੀਆਂ ਹਨ, ਪਰ ਵਰਤੀਆਂ ਨਹੀਂ ਜਾਂਦੀਆਂ। ਮਕਾਨ ਵਿਚੋਂ ਘਰ/ਖੁਸ਼ੀ ਲੱਭਣ ਦੀ ਤਾਲਾਸ਼ 'ਚ ਉਮਰ ਲੰਘ ਜਾਂਦੀ ਹੈ।

ਮੇਰੇ ਜਾਣੂੰ ਟੀਚਰ ਜੋੜੇ ਨੇ ਪਿੰਡ ਛੱਡ ਕੇ ਸ਼ਹਿਰ ਵਿਚ ਮਕਾਨ ਬਣਾਇਆ। ਕੁਝ ਸਾਲਾਂ ਬਾਅਦ ਉਸ ਨੂੰ ਵੇਚ ਦਿੱਤਾ। ਕਹਿੰਦੇ, ਕੋਠੀ ਵਰਗਾ ਨਹੀਂ ਬਣਿਆ। ਨਾਲ ਲਗਦੀ ਗਲੀ ਵਿਚ ਪਲਾਟ ਖਰੀਦਿਆ ਤੇ ਕੋਠੀ ਬਣਨੀ ਸ਼ੁਰੂ ਹੋ ਗਈ। ਨਕਸ਼ਾ ਲੁਧਿਆਣੇ ਦੇ ਕਿਸੇ ਪਾਲੀਟੀਸ਼ਨ ਦਾ ਚੁੱਕ ਲਿਆਂਦਾ। ਡੁਪਲੈਕਸ ਮਕਾਨ ਏਡਾ ਬਣ ਗਿਆ ਕਿ ਉਸ ਨੂੰ ਸਮਾਨ ਤੇ ਫਰਨੀਚਰ ਨਾਲ ਭਰਨ ਵਿਚ ਮੁਸ਼ਕਿਲ ਖੜ੍ਹੀ ਹੋ ਗਈ। ਮਕਾਨ ਵੱਡਾ ਸੀ, ਜੀਅ ਥੋੜੇ। ਇਕ ਹਿੱਸਾ ਕਿਰਾਏ 'ਤੇ ਦੇ ਦਿੱਤਾ। ਫਿਰ ਸਫਾਈ ਕਰਕੇ ਕਿਰਾਏਦਾਰਾਂ ਨਾਲ ਕਚੀਰਾ ਰਹਿਣ ਲਗ ਪਿਆ। ਕੁਝ ਸਾਲਾਂ ਬਾਅਦ, ਉਹ ਵੀ ਵੇਚ ਦਿੱਤਾ ਤੇ ਇਕ ਹੋਰ ਬਣਾਉਣਾ ਸ਼ੁਰੂ ਕਰ ਦਿੱਤਾ। ਰੁਝੇਵੇਂ ਪੱਖੋਂ ਇਹ ਮਾੜੀ ਪਹੁੰਚ ਨਹੀਂ। ਜ਼ਿੰਦਗੀ ਦੇ ਅਰਥ ਜਾਣਨ ਲਈ, ਬਾਬੇ ਨਾਨਕ ਵਾਂਗ ਅਸੀਂ ਕਿਹੜਾ ਉਦਾਸੀਆਂ 'ਤੇ ਜਾਣੈ! ਜੇ ਥੋੜੇ ਕੋਲ ਸਰਮਾਇਆ ਹੈ ਤੇ ਸਮਾਂ ਵੀ, 'ਘਰ ਘਰ ਬਣਾਉਣ' ਦੀ ਖੇਡ ਖੇਡਦੇ ਰਹਿਣਾ ਚਾਹੀਦਾ ਹੈ।

ਤ੍ਰਿਪੁਰਾ ਵਿਚ, ਹੋਰਨਾਂ ਸੂਬਿਆਂ ਵਾਂਗ ਵੱਡੇ ਵੱਡੇ ਘਰਾਂ ਵਾਲੇ ਬਥੇਰੇ ਬੰਦੇ ਹੋਣਗੇ। ਪਰ ਸਾਨੂੰ ਸਿਰਫ ਉਥੋਂ ਦੇ ਮੁੱਖ ਮੰਤਰੀ ਚਕਰਵਰਤੀ ਬਾਰੇ ਹੀ ਪਤਾ ਹੈ। ਉਹ ਬੜੇ ਹਰਮਨਪਿਆਰੇ ਆਗੂ ਸਨ। ਉਹ ਕਈ ਵਾਰ ਮੁੱਖ ਮੰਤਰੀ ਬਣੇ। ਕੇਂਦਰੀ ਸਰਕਾਰ ਨੇ ਉਨ੍ਹਾਂ ਦੀ ਸਰਕਾਰ ਨੂੰ ਕਈ ਵਾਰ ਡਿਸਮਿਸ ਕੀਤਾ ਤੇ ਰਾਸ਼ਟਰਪਤੀ ਰਾਜ ਲਾਗੂ ਕੀਤਾ। ਉਨ੍ਹਾਂ ਕੋਲ ਆਵਦੇ ਕਪੜਿਆਂ ਦਾ ਇੱਕ ਟਰੰਕ ਤੇ ਕਿਤਾਬਾਂ ਦਾ ਰੈਕ ਹੁੰਦਾ ਸੀ। ਉਹ ਆਰਾਮ ਨਾਲ ਆਪਣਾ ਸਮਾਨ ਚੁੱਕਦੇ ਤੇ ਪਾਰਟੀ ਦਫਤਰ ਜਾ ਬਿਰਾਜਮਾਨ ਹੁੰਦੇ। ਲੋਕਾਂ ਦੇ ਹਰ ਘਰ ਦਾ ਬੂਹਾ ਉਨ੍ਹਾਂ ਲਈ ਖੁੱਲ੍ਹਾ ਸੀ।

ਪਰਵਾਸੀ ਸ਼ਾਇਰ ਪਰਮਿੰਦਰ ਸੋਢੀ ਦਸਦਾ ਹੈ ਕਿ ਜਾਪਾਨ ਵਿਚ ਵੱਡੇ ਮਾਕਨ ਬਣਾਉਣ ਦਾ ਰਿਵਾਜ ਨਹੀਂ। ਕਈ ਕਾਰਨ ਹੋ ਸਕਦੇ ਹਨ। ਪਰ ਇਸ ਨੂੰ ਸਭਿਆਚਾਰਕ ਤੌਰ 'ਤੇ ਅਨੈਤਿਕ ਗਿਣਿਆ ਜਾਂਦਾ ਹੈ। ਇਕ ਵਾਰ ਆਮ ਪੰਜਾਬੀਆਂ ਵਾਂਗ, ਉਸ ਦੇ ਮਨ ਵਿਚ ਵੱਡੇ ਗੇਟ ਵਾਲਾ ਵੱਡਾ ਮਕਾਨ ਬਣਾਉਣ ਦੀ ਇੱਛਾ ਜਾਗੀ। ਉਸ ਨੇ ਜਪਾਨਣ ਘਰ ਵਾਲੀ ਨੂੰ ਪੁੱਛਿਆ। ਕਹਿੰਦੀ, 'ਬਣਾ ਲੈਂਦੇ ਹਾਂ ਪਰ ਭਾਈਚਾਰੇ 'ਚੋਂ ਕੱਟੇ ਜਾਵਾਂਗੇ।' ਗੱਲ ਆਈ ਗਈ ਹੋ ਗਈ।

ਮੇਰੇ ਇਕ ਦੋਸਤ ਦੇ ਰਿਸ਼ਤੇਦਾਰ ਦਾ ਪਿੰਡ ਵਿਚ ਖੁੱਲ੍ਹੇ ਵਿਹੜੇ ਵਾਲਾ ਕੱਚਾ ਮਕਾਨ ਸੀ। ਦੋ ਕੁੜੀਆਂ ਤੇ ਇਕ ਮੁੰਡੇ ਦਾ ਬਾਪ। ਪੱਕੀਆਂ ਇੱਟਾਂ ਦਾ ਚਿੱਠਾ ਉਸ ਨੇ ਵਿਹੜੇ ਵਿਚ ਲਾਇਆ ਹੋਇਆ ਸੀ। ਜਦੋਂ ਵੀ ਕੋਈ ਮਿਲਣ ਵਾਲਾ ਆਉਂਦਾ, ਉਹ ਬਣਨ ਵਾਲੇ ਘਰ ਦੀ ਗੱਲ ਛੇੜ ਲੈਂਦਾ, 'ਦੇਖੋ ਜੀ ਇੱਟਾਂ ਲਿਆਂਦੀਆਂ ਪਈਆਂ, ਸੁੱਖ ਨਾਲ ਕਾਲੀ ਟਾਹਲੀ ਵਢਾ ਕੇ ਵਾੜੇ 'ਚ ਰੱਖ ਛੱਡੀ ਆ... ਕੁੜੀਆਂ ਵਿਆਹ 'ਲੀਏ... ਫੇਰ ਮਕਾਨ ਬਣਾਵਾਂਗੇ।' ਜਦੋਂ ਕੁੜੀਆਂ ਵਿਆਹੀਆਂ ਗਈਆਂ, ਫਿਰ ਮੁੰਡੇ ਦੇ ਵਿਆਹ ਤੱਕ ਮਕਾਨ ਉਸਾਰੀ ਦੀ ਗੱਲ ਅੱਗੇ ਪਾ ਦਿੱਤੀ। ਹੱਥ ਤੰਗ ਹੀ ਰਿਹਾ। ਮੀਂਹ ਅਤੇ ਹਨੇਰੀ ਨਾਲ, ਇੱਟਾਂ ਦਾ ਰੰਗ, ਲਾਲ ਤੋਂ ਭੂਸਲਾ ਹੋ ਗਿਆ। ਮਕਾਨ ਨਾ ਬਣਿਆ, ਪਰ ਉਹ ਮੁੱਕ ਗਿਆ।

ਮੇਰਾ ਇੱਕ ਮਿੱਤਰ ਜੋੜਾ-ਗੁਰਨਾਮ ਖੁੱਡੀਆਂ ਤੇ ਮਨਜੀਤ ਖੁੱਡੀਆਂ, ਪਿਛਲੇ ਦੋ ਦਹਾਕਿਆਂ ਤੋਂ ਕੈਨੇਡਾ ਅਪਾਰਟਮੈਂਟ 'ਚ ਰਹਿੰਦਾ ਹੈ। ਮੈਂ ਹਾਲ-ਚਾਲ ਦੇ ਨਾਲ ਹੀ ਪੁੱਛਿਆ ਕਿ 'ਵੱਡੇ ਘਰ' ਬਾਰੇ ਕੀ ਖਿਆਲ ਹੈ? ਉਨ੍ਹਾਂ ਵੱਡੇ ਘਰਾਂ ਦੀ ਵਿਥਿਆ ਸੁਣਾਉਣੀ ਸ਼ੁਰੂ ਕਰ ਦਿੱਤੀ। ਕਹਿੰਦੇ, ਕਈ ਦੇਸੀ ਵੱਡਾ ਘਰ, ਜਕੂਜ਼ੀ (ਬਾਥਿੰਗ ਟੱਬ) ਤੇ ਖੁੱਲ੍ਹੇ ਯਾਰਡ ਵਾਲਾ ਘਰ ਤਾਂ ਲੈ ਲੈਂਦੇ ਹਨ ਪਰ ਸਾਂਭਿਆ ਨਹੀਂ ਜਾਂਦਾ। ਪੂਲ ਨੂੰ ਔੜ ਮਾਰ ਜਾਂਦੀ ਹੈ ਤੇ ਪਾਣੀ ਦਾ ਬਿੱਲ ਚੁਭਣ ਲੱਗ ਜਾਂਦਾ ਹੈ। ਇਸ ਚੁਭਣ ਤੋਂ ਰਾਹਤ ਲਈ, ਘਰ ਦੇ ਜੀਅ ਆਪਸ ਵਿਚ ਗੱਲ ਗੱਲ 'ਤੇ ਖਹਿਬੜਦੇ ਰਹਿੰਦੇ ਹਨ। ਮਨਜੀਤ ਨੇ ਦੇਸੀ ਪਰਵਾਸੀਆਂ ਬਾਰੇ ਸੁਣੀ ਇੱਕ ਬੋਲੀ ਸੁਣਾਈ,

ਲਾਈ ਲੱਗ ਕੰਨਾਂ ਦਾ ਕੱਚਾ,
ਆਪਣੀ ਗੱਲ ਪੁਗਾਵੇ,
ਲੋੜੋਂ ਵੱਡਾ ਘਰ ਲੈ ਲਿਆ,
ਹੁਣ ਬੈਠਾ ਪਛਤਾਵੇ।
ਤਾਰੇ ਬਿੱਲ ਤੇ ਲੰਮੀਆਂ ਕਿਸ਼ਤਾਂ,
ਪੇਸ਼ ਕੋਈ ਨਾ ਜਾਵੇ,
ਵਿਚ ਜਕੂਜ਼ੀ ਦੇ
ਰੱਖ ਕੇ ਬਾਲਟੀ ਨਹਾਵੇ।

# ਮੀਮੋ

ਨੀਲੇ ਨੈਣਾਂ ਵਾਲੀ ਕੁੜੀ ਅੱਜ ਪੰਜ ਛੇ ਮਹੀਨੇ ਪਿੱਛੋਂ ਫੇਰ ਸਟੇਸ਼ਨ 'ਤੇ ਫਿਰਦੀ ਨਜ਼ਰ ਆਈ। ਉਸ ਨੂੰ ਵੇਖ ਕੇ ਕਾਲਜ ਦੇ ਮੁੰਡਿਆਂ ਨੇ ਚੜਗਿੱਲੀ ਮਚਾਈ ਤੇ ਅਵਾਜ਼ੇ ਕੱਸੇ, ਪਰ ਉਸ ਦੀ ਇਕ ਨਜ਼ਰੇ...ਅੱਖਾਂ ਦੀ ਮੁਸਕਰਾਹਟ ਨੇ ਸਾਰਿਆਂ ਦੇ ਦਿਲ ਸ਼ਾਂਤ ਹੌਲੇ ਫੁੱਲ ਕਰ ਦਿੱਤੇ। ਪਾਟੇ ਚੀਥੜਿਆਂ ਵਿਚ ਲਪੇਟੀ ਇਹ ਅਣਭੋਲ ਜੁਆਨੀ ਰੇਲ ਦੇ ਇਸ ਬਾਰਾਂ ਮੀਲ ਦੇ ਟੋਟੇ ਵਿਚ ਗੱਡੀ ਵਿਚ ਗੀਤ ਗਾਉਂਦੀ ਤੇ ਮੰਗਦੀ ਸੀ। ਉਸ ਦੇ ਗੀਤ ਦੀ ਦਾਦ ਲਈ ਕਈ ਭੂਤਰੇ ਮੁਸਾਫਰ ਨੋਟਾਂ ਦੇ ਨੋਟ ਉਸ ਅੱਗੇ ਢੇਰੀ ਕਰ



ਚਰਨਜੀਤ ਸਿੰਘ ਪੰਨੂ
ਫੋਨ: 408-608-4961

ਦਿੰਦੇ ਪਰ ਉਹ ਠੁਕਰਾ ਕੇ ਕਿਸੇ ਕੋਲੋਂ ਵੀ ਇਕ ਰੁਪਏ ਤੋਂ ਵੱਧ ਨਾ ਲੈਂਦੀ।

'ਮੈਂ ਭੀਖ ਲੈਣੀ ਹੈ ਸਰਦਾਰ ਜੀ...ਕਰਜ਼ਾ ਨਹੀਂ...ਵੱਢੀ ਨਹੀਂ...!' ਤੇ ਇਸ ਤਰ੍ਹਾਂ ਸ਼ਾਮ ਤੱਕ ਉਸ ਦੀ ਜੇਬ ਨੋਟਾਂ ਨਾਲ ਭਰ ਜਾਂਦੀ।

ਕੁਝ ਮਹੀਨੇ ਪਹਿਲਾਂ ਉਸ ਨੂੰ ਇਸੇ ਸਟੇਸ਼ਨ ਦੇ ਕੁਝ ਕਰਮਚਾਰੀਆਂ ਨੇ ਬਿਨ ਟਿਕਟ ਦੇ ਦੋਸ਼ ਵਿਚ ਫੜ ਲਿਆ ਸੀ ਤੇ ਫਿਰ ਪਰ੍ਹੇ ਕਵਾਟਰਾਂ ਵਿਚ ਲੈ ਗਏ ਸਨ।

''ਚਲੋ ਇਸ ਦੀ ਮੀਮੋ ਕੱਟਦੇ ਹਾਂ ...!''

ਉਸ ਦਿਨ ਤੋਂ ਬਾਅਦ ਬਹੁਤ ਦੇਰ ਉਹ ਉਸ ਸਟੇਸ਼ਨ 'ਤੇ ਨਾ ਦਿਸੀ...ਬਿਨ ਟਿਕਟ ਸਫਰ ਕਰਨ ਦੇ ਜੁਰਮ ਤੋਂ ਡਰ ਗਈ ਸੀ ਵਿਚਾਰੀ...ਜਾਂ ਮੀਮੋ ਤੋਂ...! ਅੱਜ ਉਸ ਦਾ ਪੀਲਾ ਪੈ ਚੁੱਕਿਆ ਚਿਹਰਾ ਲੋਕਾਂ ਦੀ ਇਸ ਦੰਦ ਕਥਾ ਦੀ ਸ਼ਾਹਦੀ ਭਰਦਾ ਸੀ ਕਿ ਉਹਨੂੰ ਕੋਈ ਅਵੱਲੀ ਬਿਮਾਰੀ ਲਗ ਗਈ ਹੈ ਤੇ ਕਿਸੇ ਪੁਰਾਣੇ ਹਕੀਮ ਨੇ ਦੁਆਈ ਦੇ ਕੇ ਉਸ ਦੇ ਅੰਦਰੋਂ ਕੁਝ ਖਾਰਜ ਕੀਤਾ ਹੈ, ਜਿਸ ਕਰਕੇ ਉਹ ਬਹੁਤ ਦੇਰ ਮੰਜੇ ਤੋਂ ਨਹੀਂ ਸੀ ਉਠ ਸਕੀ। ਉਸ ਦੀਆਂ ਅੱਖਾਂ ਦੀ ਚਮਕ ਤੇ ਬੁੱਲ੍ਹਾਂ ਦੀ ਮੁਸਕਰਾਹਟ ਅਜੇ ਵੀ ਉਹੀ ਸੀ ਭਾਵੇਂ ਬਿਮਾਰੀ ਨੇ ਉਸ ਦੀ ਸਾਰੀ ਰੱਤ ਚੂਸ ਲਈ ਸੀ। ਅਖਾੜੇ ਵਿਚ ਪਹਿਲਵਾਨ ਵਾਂਗ ਪਲੇਟ ਫਾਰਮ ਦੇ ਇਕ ਪਾਸੇ ਤੋਂ ਦੂਜੇ ਪਾਸੇ ਤੱਕ ਉਸ ਨੇ ਚੱਕਰ ਲਗਾਇਆ। ਉਸ ਦੀਆਂ ਸ਼ਿਕਾਰੀ ਨਜ਼ਰਾਂ ਕਿਸੇ ਕਮਜ਼ੋਰੀ ਦੀ ਤਾੜ 'ਚ ਸਨ। ਇਹੋ ਉਸ ਦੀ ਮੰਗਣ ਦੀ ਕਲਾ ਸੀ, ਜਾਦੂ ਸੀ। ਉਹ ਹੱਸ ਕੇ ਦਿਖਾ ਦਿੰਦੀ...ਹੱਥ ਫੈਲਾ ਦਿੰਦੀ। ਲੋਕ ਸਮਝਦੇ...ਬੱਸ ਬਣ ਗਿਆ ਕੰਮ...! ਇਸ ਤਰ੍ਹਾਂ ਇਹ ਨੀਲੇ ਨੈਣਾਂ ਵਾਲੀ ਕੁੜੀ ਸ਼ਾਮ ਤੱਕ ਚੰਗੀ ਉਗਰਾਹੀ ਕਰ ਲੈਂਦੀ ਪਰ ਕਿਸੇ ਦੇ ਪੱਲੇ ਕੁਝ ਨਾ ਪਾਉਂਦੀ।

ਪਾਸੇ ਬੈਂਚ ਤੇ ਬੈਠੇ ਹੱਸਦੇ ਪੇਂਡੂ ਗੱਭਰੂਆਂ ਦਾ ਸੁਖਾਵਾਂ ਮਾਹੌਲ ਵੇਖ ਕੇ ਉਸ ਨੇ ਸਾਰਸ ਜਿੱਡੀ ਲੰਮੀ ਧੌਣ ਫੈਲਾ ਕੇ ਉਧਰ ਨਿਗਾਹ ਸੁੱਟੀ ਤੇ ਚੁੰਨੀ ਨੂੰ ਸੰਵਾਰਦੀ ਹੋਈ ਜਾ ਅਲਖ ਜਗਈ।

''ਬਾਬੂ ਜੀ ਚਾਰ ਆਨੇ, ਵੀਰ ਜੀ ਦੋ ਆਨੇ... ਰੱਬ ਤੈਨੂੰ ਵਹੁਟੀ ਦੇਵੇ। ਸਿਰਫ ਚਾਰ ਆਨੇ?''

ਇਕ ਮੁਸ਼ਟੰਡੇ ਨੇ ਹੱਸਦਿਆਂ-ਹੱਸਦਿਆਂ ਉਸ ਦੀਆਂ ਅਦਾਵਾਂ ਦਾ ਸੁਆਗਤ ਕੀਤਾ।

''ਜਾਹ ਪਰ੍ਹੇ ਨੰਬਰਦਾਰਾ...ਤੂੰ ਵੀ ਐਵੇਂ ਫੋਕੇ ਫੈਲ ਮਖੌਲ ਕਰਦਾ ਰਹਿੰਦੈਂ...ਪੱਲੇ ਤੇਰੇ ਧੇਲਾ ਹੈ ਨਹੀਂ।''

ਨੰਬਰਦਾਰ ਦੀ ਉਪਾਧੀ ਲੈ ਕੇ ਨੌਜਆਨ ਦੀ ਛਾਤੀ ਫੂਲ ਗਈ ਪਰ ''ਫੋਕੇ ਫੈਲ'' ਦੀ ਕਾਟ ਉਸ ਨੂੰ ਪੈਰਾਂ ਤੱਕ ਹਲੂਣ ਗਈ। ਆਪਣੀ ਅਣਖ ਨੂੰ ਸੇਕ ਲੱਗਾ ਵੇਖ ਕੇ ਉਹ ਘੁਟਿਆ ਜਿਹਾ ਗਿਆ। 'ਤੂੰ ਹਾਂ ਕਰ! ਮੈਂ ਤੇਰੇ ਤੋਂ ਜਾਨ ਕੁਰਬਾਨ ਕਰ ਦਿਆਂ...!'

'ਚੱਲ! ਚੱਲ! ਇਕ ਰੁਪਿਆ ਨਿਕਲਦਾ ਨਹੀਂ, ਤੇ ਸਭ ਕੁਝ ਕੁਰਬਾਨ ਕਰਨ ਵਾਲਾ ਆਇਐ ਵੱਡਾ।' ਉਸ ਦੇ ਦੂਜੇ ਹਮਲੇ ਨੇ ਗਭਰੂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ।

'ਚੁਆਨੀਆਂ ਦਵਾਨੀਆਂ ਕਿੰਨਿਆਂ ਕੋਲੋਂ ਮੰਗਦੀ ਰਹੇਂਗੀ, ਇਕ ਵੇਰਾਂ ਹੀ ਦਸ ਰੁਪੇ ਲੈ ਲੈ।' ਗੱਭਰੂ ਨੇ ਪੈਂਦੀ ਸੱਟੇ ਦਿਲ ਦੀ ਘੁੰਡੀ ਖੋਲ੍ਹ ਦਿਤੀ।

'ਕੁਝ ਦੇਣਾ ਵੀ ਐਂ...ਕਿ...!'

''ਜਾਹ ਬੀਬੀ ਜਾਹ, ਇਹ ਐਵੇਂ ਝੇਡਾਂ ਕਰਦਾ ਤੇਰੇ ਨਾਲ। ਨਾ ਪੈਸਾ ਨਾ ਧੇਲਾ ਤੇ ਕਰਦੀ ਮੇਲਾ ਮੇਲਾ...!'' ਨਾਲ ਬੈਠੇ ਇਕ ਬੁੱਢੇ ਨੇ ਗੱਭਰੂ ਦੇ ਖੋਖਲੇ ਪਨ ਤੋਂ ਪਰਦਾ ਚੁਕ ਦਿਤਾ।

'ਨਹੀਂ...ਨਹੀਂ...ਲੈ ਫੜ...!' ਹਸਰਤ ਭਰੀ ਨਿਰਾਸਤਾ ਨਾਲ ਗੱਭਰੂ ਨੇ ਜੇਬ ਵਿਚੋਂ ਇਕ ਰੁਪੇ ਦਾ ਨੋਟ ਕੱਢ ਕੇ ਕੁੜੀ ਵੱਲ ਵਗਾਹ ਦਿਤਾ ਤੇ ਆਪਣੀ ਜੇਬ ਖਾਲੀ ਕਰ ਲਈ।

'ਪਰ ਹੱਸ ਕੇ ਦਿਖਾ ਇੱਕ ਵੇਰਾਂ...!' ਉਸ ਨੇ ਆਪਣੇ ਰੁਪਏ ਦੀ ਕੀਮਤ ਮੰਗੀ।

ਉਹ ਖਿੜ ਖਿੜਾ ਕੇ ਹੱਸੀ, 'ਅੱਛਾ ਵੀਰ ਜੀ...ਬੜੀ ਮਿਹਰਬਾਨੀ!''

'ਵੀਰ ਜੀ' ਸ਼ਬਦ ਨੇ ਗੱਭਰੂ ਦੀਆਂ ਬਣੀਆਂ-ਬਣਾਈਆਂ ਸਕੀਮਾਂ 'ਤੇ ਪਾਣੀ ਫੇਰ ਦਿੱਤਾ। ਉਹ ਚਲਦੀ ਬਣੀ ਅੱਗੇ ਤੇ ਪਿੱਛੇ ਨਾਲ ਦੇ ਸਾਥੀ ਉਸ ਅਖਾਉਤੀ ਗੱਭਰੂ ਨੂੰ ਕਿੰਨੀ ਦੇਰ ਮਖੌਲ ਕਰਦੇ ਰਹੇ।

ਸਟੇਸ਼ਨ ਦੇ ਸਾਰੇ ਘੁਮੱਕੜਾਂ ਦੀਆਂ ਨਜ਼ਰਾਂ ਉਸ ਲੜਕੀ 'ਤੇ ਕੇਂਦਰਿਤ ਸਨ। ਹੁਣ ਉਹ ਨੀਲੇ ਨੈਣਾਂ ਵਾਲੀ ਕੁੜੀ ਕਾਲਜ ਦੇ ਮੁੰਡਿਆਂ ਦੀ ਢਾਣੀ ਵੱਲ ਵਧੀ ਜੋ ਉਸ ਵਾਂਗ ਹੀ ਗੱਡੀ ਦੀ ਉਡੀਕ ਕਰ ਰਹੇ ਸਨ...ਤੇ ਉਸ ਦੀ ਵੀ। ਉਨ੍ਹਾਂ ਨੂੰ ਪਤਾ ਸੀ ਇਹ ਨੀਲੋ ਸਿਧੇ ਸਾਦੇ ਜੱਟਾਂ ਦੀ ਛਿੱਲ ਲਾਹ ਕੇ ਉਨ੍ਹਾਂ ਵਲ ਵੀ ਜ਼ਰੂਰ ਆਵੇਗੀ।

'ਆ ਬੱਲੀਏ! ਆ ਗਈ ਏਂ?' ਇਕ ਪਾੜ੍ਹੇ ਨੇ ਅੱਗੋਂ ਵਲ ਲਈ।

''ਆ ਗਈ ਆਂ ਜੀ ! ਤੁਹਾਡਾ ਆਸਰਾ ਤੱਕ ਕੇ।'' ਨੀਲੋ ਦੀ ਹਲੀਮੀ ਨੇ ਉਨ੍ਹਾ ਦੇ ਦਿਲ ਜਿਤ ਲਏ।

'ਅਜ ਇੱਕ ਗਾਣਾ ਸੁਣਾ ਦੇ...ਚੌਂਦਾ ਚੌਂਦਾ।' ਸਿਫਾਰਸ਼ ਆਈ।

'ਨਹੀਂ...ਇਥੇ ਨਹੀਂ ਗੱਡੀ 'ਚ।'' ਕਹਿ ਕੇ ਉਸ ਨੇ ਆਪਣੇ ਹੱਥ ਫੈਲਾ ਦਿੱਤੇ।

ਸ਼ਰਮੋ-ਸ਼ਰਮੀ ਤੇ ਵੇਖੋ ਵੇਖੀ ਸਾਰਿਆਂ ਨੇ ਚਾਰ ਚਾਰ ਆਨੇ ਦੇ ਕੇ ਕੁੜੀ ਦੀ ਝੋਲੀ ਭਾਨ ਨਾਲ ਭਰ ਦਿੱਤੀ। ਉਹ ਪੈਸੇ ਉਸ ਦੇ ਹੱਥ 'ਤੇ ਧਰਨ ਦੀ ਬਜਾਏ ਉਸ ਦੀ ਝੋਲੀ ਵਿਚ ਪਾਣ ਨੂੰ ਤਰਜੀਹ ਦਿੰਦੇ ਸਨ।

'ਅਗਲੇ ਡੱਬੇ 'ਚ ਚੜ੍ਹੀਂ'...ਗਾਣਾ ਸੁਣਾਏਂਗੀ, ਸਾਡੇ ਕੋਲ ਬੈਠੇਂਗੀ...ਜੋ ਕਹੇਂ ਦੇ ਦਿਆਂਗੇ।''

ਇਕ ਮੁੰਡੇ ਨੇ ਨੇਕ ਸਲਾਹ ਦਿੱਤੀ। ਨੀਲੋ ਨੇ ਹੱਸ ਕੇ ਹਾਂ ਕਰ ਦਿੱਤੀ। ਇਹ ਉਸ ਲਈ ਪਹਿਲਾ ਕੰਮ ਥੋੜਾ ਸੀ ਜੋ ਡਰ ਜਾਂਦੀ।

ਗੱਡੀ ਸਟੇਸ਼ਨ 'ਤੇ ਪਹੁੰਚ ਗਈ। ਸਾਰੇ ਮੁਸਾਫਰਾਂ ਵਿਚ ਹਫੜਾ-ਦਫੜੀ ਮੱਚ ਗਈ। ਵੇਖਦੇ-ਵੇਖਦੇ ਸਟੇਸ਼ਨ ਦੀ ਸਾਰੀ ਰੌਣਕ ਗੱਡੀ ਵਿਚ ਸਵਾਰ ਹੋ ਗਈ। ਪਾੜ੍ਹੇ ਮੁੰਡੇ ਨਾ ਚੜ੍ਹੇ, ਉਹ ਦੇਖ ਰਹੇ ਸਨ, ਜਿੱਥੇ ਨੀਲੋ ਚੜ੍ਹੇਗੀ ਉਥੇ ਹੀ ਚੜ੍ਹਨਗੇ। ਗੱਡੀ ਨੇ ਚੀਕ ਮਾਰੀ ਤੇ ਹੌਲੀ ਹੌਲੀ ਹਿੱਲ ਪਈ।

''ਓਹ ਲੜਕੀ! ਟਿਕਟ ?' ਉਹ ਚੜ੍ਹਨ ਹੀ ਲੱਗੀ ਸੀ ਕਿ ਖਾਕੀ ਵਰਦੀ ਵਾਲੇ ਇਕ ਬਾਬੂ ਨੇ ਆ ਘੇਰਿਆ।

'ਜੀ ਬਾਬੂ ਜੀ!...ਟਿਕਟ ਤਾਂ ਹੈ ਨਹੀਂ।'' ਨੀਲੋ ਨੇ ਡਰਦੇ-ਡਰਦੇ ਕਿਹਾ।

'ਤੇ ਗੱਡੀ ਤੇਰੇ ਪਿਉ ਦੀ ਏ?' ਬਾਬੂ ਦੀ ਆਵਾਜ਼ ਵਿਚ ਰੋਹਬ ਸੀ।

'ਜੀ ਮੈਂ ਗਰੀਬ ਆਂ...ਹਮੇਸ਼ਾ ਗੱਡੀ ਵਿਚ ਪੈਸੇ ਮੰਗਦੀ ਆਂ...ਮੇਰੀ ਇਕ ਅੰਨ੍ਹੀ ਮਾਂ, ਇਕ ਲੂਲ੍ਹਾ ਭਾਈ ਤੇ ਮੇਰੀ ਇਕ ਛੋਟੀ ਭੈਣ ਦੀ ਰੋਟੀ ਮੇਰੇ ਸਿਰ 'ਤੇ ਹੈ ਬਾਬੂ ਜੀ।'' ਉਸ ਦੇ ਬੋਲਾਂ ਵਿਚ ਤਰਲਾ ਭਰ ਲਿਆ।

'ਤੂੰ ਗੱਡੀ ਨਹੀਂ ਚੜ੍ਹ ਸਕਦੀ।'' ਬਾਬੂ ਕੜਕਿਆ।

'ਮੇਰੇ 'ਤੇ ਤਰਸ ਕਰੋ ਮੇਰੀ ਅੰਨ੍ਹੀ ਮਾਂ 'ਤੇ ਤਰਸ ਕਰੋ...!'' ਨੀਲੋ ਗਿੜਗਿੜਾਈ।

'ਨਖਰੇ ਨਾ ਕਰ ਐਵੇਂ! ਤੁਸੀਂ ਕੀ ਮਖੌਲ ਸਮਝ ਛਡਿਐ! ਸਰਕਾਰ ਨੂੰ ਘਾਟਾ ਪਾ ਰਹੇ ਹੋ...ਇਧਰ ਆ ਮੇਰੇ ਨਾਲ।'' ਬਾਬੂ ਦੀਆਂ ਅੱਖਾਂ ਵਿਚ ਲੁੱਚਪੁਣਾ ਉਤਰ ਆਇਆ।

'ਕਿਧਰ ਬਾਬੂ ਜੀ?' ਲੜਕੀ ਦੇ ਭਾਣੇ ਭੁਚਾਲ ਆ ਗਿਆ ਹੋਵੇ। ਉਹ ਕੰਬਣ ਲੱਗੀ।

''ਕੁ-ਲਗਦੀ ਕਿਧਰ ਦੀ...!''

ਗਾਰਡ ਦਾ ਡੱਬਾ ਨੇੜੇ ਆ ਰਿਹਾ ਸੀ। ਗੱਡੀ ਅਜੇ ਹੌਲੀ ਹੀ ਸੀ ਜਿਵੇਂ ਨੀਲੋ ਦੇ ਚੜ੍ਹਨ ਦੀ ਉਡੀਕ ਕਰ ਰਹੀ ਹੋਵੇ।

'ਚੜ੍ਹ ਉਪਰ...ਗਾਰਡ ਦੇ ਡੱਬੇ 'ਚ...ਤੇਰੀ ਮੀਮੋ ਕੱਟਦਾ ਹਾਂ...ਤੂੰ ਸਰਕਾਰੀ ਖਜਾਨੇ ਨੂੰ ਥੁੱਕ ਲਾ ਰਹੀ ਹੈਂ।'

'ਮੀਮੋ'...ਨਹੀਂ ਬੱਚਿਆਂ ਵਾਲਿਆ... ਮੇਰੀ ਨਾ ਕੱਟੀਂ...ਮੈਂ ਮੀਮੋ ਨਹੀਂ ਕਟਾਉਣੀ ਮੈਂ ਤਾਂ ਅੱਗੇ ਹੀ ਮਰ ਕੇ ਬਚੀ ਆਂ। ਨੀਲੋ ਨੂੰ ਪਹਿਲੀ ਮੀਮੋ ਦੀ ਯਾਦ ਆ ਗਈ। ਖਵਰੇ ਮੀਮੋ ਸੀ ਜਾਂ ਤਲਵਾਰ...ਮੀਮੋ ਤੋਂ ਡਰਦੀ ਉਹ ਲੜਕੀ ਝੱਟ-ਪੱਟ ਗਾਰਡ ਦੇ ਡੱਬੇ ਵਿਚ ਚੜ੍ਹ ਗਈ ਤੇ ਪਿੱਛੇ ਹੀ ਉਹ ਬਾਬੂ।

'ਆਉ ਮੇਰੀ ਜਾਨ...ਠੰਢ ਪੈਗੀ।' ਗਾਰਡ ਨੇ ਬਾਹਰ ਹਰੀ ਝੰਡੀ ਲਹਿਰਾਂਦੇ ਡਰਾਈਵਰ ਨੂੰ ਸਪੀਡ ਤੇਜ਼ ਕਰਨ ਦਾ ਸੰਕੇਤ ਤੇ ਨੀਲੋ ਵੱਲ ਬੁੱਲ੍ਹਾਂ ਤੇ ਜ਼ਬਾਨ ਫੇਰੀ।

'ਬੈਠੋ ਅੰਦਰ।' ਗੱਡੀ ਦੀ ਚਾਲ ਤੇਜ਼ ਹੋ ਗਈ।

ਨਿੰਮੋਝੂਣੇ ਹੋਏ ਨਿਰਾਸ਼ ਪਾੜ੍ਹੇ ਡੱਬਿਆਂ ਤੋਂ ਬਾਹਰ ਸੀਖਾਂ ਨਾਲ ਲਟਕੇ, ਹੱਡਾ ਰੋੜੀ ਦੀ ਗਿੱਧ ਵਾਂਗ ਗਾਰਡ ਦੇ ਡੱਬੇ ਵਲ ਨਜ਼ਰ ਟਿਕਾਈ ਆਪਣੀ ਹਾਰ ਤੇ ਪਸ਼ਚਾਤਾਪ ਕਰ ਰਹੇ ਸਨ।

# ਵਲਾਇਤ 'ਚ ਵਗਦੇ ਸੁਰਾਂ ਦੇ ਸਾਗਰ ਦੀਆਂ ਛੱਲਾਂ

**ਪੰਜਾਬੀ ਗਾਇਕੀ ਦੇ ਅੰਦਰ ਬਾਹਰ**



**ਐਸ. ਅਸ਼ੋਕ ਭੌਰਾ**

ਅਮੀਰ ਘਰ ਵਿਚ ਜੰਮਿਆ ਸ਼ਾਇਰ ਗਰੀਬੀ 'ਤੇ ਕਵਿਤਾ ਤਾਂ ਲਿਖ ਸਕਦਾ ਹੈ ਪਰ ਅਹਿਸਾਸ ਨਾ ਹੋਣ ਕਾਰਨ ਦਰਦ ਨਹੀਂ ਭਰ ਸਕੇਗਾ। ਜਿਸ ਨੇ ਤਾਜ ਮਹੱਲ ਆਪਣੀਆਂ ਅੱਖਾਂ ਨਾਲ ਵੇਖਿਆ ਹੁੰਦਾ, ਉਹਨੂੰ ਇਹ ਦੱਸਣ ਦੀ ਲੋੜ ਨਹੀਂ ਰਹਿੰਦੀ ਕਿ ਲੋਕ ਸੰਗਮਰਮਰ ਦੇ ਗੁਣ ਕਿਉਂ ਗਾਉਂਦੇ ਨੇ, ਜਾਂ ਵੱਡੇ ਲੋਕ ਤੇ ਬਾਦਸ਼ਾਹ ਪਤਨੀਆਂ ਨੂੰ ਖੁਸ਼ ਕਰਨ ਲਈ ਤੋਹਫ਼ੇ ਇੱਦਾਂ ਦੇ ਵੀ ਦੇ ਸਕਦੇ ਹਨ! ਉਹ ਇਹ ਗੱਲ ਝੱਟ ਕਹਿ ਦਿੰਦੇ ਹਨ ਕਿ ਪੰਜਾਬੀ ਜਿਥੇ ਵੀ ਗਏ ਹਨ, ਆਪਣਾ ਬਹੁਤ ਕੁਝ ਇਖਲਾਕੀ ਤੇ ਵਿਰਾਸਤੀ ਵੀ ਨਾਲ ਲੈ ਕੇ ਗਏ ਹਨ। ਉਧਰ, ਰਾਜਨੀਤਕ ਲੋਕਾਂ ਨੇ ਪੰਜਾਬ ਦੀਆਂ ਵੰਡੀਆਂ ਕਰ ਕੇ ਇਸ ਨੂੰ ਭਾਵੇਂ ਲਾਜਵੰਤੀ ਵਾਂਗ 'ਕੱਠਾ ਕਰ ਦਿੱਤਾ, ਪਰ ਬਹੁਤ ਵੱਡਾ ਪੰਜਾਬ



*ਐਸ. ਅਸ਼ੋਕ ਭੌਰਾ ਦੇ ਖੱਬੇ ਪਾਸੇ ਗਾਇਕ ਏ.ਐਸ. ਕੰਗ ਤੇ ਸੱਜੇ ਗੀਤਕਾਰ ਜੰਡੂ ਲਿੱਤਰਾਂਵਾਲਾ (ਹਰਬੰਸ ਜੰਡੂ)*

ਬਰਤਾਨੀਆ ਵਿਚ ਵੀ ਵਸਦਾ ਹੈ। ਪੰਜਾਬੀਆਂ ਨੇ ਉਥੇ ਵਪਾਰ ਹੀ ਨਹੀਂ ਕੀਤਾ, ਸਗੋਂ ਗਾਇਕਾਂ ਨੇ ਵੀ ਇਸ ਨੂੰ ਵਪਾਰ ਮੰਡੀ ਬਣਾ ਕੇ ਸਫ਼ਲਤਾ ਨਾਲ ਪੇਸ਼ ਕੀਤਾ ਹੈ। ਮੋਟੇ ਜਿਹੇ ਹਿਸਾਬ ਨਾਲ ਕਹਿ ਨਹੀਂ ਸਕਦੇ, ਕਿ ਗਾਇਕ ਏ.ਐਸ. ਕੰਗ (ਅਵਤਾਰ ਸਿੰਘ) ਦਾ ਸਾਰੇ ਦਾ ਸਾਰਾ ਪ੍ਰਬੰਧ ਇੰਗਲੈਂਡ ਨਾਲ ਨਹੀਂ! 'ਤੂਤਕ ਤੂਤਕ ਤੂਤੀਆਂ' ਵਾਲਾ ਮਲਕੀਤ ਵੀ ਵਲਾਇਤੀ ਪੰਜਾਬ ਤੋਂ ਹੈ, ਕੇ.ਐਸ. ਭੰਵਰਾ ਵੀ। ਰਾਮ ਕਿਸ਼ਨ ਹੋਰੀਂ ਵੀ, ਭੁਝੰਗੀ ਗਰੁਪ ਵੀ, ਤੇ ਲੁਭਾਏ ਹੋਰੀਂ ਵੀ। ਮਹਾਨ ਢੋਲੀ ਗੁਰਚਰਨ ਮੱਲ ਵੀ, ਸੰਗੀਤਕਾਰ ਬਲਦੇਵ ਮਸਤਾਨਾ ਵੀ, ਗਾਇਕ ਤੇ ਸੰਗੀਤਕਾਰ ਸੁਖਸ਼ਿੰਦਰ ਸ਼ਿੰਦਾ ਵੀ, ਪਲਵਿੰਦਰ ਧਾਮੀ ਵੀ, ਰੇਲ ਗੱਡੀ ਵਾਲਾ ਚੰਨੀ ਵੀ ਇੰਗਲੈਂਡ ਦੀ ਆਬੋ-ਹਵਾ ਦੀ ਮੁਕਾਮ ਤੱਕ ਪੁੱਜੀਆਂ ਸੁਰਾਂ ਹਨ। ਗੀਤਕਾਰ ਚੰਨ ਜੰਡਿਆਲਵੀ, ਪਿਆਰਾ ਸਿੰਘ ਕੁਲਾਮ ਵਾਲਾ, ਜੰਡੂ ਲਿੱਤਰਾਂਵਾਲਾ, ਸਾਰੇ ਦੇ ਸਾਰੇ ਇਸੇ ਧਰਤੀ ਨਾਲ ਜੁੜੇ ਹੋਏ ਹਨ। ਪੱਛਮੀ ਪ੍ਰਭਾਵ ਵਾਲਾ ਰੈਪ ਸਭ ਤੋਂ ਪਹਿਲਾਂ ਉਥੇ ਹੀ ਪੰਜਾਬੀ ਗਾਇਕਾਂ ਨੇ ਕਬੂਲਿਆਂ। ਕੀਨੀਆ, ਯੁਗਾਂਡਾ ਸਟਾਈਲ ਪੱਗਾਂ ਵਾਲੇ ਜੱਸੀ ਹੋਰੀਂ ਉਥੇ ਹੀ ਰਹਿੰਦੇ ਹਨ, ਤੇ ਪੰਜਾਬ ਦੇ ਲੋਕ ਸੰਗੀਤ ਇਤਿਹਾਸ ਵਾਂਗ ਉਥੇ ਢੋਲੀ ਵੀ ਹਨ, ਘੜਾ ਵਜਾਉਣ ਵਾਲੇ ਵੀ, ਮਹਾਨ ਤਬਲਾ ਵਾਦਕ ਵੀ, ਬੈਂਜੋ ਵਜਾਉਣ ਵਾਲੇ ਵੀ, ਤੂੰਬੀ ਵਾਲੇ ਵੀ, ਅਲਗੋਜ਼ਿਆਂ ਵਾਲੇ ਵੀ ਉਥੇ ਰਹਿੰਦੇ ਹਨ। ਟੇਪਾਂ, ਰੀਲ੍ਹਾਂ ਦੇ ਯੁੱਗ ਵਿਚ ਜਿਨ੍ਹਾਂ ਨੇ 'ਮਿਊਜ਼ਿਕ ਕਾਰਨਰ' ਦੇ ਨਾਂ ਹੇਠ ਸਾਊਥਾਲ ਦੇ ਬਰਾਡ ਵੇਅ ਜਾਂ ਬਰਮਿੰਘਮ ਦੇ ਸੋਹੋ ਰੋਡ 'ਤੇ ਦੁਕਾਨਾਂ ਦੇਖੀਆਂ ਹਨ, ਉਨ੍ਹਾਂ ਨੂੰ ਇਹ ਥਾਂਵਾਂ ਲੁਧਿਆਣੇ ਦਾ 'ਭਦੌੜ ਹਾਊਸ' ਵੀ ਲੱਗਦੀਆਂ ਰਹੀਆਂ ਹਨ।

ਜੋਤਿਸ਼ ਦਾ ਕਾਰੋਬਾਰ ਇਸ ਕਰ ਕੇ ਬੰਦ ਨਹੀਂ ਹੋ ਸਕਦਾ, ਕਿਉਂਕਿ ਮਰਦੇ ਦਮ ਤੱਕ ਮਨੁੱਖ ਨੂੰ ਆਸ ਹੁੰਦੀ ਹੈ ਕਿ ਸ਼ਾਇਦ ਉਹ ਬਚ ਜਾਵੇਗਾ, ਤੇ ਚੰਗੇ ਭਵਿੱਖ ਤੇ ਜਿਉਂਦੇ ਰਹਿਣ ਦਾ ਗੁਰ ਦੱਸਣ ਵਾਲਿਆਂ ਦੇ ਲੋਕੀਂ ਗੋਡੇ ਘੁੱਟਣ ਦਾ ਕੰਮ ਕਰਦੇ ਹੀ ਰਹਿਣਗੇ। ਇਵੇਂ ਪੰਜਾਬੀ ਚਲੇ ਕਿਤੇ ਵੀ ਜਾਣ, ਗੀਤ-ਸੰਗੀਤ ਤੇ ਆਦਤਾਂ ਦੀ ਬੋਰੀ ਵੀ ਨਾਲ ਹੀ ਚੁੱਕੀ ਫ਼ਿਰਦੇ ਹਨ; ਪਰ ਆੜ੍ਹਤੀਆਂ ਵਾਂਗ ਸੰਗੀਤ ਦੀ ਪੱਕੀ ਮੰਡੀ ਪੰਜਾਬੀ ਗਾਇਕਾਂ ਲਈ ਕਿੱਦਾਂ ਬਣੀ ਤੇ ਇਸ ਮੰਡੀ ਵਿਚੋਂ ਮੈਂ ਕਿਵੇਂ ਗੁਜ਼ਰਿਆ, ਐਤਕੀਂ ਇਸ ਬਾਰੇ ਕੁਝ ਗੱਲਾਂ ਕਰਾਂਗੇ। ਜੱਸਲਾਂ ਦਾ ਦੇਵ ਯਾਨਿ 'ਖਾਓ-ਪੀਓ ਐਸ਼ ਕਰੋ ਮਿੱਤਰੋ' ਵਰਗੇ ਗੀਤ ਲਿਖਣ ਵਾਲਾ ਦੇਵ ਰਾਜ ਜੱਸਲ ਜਦੋਂ ਮੇਰੇ ਕੋਲ ਆਇਆ ਤਾਂ ਮੈਂ ਉਹਦੇ ਕਈ ਗੀਤਾਂ ਨੂੰ ਜੈਜੀ, ਬਲਵਿੰਦਰ ਸਫ਼ਰੀ, ਕੰਗ ਤੱਕ ਲੈ ਕੇ ਜਾਣ ਦੀ ਡੋਰ ਖਿੱਚਦਾ ਰਿਹਾ, ਪਰ ਉਹ ਇਹ ਚਾਹੁੰਦਾ ਸੀ ਕਿ ਮੈਂ ਗੀਤਕਾਰ ਬਣਾਂ। ਬਲਦੇਵ ਮਸਤਾਨੇ ਦੇ ਕਵੈਂਟਰੀ ਸਥਿਤ ਸਟੂਡੀਓ ਵਿਚ ਉਹ ਪਿਆਰ ਦੀ ਇਸ ਬੋਲੀ ਦਾ ਮੇਰੇ ਨਾਲ ਇਸ਼ਕ ਵੀ ਜਤਾਉਂਦਾ ਰਿਹਾ, ਪਰ ਇਸ ਗੱਲ ਦਾ ਦੁੱਖ ਸਾਰੀ ਉਮਰ ਰਹੇਗਾ ਕਿ ਚੰਗੇ ਗੀਤ ਦੇਣ ਵਾਲਾ ਸਾਡਾ ਇਹ ਮਿੱਤਰ ਭਰ ਜੋਬਨ ਵਿਚ ਸਦਾ ਲਈ ਜੁਦਾ ਹੋ ਗਿਆ।

ਪੰਜਾਬ ਅੰਦਰ ਖੇਡਾਂ ਦੀ ਗੱਲ ਚੱਲੇ ਤਾਂ ਕਿਲਾ ਰਾਏਪੁਰ ਦੀਆਂ ਖੇਡਾਂ ਦਾ ਜ਼ਿਕਰ ਹੋਵੇਗਾ ਹੀ; ... ਤੇ ਗਿਆ ਭਾਵੇਂ ਕੋਈ ਲੰਡਨ ਨੂੰ ਚੋਰੀ-ਚੋਰੀ ਹੀ ਹੋਵੇ, ਪਰ ਜਿਸ ਨੇ ਉਥੇ ਕਿਤੇ ਗੁਸਲਖਾਨੇ ਵਿਚ ਜਾ ਕੇ ਵੀ ਗੀਤ ਗਾਏ ਹੋਣਗੇ, ਉਹ ਲੰਡਨ ਦੇ ਬੈਂਬਲੀ ਅਰੀਨਾ ਥੀਏਟਰ ਜਾਂ ਹਾਲ ਨੂੰ ਕਦੇ ਨਹੀਂ ਭੁੱਲ ਸਕਦਾ। ਦੁਨੀਆਂ ਭਰ ਦੀਆਂ ਜ਼ੁਬਾਨਾਂ ਵਿਚ ਗਾਉਣ ਵਾਲੇ ਵੱਡੇ ਗਾਇਕਾਂ ਲਈ ਇਹ ਉਹੀ ਥਾਂ ਹੈ ਜੋ ਘੋਲਾਂ ਲਈ ਭਲਵਾਨਾਂ ਦੀ ਅਖਾੜੇ ਵਿਚ ਹੁੰਦੀ ਹੈ। ਸਾਲ 1992 ਵਿਚ ਜੂਨ ਮਹੀਨੇ ਜਦੋਂ ਮੈਂ ਲੰਡਨ ਗਿਆ, ਤਾਂ ਇਹ ਥਾਂ ਦੇਖਣ ਲਈ ਉਸਲਵੱਟੇ ਲੈ ਰਿਹਾ ਸਾਂ। ਉਥੇ ਹੀ ਕਦੇ ਆਲਮ ਲੁਹਾਰ ਤੇ ਕੁਲਦੀਪ ਮਾਣਕ ਮਿਹਣੋ-ਮਿਹਣੀ ਹੋਏ ਸਨ। ਜਦੋਂ ਸਟੇਜ ਤੋਂ ਮਾਣਕ ਦੀ ਸਿਫ਼ਤ ਹੋਈ ਤਾਂ ਆਲਮ ਲੁਹਾਰ ਉਹਦੇ ਨਾਲ ਈਰਖਾ ਵੱਸ ਉਲਝ ਪਿਆ ਕਿ... 'ਕੀ ਹੈ ਥੋਡੇ ਗੀਤਾਂ ਵਿਚ? ਕਿਤੇ ਚੁਬਾਰੇ ਵਿਚੋਂ ਬਾਂਹ ਫੜਾ ਕੇ ਖਿੱਚੀ ਜਾਂਦੇ ਹੋ, ਕਿਤੇ ਕੱਟੇ-ਵੱਛੇ ਭਜਾਈ ਫ਼ਿਰਦੇ ਹੋ।' ਅੱਗਿਉਂ ਮਾਣਕ ਵੀ ਬਠਿੰਡੇ ਵਾਲੇ ਸੁਭਾਅ ਵਿਚ ਪੈ ਗਿਆ ਕਿ 'ਮੈਂ ਹੋਰ ਕਿਸੇ ਦਾ ਠੇਕਾ ਨਹੀਂ ਲਿਆ ਹੋਇਆ, ਤੂੰ ਮੇਰੇ ਨਾਲ ਆ ਸੰਗੀਤ ਤੇ ਹਾਰਮੋਨੀਅਮ ਦੇ ਜਿਹੜੇ ਰਸਤੇ ਵਿਚੋਂ ਆਉਣਾ।' ਉਦੋਂ ਆਲਮ ਉਖੜ ਗਿਆ ਸੀ।

ਉਦੋਂ ਨੁਸਰਤ ਫ਼ਤਿਹ ਅਲੀ ਖਾਨ ਸਬੱਬੀਂ ਇੰਗਲੈਂਡ ਹੀ ਸੀ, ਤੇ ਉਹਦੇ ਨਾਲ ਮੇਰੀ ਪਹਿਲੀ ਤੇ ਆਖਰੀ ਮੁਲਾਕਾਤ ਉਥੇ ਹੀ ਹੋਈ ਸੀ। ਦੂਜੇ ਪਾਸੇ ਕਹਾਣੀ ਇਹ ਸੀ ਕਿ ਪੰਜਾਬੀ ਗਾਇਕਾਂ ਵਿਚੋਂ ਸਭ ਤੋਂ ਪਹਿਲਾ ਮਾਣ ਬੈਂਬਲੀ ਅਰੀਨਾ ਵਿਚ ਗਾ ਕੇ ਖੱਟਣ ਵਾਲਾ ਕੁਲਦੀਪ ਮਾਣਕ ਵੀ ਆਇਆ ਹੋਇਆ ਸੀ। ਇਹ ਗੱਲ ਹੁਣ ਮੈਂ ਢਿੱਡ ਵਿਚ ਨਹੀਂ ਘੁੱਟਾਂਗਾ ਕਿ ਕੁਲਦੀਪ ਮਾਣਕ ਦਾ ਮਿੱਤਰ ਤੇ ਪ੍ਰੋਮੋਟਰ ਬਿੱਕਰ ਕੰਗ ਉਹਨੂੰ ਉਥੇ ਲੈ ਕੇ ਗਿਆ ਸੀ, ਪਰ ਉਹ ਮੈਨੂੰ ਉਸ ਟੀਮ ਵਿਚੋਂ ਛੱਡ ਆਏ ਸਨ। ਅਸਲ ਵਿਚ ਕੰਗ ਨੇ ਮੇਰਾ ਖਰਚਾ ਬਚਾਉਣ ਲਈ ਮਾਣਕ ਨੂੰ ਵਿਸ਼ਵਾਸ ਵਿਚ ਲੈ ਕੇ ਮੈਨੂੰ ਬਾਹਰ ਕਰ ਦਿੱਤਾ ਸੀ। ਫ਼ਿਰ ਵੀ ਮੈਂ ਪਿੱਛੇ-ਪਿੱਛੇ ਪੈੜ ਵਿੰਹਦਾ ਲੰਡਨ ਪਹੁੰਚ ਗਿਆ ਸਾਂ।

ਨੁਸਰਤ ਦਾ ਸ਼ੋਅ ਬੈਂਬਲੀ ਅਰੀਨਾ ਵਿਚ ਮੂਹਰੇ ਬੈਠ ਕੇ ਜਦੋਂ ਵੇਖਿਆ ਤਾਂ ਅੰਦਰ ਗਿਆਨ ਦੀ ਜਿਹੜੀ ਬੱਤੀ ਜਗੀ, ਉਹ ਇਹ ਸੀ ਕਿ ਉਹਨੂੰ ਸੁਣਨ ਵਾਲਿਆਂ ਵਿਚ ਪਾਕਿਸਤਾਨੀ ਜਾਂ ਆਪਣੇ ਪੰਜਾਬੀ ਘੱਟ, ਗੋਰੇ ਵੱਧ ਗਿਣਤੀ ਵਿਚ ਸਨ। ਸੋਚਦਾ ਸਾਂ, 'ਦਮਾ-ਦਮ ਮਸਤ ਕਲੰਦਰ', 'ਹੀਰੇ ਨੀ ਰਾਂਝਾ ਜੋਗੀ ਹੋ ਗਿਆ' ਬਾਰੇ ਗੋਰਿਆਂ ਨੂੰ ਕੀ ਪਤਾ ਲੱਗਦਾ ਹੋਵੇਗਾ? ਇਹ ਕੀ ਕਰਨ ਆਏ ਹਨ? ਮੈਂ ਬਾਥਰੂਮ ਵਿਚ ਵੜੇ ਅੱਧਖੜ੍ਹ ਗੋਰੇ ਨੂੰ ਜਦੋਂ ਪੁੱਛਿਆ, 'ਯੂ ਅੰਡਰਸਟੈਂਡ ਵ੍ਹਟ ਹੀ ਇਜ਼ ਸਿੰਗਿੰਗ?' ਤਾਂ ਉਹ ਗੁੱਸੇ ਭਰੇ ਲਹਿਜੇ ਵਿਚ ਬੋਲਿਆ, 'ਮਿਸਟਰ, ਵ੍ਹਟ ਆਰ ਯੂ ਡੂਇੰਗ ਹੀਅਰ, ਆਈ ਥਿੰਕ ਯੂ ਨਥਿੰਗ ਨੋ ਅਬਾਊਟ ਮਿਊਜ਼ਿਕ?' ਫਿਰ ਮੈਂ ਇਹ ਸੋਚ ਕੇ ਚੁੱਪ ਹੋ ਗਿਆ ਸਾਂ ਕਿ ਚਲੋ, ਨਿਆਣੀ ਉਮਰ ਵਿਚ ਚੁਪੇੜਾਂ ਵੱਜਣੀਆਂ ਹੁੰਦੀਆਂ ਹਨ। ਉਥੇ ਹੀ ਮੈਨੂੰ ਕਿਸੇ ਅਣਜਾਣ ਨੇ ਕੰਨ ਵਿਚ ਦੱਸ ਦਿੱਤਾ ਸੀ ਕਿ ਇਹ ਜਿਹੜੇ ਗੋਰੇ ਆਏ ਹਨ, ਇਨ੍ਹਾਂ ਨੂੰ ਸ਼ਬਦਾਂ ਨਾਲ ਨਹੀਂ, ਸਗੋਂ ਗਲੇ ਦੀ ਮੁਰਕੀਆਂ, ਗਰਾਰੀਆਂ ਤੇ ਅਲਾਪ ਹੀ ਸਾਰੇ ਦਾ ਸਾਰਾ ਸੁਆਦ ਦੇਈ ਜਾ ਰਹੇ ਹਨ। ਪ੍ਰੋਗਰਾਮ ਤਾਂ ਬੈਂਬਲੀ ਅਰੀਨਾ ਵਿਚ ਦੇਖ ਲਿਆ, ਪਰ ਉਹ ਕੁਝ ਦੇਖਣ ਲਈ ਢਿੱਡ ਦੁਖਣ ਲੱਗ ਪਿਆ ਕਿ ਮਕਬਰੇ ਤਾਂ ਦੇਖ ਲਏ ਨੇ, ਹੁਣ ਹੱਜ ਵੀ ਕਰ ਲਿਆ ਜਾਵੇ। ਬੱਸ, ਫਿਰ ਨੁਸਰਤ ਨੂੰ ਲੰਡਨ ਦੇ ਪੰਜ ਤਾਰਾ ਹੋਟਲ ਵਿਚ ਮਿਲਣ ਦਾ ਸੁਭਾਗ ਪ੍ਰਾਪਤ ਹੋ ਗਿਆ।

ਹੁਣ ਮਾੜਾ-ਮੋਟਾ ਹੀ ਯਾਦ ਹੈ, ਨਾਂ ਸ਼ਾਇਦ ਮੁਹੰਮਦ ਜਾਫ਼ਰੀ ਸੀ। ਉਹ ਪਹਿਲਾਂ ਹੋਟਲ ਦੇ ਇੱਕੀ ਨੰਬਰ ਕਮਰੇ ਵਿਚ ਮਿਲਿਆ, ਤੇ ਫਿਰ ਅਸੀਂ ਛਿਆਸੀ ਨੰਬਰ ਕਮਰੇ ਵਿਚ ਨੁਸਰਤ ਕੋਲ ਸਾਹਮਣੇ ਜਾ ਬੈਠੇ। ਇਸ ਤੋਂ ਪਹਿਲਾਂ ਮੈਂ ਅਦਬੀ ਢੰਗ ਵਿਚ ਝੁਕ ਕੇ ਪੈਰੀਂ ਹੱਥ ਲਾਇਆ। ਮੇਰੇ ਸਵਾਲ ਤੋਂ ਪਹਿਲਾਂ ਹੀ ਇਸ ਮਹਾਨ ਹਸਤੀ ਦਾ ਸਵਾਲ ਦੇਖੋ, 'ਜੁਆਨਾ! ਰਾਜ਼ੀ-ਬਾਜ਼ੀ ਆਂ? ਭਲਾ ਕੀ ਲਿਖਦਾ ਹੁੰਨੈ?' ਝੱਟ ਦੇਣੀ ਕੰਨ ਵਿਚ ਉਂਗਲੀ ਇਸ ਕਰ ਕੇ ਫੇਰੀ, ਕਿ ਸੁਣਿਆ ਤਾਂ ਸੀ, ਪਰ ਅੱਖਾਂ ਨਾਲ ਵੇਖਿਆ ਤੇ ਸੱਚੀਂ ਸੁਣਿਆ ਅੱਜ ਸੀ ਕਿ ਪੰਜਾਬੀ ਜ਼ੁਬਾਨ ਨੂੰ ਅਸਲੀ ਪਿਆਰ ਲਹਿੰਦੇ ਪੰਜਾਬ ਵਾਲੇ ਹੀ ਕਰਦੇ ਹਨ, ਤੇ ਨੁਸਰਤ ਮਹਾਨ ਕਿਉਂ ਹੈ?

ਆਪਣੀਆਂ ਲਿਖਤਾਂ ਦੇ ਰਾਹਾਂ ਵਿਚ ਆਉਂਦੀਆਂ ਮੁਲਾਕਾਤਾਂ ਵਿਚ ਉਦੋਂ ਲੱਤਾਂ ਤੇ ਹੱਥ ਇਸ ਕਰ ਕੇ 'ਕੱਠੇ ਕੰਬੇ ਸਨ, ਕਿ ਮਹਾਨ ਸੁਰਾਂ ਨਾਲ ਬੇਸੁਰਿਆਂ ਦਾ ਮੇਲ ਉਖਾੜ ਹੀ ਦਿੰਦਾ ਹੈ। ਵੱਡਾ ਢਿੱਡ ਹੋਣ ਕਰ ਕੇ ਉਹਦੇ ਘੁੱਟਣ ਨਾਲ ਮੈਂ ਗਲ ਨਾਲ ਜਾਂ ਦਿਲ ਦੇ ਨੇੜੇ ਤਾਂ ਭਾਵੇਂ ਨਾ ਵੀ ਹੋ ਸਕਿਆ ਹੋਵਾਂ, ਪਰ ਪੰਜਾਬੀ ਗਾਇਕੀ ਦੇ ਉਸ ਇਤਿਹਾਸ ਦੇ ਨੇੜੇ ਜ਼ਰੂਰ ਚਲੇ ਗਿਆ ਸਾਂ ਜਿਥੇ ਅੱਖਰ ਬੋਲਿਆ ਕਰਨਗੇ, 'ਅਸੀਂ ਵੀ ਨੁਸਰਤ ਨੂੰ ਜਾਣਦੇ ਹਾਂ, ਮਿਲੇ ਸਾਂ, ਘੁੱਟ ਕੇ ਮਿਲੇ ਸਾਂ।'

ਨੁਸਰਤ ਨੇ ਸੁਰਿੰਦਰ ਕੌਰ ਦਾ ਹਾਲ ਪੁੱਛਿਆ, ਯਮਲੇ ਜੱਟ ਦੀ ਗੱਲ ਕੀਤੀ, ਮਾਣਕ ਦੀ ਤਾਰੀਫ਼ ਕੀਤੀ, ਸ਼ਿਵ ਤੇ ਅੰਮ੍ਰਿਤਾ ਪ੍ਰੀਤਮ ਦੀ ਸ਼ਾਇਰੀ ਦੇ ਬੋਲ ਕਹੇ; ਤੇ ਜਿਹੜੀ ਗੱਲ ਹੋਰ ਉਹਨੇ ਸਿਰ ਸਿੱਧਾ ਕਰ ਕੇ ਕਹੀ ਸੀ ਕਿ 'ਬਰਮਿੰਘਮ ਵਾਲੇ ਚੌਹਾਨ ਦੇ ਆਖੇ ਲੱਗ ਕੇ ਅਸ਼ੋਕ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰ ਲੈਣ ਵਾਲੇ ਭਗਤ ਰਵਿਦਾਸ ਜੀ ਨੂੰ ਗਾਇਆ ਹੈ ਹੁਣ।' ਜੁਆਬ ਉਹਦਾ ਭਾਵੇਂ ਖਾਸ ਨਾ ਵੀ ਹੋਵੇ ਪਰ ਇਹ ਗੱਲ ਜ਼ਰੂਰ ਕਹਾਂਗਾ ਕਿ ਸੰਗੀਤ ਵਿਚ ਧਰਮ/ਮਜ਼ਹਬ ਅੱਗੇ ਨਹੀਂ, ਪਿੱਛੇ ਹੋ ਕੇ ਤੁਰਦੇ ਆਏ ਹਨ।

ਉਦੋਂ ਮੈਨੂੰ ਹੋਟਲ ਦੀਆਂ ਪੌੜੀਆਂ ਉਤਰਦਿਆਂ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਇਸ ਮਹਾਨ ਸੁਰ ਦੇ ਮੁੜ ਕਦੀ ਇੰਨੇ ਨੇੜਿਓਂ ਦੀਦਾਰ ਨਹੀਂ ਹੋਣਗੇ, ਪਰ ਇਸ ਗੱਲ ਦੀ ਲੋਅ ਜ਼ਰੂਰ ਹੋ ਗਈ ਸੀ ਕਿ ਵਾਹਗਾ ਬਾਰਡਰ ਭਾਵੇਂ ਸੌ ਵਾਰੀ ਨਾ ਖੁੱਲ੍ਹੇ, ਪਰ ਕਈ ਕਿਤਾਬਾਂ ਦੋਵੇਂ ਮੁਲਕ 'ਕੱਠੇ ਬੈਠ ਕੇ ਲਿਖ ਰਹੇ ਹਨ। ਸਾਢੇ ਬਾਰਾਂ ਹਜ਼ਾਰ ਦੀ ਸਮਰੱਥਾ ਵਾਲੇ ਜਿਸ ਬੈਂਬਲੀ ਅਰੀਨਾ ਵਿਚ ਨੁਸਰਤ ਗਾ ਰਿਹਾ ਸੀ, ਉਥੇ ਇਸ ਤੋਂ ਪਹਿਲਾਂ ਸਾਡਾ ਕੁਲਦੀਪ ਮਾਣਕ 'ਸਾਹਿਬਾਂ ਬਣੀ ਭਰਾਵਾਂ ਦੀ' ਗਾ ਚੁੱਕਾ ਸੀ ਅਤੇ ਇਹ ਵੀ ਕਹਿ ਚੁੱਕਾ ਸੀ ਕਿ ਮਿਰਜ਼ਾ ਸਾਹਿਬਾਂ ਦੀਆਂ ਕਬਰਾਂ ਅਸੀਂ ਚੜ੍ਹਦੇ ਪਾਸੇ ਨਹੀਂ, ਲਹਿੰਦੇ ਪਾਸੇ ਉਧਰ ਉਥੇ ਹੀ ਛੱਡ ਆਏ ਹਾਂ!

ਪੰਜਾਬ ਵਿਚਲਾ ਭਾਨਾ ਢੋਲੀ ਵੀ ਮਿੱਤਰ ਰਿਹਾ ਹੈ ਤੇ ਜਿਨ੍ਹਾਂ ਨੇ ਵਲਾਇਤ ਵਿਚ ਧੁਨਾਂ ਤੇ ਤਾਲ 'ਕੱਠੇ ਉਠਦੇ ਦੇਖੇ ਹਨ, ਉਨ੍ਹਾਂ ਨੂੰ ਇਹ ਵੀ ਪਤਾ ਹੈ ਕਿ ਬਰਮਿੰਘਮ ਰਹਿੰਦੇ ਗੁਰਚਰਨ ਮੱਲ ਢੋਲ ਦੇ ਤਿੰਨੇ ਤਾਲ ਸਿਰਜਣ ਵਿਚ ਹੀ ਮਾਹਿਰ ਨਹੀਂ, ਸਗੋਂ ਵਿਦੇਸ਼ਾਂ ਦੀ ਧਰਤੀ 'ਤੇ ਉਸ ਨੇ ਇਸ ਸਾਜ਼ ਨੂੰ ਮਾਣ ਵੀ ਬੜਾ ਵੱਡਾ ਲੈ ਕੇ ਦਿੱਤਾ ਹੈ। ਗੁਰਦਾਸ ਮਾਨ ਦੇ ਰੋਟੀ ਵਾਲੇ ਗੀਤ ਵਿਚ ਮੂਧੇ ਕਰ ਕੇ ਵਿਖਾਏ ਢੋਲ ਸਹੀ ਲਫ਼ਜ਼ਾਂ ਵਿਚ ਫਿਲਮਾਂਕਣ ਹੈ। ਉਹ ਵੱਜ ਨਹੀਂ ਰਹੇ ਪਰ ਗੁਰਚਰਨ ਮੱਲ ਨੇ ਇਕੱਠੇ ਸੋਲਾਂ ਢੋਲਾਂ ਦਾ ਵਾਦਨ ਕਈ ਵਾਰ ਆਪਣੀ ਟੀਮ ਨਾਲ ਕਰ ਕੇ ਵਿਖਾਇਆ ਹੈ। ਸਾਲ 2000 ਵਿਚ ਫ਼ਖ਼ਰ ਜ਼ਮਾਨ ਦੀ ਲੰਡਨ ਵਿਚ ਹੋਈ ਵਿਸ਼ਵ ਪੰਜਾਬੀ ਕਾਨਫਰੰਸ 'ਤੇ ਹਰਭਜਨ ਹਲਵਾਰਵੀ ਨਾਲ ਮੈਂ ਵੀ ਗਿਆ।



*ਕਵੈਂਟਰੀ ਵਿਚ ਮਲਕੀਤ, ਐਸ. ਅਸ਼ੋਕ ਭੌਰਾ ਤੇ ਗੀਤਕਾਰ ਡਾਕਟਰ ਬੱਲ ਸਿੱਧੂ ਆਪਣੇ ਘਰੇ ਪਰਿਵਾਰ ਨਾਲ*

ਉਦੋਂ ਉਹ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਸੀ। ਇਸ ਕਾਨਫਰੰਸ ਦੌਰਾਨ ਦੋ ਦਿਨ ਤਾਂ ਚਲੋ ਸਾਹਿਤਕਾਰਾਂ ਨਾਲ ਗੁਜ਼ਾਰ ਲਏ, ਪਰ ਕੁਝ ਖਾਸ ਇਹ ਹੋਇਆ ਸੀ ਕਿ ਕਵੈਂਟਰੀ ਇਕ ਮੇਲੇ 'ਤੇ ਰਾਤ ਵੇਲੇ ਇਕੱਤਰ ਹੋਏ ਤਾਂ ਸਾਡੇ ਵਾਲੇ ਮਕਸਦ ਵਿਚ ਹੀ ਪਏ ਗੀਤਕਾਰ ਇੰਦਰਜੀਤ ਹਸਨਪੁਰੀ ਨੇ ਬਿਨਾਂ ਸਾਜ਼ਾਂ ਤੋਂ ਗਾ ਕੇ, ਝੂਠ ਨਹੀਂ, ਮੇਲੇ ਦਾ ਪਹਿਲਾ ਭਾਗ ਲੁੱਟ ਲਿਆ ਸੀ। ਗੀਤ ਦੇ ਬੋਲ ਚੇਤੇ ਵਿਚ ਹਾਲੇ ਵੀ ਖੌਰੂ ਪਾ ਰਹੇ ਹਨ,

ਪੀਲਾ ਸੂਟ ਪਾ ਕੇ ਤੂੰ ਸਰੋਂ ਦਾ ਫੁੱਲ ਲੱਗਦੀ
ਲਾਲ ਪਾ ਕੇ ਲੱਗਦੀ ਗੁਲਾਬ ਨੀ ਪੰਜਾਬਣੇ...
ਤੇਰਾ ਨਹੀਂਓ ਜੱਗ 'ਤੇ ਜਵਾਬ ਨੀ ਮਜਾਜਣੇ।

ਮੰਨੋ ਕਿ ਮੇਲੇ ਵਿਚ ਹਰ ਹੱਥ ਨੇ ਤਾਲੀ ਵਜਾਈ ਤੇ ਹਰ ਉਹ ਲੱਕ ਮਟਕਿਆ ਜੋ ਤੰਦਰੁਸਤ ਸੀ। ਅਗਲੇ ਦਿਨ ਉਥੇ ਹੀ ਬਲਦੇਵ ਮਸਤਾਨੇ ਦੇ ਰਿਕਾਰਡਿੰਗ ਸਟੂਡੀਓ ਵਿਚ ਕਵੀ ਦਰਬਾਰ ਸੀ ਤੇ ਮੇਰੇ ਨਾਲ ਆਜ਼ਾਦ ਜਲੰਧਰੀ ਦਾ ਸਨਮਾਨ। ਆਜ਼ਾਦ ਨਾਲ ਇਹ ਮੇਰੀ ਪਹਿਲੀ ਮੁਲਾਕਾਤ ਸੀ, ਪਰ ਅਮਰਜੀਤ ਚੰਦਨ ਦੇ ਦੇਰ ਬਾਅਦ ਦਰਸ਼ਨ ਹੋਏ ਸਨ। ਸਾਡਾ ਨਿੱਘਾ ਮਿੱਤਰ ਦੇਵ ਰਾਜ ਜੱਸਲ ਘੁੱਟ ਕੇ ਮਿਲਿਆ, ਤੇ ਮੇਰੇ ਗੁਆਂਢੀ ਪਿੰਡ ਤੋਂ ਦਵਿੰਦਰ ਨੌਰਾ ਵੀ। ਗਾਇਕ ਕੰਗ ਨੂੰ ਪਹਿਲੀ ਵਾਰ ਕਿਸੇ ਕਵੀ ਦਰਬਾਰ ਵਿਚ ਵੇਖਿਆ ਸੀ। 'ਹੁੰਦੇ ਮਾਪਿਆਂ ਨੂੰ ਪੁੱਤਰ ਪਿਆਰੇ', 'ਜ਼ਿੰਦਗੀ ਮੁੱਕਦੀ ਜਾਂਦੀ ਆ', 'ਗਿੱਧਿਆਂ ਦੀ ਰਾਣੀ' ਤੇ 'ਬਾਰੀ ਵਿਚ ਖਲੋ ਕੇ ਅੱਖ ਮਾਰੀ' ਵਰਗੇ ਗੀਤ ਲਿਖਣ ਵਾਲਾ ਹਰਬੰਸ ਜੰਡੂ ਉਦੋਂ ਤੋਂ ਮੇਰਾ ਪਿਆਰਾ ਮਿੱਤਰ ਬਣਿਆ। ਅਗਲੇ ਦਿਨ ਕੰਗ ਦੇ ਘਰ ਵਾਲਸਲ ਸ਼ਹਿਰ ਗਿਆ ਤਾਂ ਪਤਾ ਲੱਗਾ ਕਿ ਜਿਹੜਾ ਨਾਂ ਗੁਰੂ ਗੋਰਖ ਨਾਥ ਦੇ ਗੁਰੂ ਦਾ ਸੀ, ਉਹ ਏ.ਐਸ. ਕੰਗ ਦੇ ਵੱਡੇ ਪੁੱਤਰ ਦਾ ਸੀ, ਯਾਨਿ ਮਛੰਦਰ। ਕੰਗ ਨੂੰ ਤਾਂ ਖੈਰ ਕੁਲਥਮ ਵੀ ਮਿਲਿਆ ਸਾਂ, ਢਾਹਾਂ ਕਲੇਰਾਂ ਵੀ ਪਰ ਬੀਬਾ ਤੇ ਨਿਮਰਤਾ ਵਾਲਾ ਇਹ ਗਾਇਕ ਮਛੰਦਰ ਨਾਂ ਰੱਖ ਕੇ ਇੰਨਾ ਸਿਧਰਾ ਵੀ ਨਹੀਂ ਲੱਗ ਰਿਹਾ ਸੀ। 'ਰਾਇਲ ਸਲੂਟ' ਦਾਰੂ ਉਦੋਂ ਮੈਂ ਕੰਗ ਦੇ ਘਰ ਪਹਿਲੀ ਵਾਰ ਪੀਤੀ ਸੀ।

ਅੱਜ ਕੱਲ੍ਹ ਜਿਹੜੀ ਗੱਲ ਆਮ ਲੋਕਾਂ ਲਈ ਆਮ ਹੈ, ਉਹ ਸਾਲ 2000 ਵਿਚ ਨਾ ਸਿਰਫ਼ ਮੇਰੇ ਲਈ, ਸਗੋਂ ਗਾਇਕ ਮਲਕੀਤ ਲਈ ਵੀ ਖਾਸ ਸੀ। ਬਰਮਿੰਘਮ ਦੇ ਲਹਿੰਦੇ ਪਾਸੇ ਛੋਟੇ ਜਿਹੇ ਕਸਬੇ ਵਿਚ ਮਲਕੀਤ ਨੂੰ ਮਿਲਣ ਗਿਆ। ਉਹਦੀ ਬੀਅਰ ਬਾਰ ਦੀ ਤਾਰੀਫ਼ ਤਾਂ ਚੱਲੋ ਕਰਨੀ ਬਣਦੀ ਸੀ, ਪਰ ਜਿਹੜੀ ਘਟਨਾ ਉਸ ਦਿਨ ਘਟੀ, ਉਹ ਸੁਣੋ: ਉਹਨੇ ਰਿਮੋਟ ਨਾਲ ਗਰਾਜ ਦਾ ਦਰਵਾਜ਼ਾ ਖੋਲ੍ਹਿਆ, ਨਵੀਂ ਕਾਰ ਵਿਚ ਬਿਠਾਇਆ। ਗੇਟ ਵੀ ਰਿਮੋਟ ਨਾਲ ਹੀ ਖੁੱਲ੍ਹਿਆ, ਤੇ ਮੇਨ ਸੜਕ 'ਤੇ ਚੜ੍ਹਨ ਤੋਂ ਪਹਿਲਾਂ ਉਸ ਨੇ ਗੱਡੀ ਦੀ ਟੇਪ ਰਿਕਾਰਡ ਵਾਲੀ ਥਾਂ ਹੇਠਾਂ ਕੁਝ ਬਟਨ ਦੱਬੇ ਤੇ ਬੋਲਿਆ... 'ਭੌਰੇ ਵੀਰ, ਹੁਣ ਔਰਤ ਬੋਲੇਗੀ। ਜਿਹੜਾ ਐਡਰੈਸ ਮੈਂ ਭਰਿਆ, ਉਹ ਸੱਜੇ ਮੁੜ ਖੱਬੇ ਮੁੜ, ਸ਼ਾਰਟਕੱਟ ਜਾਣਾ ਕਿ ਘੁੰਮ ਕੇ, ਕਿੰਨੇ ਕਿਲੋਮੀਟਰ 'ਤੇ ਹੈ, ਸਭ ਦੱਸੀ ਜਾਵੇਗੀ ਤੇ ਉਸ ਘਰ ਆਪਣੇ ਆਪ ਲੈ ਜਾਵੇਗੀ।' ਇਕ ਵਾਰ ਉਹਨੇ ਗਲਤ ਮੋੜਿਆ ਤਾਂ ਉਹ ਬੋਲੀ, 'ਮੇਕ ਯੂ ਟਰਨ।' ਮਲਕੀਤ ਹੁੱਬ ਕੇ ਕਹਿਣ ਲੱਗਾ, 'ਵੇਖ ਲੈ, ਇਹਨੂੰ ਪਤਾ ਕਿ ਅਸੀਂ ਗਲਤ ਹੋ ਗਏ ਹਾਂ।' ਰੱਬ ਦੀ ਸਹੁੰ, ਉਦੋਂ ਮੇਰੇ ਲਈ ਹੀ ਨਹੀਂ, ਬਹੁਤਿਆਂ ਲਈ ਇਹ ਸਭ ਕੁਝ ਨਵਾਂ ਹੀ ਸੀ ਜਿਸ ਨੂੰ ਕੱਲ੍ਹ ਹਰ ਬੰਦਾ 'ਨੈਵੀਗੇਸ਼ਨ' ਦੇ ਨਾਂ ਹੇਠ ਆਪਣੀ ਗੱਡੀ ਵਿਚ ਇਹ ਬੀਬੀ ਬਿਠਾਈ ਬੈਠਾ ਹੈ।

'ਪਾਓ ਭੰਗੜੇ ਕਰੋ ਚਿੱਤ ਰਾਜ਼ੀ ਸੜਦਿਆਂ



*ਬਲਦੇਵ ਮਸਤਾਨੇ ਦੇ ਸਟੂਡੀਓ ਵਿਚ ਕਵੀ ਦਰਬਾਰ ਸਮੇਂ ਹਾਜ਼ਰ ਕਵੀਆਂ ਵਿਚ ਬੈਠੇ ਗੀਤਕਾਰ ਦੇਵ ਰਾਜ ਜੱਸਲ, ਮਸਤਾਨਾ ਤੇ ਕੰਗ*

(ਬਾਕੀ ਸਫਾ 29 'ਤੇ)

ਗੁਰਮਤਿ ਵਿਚਾਰ

# 'ਨਾਨਕ' ਸ਼ਬਦ ਦੇ ਵੱਖ-ਵੱਖ ਰੂਪ

'ਨਾਨਕ' ਸ਼ਬਦ ਸਿੱਖ ਗੁਰੂ ਸਾਹਿਬਾਨ ਵਲੋਂ ਲਿਖੀ ਬਾਣੀ ਦੀ ਮੋਹਰ ਹੈ। ਜਿਸ ਲਿਖਤ ਵਿਚ ਇਹ ਮੋਹਰ ਨਹੀਂ ਲੱਗੀ ਉਹ ਰਚਨਾ 'ਨਾਨਕ' ਜੋਤਿ ਰਚਿਤ ਨਹੀਂ ਹੁੰਦੀ। ਗੁਰੂ ਗ੍ਰੰਥ ਸਾਹਿਬ ਵਿਚ 'ਨਾਨਕ' ਸ਼ਬਦ ਦੇ ਵੱਖ-ਵੱਖ ਸੱਤ ਸਰੂਪ ਮਿਲਦੇ ਹਨ। ਅਜਿਹਾ ਗੁਰਬਾਣੀ ਵਿਚ ਵਰਤੀ ਵਿਆਕਰਣ ਦੇ ਅੱਠ ਕਾਰਕਾਂ (ਕਰਤਾ, ਕਰਮ, ਕਰਣ, ਸੰਪਰਦਾਨ, ਅਪਾਦਾਨ, ਸਬੰਧ, ਅਧਿਕਰਣ ਅਤੇ ਸੰਬੋਧਨ) ਦੀ ਵਰਤੋਂ ਕਰਕੇ ਹੈ।

ਗੁਰਬਾਣੀ ਵਿਆਕਰਣ ਦੇ ਖੇਤਰ ਵਿਚ ਕੰਮ ਕਰਦਿਆਂ ਪ੍ਰਿੰਸੀਪਲ ਤੇਜਾ ਸਿੰਘ ਨੇ ਸੰਨ

ਪ੍ਰੋ. ਕਸ਼ਮੀਰਾ ਸਿੰਘ
ਫੋਨ: 801-414-0171

1922-23 ਵਿਚ 'ਸ਼ਬਦਾਂਤਕ ਲਗਾਂ ਮਾਤਰਾਂ ਦੇ ਗੁੱਝੇ ਭੇਦ' ਛੋਟੀ ਜਿਹੀ ਪੁਸਤਕ ਲਿਖੀ। ਲੇਖਕ ਨੇ ਸ਼ਬਦਾਂਤਕ ਲਗਾਂ ਨੂੰ ਅਤੇ ਸ਼ਬਦ-ਜੋੜਾਂ ਵਿਚੋਂ ਹੋਰ ਬਹੁਤ ਕੁਝ ਛੱਡ ਦੇਣ ਲਈ ਪੁਸਤਕ ਵਿਚ ਲਿਖ ਦਿੱਤਾ, ਜਿਵੇਂ ਗਾਵਹੁ ਨੂੰ ਗਾਵੋ ਬੋਲੋ, ਸੰਤਹੁ ਨੂੰ ਸੰਤੋ ਬੋਲੋ, ਪਿਆਰਿਹੁ ਨੂੰ ਪਿਆਰਿਓ, ਸਦਿਅਹੁ ਨੂੰ ਸਦਿਓ ਬੋਲੋ ਆਦਿਕ ਲਿਖ ਕੇ ਸ਼ਬਦ-ਜੋੜਾਂ ਦੇ ਸਰੂਪਾਂ ਨੂੰ ਬਦਲ ਦੇਣ ਦੀਆਂ ਗਲਤ ਲੀਹਾਂ ਪਾਈਆਂ ਤੇ ਸਿੱਖ ਮਿਸ਼ਨਰੀ ਕਾਲਜਾਂ ਨੇ ਵੀ ਬਿਨਾਂ ਘੋਖਿਆਂ ਇਸ ਨੂੰ ਅਪਨਾ ਲਿਆ।

ਪ੍ਰੋ. ਸਾਹਿਬ ਸਿੰਘ ਨੇ ਤੇਰਾਂ ਸਾਲਾਂ ਦਾ ਲੰਬਾ ਸਮਾਂ ਲਾ ਕੇ 'ਗੁਰਬਾਣੀ ਵਿਆਕਰਣ' ਨਾਂ ਦੀ ਪੁਸਤਕ ਸੰਨ 1932 ਵਿਚ ਲਿਖੀ ਜੋ ਸੰਨ 1939 ਵਿਚ ਪ੍ਰਕਾਸ਼ਤ ਹੋਈ। ਇਸ ਮਿਹਨਤ ਬਦਲੇ ਉਸ ਸਮੇਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲੇਖਕ ਨੂੰ ਇੱਕ ਹਜ਼ਾਰ ਰੁਪਏ ਇਨਾਮ ਵਜੋਂ ਦਿੱਤੇ। ਗੁਰਬਾਣੀ ਦੇ ਠੀਕ ਅਰਥ ਸਮਝਣ ਵਾਲੇ ਜਗਿਆਸੂਆਂ ਨੇ ਵੀ ਲੇਖਕ ਨੂੰ ਸ਼ਾਬਾਸ਼ ਦਿੱਤੀ। ਇਹ ਪੁਸਤਕ ਗੁਰਬਾਣੀ ਦੇ ਠੀਕ ਅਰਥ ਵਿਗਿਆਨਕ ਢੰਗ ਨਾਲ ਸਮਝਣ ਲਈ ਮੀਲ ਪੱਥਰ ਸਾਬਤ ਹੋਈ।

ਪੰਡਿਤ ਕਰਤਾਰ ਸਿੰਘ ਦਾਖਾ ਨੇ 'ਸ੍ਰੀ ਗੁਰੂ ਵਿਆਕਰਣ ਪੰਚਾਇਣ' ਨਾਂ ਦੀ ਪੁਤਸਕ ਸਾਲ 1944-45 ਵਿਚ ਲਿਖੀ, ਭਾਈ ਰਣਧੀਰ ਸਿੰਘ ਨੇ 'ਗੁਰਬਾਣੀ ਲਗਾਂ ਮਾਤਰਾਂ ਦੀ ਵਿਲੱਖਣਤਾ' ਨਾਮੀ ਪੁਸਤਕ ਸਾਲ 1954 ਵਿਚ ਪ੍ਰਕਾਸ਼ਤ ਕਰਵਾਈ ਅਤੇ ਭਾਈ ਜੁਗਿੰਦਰ ਸਿੰਘ ਤਲਵਾੜਾ ਨੇ 'ਸਰਲ ਗੁਰਬਾਣੀ ਵਿਆਕਰਣ' (ਗੁਰਬਾਣੀ ਵਿਆਕਰਣ ਦੇ ਹਰ ਪਹਿਲੂ ਨੂੰ ਆਮ ਜੀਵਨ ਅਤੇ ਗੁਰਬਾਣੀ ਵਿਚੋਂ ਉਦਾਹਰਣਾਂ ਰਾਹੀਂ ਸਮਝਣ ਲਈ ਹੋਰ ਸੁਖੈਨ ਬਣਾਇਆ ਗਿਆ ਹੈ), ਦੋ ਭਾਗਾਂ ਵਿਚ ਲਿਖੀ ਜੋ ਸਾਲ 2004 ਵਿਚ ਸਿੰਘ ਬ੍ਰਦਰਜ਼ ਵਲੋਂ ਛਾਪੀ ਗਈ। ਸਭ ਤੋਂ ਵੱਧ ਪ੍ਰਭਾਵਸ਼ਾਲੀ ਕੰਮ ਪ੍ਰੋ. ਸਾਹਿਬ ਸਿੰਘ ਦੇ ਹਿੱਸੇ ਆਇਆ ਭਾਵੇਂ ਹੋਰਾਂ ਨੇ ਵੀ ਆਪੋ ਆਪਣਾ ਯੋਗਦਾਨ ਪਾਇਆ। ਪ੍ਰੋ. ਸਾਹਿਬ ਵਲੋਂ ਕੀਤਾ ਟੀਕਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਅੱਜ ਸਿੱਖ ਜਗਤ ਨੂੰ ਠੀਕ ਸੇਧ ਦੇ ਰਿਹਾ ਹੈ। ਬਹੁਤੇ ਧਰਮ ਸਥਾਨਾਂ 'ਤੇ ਲਿਖੇ ਹੁਕਮਨਾਮੇ ਦੇ ਅਰਥ ਇਸੇ ਦਰਪਨ ਵਿਚੋਂ ਹੀ ਹੁੰਦੇ ਹਨ।

ਗੁਰਬਾਣੀ ਵਿਆਕਰਣ ਅਨੁਸਾਰ 'ਨਾਨਕ' ਸ਼ਬਦ ਦੇ ਸਾਰੇ ਸਰੂਪਾਂ ਦੀ ਵਿਚਾਰ ਕਰਦੇ ਹਾਂ,

**1. ਲਿਖਤ ਵਿਚ 'ਨਾਨਕ'**

'ਨਾਨਕ' ਸ਼ਬਦ ਦੇ ਅਰਥ ਪ੍ਰਕਰਣ ਅਨੁਸਾਰ ਇਸ ਤਰ੍ਹਾਂ ਬਣਦੇ ਹਨ-

(ੳ) ਜੇ 'ਨਾਨਕ' ਸ਼ਬਦ ਦੇ ਅੱਗੇ ਸਬੰਧਕ ( ਦਾ, ਦੇ, ਦੀ, ਕਾ, ਕੇ, ਕੀ, ਆਦਿਕ) ਪ੍ਰਗਟ ਜਾਂ ਗੁਪਤ ਲੱਗਾ ਹੋਵੇ ਤਾਂ ਅਰਥ ਬਣਨਗੇ- ਨਾਨਕ ਦਾ, ਨਾਨਕ ਦੀ, ਨਾਨਕ ਕੇ ਆਦਿਕ; ਸੰਬੰਧਕ 'ਨਾਨਕ' ਸ਼ਬਦ ਨਾਲ ਜੁੜੇਗਾ। ਇਹ 'ਨਾਨਕ' ਸ਼ਬਦ ਦੀ ਸੰਬੰਧ ਕਾਰਕੀ ਵਰਤੋਂ ਹੈ।

(ਅ) ਜੇ 'ਨਾਨਕ' ਸ਼ਬਦ ਦੇ ਅੱਗੇ ਗੁਪਤ ਜਾਂ ਪ੍ਰਗਟ ਸੰਬੰਧਕ ਨਾ ਹੋਵੇ ਤਾਂ ਅਰਥ ਪ੍ਰਕਰਣ ਅਨੁਸਾਰ ਸੰਬੋਧਨ ਕਾਰਕ ਅਨੁਸਾਰ- 'ਹੇ ਨਾਨਕ! (ਆਖ...)' ਵਿਚ ਵੀ ਹੋ ਸਕਦੇ ਹਨ (ਨਾਨਕ ਦਾ, ਨਾਨਕ ਦੀ ਆਦਿਕ ਅਰਥ ਨਹੀਂ ਬਣਨਗੇ।) 'ਨਾਨਕ' ਸ਼ਬਦ ਦੀ ਵਰਤੋਂ 4446 ਵਾਰੀ ਹੋਈ ਹੈ। ਅਠਾਈ ਵਾਰੀ ਜਪੁਜੀ ਵਿਚ ਸੰਬੋਧਨ ਰੂਪ ਵਿਚ ਵਰਤਿਆ ਹੈ।

(ੲ) 'ਨਾਨਕ' ਸ਼ਬਦ ਦੀ ਵਰਤੋਂ ਸੰਪਰਦਾਨ ਕਾਰਕ ਵਿਚ ਵੀ ਹੋਈ ਹੈ। ਜਿੱਥੇ ਸੰਬੋਧਨ ਕਾਰਕ ਨਾ ਹੋਵੇ, ਉਥੇ ਇਹ ਸੰਪਰਦਾਨ ਕਾਰਕ ਵਿਚ ਵੀ ਹੋ ਸਕਦਾ ਹੈ। ਜਿਵੇਂ ਕੋਈ ਮੰਗ ਕੀਤੀ ਗਈ ਹੋਵੇ ਕਿ 'ਨਾਨਕ ਦੀਜੈ ਸਾਧ ਰਵਾਲਾ॥' ਰਵਾਲਾ ਕਿਸ ਵਾਸਤੇ ਹੈ? ਉਤਰ- ਨਾਨਕ ਵਾਸਤੇ। 'ਨਾਨਕ' ਸ਼ਬਦ ਸੰਪਰਦਾਨ ਕਾਰਕ ਵਿਚ ਹੁੰਦਾ ਹੈ ਜਿੱਥੇ ਕਿਰਿਆ ਦਾ ਕੰਮ ਨਾਂਵ ਦੇ ਵਾਚਕ ਸ਼ਬਦ ਵਾਸਤੇ ਕੀਤਾ ਗਿਆ ਹੋਵੇ। ਗੁਰੂ ਗ੍ਰੰਥ ਸਾਹਿਬ ਦੇ ਅੰਗ 194 ਦੀ 19ਵੀਂ ਸਤਰ ਅਤੇ ਅੰਗ 262 ਦੀ ਪਹਿਲੀ ਸਤਰ ਉਤੇ 'ਨਾਨਕ' ਸ਼ਬਦ ਦੀ ਇਹ ਵਰਤੋਂ ਹੈ। ਇਸ ਕਾਰਕ ਦੀ ਪਛਾਣ- 'ਨਾਨਕ ਦੀਜੈ ਨਾਮ ਦਾਨੁ' ਵਾਕ ਅੰਸ਼ ਵਿਚ ਕੀ ਦੇਣਾ ਹੈ? ਪ੍ਰਸ਼ਨ ਦਾ ਉਤਰ ਹੈ- 'ਦਾਨੁ' ਜੋ 'ਕਰਮ ਕਾਰਕ' ਵਿਚ ਹੈ। ਕਿਸ ਨੂੰ ਨਾਮ ਦਾਨੁ ਦੇਣਾ ਹੈ? ਜਾਂ ਦਾਨੁ ਕਿਸ ਵਾਸਤੇ ਹੈ? ਦਾ ਉਤਰ ਹੈ- 'ਨਾਨਕ ਨੂੰ' ਜਾਂ 'ਨਾਨਕ ਵਾਸਤੇ' ਹੈ, ਸੋ ਨਾਨਕ ਸ਼ਬਦ ਸੰਪਰਦਾਨ ਕਾਰਕ ਵਿਚ ਹੈ। ਜਿਸ ਨੂੰ ਕੋਈ ਵਸਤੂ ਦਿੱਤੀ ਜਾਵੇ ਜਾਂ ਜਿਸ ਲਈ ਕੋਈ ਕੰਮ ਕੀਤਾ ਜਾਵੇ, ਉਸ ਨਾਂਵ ਦਾ ਵਾਚਕ ਸ਼ਬਦ ਸੰਪਰਦਾਨ ਕਾਰਕ 'ਚ ਹੁੰਦਾ ਹੈ। ਸੰਪਰਦਾਨ ਦਾ ਅਰਥ ਹੈ- ਦੇਣਾ। ਅਰਥਾਂ 'ਚ 'ਨਾਨਕ' ਸ਼ਬਦ ਨਾਲ 'ਨੂੰ' ਵਰਤਾਂਗੇ।

(ਸ) 'ਨਾਨਕ' ਸ਼ਬਦ ਦੀ ਵਰਤੋਂ ਕਰਮ ਕਾਰਕ ਵਿਚ ਵੀ ਹੋਈ ਹੈ। 'ਨਾਨਕ ਕਉ ਪ੍ਰਭ ਰਾਖਿ ਲੇਹੁ' ਵਾਕ-ਅੰਸ਼ ਵਿਚ 'ਨਾਨਕ ਕਉ' ਦਾ ਅਰਥ ਹੈ 'ਨਾਨਕ ਨੂੰ।' ਕਿਸ ਨੂੰ ਰੱਖਣਾ ਹੈ? ਨਾਨਕ ਨੂੰ। ਸੋ 'ਨਾਨਕ' ਸ਼ਬਦ ਕਰਮ ਕਾਰਕ ਵਿਚ ਹੈ। ਰੱਖਣ ਦਾ ਸਿੱਧਾ ਅਸਰ 'ਨਾਨਕ' ਸ਼ਬਦ ਉਤੇ ਹੈ। 'ਕਉ' ਦਾ ਅਰਥ ਹੈ- ਨੂੰ। 'ਨਾਨਕ' ਸ਼ਬਦ ਦਾ ਕੱਕਾ (ਕ) ਮੁਕਤਾ ਬੋਲਣ ਤੇ ਸ਼ਬਦ-ਸਰੂਪ ਸਪੱਸ਼ਟ ਹੋਵੇਗਾ।

**2. ਲਿਖਤ ਵਿਚ 'ਨਾਨਕਹ'**

ਇਹ ਸ਼ਬਦ ਸੰਬੋਧਨ ਕਾਰਕ ਵਿਚ ਵਰਤਿਆ ਹੈ। ਅਰਥ ਹੈ- ਹੇ ਨਾਨਕ! (ਆਖ...)। ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਇੱਕ ਵਾਰੀ ਅੰਗ 1354 ਦੀ ਦੂਜੀ ਸਤਰ ਉਤੇ ਹੈ। ਅੰਤਿਕ ਹਾਹਾ (ਹ) ਬੋਲਣ 'ਤੇ ਸ਼ਬਦ-ਸਰੂਪ ਸਪੱਸ਼ਟ ਹੋਵੇਗਾ।

**3. ਲਿਖਤ ਵਿਚ 'ਨਾਨਕਾ'**

ਇਹ ਸ਼ਬਦ ਸੰਬੋਧਨ ਕਾਰਕ ਵਿਚ ਹੈ। ਅਰਥ ਹੈ- ਹੇ ਨਾਨਕ! (ਆਖ...)। ਇਹ 127 ਵਾਰੀ ਵਰਤਿਆ ਗਿਆ ਹੈ। ਸ਼ਬਦਾਂਤਕ ਕੰਨਾਂ (ਾ) ਬੋਲਣ 'ਤੇ ਸਰੂਪ ਸਪੱਸ਼ਟ ਹੋਵੇਗਾ।

**4. ਲਿਖਤ ਵਿਚ 'ਨਾਨਕਿ'**

(ੳ) ਜਦੋਂ ਕਿਸ ਪ੍ਰਸ਼ਨ ਦਾ ਉਤਰ 'ਨਾਨਕ ਨੇ' ਹੋਵੇ ਤਾਂ ਸਰੂਪ 'ਨਾਨਕਿ' (ਕਰਤਾ ਕਾਰਕ) ਹੁੰਦਾ ਹੈ। ਕਿਸ ਨੇ ਸੱਚਾ ਰਾਜ ਚਲਾਇਆ? ਉਤਰ- ਨਾਨਕਿ, ਭਾਵ ਨਾਨਕ ਨੇ। ਭਾਈ ਲਹਣੇ ਦੇ ਸਿਰ ਉਤੇ ਕਿਸ ਨੇ ਗੁਰਿਆਈ ਦਾ ਛਤਰ ਧਰਿਆ? ਉਤਰ- ਨਾਨਕਿ, ਭਾਵ ਨਾਨਕ ਨੇ। ਅੰਤਿਕ ਸਿਹਾਰੀ (ਿ) ਬੋਲਣ 'ਤੇ ਸ਼ਬਦ-ਸਰੂਪ ਸਪੱਸ਼ਟ ਹੋਵੇਗਾ।

(ਅ) ਜਦੋਂ ਕਿਸੇ ਥਾਂ ਅਰਥ ਹੋਵੇ 'ਨਾਨਕ ਵਿਚ' ਤਾਂ ਵੀ ਸਰੂਪ 'ਨਾਨਕਿ' ਹੁੰਦਾ ਹੈ। ਉਦੋਂ ਇਹ ਸਰੂਪ ਅਧਿਕਰਣ ਕਾਰਕ ਵਿਚ ਹੁੰਦਾ ਹੈ।

ਇਹ ਪ੍ਰਮਾਣ ਗੁਰੂ ਗ੍ਰੰਥ ਸਾਹਿਬ ਵਿਚ ਅੰਗ 82 (10ਵੀਂ ਸਤਰ) ਉਤੇ ਹੈ। ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ॥ ਕਿਸ ਦੇ ਅੰਦਰ ਕਮਲ ਖਿੜਿਆ? ਗੁਰੂ ਨਾਨਕ ਅੰਦਰ। ਇਥੇ 'ਨਾਨਕਿ' ਸ਼ਬਦ ਦੇ ਅਰਥ ਨਾਲ 'ਅੰਦਰ' ਜਾਂ 'ਵਿਚ' ਸ਼ਬਦ ਜੁੜੇਗਾ। ਸਿਹਾਰੀ (ਿ) ਬੋਲਣ 'ਤੇ ਸ਼ਬਦ-ਸਰੂਪ ਸਪੱਸ਼ਟ ਹੋਵੇਗਾ।

(ੲ) ਜੇ ਕਿਸੇ ਥਾਂ ਅਰਥ ਹੋਣ ਕਿ ਕੋਈ ਵਸਤੂ 'ਨਾਨਕ ਰਾਹੀਂ' ਜਾਂ 'ਨਾਨਕ ਦੁਆਰਾ' ਪ੍ਰਾਪਤ ਹੋਈ ਹੈ, ਉਥੇ ਵੀ ਸਰੂਪ 'ਨਾਨਕਿ' (ਕਰਣ ਕਾਰਕ) ਹੀ ਹੋਵੇਗਾ। ਜਿਵੇਂ ਗੁਰ ਪ੍ਰਸਾਦਿ- ਗੁਰੂ ਜੀ ਦੀ ਕਿਰਪਾ ਦੁਆਰਾ। ਗੁਰੂ ਗ੍ਰੰਥ ਸਾਹਿਬ ਦੇ ਅੰਗ 1117 ਦੀ 5ਵੀਂ ਸਤਰ ਉਤੇ ਇਹ ਵਰਤੋਂ ਹੈ (...ਨਾਨਕਿ ਹਰਿ ਭਗਤਿ ਲਹੀ॥ ਅਰਥ- ਨਾਨਕ ਦੁਆਰਾ ਹਰੀ ਦੀ ਭਗਤੀ ਮਿਲੀ ਹੈ।) 'ਨਾਨਕਿ' ਸ਼ਬਦ 23 ਵਾਰ ਵਰਤਿਆ ਗਿਆ ਹੈ।

**5. ਲਿਖਤ ਵਿਚ 'ਨਾਨਕੁ'**

ਇਹ ਸ਼ਬਦ ਕਰਤਾ ਕਾਰਕ ਵਿਚ ਹੁੰਦਾ ਹੈ। ਇਹ ਸ਼ਬਦ ਪੁਲਿੰਗ ਇੱਕ-ਵਚਨ ਹੈ। ਅਰਥ ਹੋਣਗੇ- ਨਾਨਕ। ਜਿਵੇਂ ਕੌਣ ਆਇਆ ਹੈ? ਉਤਰ- ਨਾਨਕ। ਇਹ ਸ਼ਬਦ 531 ਵਾਰੀ ਵਰਤਿਆ ਗਿਆ ਹੈ। 'ਜਪੁਜੀ' ਵਿਚ ਦੋ ਵਾਰੀ ਕਰਤਾ ਕਾਰਕ ਵਿਚ ਵਰਤੋਂ ਹੈ (ਗੁਰੂ ਗ੍ਰੰਥ ਸਾਹਿਬ ਦੇ ਅੰਗ 4 (5ਵੀਂ ਸਤਰ) ਅਤੇ ਅੰਗ 6 (12ਵੀਂ ਸਤਰ) 'ਨਾਨਕੁ ਨੀਚੁ' ਅਤੇ 'ਨਾਨਕੁ ਕਿਆ ਵੀਚਾਰੇ' ਵਿਚ)। ਲੱਗਾ ਔਂਕੜ (ੁ) ਬੋਲਣ 'ਤੇ ਸ਼ਬਦ-ਸਰੂਪ ਸਪੱਸ਼ਟ ਹੋਵੇਗਾ।

**6. ਲਿਖਤ ਵਿਚ 'ਨਾਨਕੈ'**

ਕੇਵਲ ਇੱਕ ਵਾਰੀ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਅੰਗ 421 ਦੀ 18ਵੀਂ ਸਤਰ ਉਤੇ ਸੰਪਰਦਾਨ ਕਾਰਕ ਵਿਚ ਵਰਤਿਆ ਗਿਆ ਹੈ। ਅਰਥ 'ਨਾਨਕੈ' ਸ਼ਬਦ ਦਾ ਹੈ- 'ਨਾਨਕ ਨੂੰ।' ਇਸ ਨੁਕਤੇ ਨਾਲ 'ਰਾਮਦਾਸੈ ਹੋਈ ਸਹਾਇ' ਦਾ ਅਰਥ- ਗੁਰੂ ਰਾਮਦਾਸ ਜੀ ਨੂੰ ਸਹਾਈ ਹੋਈ ਬਣੇਗਾ। 'ਨਾਨਕੈ' ਸ਼ਬਦ ਦਾ ਅਰਥ ਕਦੀ ਵੀ 'ਹੇ ਨਾਨਕ!' ਨਹੀਂ ਹੁੰਦਾ ਤੇ ਇਸੇ ਤਰ੍ਹਾਂ 'ਰਾਮਦਾਸੈ' ਸ਼ਬਦ ਦਾ ਅਰਥ ਵੀ ਕਦੀ 'ਹੇ ਗੁਰੂ ਰਾਮ ਦਾਸ ਜੀ!' ਨਹੀਂ ਬਣੇਗਾ; ਇਹ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਹੈ। ਮੰਨਣ ਵਾਲਾ ਗੁਰਮੁਖ ਤੇ ਨਾ ਮੰਨਣ ਵਾਲਾ ਮਨਮੁਖ। ਲੱਗੀਆਂ ਦੁਲਾਵਾਂ (ੈ) ਬੋਲਣ 'ਤੇ ਸ਼ਬਦ-ਸਰੂਪ ਸਪੱਸ਼ਟ ਹੋਵੇਗਾ।

**7. ਲਿਖਤ ਵਿਚ 'ਨਾਨਕੋ'**

ਇਹ ਇੱਕੋ ਇੱਕ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਅੰਗ 1297 ਦੀ 7ਵੀਂ ਸਤਰ ਉਤੇ ਦਰਜ ਹੈ। ਇਹ ਸ਼ਬਦ ਅਪਾਦਾਨ ਕਾਰਕ ਵਿਚ ਨਹੀਂ ਹੈ ਭਾਵੇਂ ਇਸ ਦਾ ਚਿੰਨ੍ਹ ਹੋੜਾ ਲੱਗਾ ਹੋਇਆ ਹੈ ਕਿਉਂਕਿ ਅਰਥ 'ਨਾਨਕ ਤੋਂ' ਨਹੀਂ ਹਨ। ਇਹ ਸ਼ਬਦ 'ਜਨੁ ਨਾਨਕੁ' ਨੂੰ 'ਜਨੁ ਨਾਨਕੋ' ਰੂਪ ਵਿਚ ਲਿਖਣ 'ਤੇ ਬਣਿਆ ਹੈ। ਇਹ ਤੱਥ ਅਰਥਾਂ ਤੋਂ ਸਪੱਸ਼ਟ ਹੈ। ਇਥੇ ਇਹ ਸ਼ਬਦ ਕਰਤਾ ਕਾਰਕ ਰੂਪ ਵਿਚ ਹੈ। 'ਜਨੁ ਨਾਨਕੋ' ਦਾ ਅਰਥ ਹੈ- ਦਾਸ ਨਾਨਕ। ਕੌਣ ਪ੍ਰਭੂ ਦੀ ਸ਼ਰਣ ਵਿਚ ਹੈ? ਉਤਰ- ਦਾਸ ਨਾਨਕ ਹੈ। ਲੱਗਾ ਹੋੜਾ (ੋ) ਬੋਲਣ 'ਤੇ ਸ਼ਬਦ-ਸਰੂਪ ਸਪੱਸ਼ਟ ਹੋਵੇਗਾ।

# ਸੁਣਿਐ ਦੂਖ ਪਾਪ ਕਾ ਨਾਸੁ

ਬੇਵਕੂਫ, ਬਦਰੂਹ, ਬਦਦਿਮਾਗ, ਕਮ-ਅਕਲ ਤੀਵੀਂ। ਦੁਪਹਿਰ ਹੋ ਰਹੀ ਹੈ, ਭੁੱਖ ਨਾਲ ਜਾਨ ਨਿਕਲ ਰਹੀ ਹੈ। ਹਾਲੀ ਰੋਟੀ ਲੈ ਕੇ ਨਹੀਂ ਆਈ। ਚਰਵਾਹਾ ਰੋਣ ਹਾਕਾ ਹੋਇਆ ਬੈਠਾ ਸੀ। ਇਸ ਤਰ੍ਹਾਂ ਤਾਂ ਕਦੀ ਨਹੀਂ ਹੋਇਆ। ਕਿਤੇ ਬਿਮਾਰ ਤਾਂ ਨਹੀਂ ਹੋ ਗਈ। ਜੰਗਲ ਦਾ ਰਾਹ ਹੈ, ਜਾਨਵਰ ਹਨ, ਖਤਰਾ ਹੀ ਖਤਰਾ ਹੈ। ਮਨ ਕਹਾਣੀਆਂ

ਪ੍ਰੋ. ਹਰਪਾਲ ਸਿੰਘ
ਫੋਨ: 916-236-8830

ਪਾਉਣ ਲੱਗਾ। ਜਾਵਾਂ? ਪਤਾ ਕਰ ਆਵਾਂ? ਬੋਲੇ ਚਰਵਾਹੇ ਦਾ ਮਨ ਸ਼ੰਕਾਵਾਂ ਨਾਲ ਭਰਿਆ ਪਿਆ ਸੀ।

ਉਠਿਆ, ਰੁਕਿਆ। ਜੰਗਲ ਦਾ ਮਾਮਲਾ ਹੈ। ਸ਼ੇਰ ਹਨ, ਬਘਿਆੜ ਹਨ, ਇੱਜੜ ਹੈ; ਖਾ ਜਾਣਗੇ। ਕੋਲੋਂ ਬੱਕਰੀ ਨੇ ਮੈਂ-ਮੈਂ ਕੀਤੀ। ਭੇਡ ਨੇ ਤਰਲਾ ਕੀਤਾ- ਸਾਨੂੰ ਕਿਸ ਦੇ ਆਸਰੇ ਛੱਡ ਚੱਲਿਆ ਏਂ। ਆਸੇ-ਪਾਸੇ ਦੇਖਿਆ। ਥੋੜ੍ਹੀ ਦੂਰ ਲੱਕੜਹਾਰਾ ਪਸੀਨੋ-ਪਸੀਨੇ ਹੋਇਆ, ਲੱਕੜਾਂ ਕੱਟ ਰਿਹਾ ਸੀ। ਉਹ ਵੀ ਕੰਨਾਂ ਤੋਂ ਬੋਲਾ ਸੀ।

"ਜਨਾਬ, ਘਰਵਾਲੀ ਰੋਟੀ ਲੈ ਕੇ ਨਹੀਂ ਆਈ। ਪਤਾ ਨਹੀਂ ਕੀ ਭਾਣਾ ਵਰਤ ਗਿਆ। ਮਿਹਰਬਾਨੀ ਕਰ ਕੇ ਮੇਰੇ ਇੱਜੜ ਦਾ ਧਿਆਨ ਰੱਖਿਓ... ਮੈਂ ਪਿੰਡ ਜਾ ਕੇ ਜਲਦੀ ਪਰਤ ਆਵਾਂਗਾ।" ਚਰਵਾਹੇ ਨੇ ਬੇਨਤੀ ਕੀਤੀ।

"ਤੈਨੂੰ ਇੱਜੜ ਦੀ ਪਈ ਹੈ, ਮੈਂ ਅੱਗੇ ਹੀ ਸਤਿਆ ਪਿਆ ਹਾਂ। ਜਾਹ ਦਫਾ ਹੋ ਜਾ।" ਹੱਥ ਦਾ ਇਸ਼ਾਰਾ ਕਰਦਾ ਲੱਕੜਹਾਰਾ ਬੋਲਿਆ।

ਦਫਾ ਹੋ ਜਾ ਨੂੰ 'ਹਾਂ' ਦੀ ਸਵੀਕ੍ਰਿਤੀ ਸਮਝ, ਚਰਵਾਹਾ ਪਿੰਡ ਨੂੰ ਹੋ ਤੁਰਿਆ।

ਵਾਪਸ ਆਇਆ, ਭੇਡ-ਬੱਕਰੀਆਂ ਦੀ ਗਿਣਤੀ ਕੀਤੀ। ਸਭ ਠੀਕ। ਤਸੱਲੀ ਹੋਈ। ਸੋਚਿਆ, ਕਿਉਂ ਨਾ ਲੱਕੜਹਾਰੇ ਦਾ ਸ਼ੁਕਰੀਆ ਕਰ ਆਵਾਂ ਜਿਸ ਨੇ ਇੱਜੜ ਦੀ ਰਖਵਾਲੀ ਕੀਤੀ। ਤੁਰਿਆ, ਫਿਰ ਮੁੜਿਆ। ਖਾਲੀ ਹੱਥ ਜਾਣਾ ਚੰਗਾ ਨਹੀਂ, ਕੋਈ ਭੇਟ ਲੈ ਜਾਵਾਂ। ਬਿਮਾਰ ਤੇ ਲੰਗੜੀ ਭੇਡ ਵੱਲ ਧਿਆਨ ਗਿਆ। ਇਹਦੇ ਦੇ ਦਿੰਦਾ ਹਾਂ, ਮੇਰੇ ਤਾਂ ਕੰਮ ਦੀ ਨਹੀਂ। ਮਨ ਬੜਾ ਸ਼ੈਤਾਨ ਹੈ, ਦੰਭੀ ਹੈ। ਦੇਣ ਵੇਲੇ ਵੀ ਆਪਣੇ ਲੋਭ ਦੀ ਸੋਚਦਾ ਹੈ। ਲੰਗੜੀ ਭੇਡ ਦੇ ਗਲ ਰੱਸਾ ਪਾ, ਖਿੱਚਦਾ ਹੋਇਆ ਲੱਕੜਹਾਰੇ ਕੋਲ ਜਾ ਪਹੁੰਚਿਆ।

"ਜਨਾਬ, ਤੁਹਾਡਾ ਧੰਨਵਾਦ। ਤੁਸੀਂ ਮੇਰੇ ਇੱਜੜ ਦਾ ਧਿਆਨ ਰੱਖਿਆ। ਕ੍ਰਿਪਾ ਕਰ ਕੇ ਮੇਰੀ ਇਹ ਤੁਛ ਭੇਟ ਸਵੀਕਾਰ ਕਰੋ, ਧੰਨਵਾਦੀ ਹੋਵਾਂਗਾ।" ਉਸ ਨੇ ਲੰਗੜੀ ਭੇਡ ਵੱਲ ਇਸ਼ਾਰਾ ਕੀਤਾ।

"ਭਾਈ ਸਾਹਿਬ, ਮੈਂ ਤਾਂ ਤੇਰੇ ਇੱਜੜ ਵੱਲ ਦੇਖਿਆ ਤੱਕ ਨਹੀਂ, ਮੈਂ ਟੰਗ ਕਿਵੇਂ ਤੋੜ ਸਕਦਾ ਹਾਂ। ਤੂੰ ਝੂਠਾ ਦੋਸ਼ ਲਾ ਰਿਹਾ ਏਂ।" ਲੱਕੜਹਾਰਾ ਗੁੱਸੇ ਵਿਚ ਬੋਲਿਆ।

ਵਿਵਾਦ ਵਧ ਗਿਆ। ਇਕ ਦੇ ਰਿਹਾ ਹੈ, ਦੂਜਾ ਇਨਕਾਰੀ ਹੈ। ਕਿਹਾ ਕੁਝ ਹੋਰ ਜਾ ਰਿਹਾ ਹੈ, ਸਮਝਿਆ ਕੁਝ ਹੋਰ ਜਾ ਰਿਹਾ ਹੈ। ਬੋਲਾ ਹੋਣਾ ਦੂਜੇ ਤੋਂ ਟੁੱਟ ਜਾਣਾ ਹੈ। ਬੜੀ ਵੱਡੀ ਸਮੱਸਿਆ ਖੜ੍ਹੀ ਹੋ ਗਈ।

ਦੂਰੋਂ ਇਕ ਹੋਰ ਬੋਲਾ ਬੰਦਾ ਘੋੜਾ ਦੁੜਾਈ ਉਨ੍ਹਾਂ ਵੱਲ ਆ ਰਿਹਾ ਸੀ। ਇਸ ਸੋਚ ਕੇ, ਕਿ ਘੋੜੇ ਵਾਲੇ ਕੋਲੋਂ ਫੈਸਲਾ ਕਰਵਾ ਲੈਂਦੇ ਹਾਂ, ਦੋਹਾਂ ਨੇ ਘੋੜੇ ਦੀਆਂ ਲਗਾਮਾਂ ਖਿੱਚ ਲਈਆਂ। ਘੋੜੇ ਵਾਲੇ ਦਾ ਤ੍ਰਾਹ ਨਿਕਲ ਗਿਆ।

"ਜਨਾਬ ਮੈਂ ਇਸ ਨੂੰ ਲੰਗੜੀ ਭੇਡ ਭੇਟ ਕਰ ਰਿਹਾ ਹਾਂ। ਇਹ ਲੈਂਦਾ ਹੀ ਨਹੀਂ।" ਚਰਵਾਹਾ ਬੋਲਿਆ।

"ਜਨਾਬ ਜਦੋਂ ਮੈਂ ਇਸ ਦੇ ਇੱਜੜ ਕੋਲ ਗਿਆ ਹੀ ਨਹੀਂ, ਮੈਂ ਭੇਡ ਦੀ ਟੰਗ ਕਿਵੇਂ ਤੋੜ ਸਕਦਾ ਹਾਂ। ਇਹ ਮੇਰੇ 'ਤੇ ਝੂਠਾ ਇਲਜ਼ਾਮ ਲਾ ਰਿਹਾ ਹੈ।" ਲੱਕੜਹਾਰੇ ਨੇ ਤਰਲਾ ਕੀਤਾ।

ਘੋੜੇ ਵਾਲਾ ਸ਼ਖਸ ਚੋਰ ਸੀ, ਘੋੜਾ ਚੋਰੀ ਕਰ ਕੇ ਲਿਆਇਆ ਸੀ। ਉਸ ਨੇ ਸਮਝਿਆ ਕਿ ਘੋੜਾ ਇਨ੍ਹਾਂ ਦੋਹਾਂ ਦਾ ਹੈ। ਸੋਚਿਆ, ਅੱਜ ਫੜਿਆ ਗਿਆ ਹਾਂ।

"ਜਨਾਬ ਤੁਸੀਂ ਇਹ ਆਪਣਾ ਘੋੜਾ ਲੈ ਲਓ, ਮੈਂ ਸਹੁੰ ਖਾਂਦਾ ਹਾਂ ਕਿ ਅੱਗੇ ਤੋਂ ਚੋਰੀ ਨਹੀਂ ਕਰਾਂਗਾ। ਮੈਨੂੰ ਜਾਣ ਦਿਓ।"

ਤਿੰਨੇ ਬੋਲੇ ਹਨ, ਕੋਈ ਕਿਸੇ ਦੀ ਸਮਝ ਨਹੀਂ ਰਿਹਾ, ਵਿਵਾਦ ਚੱਲ ਰਿਹਾ ਹੈ।

ਸਰੀਰ ਦਾ ਕੋਈ ਅੰਗ ਜੇ ਰੋਗੀ ਹੋ ਜਾਵੇ ਤਾਂ ਪੀੜਾ ਸਮੁੱਚੇ ਸਰੀਰ ਨੂੰ ਝੱਲਣੀ ਪੈਂਦੀ ਹੈ। ਜੇ ਆਤਮਾ ਹੀ ਰੋਗੀ (ਬੋਲੀ) ਹੋ ਜਾਵੇ ਤਾਂ ਫਿਰ ਕੀ ਹੋਵੇਗਾ, ਸੋਚਿਆ ਹੈ ਕਦੀ?

ਜੋ ਸ਼ਕਤੀਆਂ ਤੁਹਾਡੇ ਅੰਦਰ ਹਨ, ਜੇ ਉਨ੍ਹਾਂ ਦਾ ਵਿਨਾਸ਼ ਕਰ ਲਵੋ, ਤਾਂ ਇਹ ਨਰਕ ਦਾ ਰਾਹ ਹੈ। ਜੋ ਸ਼ਕਤੀਆਂ ਤੁਹਾਡੇ ਅੰਦਰ ਹਨ,

*(ਬਾਕੀ ਸਫਾ 29 'ਤੇ)*

ਗੁਰਬਾਣੀ ਗਿਆਨ

# ਬਹੁਤੁ ਦਰਬੁ ਕਰਿ ਮਨ ਨ ਅਘਾਨਾ

**ਗਉੜੀ ਗੁਆਰੇਰੀ ਮਹਲਾ ੫**

ਬਹੁਤੁ ਦਰਬੁ ਕਰਿ ਮਨ ਨ ਅਘਾਨਾ॥
ਅਨਿਕ ਰੂਪ ਦੇਖਿ ਨਹ ਪਤੀਆਨਾ॥
ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ॥
ਓਹ ਬਿਨਸੈ ਓਇ ਭਸਮੈ ਢੇਰੀ॥੧॥
ਬਿਨੁ ਹਰਿ ਭਜਨ ਦੇਖਉ ਬਿਲਲਾਤੇ॥
ਧ੍ਰਿਗੁ ਤਨੁ ਧ੍ਰਿਗੁ ਧਨੁ
ਮਾਇਆ ਸੰਗਿ ਰਾਤੇ॥੧॥ ਰਹਾਉ॥
ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ॥
ਓਇ ਖਸਮੈ ਕੈ ਗ੍ਰਿਹਿ ਉਨ ਦੁਖ ਸਹਾਮ॥
ਜਿਉ ਸੁਪਨੈ ਹੋਇ ਬੈਸਤ ਰਾਜਾ॥
ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ॥੨॥
ਜਿਉ ਰਾਖਾ ਖੇਤ ਊਪਰਿ ਪਰਾਏ॥
ਖੇਤੁ ਖਸਮ ਕਾ ਰਾਖਾ ਉਠਿ ਜਾਏ॥
ਉਸੁ ਖੇਤ ਕਾਰਣਿ ਰਾਖਾ ਕੜੈ॥
ਤਿਸ ਕੈ ਪਾਲੈ ਕਛੂ ਨ ਪੜੈ॥੩॥
ਜਿਸ ਕਾ ਰਾਜੁ ਤਿਸੈ ਕਾ ਸੁਪਨਾ॥
ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ॥
ਆਪਿ ਬਿਨਾਹੇ ਆਪਿ ਕਰੇ ਰਾਸਿ॥
ਨਾਨਕ ਪ੍ਰਭ ਆਗੈ ਅਰਦਾਸਿ॥੪॥

ਇਸ ਸ਼ਬਦ ਵਿਚ ਗੁਰਦੇਵ ਪਿਤਾ ਜੀ ਉਪਦੇਸ਼ ਕਰਦੇ ਹਨ- ਬਹੁਤੁ ਦਰਬੁ ਕਰਿ ਮਨ ਨ ਅਘਾਨਾ, ਭਾਈ! ਬਹੁਤੀ ਧਨ ਸੰਪਦਾ ਜੋੜ ਕੇ ਵੀ ਮਨ ਕਦੀ ਰੱਜਦਾ ਨਹੀਂ; ਅਨਿਕ ਰੂਪ ਦੇਖਿ ਨਹ ਪਤੀਆਨਾ, ਅਨੇਕਾਂ ਹੀ ਖ਼ੂਬਸੂਰਤ ਸੋਹਣੀਆਂ ਔਰਤਾਂ ਦੇ ਰੂਪ ਦੇਖ-ਦੇਖ ਕੇ ਮਨ ਭਰਦਾ ਨਹੀਂ; ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ, ਜੀਵ ਇਹ ਸਮਝ ਕੇ, ਕਿ ਇਹ ਮੇਰੀ ਔਰਤ ਹੈ, ਇਹ ਮੇਰਾ ਪੁੱਤਰ ਹੈ, ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ, ਪਰ ਸਮੇਂ ਨਾਲ ਸੁੰਦਰਤਾ ਵੀ ਨਾਸ ਹੋ ਗਈ ਅਤੇ ਪਰਿਵਾਰ ਵੀ ਸੁਆਹ ਦੀ ਢੇਰੀ ਹੋ ਗਏ।

ਬਿਨੁ ਹਰਿ ਭਜਨ ਦੇਖਉ ਬਿਲਲਾਤੇ॥
ਧ੍ਰਿਗੁ ਤਨੁ ਧ੍ਰਿਗੁ ਧਨੁ
ਮਾਇਆ ਸੰਗਿ ਰਾਤੇ॥੧॥ ਰਹਾਉ॥

ਰਹਾਉ ਦੀ ਇਸ ਪੰਕਤੀ ਵਿਚ ਗੁਰਦੇਵ ਜੀ ਆਖਦੇ ਹਨ, ਹੇ ਭਾਈ! ਅਸੀਂ ਤਾਂ ਇਹ ਹੀ ਦੇਖਿਆ ਹੈ ਕਿ ਉਸ ਮਿਹਰਵਾਨ ਪ੍ਰਭੂ ਦਾ ਸਿਮਰਨ ਭਜਨ ਕਰਨ ਤੋਂ ਬਿਨਾਂ ਸਾਰੇ ਜੀਵ ਵਿਲਕਦੇ ਫਿਰਦੇ ਹਨ ਤੇ ਕਿਸੇ ਨੂੰ ਵੀ ਟਿਕਾਓ ਨਹੀਂ ਹੈ; ਹੇ ਭਾਈ! ਜੋ ਜੀਵ ਨਾਮ ਤੋਂ ਵਿਹੂਣੇ ਹਨ, ਤੇ ਮਾਇਆ ਦੇ ਮੋਹ ਵਿਚ ਹੀ ਫਸੇ ਪਏ ਹਨ, ਉਨ੍ਹਾਂ ਜੀਵਾਂ ਦਾ ਸਰੀਰ ਵੀ ਫਿਟਕਾਰ ਦੇ ਯੋਗ ਹੈ, ਤੇ ਉਨ੍ਹਾਂ ਦੀ ਇਕੱਠੀ ਕੀਤੀ ਮਾਇਆ ਵੀ ਫਿਟਕਾਰ ਯੋਗ ਹੈ ਜਿਸ ਵਿਚ ਉਹ ਫਸੇ ਪਏ ਹਨ।

ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ॥
ਓਇ ਖਸਮੈ ਕੈ ਗ੍ਰਿਹਿ ਉਨ ਦੁਖ ਸਹਾਮ॥
ਜਿਉ ਸੁਪਨੈ ਹੋਇ ਬੈਸਤ ਰਾਜਾ॥
ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ॥੨॥

ਜਿਵੇਂ ਕਿਸੇ ਵਗਾਰੀ ਦੇ ਸਿਰ ਉਤੇ ਪੈਸਿਆਂ ਦੀ ਗੰਢ ਬੰਨ੍ਹ ਕੇ ਰੱਖ ਦਿੱਤੀ ਜਾਵੇ, ਉਹ ਪੈਸੇ ਤਾਂ ਮਾਲਕ ਦੇ ਘਰ ਜਾ ਪਹੁੰਚਦੇ ਹਨ, ਉਸ ਵਗਾਰੀ ਨੇ ਤਾਂ ਐਵੇਂ ਭਾਰ ਹੀ ਚੁੱਕਿਆ ਹੋਇਆ ਸੀ, ਪੈਸੇ ਤਾਂ ਮਾਲਕ ਦੇ ਸਨ; ਜਿਵੇਂ ਕੋਈ ਜੀਵ ਸੁਪਨੇ ਵਿਚ ਰਾਜਾ ਬਣ ਕੇ ਬੈਠ ਜਾਂਦਾ ਹੈ, ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ, ਪਰ ਉਹ ਰਾਜਾ ਬਣਿਆ ਜੀਵ ਜਦੋਂ ਅੱਖਾਂ ਖੋਲ੍ਹਦਾ ਹੈ, ਤਾਂ ਸੁਪਨੇ ਵਿਚ ਮਿਲੇ ਰਾਜ ਭਾਗ ਸਭ ਵਿਅਰਥ ਹੀ ਲਗਦੇ ਹਨ, ਇਸ ਲਈ ਮਾਇਆ ਦੇ ਇਹ ਸਾਰੇ ਹੀ ਖੇਲ ਝੂਠੇ ਹਨ।

ਜਿਉ ਰਾਖਾ ਖੇਤ ਊਪਰਿ ਪਰਾਏ॥
ਖੇਤੁ ਖਸਮ ਕਾ ਰਾਖਾ ਉਠਿ ਜਾਏ॥
ਉਸੁ ਖੇਤ ਕਾਰਣਿ ਰਾਖਾ ਕੜੈ॥
ਤਿਸ ਕੈ ਪਾਲੈ ਕਛੂ ਨ ਪੜੈ॥੩॥

ਗੁਰਦੇਵ ਪਿਤਾ ਆਖਦੇ ਹਨ, ਭਾਈ! ਜਿਵੇਂ ਰਾਖਾ ਕਿਸੇ ਹੋਰ ਦੇ ਖੇਤ 'ਤੇ ਬੈਠ ਕੇ ਰਾਖੀ ਕਰਦਾ ਹੈ; ਪਰ ਜਦੋਂ ਫ਼ਸਲ ਪੱਕਦੀ ਹੈ ਤਾਂ ਸਾਰੀ ਫ਼ਸਲ ਮਾਲਕ ਦੇ ਘਰੇ ਪਹੁੰਚ ਜਾਂਦੀ ਹੈ, ਤੇ ਰਾਖਾ ਉਠ ਕੇ ਚਲਾ ਜਾਂਦਾ ਹੈ; ਪਰ ਵੇਖੋ ਨਾ... ਉਸੁ ਖੇਤ ਕਾਰਣਿ ਰਾਖਾ ਕੜੈ, ਭਾਵ ਵਿਚਾਰਾ ਰਾਖਾ ਉਸ ਪਰਾਏ ਖੇਤ ਦੀ ਰਾਖੀ ਕਰਦਾ ਹੋਰਨਾਂ ਨਾਲ ਲੜਦਾ ਤੇ ਝਗੜਦਾ ਦੁਖੀ ਹੁੰਦਾ ਹੈ; ਪਰ ਅਖੀਰ ਨੂੰ ਉਸ ਵਿਚਾਰੇ ਦੇ ਪੱਲੇ ਕੁਝ ਵੀ ਨਹੀਂ ਪੈਂਦਾ, ਉਹ ਖਾਲੀ ਹੱਥ ਰਹਿ ਜਾਂਦਾ ਹੈ।

ਜਿਸ ਕਾ ਰਾਜੁ ਤਿਸੈ ਕਾ ਸੁਪਨਾ॥
ਜਿਨਿ ਮਾਇਆ ਦੀਨੀ ਤਿਨਿ ਲਾਈ ਤ੍ਰਿਸਨਾ॥
ਆਪਿ ਬਿਨਾਹੇ ਆਪਿ ਕਰੇ ਰਾਸਿ॥
ਨਾਨਕ ਪ੍ਰਭ ਆਗੈ ਅਰਦਾਸਿ॥੪॥

ਗੁਰਦੇਵ ਆਖਦੇ ਹਨ, ਹੇ ਭਾਈ! ਵਿਚਾਰੇ ਜੀਵ ਦੇ ਵੀ ਕੀ ਵੱਸ ਹੈ ਜਿਸ ਨੂੰ ਜੋ ਸੁਪਨੇ ਵਿਚ ਰਾਜ ਦਿੱਤਾ ਸੀ, ਸੁਪਨਾ ਵੀ ਤਾਂ ਉਸੇ ਪ੍ਰਭੂ ਦਾ ਹੀ ਦਿੱਤਾ ਹੋਇਆ ਹੈ; ਭਾਈ! ਜਿਸ ਪਰਮੇਸ਼ਰ ਨੇ ਇਸ ਜੀਵ ਨੂੰ ਇਹ ਮਾਇਆ ਦਿੱਤੀ ਹੈ, ਉਸੇ ਪ੍ਰਭੂ ਨੇ ਜੀਵ ਨੂੰ ਤ੍ਰਿਸ਼ਨਾ ਵੀ ਲਾ ਰੱਖੀ ਹੈ; ਉਹ ਪਰਮਾਤਮਾ ਜੀਵ ਨੂੰ ਆਪ ਹੀ ਤ੍ਰਿਸ਼ਨਾ ਵਿਚ ਡੋਬ ਕੇ ਆਤਮਕ ਮੌਤ ਮਾਰਦਾ ਹੈ, ਆਪ ਹੀ ਨਾਮ ਦੀ ਦਾਤ ਦੇ ਕੇ ਜੀਵਨ ਸਫ਼ਲਾ ਕਰਦਾ ਹੈ। ਇਸ ਲਈ ਹੇ ਨਾਨਕ! ਪ੍ਰਭੂ ਦੇ ਦਰ 'ਤੇ ਅਰਦਾਸ ਕਰੀ ਬੰਦੀ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਖਿਵਣ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਮੈਂ ਉਦੋਂ ਦਸਵੀਂ ਵਿਚ ਪੜ੍ਹਦਾ ਸਾਂ। ਇਕ ਦਿਨ ਪਿੰਡੋਂ ਜਲੰਧਰ ਗਿਆ ਇਕ ਅੰਗਰੇਜ਼ੀ ਦਾ ਕਾਵਿ-ਸੰਗ੍ਰਹਿ ਖਰੀਦ ਲਿਆਇਆ ਹਾਲਾਂ ਕਿ ਕਵਿਤਾ ਮੇਰੇ ਵਸ ਦਾ ਰੋਗ ਨਾ ਉਦੋਂ ਸੀ ਨਾ ਹੁਣ ਹੈ। ਇਸ ਸੰਗ੍ਰਹਿ ਵਿਚ ਕੁਝ ਜਾਪਾਨੀ ਹਾਇਕੂਆਂ ਦੇ ਅੰਗਰੇਜ਼ੀ ਅਨੁਵਾਦ ਸ਼ਾਮਿਲ ਕੀਤੇ ਗਏ ਸਨ। ਇਥੋਂ ਹੀ ਮੇਰਾ ਇਸ ਜਾਪਾਨੀ ਕਾਵਿ-ਰੂਪ ਨਾਲ ਪਹਿਲੀ ਵਾਰ ਪਰਿਚੈ ਹੋਇਆ। ਉਦੋਂ ਮੈਂ ਇਕ ਹਾਇਕੂ ਦਾ ਪੰਜਾਬੀ ਵਿਚ ਅਨੁਵਾਦ ਵੀ ਕੀਤਾ ਸੀ ਪਰ ਹੁਣ ਵਿਸਰ ਗਿਆ ਹੈ। ਹਾਇਕੂ ਦਾ ਭਾਵ ਕੁਝ ਇਸ ਪ੍ਰਕਾਰ ਸੀ ਭਾਵੇਂ ਤਕਨੀਕੀ ਤੌਰ 'ਤੇ ਇਸ ਵਿਚ ਹਾਇਕੂ ਵਾਲੀ ਕੋਈ ਗੱਲ ਨਹੀਂ,

ਕਾਸ਼ ਮੈਂ ਤੇਰੇ ਨੇੜੇ ਹੁੰਦਾ ਏਨਾ
ਲੂਣ ਬਣਾਵਣ ਵਾਲੀ ਕੁੜੀ ਦੇ ਜਿਸਮ
ਨੇੜੇ ਜਿੰਨਾ ਲੂਣ ਹੈ ਹੁੰਦਾ।

ਉਦੋਂ ਮੈਂ ਪੰਜਾਬੀ ਵਿਚ ਕਦੇ ਹਾਇਕੂ ਦਾ ਜ਼ਿਕਰ ਨਹੀਂ ਸੀ ਸੁਣਿਆ। ਕੁਝ ਸਾਲਾਂ ਤੋਂ ਪੰਜਾਬੀ ਵਿਚ ਇਸ ਕਾਵਿ-ਰੂਪ ਦਾ ਜਿਵੇਂ ਹੜ੍ਹ ਹੀ ਆਇਆ ਹੋਇਆ ਹੈ। ਕੁਝ ਸਮਰਪਿਤ ਹਾਇਕੂਕਾਰਾਂ ਦੇ ਲਗਾਤਾਰ ਯਤਨਾਂ ਸਦਕਾ ਪੰਜਾਬੀ ਵਿਚ ਇਸ ਕਾਵਿ-ਰੂਪ ਦੀ ਖਾਸਾ ਪੈਂਠ ਬਣ ਗਈ ਹੈ। ਸੰਖੇਪ ਅਤੇ ਕਟਾਖਸ਼ੀ ਚਰਚਾ ਲਈ ਸਾਜ਼ਗਾਰ ਫੇਸਬੁਕ ਜਿਹੇ ਸੋਸ਼ਲ ਮੀਡੀਏ ਦੇ ਅੰਤਰਗਤ ਹਾਇਕੂ ਦਾ ਉਤਪਾਦਨ ਖੁੰਬਾਂ ਦੀ ਤਰ੍ਹਾਂ ਹੋ ਰਿਹਾ ਹੈ। ਪੰਜਾਬੀ ਵਿਚ ਚੋਖੀ ਮਿਆਰੀ ਹਾਇਕੂ ਲਿਖੀ ਜਾ ਰਹੀ ਹੈ ਤੇ ਇਸ ਨੇ ਖੂਬ ਪੈਰ ਜਮਾ ਲਏ ਹਨ। ਇਸ ਵਿਧਾ ਦੇ ਪਰੋਤਸਾਹਨ ਲਈ ਇਕ ਵਿਸ਼ੇਸ਼ ਵੈਬਸਾਈਟ ਵੀ ਚਲਾਈ ਜਾ ਰਹੀ। ਡਾ. ਸੁਖਪਾਲ ਦੇ ਸ਼ਬਦਾਂ ਵਿਚ "ਹਾਇਕੂ ਦਾ ਕਾਰਜ ਕਵਿਤਾ ਜਾਂ ਦ੍ਰਿਸ਼ ਦਾ ਬਿਆਨ ਕਰਨਾ ਨਹੀਂ, ਸਗੋਂ ਉਸ ਸੱਚ ਜਾਂ ਸਥਿਤੀ ਵੱਲ ਇਸ਼ਾਰਾ ਕਰਨਾ ਹੈ ਜਿਸ ਦੇ ਅੰਦਰ ਕਵਿਤਾ ਜਾਂ ਕਾਵਿਕਤਾ ਲੁਕੀ ਪਈ ਹੈ।"

ਸੋ ਹਾਇਕੂ ਕਵਿਤਾ ਨਾਲੋਂ ਕਵਿਤਾ ਦੀ ਸੰਭਾਵਨਾ ਵਧੇਰੇ ਹੈ। ਹਾਇਕੂ ਵਿਚ ਚਕਾਚੌਂਧ ਕਰਨ ਵਾਲਾ ਗੁਣ ਵਿਦਮਾਨ ਹੁੰਦਾ ਹੈ। ਤੇਜਵੰਤ ਗਿੱਲ ਅਨੁਸਾਰ "ਪੰਜਾਬੀ ਵਿਚ ਇਸ ਕਾਵਿ-ਰੂਪ ਦੀ ਜੋ ਰਚਨਾ ਹੋਵੇ ਉਸ ਵਿਚ ਲਿਸ਼ਕਣ, ਚਮਕਣ ਦਾ ਗੁਣ ਜ਼ਰੂਰ ਹੋਵੇ।" ਪੰਜਾਬੀ ਦੇ ਚੋਟੀ ਦੇ ਹਾਇਕੂਗੋ ਗੁਰਮੀਤ ਸੰਧੂ ਕੁਝ ਸਾਲਾਂ ਤੋਂ ਇਸ ਕਾਵਿ-ਰੂਪ ਪ੍ਰਤੀ ਚੋਖੇ ਸਰਗਰਮ ਹਨ। ਉਹ ਦੋ ਹਾਇਕੂ ਸੰਗ੍ਰਹਿ ਪ੍ਰਕਾਸ਼ਤ ਕਰ ਚੁੱਕੇ ਹਨ। "ਖਿਵਣ" ਨਾਮੀਂ ਉਨ੍ਹਾਂ ਦੇ ਪਹਿਲੇ ਸੰਗ੍ਰਹਿ ਦਾ ਨਾਂ ਹੀ ਹਾਇਕੂ ਦੇ ਪ੍ਰਮੁਖ ਗੁਣ ਦਾ ਸੂਚਕ ਹੈ। ਸਰਵਰਕ 'ਤੇ ਹੀ ਛਪੀ ਇਕ ਹਾਇਕੂ ਪੇਸ਼ ਹੈ,

ਬੱਦਲ ਗਰਜਣ
ਕਾਲੀ ਭਿੱਜੀ ਰਾਤ
ਬਿਜਲੀ ਲਿਸ਼ਕਦੀ।

ਧਰਮ ਦੇ ਵਿਰੋਧਾਭਾਸ ਨੂੰ ਕਿੰਨੀ ਕੁਸਲਤਾ ਨਾਲ ਦਰਸਾਇਆ ਗਿਆ ਹੈ,

ਗਿਰਜੇ ਤੋਂ ਗੁਰਦਵਾਰਾ
ਕਰਾਸ ਲਾਹ ਕੇ ਖੰਡਾ
ਰੱਬ ਦਾ ਘਰ ਬਦਲਿਆ।

ਹਾਇਕੂ ਖਿਵਣ ਦੀ ਹੀ ਤਰ੍ਹਾਂ ਚੌਂਕਾ ਦੇਣ ਵਾਲੀ, ਘਾਤਕ ਅਤੇ ਥੋੜ-ਚਿਰੀ ਕਾਵਿ-ਸਿਰਜਣਾ ਹੈ। ਚਲੋ ਅੱਜ ਨਿਰੁਕਤੀ ਦੇ ਦ੍ਰਿਸ਼ਟੀਕੋਣ ਤੋਂ ਖਿਵਣ ਸ਼ਬਦ ਦੀ ਲਿਸ਼ਕ ਮਾਣੀਏ। ਜਿਵੇਂ ਪਹਿਲਾਂ ਇਸ਼ਾਰਾ ਹੋ ਚੁੱਕਾ ਹੈ, ਖਿਵਣ ਦਾ ਅਰਥ ਹੁੰਦਾ ਹੈ, ਲਿਸ਼ਕਣਾ, ਚਮਕਣਾ ਖਾਸ ਤੌਰ 'ਤੇ ਬਿਜਲੀ ਦਾ। ਸੱਤੇ ਬਲਵੰਡ ਦੀ ਵਾਰ ਵਿਚ ਇਹ ਸ਼ਬਦ ਆਇਆ ਹੈ, "ਤਖਤ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ॥" ਅਰਥਾਤ ਤਖਤ ਉਤੇ ਗੁਰੂ ਅਰਜਨ ਬੈਠਾ ਹੋਇਆ ਹੈ, ਸਤਿਗੁਰੂ ਦਾ ਚੰਦੋਆ ਚਮਕ ਰਿਹਾ ਹੈ। ਖਿਵਣ ਦਾ ਹੀ ਇਕ ਹੋਰ ਰੁਪਾਂਤਰ ਖਿਮਣ ਜਾਂ ਖਮਣ ਵੀ ਹੈ, "ਖਿਮੀ ਦਾਮਿਨੀ ਜਾਨੁ ਭਾਦੋਂ ਮਝਾਰੰ॥" -ਚੰਡੀ ਦੀ ਵਾਰ। ਗੁਲਾਮ ਫਰੀਦ ਨੇ ਇਸ ਸ਼ਬਦ ਦੀ ਇਸ ਪ੍ਰਕਾਰ ਵਰਤੋਂ ਕੀਤੀ ਹੈ,

ਰੋਹੀ ਮੇਘ ਮਲ੍ਹਾਰੜਾ
ਖਮਦੀਆਂ ਖਮਨੀਆਂ ਅਜਕਲ।
ਦਿਲੜੀ ਸਿਦਕੀ ਦੇਸ ਡੂੰ
ਅੱਖੜੀ ਹੰਝਣੂੰ ਬਲਬਲ।

ਖਿਵਣ ਸ਼ਬਦ ਸੰਸਕ੍ਰਿਤ ਧਾਤੂ 'ਕਸ਼ਿਪ' ਦਾ ਵਿਉਤਪਤ ਰੂਪ ਹੈ। ਕਸ਼ਿਪ ਧਾਤੂ ਵਿਚ ਸੁੱਟਣ, ਘੱਤਣ, ਮਾਰਨ, ਭੇਜਣ, ਪੈਣ ਦੇ ਭਾਵ ਹਨ। ਬਿਜਲੀ ਦੀ ਲਿਸ਼ਕੋਰ ਅਸਲ ਵਿਚ ਮਾਰੀ ਜਾਂ ਸੁੱਟੀ ਹੀ ਜਾਂਦੀ ਹੈ। ਸੰਸਕ੍ਰਿਤ ਦਾ ਇਕ ਹੋਰ ਧਾਤੂ 'ਤੜ' ਹੈ ਜਿਸ ਵਿਚ ਮਾਰਨ ਦਾ ਭਾਵ ਹੈ। ਇਸ ਧਾਤੂ ਤੋਂ ਹੀ ਤੜਿਤ ਸ਼ਬਦ ਬਣਿਆ ਹੈ ਜਿਸ ਵਿਚ ਬਿਜਲੀ ਅਤੇ ਲਿਸ਼ਕ ਦੇ ਭਾਵ ਹਨ। "ਕਰਕੀ ਤੜਿਤ ਨਰਨ ਧ੍ਰਿਤਿ ਧਰਖੀ॥ ਅੰਗਰੇਜ਼ੀ ਵਿਚ strike lightning ਉਕਤੀ ਵਿਚ ਵੀ strike ਸ਼ਬਦ ਮਾਰਨ ਦਾ ਅਰਥਾਵਾਂ ਹੈ। 'ਕਸ਼ਿਪ' ਧਾਤੂ ਤੋਂ ਆਮ ਤੌਰ 'ਤੇ ਪੰਜਾਬੀ ਵਿਚ ਖਿਪ ਜਿਹੇ ਘਟਕ ਨਾਲ ਸ਼ਬਦ ਬਣਦੇ ਹਨ। ਖਿਪ ਸ਼ਬਦ ਦਾ ਹੀ ਅਰਥ ਸੁੱਟਿਆ ਹੋਇਆ ਹੈ, "ਰਿਪਖਿਪ ਬਹੁਰ ਉਚਾਰ॥" ਅਸਲ ਵਿਚ ਸੰਸਕ੍ਰਿਤ ਵਿਚ ਕਸ਼ਿਪ ਦਾ ਅਰਥ ਨਜ਼ਰ ਸੁਟਣਾ, ਭਾਤੀ ਮਾਰਨਾ ਅਤੇ




ਹਥਿਆਰ ਮਾਰਨਾ ਵੀ ਹੁੰਦਾ ਹੈ।

ਸੰਸਕ੍ਰਿਤ ਵਿਚ ਕਸ਼ਿਪ ਤੋਂ ਬਣੇ ਕਸ਼ੇਪ ਨੇ ਪੰਜਾਬੀ ਵਿਚ ਆ ਕੇ ਖੇਪ ਦਾ ਰੂਪ ਧਾਰਨ ਕੀਤਾ। ਖੇਪ ਦਾ ਸ਼ਾਬਦਿਕ ਅਰਥ ਇਕ ਵਾਰੀ ਦੀ ਸੇਟ ਹੈ ਅਰਥਾਤ ਇਕ ਵਾਰੀ ਵਿਚ ਜਿੰਨਾ ਕੋਈ ਪਦਾਰਥ ਕਾਸੇ ਵਿਚ ਪਾਇਆ ਜਾ ਸਕੇ; ਇਕ ਵਾਰੀ ਵਿਚ ਜਿੰਨੀ ਕੋਈ ਵਸਤੂ ਲਿਜਾਈ ਜਾਵੇ, ਇਕ ਵਾਰੀ ਦਾ ਬੋਝ। ਇਸ ਤੋਂ ਵਿਕਸਿਤ ਹੋ ਕੇ ਅਰਥ ਬਣਿਆ ਲੱਦਿਆ ਮਾਲ, ਲੱਦ। ਲੱਦਿਆ ਮਾਲ ਵੇਚਣ ਲਈ ਹੀ ਹੁੰਦਾ ਹੈ ਇਸ ਲਈ ਇਸ ਦਾ ਹੋਰ ਵਿਕਸਿਤ ਅਰਥ ਸੌਦਾ, ਵਣਜ-ਵਪਾਰ ਵੀ ਹੋ ਜਾਂਦਾ ਹੈ, "ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ॥" -ਗੁਰੂ ਅਰਜਨ ਦੇਵ। "ਕਹੁਤ ਕਬੀਰੁ ਸੁਨਹੁ ਰੇ ਸੰਤਹੁ ਨਿਬਹੀ ਖੇਪ ਹਮਾਰੀ॥" ਅਰਥਾਤ ਮਾਲ ਜਾਂ ਸੌਦਾ ਟਿਕਾਣੇ 'ਤੇ ਪਹੁੰਚ ਗਿਆ ਹੈ। "ਸੰਤਹੁ ਬਨਜਿਆ ਨਾਮੁ ਗੋਬਿੰਦ ਕਾ ਐਸੀ ਖੇਪ ਹਮਾਰੀ॥" ਭਾਵ ਪ੍ਰਭੂ ਦੇ ਸੰਤਾਂ ਨੇ ਪਰਮਾਤਮਾ ਦਾ ਨਾਮ ਵਣਜਿਆ ਹੈ, ਮੈਂ ਵੀ ਏਹੀ ਸੌਦਾ ਲੱਦਿਆ ਹੈ।

ਖੇਪ ਭਰਨੀ ਜਾਂ ਲੱਦਣੀ ਦਾ ਮਤਲਬ ਹੈ ਮਾਲ ਲੱਦਣਾ। ਅੱਜ ਕਲ੍ਹ ਪੰਜਾਬੀ ਪੱਤਰਕਾਰੀ ਵਿਚ ਖੇਪ ਸ਼ਬਦ ਬਹੁਤ ਪ੍ਰਚਲਿਤ ਹੋ ਗਿਆ ਹੈ ਜਿਵੇਂ, "ਚੰਡੀਗੜ੍ਹ- ਨਸ਼ੇ ਦੀ ਖੇਪ ਸਣੇ ਚਾਰ ਤਸਕਰ ਗ੍ਰਿਫਤਾਰ।" ਉੜੀਆ ਵਿਚ ਖੇਪ ਦਾ ਅਰਥ ਬੇੜੀ ਦਾ ਫੇਰਾ ਵੀ ਹੈ ਤੇ ਮਰਾਠੀ ਵਿਚ ਨਿਰਾ ਫੇਰਾ। ਖੇਪ ਸ਼ਬਦ ਦੇ ਅੱਗੇ 'ਸੰ' ਅਗੇਤਰ ਲੱਗ ਕੇ 'ਸੰਖੇਪ' ਸ਼ਬਦ ਬਣ ਗਿਆ ਹੈ ਜਿਸ ਦਾ ਅਰਥ ਛੋਟਾ ਰੂਪ ਹੁੰਦਾ ਹੈ। ਇਸ ਸ਼ਬਦ ਦਾ ਸੰਸਕ੍ਰਿਤ ਰੂਪ ਹੈ ਸੰਕਸ਼ੇਪ ਜੋ ਅੱਗੋਂ ਸੰਕਸ਼ਿਪ ਤੋਂ ਬਣਿਆ ਹੈ। ਸੰਕਸ਼ਿਪ ਦਾ ਅਰਥ ਹੈ- ਇਕੱਠਾ ਸੁੱਟਣਾ। ਇਕੱਠਾ ਸੁੱਟਣ ਤੋਂ ਮੁਰਾਦ ਹੈ- ਬਹੁਤ ਸਾਰੇ ਅੰਸ਼ਾਂ ਨੂੰ ਤੁੱਥਮੁੱਥ ਕਰ ਦੇਣਾ। ਦਖਲਅੰਦਾਜ਼ੀ, ਦਖਲ, ਵਿਚ ਪੈਣ ਦੇ ਅਰਥਾਂ ਵਾਲਾ ਹਿੰਦੀ ਦਾ ਸ਼ਬਦ ਹਸਤਖੇਪ ਵੀ ਹੁਣ ਸਾਹਿਤਕ ਪੰਜਾਬੀ ਵਿਚ ਕਾਫੀ ਵਰਤਿਆ ਜਾਣ ਲੱਗਾ ਹੈ। ਇਹ ਸ਼ਬਦ ਬਣਿਆ ਹੈ ਹਸਤ (ਹੱਥ)+ਕਸ਼ੇਪ(ਖੇਪ) ਤੋਂ। ਸਪਸ਼ਟ ਹੈ, ਇਥੇ ਕਿਸੇ ਕੰਮ ਵਿਚ ਆਪਣੇ ਹੱਥ ਪਾਉਣ ਜਾਂ ਸੁੱਟਣ ਦਾ ਭਾਵ ਹੈ। ਕਿਸੇ ਦਾ ਬਿਆਨ ਦੇਖੋ, "ਸਿੱਖ ਧਰਮ ਵਿਚ ਹੁਣ ਭਾਜਪਾ ਤੇ ਆਰ. ਐਸ. ਐਸ. ਦਾ ਹਸਤਖੇਪ ਦਿਨੋਂ ਦਿਨ ਵਧਦਾ ਜਾ ਰਿਹਾ ਹੈ...।"

ਖੇਪ ਦਾ ਇਕ ਅਰਥ ਬੇੜੀ ਦਾ ਲੱਦ ਹੈ ਤਾਂ ਬੇੜੀ ਨਾਲ ਸਬੰਧਤ ਇਕ ਹੋਰ ਅਹਿਮ ਸ਼ਬਦ ਵੀ ਇਸੇ ਧਾਤੂ ਤੋਂ ਆ ਰਿਹਾ ਹੈ ਤੇ ਉਹ ਹੈ ਖੇਵ/ਖਿਉ। ਇਸ ਦਾ ਮਤਲਬ ਬੇੜੀ ਚਲਾਉਣ ਲਈ ਚੱਪੂ ਮਾਰਨਾ ਹੈ, "ਤਾਰਿ ਲੈ ਬਾਪ ਬੀਠੁਲਾ ਅਨਿਲ ਬੇੜਾ ਹਉ ਖੇਵਿ ਨ ਸਾਕਉ॥" -ਭਗਤ ਨਾਮਦੇਵ। ਅਰਥਾਤ ਹੇ ਬੀਠਲ ਪਿਤਾ ਮੈਨੂੰ ਪਾਰ ਲੰਘਾ ਦੇ, ਮੇਰੀ ਬੇੜੀ ਝਖੜ ਵਿਚ ਫਸ ਗਈ ਹੈ ਮੈਂ ਇਸ ਨੂੰ ਚੱਪੂ ਮਾਰ ਕੇ ਚਲਾ ਨਹੀਂ ਸਕਦਾ। ਇਸ ਸ਼ਬਦ ਵਿਚ ਵਕਤ ਗੁਜ਼ਾਰਨ ਦਾ ਭਾਵ ਵੀ ਹੈ, ਮਾਨੋ ਵਕਤ ਨੂੰ ਸੁੱਟਿਆ ਜਾਂ ਚੱਪੂ ਵਾਂਗ ਮਾਰਿਆ ਜਾਂਦਾ ਹੈ, "ਕਿੰਨ ਹੀ ਤੰਤ ਮੰਤ੍ਰ ਬਹੁ ਖੇਵਾ" ਅਤੇ "ਝੂਠੇ ਰੰਗਿ ਖੁਆਰੁ ਕਹਾਂ ਲਗੁ ਖੇਵੀਐ॥" -ਗੁਰੂ ਅਰਜਨ ਦੇਵ। ਅਰਥਾਤ ਕੋਈ ਮਨੁਖ ਤੰਤਰ-ਮੰਤਰ ਦੀ ਦੁਕਾਨ ਚਲਾ ਕੇ ਝੱਟ ਲੰਘਾਉਂਦਾ ਹੈ।


ਖੇਵ ਤੋਂ ਅੱਗੇ ਖੇਵਟ ਸ਼ਬਦ ਬਣਿਆ ਜਿਸ ਦਾ ਅਰਥ ਬੇੜੀ ਚਲਾਉਣ ਵਾਲਾ ਅਰਥਾਤ ਮਲਾਹ ਹੈ। ਫਰੀਦ ਜੀ ਦੇ ਸਲੋਕ ਵਿਚ ਇਹ ਸ਼ਬਦ ਆਉਂਦਾ ਹੈ, "ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥" ਇਥੇ ਖੇਵਟ ਸ਼ਬਦ ਦਾ ਆਗੂ ਵਜੋਂ ਲਖਣਾਤਮਕ ਪ੍ਰਯੋਗ ਹੋਇਆ ਹੈ। ਜ਼ਮੀਨ ਅਸਮਾਨ ਨੂੰ ਪੁੱਛਦੀ ਹੈ ਕਿ ਆਪਣੇ ਆਪ ਨੂੰ ਆਗੂ ਕਹਾਉਂਦੇ ਕਿਥੇ ਚਲੇ ਗਏ ਹਨ। ਖੇਵਟ ਦਾ ਅਰਥ ਸੁੱਟਣ ਵਾਲਾ ਵੀ ਹੈ, "ਅੰਕੁਸ ਗਯਾਨ ਰਤੰਨੁ ਹੈ ਖੇਵਟੁ ਵਿਰਲਾ ਸੰਤ॥" -ਭਗਤ ਕਬੀਰ, ਹਾਥੀ ਪੁਰ ਅੰਕੁਸ਼ ਚਲਾਉਣ ਵਾਲਾ ਕੋਈ ਵਿਰਲਾ ਸੰਤ ਹੈ। ਇਥੇ ਇਹ ਦੱਸ ਦੇਣਾ ਯੋਗ ਸਮਝਦਾ ਹਾਂ ਕਿ ਮਸਤ, ਮਤਵਾਲਾ ਦੇ ਅਰਥਾਂ ਵਾਲਾ ਖੀਵਾ ਸ਼ਬਦ ਚਰਚਿਤ ਧਾਤੂ ਨਾਲ ਸਬੰਧਤ ਨਹੀਂ, ਇਸ ਬਾਰੇ ਫਿਰ ਕਦੇ ਲਿਖਿਆ ਜਾਵੇਗਾ।

ਮੋਨੀਅਰ ਵਿਲੀਅਮਜ਼ ਅਨੁਸਾਰ ਉਪਰੋਕਤ ਸ਼ਬਦ ਭਾਰੋਪੀ ਖਾਸੇ ਵਾਲੇ ਹਨ। ਇਸ ਪ੍ਰਕਾਰ ਅੰਗਰੇਜ਼ੀ ਸ਼ਬਦ dissipate (ਖਿੰਡਾਉਣਾ) ਖਿਵਣ ਦਾ ਸੁਜਾਤੀ ਬਣਦਾ ਹੈ। ਇਹ ਸ਼ਬਦ ਲਾਤੀਨੀ dissipare ਤੋਂ ਬਣਿਆ ਹੈ ਜਿਸ ਦਾ ਅਰਥ ਖਿੰਡਾਉਣਾ, ਫੈਲਾਉਣਾ ਆਦਿ ਹੈ। ਇਸ ਵਿਚ dis ਤਾਂ ਅਗੇਤਰ ਹੈ ਜਿਸ ਦਾ ਅਰਥ ਪਰੇ ਹੁੰਦਾ ਹੈ ਜਦ ਕਿ supare ਦਾ ਅਰਥ ਸੁੱਟਣਾ, ਖਿੰਡਾਉਣਾ ਹੈ। ਇਸ ਦਾ ਭਾਰੋਪੀ ਮੂਲ 'swep' ਹੈ ਜਿਸ ਦਾ ਅਰਥ ਸੁੱਟਣਾ, ਮਾਰਨਾ ਆਦਿ ਹੈ। ਇਸ ਸ਼ਬਦ ਦੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਵੀ ਸੁਜਾਤੀ ਸ਼ਬਦ ਮਿਲਦੇ ਹਨ।

# ਨਾਨੀ ਆਖਦੀ ਹੁੰਦੀ ਸੀ...

*'ਪੰਜਾਬ ਟਾਈਮਜ਼' ਦੇ 6 ਸਤੰਬਰ ਵਾਲੇ ਅੰਕ ਵਿਚ ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਦਾ ਲੇਖ 'ਬਾਬੇ ਦਾਦੇ ਰੱਬ ਰਜਾ ਦੇ...' ਛਾਪਿਆ ਗਿਆ ਸੀ। ਇਹ ਖੂਬਸੂਰਤ ਲੇਖ ਅਸਲ ਵਿਚ ਬੁੱਢਿਆਂ-ਬਾਬਿਆਂ ਦੀਆਂ ਉਹ ਬਾਤਾਂ ਸਨ ਜਿਹੜੀਆਂ ਸਿੱਧੀਆਂ ਉਨ੍ਹਾਂ ਦੇ ਦਿਲ ਵਿਚੋਂ ਪਿਘਲ-ਪਿਘਲ ਕੇ ਨਿਕਲਦੀਆਂ ਜਾਪਦੀਆਂ ਹਨ। ਇਸ ਲੇਖ ਵਿਚ ਕਿਉਂਕਿ ਬੀਬੀਆਂ ਦੀ ਚਰਚਾ ਨਦਾਰਦ ਸੀ, ਇਸ ਲਈ ਅਸੀਂ ਬੀਬੀਆਂ ਨੂੰ ਇਸ ਲੇਖ ਦਾ ਦੂਜਾ ਪੱਖ, ਭਾਵ ਔਰਤਾਂ ਵਾਲਾ ਪੱਖ ਲਿਖ ਭੇਜਣ ਦਾ ਸੱਦਾ ਦਿੱਤਾ ਸੀ। ਇਸ ਸਿਲਸਿਲੇ ਵਿਚ ਸਾਨੂੰ ਸ਼ਾਇਰਾ ਦੇਵਿੰਦਰ ਕੌਰ ਗੁਰਾਇਆ ਦਾ ਲੇਖ 'ਨਾਨੀ ਆਖਦੀ ਹੁੰਦੀ ਸੀ...' ਮਿਲਿਆ ਹੈ। ਪਾਠਕਾਂ ਨੂੰ ਇਹ ਦੋਵੇਂ ਲੇਖ ਕਿਹੋ ਜਿਹੇ ਲੱਗੇ, ਸਾਨੂੰ ਤੁਹਾਡੇ ਖਤਾਂ ਦਾ ਇੰਤਜ਼ਾਰ ਰਹੇਗਾ, ਖਾਸਕਰ ਉਨ੍ਹਾਂ ਬਜ਼ੁਰਗ ਬਾਬਿਆਂ ਤੇ ਬੀਬੀਆਂ ਦਾ ਜੋ ਅਜਿਹੇ ਹਾਲਾਤ ਵਿਚੋਂ ਲੰਘ ਰਹੇ ਹਨ। ਆਓ ਬੀਬੀਓ ਤੇ ਬਾਬਿਓ, ਹੁਣ ਸੱਚ ਸੁਣਾਉਣ ਦਾ ਵੇਲਾ ਹੈ। -ਸੰਪਾਦਕ*

ਪ੍ਰੋ. ਬ੍ਰਿਜਿੰਦਰ ਸਿੰਘ ਸੰਧੂ ਦਾ ਲੇਖ 'ਬਾਬੇ ਦਾਦੇ ਰੱਬ ਰਜਾ ਦੇ...' ਪੜ੍ਹਿਆ। ਉਨ੍ਹਾਂ ਨੇ ਬਾਬਿਆਂ ਦੀਆਂ ਮਨੋ-ਭਾਵਨਾਵਾਂ ਨੂੰ ਬੜੇ ਸਹਿਜ ਢੰਗ ਨਾਲ ਬਿਆਨ ਕੀਤਾ ਹੈ। ਬਹੁਤ ਚੰਗਾ ਲੱਗਾ ਪੜ੍ਹ ਕੇ। ਮੈਂ ਇਸ ਲੇਖ ਨੂੰ ਅਧੂਰਾ ਤਾਂ ਨਹੀਂ ਕਹਾਂਗੀ, ਪਰ ਆਪਣੇ-ਆਪ ਵਿਚ ਇਹ ਲੇਖ ਇਕਪਾਸੜ ਜ਼ਰੂਰ ਹੈ। ਤੁਹਾਡੀ ਲਿਖੀ ਸੰਪਾਦਕੀ ਟਿੱਪਣੀ ਮੁਤਾਬਕ, ਮੈਂ ਆਪਣੇ ਇਸ ਲੇਖ ਵਿਚ ਇਸ ਲੇਖ ਦਾ ਦੂਜਾ ਪੱਖ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗੀ। ਇਥੇ ਮੇਰਾ ਭਾਵ



ਦੇਵਿੰਦਰ ਕੌਰ ਗੁਰਾਇਆ
ਫੋਨ: 571-315-9543

ਦਾਦੀਆਂ-ਨਾਨੀਆਂ-ਬੀਬੀਆਂ ਦੇ ਪੱਖ ਤੋਂ ਹੈ।

ਮੇਰੀ ਨਾਨੀ ਆਖਦੀ ਹੁੰਦੀ ਸੀ- ਪਿਉ ਤਾਂ ਮਤਰੇਏ ਹੁੰਦੇ ਨੇ, ਤੇ ਦਾਦੇ ਦਾਦੇ-ਮਗੌਣੇ; ਮਾਂਵਾਂ ਠੰਢੀਆਂ ਛਾਂਵਾਂ ਹੁੰਦੀਆਂ ਤੇ ਦਾਦੀਆਂ ਦਰਾਂ ਦੀਆਂ ਦੁਆਵਾਂ।

ਉਂਜ, ਪਹਿਲਾਂ ਹੀ ਸਾਫ ਕਰ ਦਿਆਂ ਕਿ ਮੈਂ ਮਰਦ ਜਾਤ ਦੇ ਵਿਰੁਧ ਨਹੀਂ ਹਾਂ, ਪਰ ਜ਼ਿਆਦਾ ਗੱਲ ਔਰਤ ਦੇ ਦੁਖਾਂਤ ਦੀ ਕਰਨਾ ਜਾਂ ਨਾ-ਬਰਾਬਰੀ ਦੀ ਕਰਨਾ ਆਪਣਾ ਫਰਜ਼ ਸਮਝਦੀ ਹਾਂ। ਮਰਦ ਤਾਂ ਆਖਰ ਮਰਦ ਹੁੰਦੇ ਹਨ; ਚਾਹੇ ਉਹ ਬਾਬੇ/ਦਾਦੇ ਹੋਣ ਜਾਂ ਪਿਉ ਭਰਾ, ਪਤੀ ਜਾਂ ਪੁੱਤਰ। ਔਰਤ ਨੂੰ ਆਪਣੇ ਨਾਲੋਂ ਇਕ ਕਦਮ ਪਿੱਛੇ ਦੇਖ ਕੇ ਇਨ੍ਹਾਂ ਦੇ ਦਿਲ ਨੂੰ ਸਕੂਨ ਰਹਿੰਦਾ ਹੈ ਕਿ ਮਰਦਾਨਗੀ ਸਹੀ ਸਲਾਮਤ ਹੈ। ਇਥੇ ਮੈਂ ਕਿਸੇ ਇਕੱਲੇਕਾਰੇ ਮਰਦ ਦੀ ਗੱਲ ਨਹੀਂ ਕਰ ਰਹੀ। ਇਹ ਤਾਂ ਸਦੀਆਂ ਤੋਂ ਤੁਰੀ ਆਉਂਦੀ ਮਰਦ ਪ੍ਰਧਾਨ ਸਮਾਜਾਂ ਦੀ ਪਰੰਪਰਾ ਦੀ ਗੱਲ ਹੈ। ਇਹ ਸੋਚ ਉਸ ਨੂੰ ਵਿਰਸੇ ਵਿਚ ਮਿਲੀ ਹੈ, ਪਰ ਅੱਜ ਯੁੱਗ ਬਦਲ ਗਿਆ ਹੈ, ਕਦਰਾਂ-ਕੀਮਤਾਂ ਬਦਲ ਗਈਆਂ ਹਨ। ਅੱਜ ਦੀ ਔਰਤ ਆਪਣੀ ਲਿਆਕਤ ਦੇ ਬਲਬੂਤੇ ਸਮਾਜ ਵਿਚ ਆਪਣੀ ਪਛਾਣ ਬਣਾ ਰਹੀ ਹੈ। ਅੱਜ ਪਤੀ-ਬ੍ਰਤਾ ਨਾਰੀ ਨਹੀਂ, ਅਕਲ-ਬ੍ਰਤ ਔਰਤ ਦਾ ਯੁੱਗ ਹੈ। ਇਹ ਸਭ ਉਨਤ ਮੁਲਕਾਂ ਦੀ ਦੇਣ ਹੈ। ਵਿਕਾਸਸ਼ੀਲ ਤੇ ਪਛੜੇ ਮੁਲਕਾਂ ਦੇ ਲੋਕ ਇਨ੍ਹਾਂ ਮੁਲਕਾਂ ਵੱਲ ਦੌੜ ਰਹੇ ਹਨ। ਜਿੱਥੇ ਇਨਸਾਨੀਅਤ ਤੇ ਰਿਸ਼ਤਿਆਂ ਦੀਆਂ ਕਦਰਾਂ-ਕੀਮਤਾਂ ਨੂੰ ਪਾਸੇ ਰੱਖ ਕੇ ਨਫੇ-ਨੁਕਸਾਨ ਦਾ ਪਾਠ ਪੜ੍ਹਾਇਆ ਜਾ ਰਿਹਾ ਹੈ।

ਹੁਣ ਬੜੀ ਸਾਧਾਰਨ ਜਿਹੀ ਗੱਲ ਹੈ, ਬੱਚੇ ਦਾਦੀ ਮਾਂ ਨੂੰ ਕੋਲ ਰੱਖਣਾ ਪਸੰਦ ਕਰਦੇ ਹਨ। ਸਵਾਲ ਇਹ ਨਹੀਂ ਕਿ ਉਨ੍ਹਾਂ ਨੂੰ ਦਾਦੇ ਨਾਲ ਮੋਹ ਨਹੀਂ ਹੈ? ਮੋਹ ਹੈ, ਫਿਰ ਵੀ ਉਨ੍ਹਾਂ ਦੀਆਂ ਪਦਾਰਥਵਾਦੀ ਰੁਚੀਆਂ ਦਾਦੀ ਦੀ ਚੋਣ ਕਰਦੀਆਂ ਹਨ, ਕਿਉਂਕਿ ਦਾਦੀ ਬੱਚਿਆਂ ਅਤੇ ਉਨ੍ਹਾਂ ਦੇ ਮਾਂ-ਪਿਉ ਵਿਚਕਾਰ ਕੜੀ ਦਾ ਕੰਮ ਕਰਦੀ ਹੈ। ਬੱਚਿਆਂ ਦੀ ਕਿਸੇ ਵੀ ਗੱਲ ਜਾਂ ਲੋੜ ਨੂੰ ਆਪਣੇ ਨੂੰਹ-ਪੁੱਤ ਤੱਕ ਪੁੱਜਦਾ ਕਰਨਾ ਦਾਦੀ ਮਾਂ ਲਈ ਜਿੰਨਾ ਆਸਾਨ ਹੈ, ਉਨਾ ਦਾਦੇ ਲਈ ਨਹੀਂ ਹੁੰਦਾ। ਇਹ ਗੱਲ ਸੋਲਾਂ ਆਨੇ ਸੱਚ ਹੈ ਕਿ ਔਰਤ ਮਰਦ ਤੋਂ ਜ਼ਿਆਦਾ ਸਹਿਜ ਤੇ ਸੰਵੇਦਨਸ਼ੀਲ ਹੁੰਦੀ ਹੈ, ਕੋਮਲ ਹੁੰਦੀ ਹੈ। ਫਿਰ ਬੱਚੇ ਵੀ ਤਾਂ ਫੁੱਲਾਂ ਵਰਗੇ ਹੀ ਹੁੰਦੇ ਹਨ, ਬੱਚੇ ਸਹਿਜਤਾ ਨੂੰ ਪਸੰਦ ਕਰਦੇ ਹਨ।

ਜ਼ਰੂਰੀ ਨਹੀਂ ਕਿ ਵੱਡੀ ਉਮਰ ਵਿਚ ਮਰਦ ਹੀ ਕਮਜ਼ੋਰ ਹੁੰਦੇ ਹਨ, ਸਗੋਂ ਔਰਤ ਨੇ ਤਾਂ ਬੜੀਆਂ ਮੁਸ਼ਕਿਲਾਂ ਨਾਲ ਘਰ ਪਰਿਵਾਰ ਵਿਚੋਂ ਵੱਖ-ਵੱਖ ਰਿਸ਼ਤਿਆਂ ਤੇ ਰਿਸ਼ਤਿਆਂ ਦੇ ਦੁੱਖ-ਸੁੱਖ ਹੰਢਾਏ ਹੁੰਦੇ ਹਨ। ਹਾਂ, ਉਹ ਧੀਰਜਵਾਨ ਬਹੁਤ ਹੋ ਜਾਂਦੀ ਹੈ। ਥੋੜ੍ਹਾ ਜਿਹਾ ਸੁੱਖ ਵੀ ਉਸ ਨੂੰ ਸਵਰਗ ਲੱਗਦਾ ਹੈ, ਪਰ ਮਰਦ ਜਿਸ ਨੇ ਸਾਰੀ ਉਮਰ ਲੰਬੜਦਾਰੀ ਤੇ ਸਰਪੰਚੀ ਹੰਢਾਈ ਹੋਵੇ, ਇਸ ਉਮਰ ਵਿਚ ਆ ਕੇ ਉਨ੍ਹਾਂ ਨੂੰ ਆਪਣਾ ਆਪ ਵਾਧੂ ਤੇ ਬੇਲੋੜਾ ਮਹਿਸੂਸ ਹੋਣ ਲੱਗਦਾ ਹੈ। ਉਂਜ, ਗੱਲ ਇਹ ਨਹੀਂ ਹੁੰਦੀ, ਗੱਲ ਸਿਰਫ ਸੋਚਣ ਦੀ ਹੈ। ਜਦੋਂ ਨਵਾਂ ਰਾਜਾ ਤਖਤ 'ਤੇ ਬੈਠੇਗਾ, ਤਾਂ ਪੁਰਾਣੇ ਨੂੰ ਤਖਤ ਛੱਡਣਾ ਹੀ ਪਏਗਾ। ਬੱਸ ਜਦੋਂ ਤਖਤ ਡੋਲਦਾ ਹੈ, ਤਾਂ ਮਨ ਵੀ ਡੋਲ ਜਾਂਦਾ ਹੈ, ਪਰ ਔਰਤ ਦਾ ਮਨ ਸਹਿੰਦੜ ਹੁੰਦਾ ਹੈ। ਉਹ ਜ਼ਿੰਦਗੀ ਨੂੰ ਸਮਝੌਤੇ ਦੀ ਤਰ੍ਹਾਂ ਬਤੀਤ ਕਰਦੀ ਹੈ। (ਇਹ ਗੱਲ ਵੀ ਅੱਜ ਤੋਂ ਪਹਿਲਾਂ ਦੀ ਦਾਦੀ ਲਈ ਹੈ। ਅੱਜ ਪੜ੍ਹੀ-ਲਿਖੀ ਔਰਤ ਸਮਝੌਤਾ ਨਹੀਂ, ਡੀਲ ਕਰਦੀ ਹੈ।) ਔਰਤ ਨੂੰ ਹਾਲਾਤ ਅਨੁਸਾਰ ਢਲਣ ਅਤੇ ਹਾਲਾਤ ਨੂੰ ਆਪਣੇ ਅਨੁਸਾਰ ਢਾਲਣਾ ਆਉਂਦਾ ਹੈ। ਇਸ ਮਾਮਲੇ ਵਿਚ ਮਰਦ ਦੀ ਤਬੀਅਤ ਕਾਹਲੀ ਤੋਂ ਕੰਮ ਲੈਂਦੀ ਹੈ। ਮਰਦ ਦੀ ਫਿਤਰਤ ਬਹੁਤਾ ਸੋਚਣਾ ਜਾਂ ਰੋਣਾ-ਕਲਪਣਾ ਨਹੀਂ ਹੁੰਦਾ। ਇਹ ਵੀ ਔਰਤ ਦੇ ਹਿੱਸੇ ਹੀ ਆਇਆ ਹੈ। ਉਹ ਟੁੱਟੀ-ਭੱਜੀ ਵੀ ਸਾਬਤ-ਸਬੂਤ ਰਹਿੰਦੀ ਹੈ, ਕਿਉਂਕਿ ਉਹ ਜੱਗ ਜਣਨੀ ਹੈ।

ਵੱਡੀ ਉਮਰ ਦੇ ਬਜ਼ੁਰਗ ਤੋਂ ਕਮਾਈ ਦੀ ਆਸ ਕਰਨਾ ਬੜੀ ਮਾੜੀ ਸੋਚ ਹੈ। ਚੰਗੀਆਂ ਕਦਰਾਂ-ਕੀਮਤਾਂ ਵਾਲੇ ਬੱਚੇ ਮਾਲੀ ਪੱਖ ਤੋਂ ਕਮਜ਼ੋਰ ਹੁੰਦਿਆਂ ਵੀ ਐਸਾ ਨਹੀਂ ਸੋਚਣਗੇ। ਹਾਂ, ਬੁਰੀਆਂ ਆਦਤਾਂ ਤੇ ਨਸ਼ਿਆਂ ਵਿਚ ਗਲਤਾਨ ਔਲਾਦ ਲੱਖਪਤੀ ਹੁੰਦਿਆਂ ਵੀ ਬਜ਼ੁਰਗ ਨੂੰ ਰੋਟੀ ਨਹੀਂ ਦੇ ਸਕਦੇ।

ਪ੍ਰੋ. ਸਾਹਿਬ ਦੀਆਂ ਲਿਖੀਆਂ ਇਹ ਸਤਰਾਂ ਬਹੁਤ ਖੂਬ ਨੇ,

ਮੁਝ ਮੇ ਕਿਆ ਦੇਖਾ ਜੋ,
ਉਲਫਤ ਕਾ ਦਮ ਭਰਨੇ ਲਗੀ।

...ਦੇਖੋ! ਔਰਤ ਤਾਂ ਹਰ ਉਮਰ ਵਿਚ ਉਲਫਤ ਦਾ ਦਮ ਭਰਦੀ ਹੈ। ਫਿਰ ਇਸ ਉਮਰ ਤੱਕ ਆ ਕੇ ਤਾਂ ਬੰਦਾ ਇਕ-ਦੂਜੇ ਦੀ ਆਦਤ ਬਣ ਜਾਂਦਾ ਹੈ। ਦੁੱਖ-ਸੁੱਖ ਦਾ ਭਾਈਵਾਲ। ਸਾਂਭ-ਸੰਭਾਲ ਵਿਚ ਸਹਾਈ ਹੁੰਦਾ ਹੈ, ਜਾਂ ਕਿਤੇ ਨਾ ਕਿਤੇ ਕਿਸੇ ਨਾ ਕਿਸੇ ਉਮਰ ਵਿਚ ਮਰਦ ਨੂੰ ਆਪਣੀਆਂ ਮਨ-ਮਾਨੀਆਂ ਯਾਦ ਆਉਂਦੀਆਂ ਨੇ, ਤੇ ਉਹ ਤਰਸ ਖਾ ਕੇ ਸੋਚਦਾ ਹੈ... ਵਿਚਾਰੀ! ਅਜੇ ਵੀ ਦਮ ਭਰਦੀ ਹੈ, ਮੇਰੀ ਇੱਜ਼ਤ ਕਰਦੀ ਹੈ।

ਗੱਲ ਕੁੱਤਿਆਂ ਨੂੰ ਸੈਰ ਕਰਾਉਣ ਵਾਲੀ ਵੀ ਮਾੜੀ ਨਹੀਂ। ਇਹ ਵੀ ਰੁਝੇਵਾਂ ਹੀ ਹੈ। ਕੁੱਤਿਆਂ ਨੂੰ ਸੈਰ ਦਾਦੀਆਂ ਵੀ ਕਰਾਉਂਦੀਆਂ ਨੇ। ਵਿਹਲੇ ਰਹਿਣ ਨੂੰ ਦਿਨ-ਕਟੀ ਤੇ ਕੁੱਤਿਆਂ ਦੀ ਸੈਰ ਨੂੰ ਵਿਅੰਗ ਦੱਸਣ ਵਾਲੀ ਸੋਚ ਸਾਰਥਿਕ ਨਹੀਂ ਹੁੰਦੀ। ਵੱਡੀ ਉਮਰ ਵਿਚ ਕਰਨ ਲਈ ਕੋਈ ਆਹਰ ਹੋਵੇ, ਇਹ ਤਾਂ ਸਗੋਂ ਚੰਗੀ ਗੱਲ ਹੈ। ਬੱਚੇ, ਜਾਨਵਰ ਤੇ ਫੁੱਲ-ਬੂਟੇ ਸਭ ਤੋਂ ਚੰਗੇ ਆਹਰ ਹਨ। ਇਹ ਤਿੰਨੇ ਚੀਜ਼ਾਂ ਬੜੀਆਂ ਮਾਸੂਮ ਹੁੰਦੀਆਂ ਹਨ। ਬਜ਼ੁਰਗ ਵੀ ਬੱਚਿਆਂ ਵਰਗੇ ਹੀ ਮਾਸੂਮ ਹੁੰਦੇ ਹਨ।

ਹਾਂ! ਦਾਦੀਆਂ ਜਾਂ ਮਾਂਵਾਂ ਨੂੰ ਹਮੇਸ਼ਾ ਇੱਜ਼ਤ-ਮਾਣ ਨਾਲ ਗੱਲ ਕਰਨੀ ਚਾਹੀਦੀ ਹੈ, ਤੇ ਬਜ਼ੁਰਗਾਂ ਨੂੰ ਵੀ ਇਸ ਅਵਸਥਾ ਵਿਚ ਘਰ ਬੈਠ ਕੇ ਇਕੱਠਿਆਂ ਵਕਤ ਬਤੀਤ ਕਰਨਾ ਚਾਹੀਦਾ ਹੈ ਤਾਂ ਜੋ ਕਿਸੇ ਦਾਦੀ ਨੂੰ ਅੱਕ ਕੇ ਮਾੜੇ ਸ਼ਬਦਾਂ ਦਾ ਸਹਾਰਾ ਨਾ ਲੈਣਾ ਪਵੇ। ਵੱਡਿਆਂ ਦੀ ਬੋਲ-ਬਾਣੀ ਦਾ ਬੱਚਿਆਂ 'ਤੇ ਸਿੱਧਾ ਅਸਰ ਹੁੰਦਾ ਹੈ। ਉਹ ਤੁਹਾਡੇ ਵੱਲ ਦੇਖੇ ਬਿਨਾਂ ਖੇਡ ਵਿਚ ਲੱਗੇ ਹੋਏ ਵੀ ਤੁਹਾਡੀ ਗੱਲਬਾਤ ਦੀ ਕਾਪੀ ਕਰੀ ਜਾਂਦੇ ਹਨ। ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਦੇ ਲੇਖ ਵਿਚੋਂ ਪੜ੍ਹੀਆਂ ਇਹ ਸਤਰਾਂ ਬੜੀਆਂ ਸਾਰਥਿਕ ਤੇ ਸੱਚੀਆਂ ਹਨ: ਕਦੀ-ਕਦੀ ਕਿਸੇ ਨਾਲ/ਹਲਕਾ ਜਿਹਾ ਤਕਰਾਰ ਹੋਵੇ।... ਹਲਕੀ-ਹਲਕੀ ਨੋਕ-ਝੋਕ ਗਿਲੇ-ਸ਼ਿਕਵੇ ਜ਼ਿੰਦਗੀ ਵਿਚ ਨਵੀਨਤਾ ਭਰਦੇ ਹਨ। ਇਹ ਜਿਉਣ ਜੋਗੀ ਬਣ ਜਾਂਦੀ ਹੈ।

ਮੇਰੀ ਨਾਨੀ ਆਖਦੀ ਹੁੰਦੀ ਸੀ- ਜਦੋਂ ਧੀਆਂ-ਪੁੱਤ ਔਖੇ (ਦੁਖੀ) ਹੁੰਦੇ ਨੇ, ਕੋਹਾਂ ਦੂਰ ਬੈਠੀ ਮਾਂ (ਦਾਦੀ) ਦੀਆਂ ਆਂਦਰਾਂ ਤੜਫ ਉਠਦੀਆਂ ਨੇ। ਇਹ ਰਿਸ਼ਤਾ ਆਂਦਰਾਂ ਦਾ ਜੁ ਹੋਇਆ। ਜਿਗਰ ਦੇ ਖੂਨ ਦਾ ਰਿਸ਼ਤਾ। ਹੱਡ ਤੇ ਮਾਸ ਦਾ ਰਿਸ਼ਤਾ। ਜੇ ਗੁਰਦੁਆਰੇ ਗਿਆਂ ਰੱਬ ਨੂੰ ਪਾਇਆ ਜਾ ਸਕਦਾ ਹੈ, ਤਾਂ ਜਿਸ ਦੇ ਘਰ ਰੱਬ ਵਰਗੀਆਂ ਬਜ਼ੁਰਗ ਰੂਹਾਂ ਹਨ, ਉਹ ਘਰ ਬੈਠਾ ਵੀ ਰੱਬ ਦੀ ਪ੍ਰਾਪਤੀ ਕਰ ਸਕਦਾ ਹੈ। ਬੰਦੇ ਤੇ ਰੱਬ ਵਿਚਕਾਰ ਅੰਤਰ ਇੰਨਾ ਕੁ ਹੀ ਹੈ ਕਿ ਬੰਦਾ ਦਿਸਦਾ ਹੈ, 'ਉਹ' ਦਿਸਦਾ ਨਹੀਂ। ਹਮੇਸ਼ਾ ਇੱਜ਼ਤ-ਮਾਣ ਦੇਣ ਤੇ ਲੈਣ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਹਰ ਰਿਸ਼ਤਾ ਅਨਮੋਲ ਹੈ, ਇਹਦੀ ਬਣਦੀ ਥਾਂ 'ਤੇ ਇਹਨੂੰ ਰਹਿਣ ਦਿਓ।

*ਭਗਤ ਸਿੰਘ ਬਾਰੇ ਵੱਖ-ਵੱਖ ਧਿਰਾਂ ਦੇ ਵੱਖ-ਵੱਖ ਵਿਚਾਰ ਹਨ, ਪਰ ਇਹ ਤੱਥ ਸਰਬ ਪ੍ਰਵਾਨਤ ਹੈ ਕਿ ਭਗਤ ਸਿੰਘ ਪੰਜਾਬ ਦਾ ਅਜਿਹਾ ਚਿੰਤਕ ਅਤੇ ਵਿਦਵਾਨ ਸੀ ਜਿਹੜਾ ਆਪਣੇ ਵੇਲਿਆਂ ਵਿਚ ਆਪਣੇ ਇਤਿਹਾਸ ਅਤੇ ਵਰਤਮਾਨ ਨੂੰ ਸਮਝ ਕੇ ਆਜ਼ਾਦੀ ਦੀ ਲੜਾਈ ਵਿਚ ਵੱਡੀ ਪੱਧਰ 'ਤੇ ਦਖਲ ਦੇ ਰਿਹਾ ਸੀ। ਪੰਜਾਬ ਦੇ ਹਿੱਸੇ ਤੋਂ ਲੋਕਾਂ ਨੂੰ ਜਾਣੂ ਕਰਾਉਣ ਲਈ ਉਸ ਨੇ ਪੰਜਾਬ ਦੀ ਹਰ ਲਹਿਰ ਬਾਰੇ ਲਿਖਣ ਦਾ ਯਤਨ ਕੀਤਾ। ਜਦੋਂ ਉਹ ਜੇਲ੍ਹ ਵਿਚ ਸੀ, ਉਸ ਵੇਲੇ ਵੀ ਉਸ ਦੇ ਲੇਖ 'ਪੀਪਲ' (ਲਾਹੌਰ) ਅਤੇ 'ਬੰਦੇ ਮਾਤ੍ਰਮ' (ਲਾਹੌਰ) ਵਿਚ ਛਪਦੇ ਰਹੇ। ਭਗਤ ਸਿੰਘ ਦੇ 107ਵੇਂ ਜਨਮ ਦਿਨ ਮੌਕੇ ਅਸੀਂ ਉਸ ਦਾ ਲਿਖਿਆ ਲੇਖ 'ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦਾ ਪਹਿਲਾ ਉਭਾਰ' ਛਾਪ ਰਹੇ ਹਾਂ ਜਿਸ ਵਿਚ ਪੰਜਾਬ ਦੀਆਂ ਲਹਿਰਾਂ ਦੇ ਪਿਛੋਕੜ ਬਾਰੇ ਚਰਚਾ ਕੀਤੀ ਹੈ। *ਇਹ ਲੇਖ 1931 ਵਿਚ ਲਾਹੌਰ ਦੇ ਰੋਜ਼ਾਨਾ ਅਖ਼ਬਾਰ 'ਪੀਪਲ' ਵਿਚ ਲੜੀਵਾਰ ਛਪਿਆ ਸੀ। ਇਹ ਲੇਖ ਭਗਤ ਸਿੰਘ ਨੇ ਉਰਦੂ ਵਿਚ ਲਿਖਿਆ ਸੀ, ਇਥੇ ਇਸ ਲੇਖ ਦਾ ਪੰਜਾਬੀ ਅਨੁਵਾਦ ਦਿੱਤਾ ਜਾ ਰਿਹਾ ਹੈ। -ਸੰਪਾਦਕ*

# ਆਜ਼ਾਦੀ ਦੀ ਲੜਾਈ ਵਿਚ ਪੰਜਾਬ ਦਾ ਪਹਿਲਾ ਉਭਾਰ

ਸ਼ਹੀਦ ਭਗਤ ਸਿੰਘ*

ਪੰਜਾਬ ਦੇ ਸਾਬਕਾ ਗਵਰਨਰ ਸਰ ਮਾਈਕਲ ਓਡਵਾਇਰ ਨੇ ਆਪਣੀ ਪੁਸਤਕ 'ਇੰਡੀਆ ਐਜ਼ ਆਈ ਨਿਊ ਇਟ' (ਭਾਰਤ ਜਿਵੇਂ ਮੈਂ ਜਾਣਿਆ) ਵਿਚ ਕੋੜੀ ਤੇ ਝੂਠੀ, ਪਰ ਨਾਲ ਹੀ ਅਤਿਅੰਤ ਮਹੱਤਵਪੂਰਨ ਸੱਚਾਈ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਪੰਜਾਬ ਰਾਜਨੀਤਕ ਹਲਚਲਾਂ ਵਿਚ ਸਭ ਤੋਂ ਪਿੱਛੇ ਹੈ। ਪੰਜਾਬ ਦੇ ਰਾਜਨੀਤਕ ਅੰਦੋਲਨਾਂ ਦਾ ਜਿਨ੍ਹਾਂ ਨੂੰ ਥੋੜ੍ਹਾ-ਬਹੁਤ ਗਿਆਨ ਹੈ, ਉਹ ਇਸ ਸੱਚਾਈ ਨੂੰ ਭਲੀ ਪ੍ਰਕਾਰ ਸਮਝ ਸਕਦੇ ਹਨ।

ਅੱਜ ਤੱਕ ਦਾ ਇਤਿਹਾਸ ਫੋਲੀਏ ਤਾਂ ਪਤਾ ਲੱਗਦਾ ਹੈ ਕਿ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਸਭ ਤੋਂ ਵੱਧ ਕੁਰਬਾਨੀਆਂ ਇਸ ਸੂਬੇ ਨੇ ਹੀ ਕੀਤੀਆਂ ਹਨ। ਇਸ ਲਈ ਬੜੀਆਂ ਮੁਸੀਬਤਾਂ ਇਸ ਸੂਬੇ ਦੀ ਜਨਤਾ ਨੂੰ ਸਹਿਣੀਆਂ ਪਈਆਂ। ਰਾਜਨੀਤਕ, ਧਾਰਮਿਕ ਆਦਿ ਅੰਦੋਲਨਾਂ ਵਿਚ ਪੰਜਾਬ ਭਾਰਤ ਦੇ ਦੂਸਰੇ ਸੂਬਿਆਂ ਨਾਲੋਂ ਅੱਗੇ ਰਿਹਾ ਹੈ ਅਤੇ ਦੇਸ਼ ਲਈ ਜਾਨ ਤੇ ਮਾਲ ਦੀ ਕੁਰਬਾਨੀ ਸਭ ਤੋਂ ਵੱਧ ਇਸੇ ਸੂਬੇ ਦੇ ਲੋਕਾਂ ਨੇ ਕੀਤੀ ਹੈ, ਫਿਰ ਵੀ ਸਾਨੂੰ ਸਿਰ ਝੁਕਾ ਕੇ ਇਹ ਮੰਨਣਾ ਪੈਂਦਾ ਹੈ ਕਿ ਰਾਜਨੀਤਕ ਖੇਤਰ ਵਿਚ ਪੰਜਾਬ ਸਭ ਤੋਂ ਪਿੱਛੇ ਹੈ।

ਇਸ ਦਾ ਕਾਰਨ ਸਿਰਫ ਇਹ ਹੈ ਕਿ ਰਾਜਨੀਤਕ ਅੰਦੋਲਨ ਇਥੋਂ ਦੀ ਜਨਤਾ ਦੇ ਵਿਅਕਤੀਗਤ ਜੀਵਨ ਦਾ ਜ਼ਰੂਰੀ ਅੰਗ ਬਣ ਸਕਿਆ। ਸਾਹਿਤਕ ਖੇਤਰ ਵਿਚ ਵੀ ਇਸ ਸੂਬੇ ਨੇ ਕੋਈ ਵਰਣਨਯੋਗ ਥਾਂ ਹਾਸਲ ਨਹੀਂ ਕੀਤੀ। ਬੁੱਧੀਜੀਵੀ ਵਰਗ ਲਈ ਉਸ ਸਮੇਂ ਤਕ (ਓਡਵਾਇਰ ਦੀ ਪੁਸਤਕ ਲਿਖਣ ਤਕ) ਦੇਸ਼ ਦੀ ਆਜ਼ਾਦੀ ਦਾ ਸਵਾਲ ਸਭ ਤੋਂ ਜ਼ਰੂਰੀ ਅਤੇ ਮਹੱਤਵਪੂਰਨ ਨਹੀਂ ਬਣਿਆ ਸੀ। ਇਸੇ ਲਈ ਆਮ ਕਰ ਕੇ ਕਿਹਾ ਜਾਂਦਾ ਹੈ ਕਿ ਇਹ ਸੂਬਾ ਬਹੁਤ ਪਿੱਛੇ ਹੈ। ਭਾਰਤ ਵਿਚ ਹੋਰ ਵੀ ਬਹੁਤ ਸਾਰੇ ਸੂਬੇ ਹਨ ਜੋ ਪੰਜਾਬ ਤੋਂ ਬਹੁਤ ਪਿੱਛੇ ਹਨ, ਪਰ ਦੁੱਖ ਦੀ ਗੱਲ ਹੈ ਕਿ ਇਹ ਬਦਕਿਸਮਤ ਸੂਬਾ ਅਜਿਹੇ ਦੂਸ਼ਣ ਨਾਲ ਵੀ ਪਿੱਛੇ ਹੀ ਹੈ।

ਪੰਜਾਬ ਦੀ ਆਪਣੀ ਕੋਈ ਵਿਸ਼ੇਸ਼ ਭਾਸ਼ਾ ਨਹੀਂ। ਭਾਸ਼ਾ ਨਾ ਹੋਣ ਕਾਰਨ ਸਾਹਿਤਕ ਖੇਤਰ ਵਿਚ ਵੀ ਕੋਈ ਤਰੱਕੀ ਨਹੀਂ ਹੋ ਸਕੀ। ਪੜ੍ਹੇ-ਲਿਖੇ ਲੋਕਾਂ ਨੂੰ ਪੱਛਮੀ ਸਾਹਿਤ 'ਤੇ ਹੀ ਨਿਰਭਰ ਰਹਿਣਾ ਪਿਆ। ਇਸ ਦਾ ਦੁੱਖਦਾਈ ਸਿੱਟਾ ਇਹ ਹੋਇਆ ਕਿ ਪੰਜਾਬ ਦਾ ਪੜ੍ਹਿਆ-ਲਿਖਿਆ ਵਰਗ ਆਪਣੇ ਸੂਬੇ ਦੀਆਂ ਰਾਜਨੀਤਕ ਹਲਚਲਾਂ ਤੋਂ ਅਲੱਗ ਜਿਹਾ ਰਿਹਾ ਹੈ। ਇਸੇ ਕਰ ਕੇ ਪੰਜਾਬ ਵਿਚ ਅਜਿਹੇ ਵਰਕਰ ਗਿਣੇ-ਚੁਣੇ ਹੀ ਹਨ ਜੋ ਆਪਣਾ ਪੂਰਾ ਜੀਵਨ ਰਾਜਨੀਤੀ ਨੂੰ ਦੇ ਸਕਦੇ ਹਨ। ਇਸੇ ਆਧਾਰ 'ਤੇ ਇਸ ਸੂਬੇ 'ਤੇ ਅਜਿਹੇ ਦੋਸ਼ ਲਾਏ ਜਾਂਦੇ ਹਨ। ਆਪਣੇ ਸੂਬੇ ਦੀ ਇਸ ਘਾਟ ਵੱਲ ਸੂਬੇ ਦੇ ਨੇਤਾਵਾਂ ਅਤੇ ਪੁਰਸ਼ ਸਮਾਜ ਦਾ ਧਿਆਨ ਖਿੱਚਣਾ ਹੀ ਇਸ ਲੇਖ ਦਾ ਉਦੇਸ਼ ਹੈ।

ਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਹੋਏ ਕੂਕਾ ਵਿਦਰੋਹ ਤੋਂ ਲੈ ਕੇ ਅੱਜ ਤੱਕ ਜੋ ਅੰਦੋਲਨ ਚੱਲੇ ਅਤੇ ਜਿਸ ਪ੍ਰਕਾਰ ਜਨਤਾ ਵਿਚ ਇਹ ਸੂਝ ਆਈ ਕਿ ਉਹ ਸੁਤੰਤਰਤਾ ਦੀ ਬਲੀ ਵੇਦੀ 'ਤੇ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਏ ਅਤੇ ਜਿਨ੍ਹਾਂ ਵਿਅਕਤੀਆਂ ਨੇ ਪ੍ਰਾਣਾਂ ਦਾ ਬਲੀਦਾਨ ਦਿੱਤਾ, ਉਨ੍ਹਾਂ ਦਾ ਜੀਵਨ ਚਰਿੱਤਰ ਤੇ ਇਤਿਹਾਸ ਹਰ ਇਸਤਰੀ ਪੁਰਖ ਦੇ ਹੌਸਲੇ ਨੂੰ ਬੁਲੰਦ ਕਰੇਗਾ ਅਤੇ ਉਹ ਹੋਣ ਵਾਲੇ ਅੰਦੋਲਨਾਂ ਨੂੰ ਵੀ ਅਧਿਐਨ ਤੇ ਅਨੁਭਵਾਂ ਦੀ ਰੌਸ਼ਨੀ ਵਿਚ ਚੰਗੀ ਤਰ੍ਹਾਂ ਚਲਾ ਸਕਣਗੇ। ਇਸ ਇਤਿਹਾਸ ਨੂੰ ਲਿਖਣ ਤੋਂ ਮੇਰਾ ਇਹ ਉਦੇਸ਼ ਬਿਲਕੁਲ ਨਹੀਂ ਹੈ ਕਿ ਭਵਿੱਖ ਵਿਚ ਵੀ ਠੀਕ ਇਸੇ ਪ੍ਰਕਾਰ ਦੇ ਅੰਦੋਲਨ ਹੀ ਸਫ਼ਲ ਹੋ ਸਕਣਗੇ। ਮੇਰਾ ਉਦੇਸ਼ ਤਾਂ ਸਿਰਫ ਇਹ ਹੈ ਕਿ ਜਨਤਾ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਜੀਵਨ ਭਰ ਦੇਸ਼ ਦੇ ਹੀ ਕੰਮ ਵਿਚ ਲੱਗੇ ਰਹਿਣ ਦੀਆਂ ਉਨ੍ਹਾਂ ਦੀਆਂ ਮਿਸਾਲਾਂ ਤੋਂ ਪ੍ਰੇਰਨਾ ਹਾਸਲ ਕਰੇ ਅਤੇ ਉਨ੍ਹਾਂ ਦਾ ਪਾਲਣ ਕਰਨ। ਵਕਤ ਆਉਣ 'ਤੇ ਕਿਸ ਢੰਗ ਨਾਲ ਕੰਮ ਕਰਨਾ ਹੈ, ਇਸ ਦਾ ਫੈਸਲਾ ਕੰਮ ਕਰਨ ਵਾਲੇ ਦੇਸ਼ ਦੀ ਮੌਜੂਦਾ ਹਾਲਾਤ ਨੂੰ ਵੇਖਦੇ ਹੋਏ ਖੁਦ ਕਰ ਸਕਦੇ ਹਨ।

**ਪੰਜਾਬ ਵਿਚ ਰਾਜਸੀ ਹਲਚਲਾਂ ਕਿਸ ਤਰ੍ਹਾਂ ਸ਼ੁਰੂ ਹੋਈਆਂ?**

ਸੰਨ 1907 ਤੋਂ ਪਹਿਲਾਂ ਪੰਜਾਬ ਵਿਚ ਬਿਲਕੁਲ ਹੀ ਖਾਮੋਸ਼ੀ ਸੀ। ਵਿਦਰੋਹ (ਕੂਕਾ ਵਿਦਰੋਹ) ਦੇ ਬਾਅਦ ਕੋਈ ਅਜਿਹਾ ਰਾਜਸੀ ਅੰਦੋਲਨ ਨਹੀਂ ਉਠਿਆ ਜੋ ਹਾਕਮਾਂ ਦੀ ਨੀਂਦ ਹਰਾਮ ਕਰ ਸਕਦਾ। ਸੰਨ 1908 ਵਿਚ ਪੰਜਾਬ ਵਿਚ ਪਹਿਲੀ ਵਾਰ ਕਾਂਗਰਸ ਦਾ ਅਜਲਾਸ ਹੋਇਆ ਪਰ ਉਸ ਸਮੇਂ ਕਾਂਗਰਸ ਦੇ ਕੰਮ ਦਾ ਆਧਾਰ ਹਾਕਮਾਂ ਪ੍ਰਤੀ ਵਫਾਦਾਰੀ ਪ੍ਰਗਟ ਕਰਨਾ ਸੀ। ਇਸ ਲਈ ਰਾਜਨੀਤਕ ਖੇਤਰ ਵਿਚ ਉਸ ਦਾ ਕੋਈ ਵਰਣਨਯੋਗ ਅਸਰ ਨਹੀਂ ਪਿਆ। 1905-1906 ਵਿਚ ਬੰਗਾਲ ਦੀ ਵੰਡ ਵਿਰੁਧ ਜੋ ਸ਼ਕਤੀਸ਼ਾਲੀ ਅੰਦੋਲਨ ਉਠ ਖੜ੍ਹਾ ਹੋਇਆ ਸੀ ਤੇ ਸਵਦੇਸ਼ੀ ਦੀ ਵਰਤੋਂ ਤੇ ਵਿਦੇਸ਼ੀ ਮਾਲ ਦੀ ਬਾਈਕਾਟ ਦੀ ਜੋ ਹਲਚਲ ਸ਼ੁਰੂ ਹੋਈ ਸੀ, ਉਸ ਦਾ ਪੰਜਾਬ ਦੀ ਉਦਯੋਗਿਕ ਜੀਵਨ ਅਤੇ ਆਮ ਜਨਤਾ 'ਤੇ ਬੜਾ ਭਾਰੀ ਅਸਰ ਹੋਇਆ ਸੀ। ਉਨ੍ਹਾਂ ਦਿਨਾਂ ਵਿਚ ਇਥੇ (ਪੰਜਾਬ) ਦਾ ਸਵਦੇਸ਼ੀ ਵਸਤਾਂ ਕਰ ਕੇ ਖੰਡ ਤਿਆਰ ਕਰਨ ਦਾ ਖਿਆਲ ਪੈਦਾ ਹੋਇਆ ਅਤੇ ਵੇਖਦਿਆਂ ਹੀ ਵੇਖਦਿਆਂ ਇਕ-ਦੋ ਮਿੱਲਾਂ ਵੀ ਖੁੱਲ੍ਹ ਗਈਆਂ। ਸੂਬੇ ਦੇ ਰਾਜਨੀਤਕ ਜੀਵਨ ਤੇ ਇਸ ਦਾ ਭਾਵੇਂ ਕੋਈ ਜ਼ਿਆਦਾ ਅਸਰ ਨਾ ਪਿਆ, ਪਰ ਸਰਕਾਰ ਨੇ ਇਸ ਉਦਯੋਗ ਨੂੰ ਤਬਾਹ ਕਰਨ ਲਈ ਗੰਨੇ ਦੀ ਫਸਲ 'ਤੇ ਮਾਮਲਾ ਤਿੰਨ ਗੁਣਾਂ ਕਰ ਦਿੱਤਾ। ਜਿਥੇ ਪਹਿਲਾਂ ਇਕ ਵਿੱਘੇ ਦਾ ਮਾਮਲਾ ਢਾਈ ਰੁਪਏ ਸੀ, ਉਹ ਹੁਣ ਸਾਢੇ ਸੱਤ ਰੁਪਏ ਦੇਣੇ ਪੈਂਦੇ ਸਨ। ਇਸ ਨਾਲ ਕਿਸਾਨਾਂ 'ਤੇ ਭਾਰੀ ਭਾਰ ਆ ਪਿਆ।

**ਨਵਾਂ ਕਾਲੋਨੀ ਐਕਟ**

ਦੂਸਰੇ ਪਾਸੇ ਲਾਇਲਪੁਰ ਆਦਿ ਵਿਚ ਸਰਕਾਰ ਨੇ ਨਵੀਂ ਨਹਿਰ ਖੁਦਵਾ ਕੇ ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ ਆਦਿ ਦੇ ਨਿਵਾਸੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਅਤੇ ਲਾਲਚ ਦੇ ਕੇ ਇਸ ਖੇਤਰ ਵਿਚ ਬੁਲਾ ਲਿਆ ਸੀ। ਇਹ ਲੋਕ ਆਪਣੀ ਪੁਰਾਣੀ ਜ਼ਮੀਨ ਤੇ ਜਾਇਦਾਦ ਛੱਡ ਕੇ ਆਏ ਅਤੇ ਕਈ ਸਾਲ ਤੱਕ ਆਪਣਾ ਖੂਨ-ਪਸੀਨਾ ਇਕ ਕਰ ਕੇ ਇਨ੍ਹਾਂ ਲੋਕਾਂ ਨੇ ਜੰਗਲਾਂ ਨੂੰ ਗੁਲਜ਼ਾਰ ਬਣਾ ਦਿੱਤਾ। ਲੇਕਿਨ ਅਜੇ ਉਨ੍ਹਾਂ ਸਾਹ ਵੀ ਨਹੀਂ ਸੀ ਲਿਆ ਕਿ ਨਵਾਂ ਕਾਲੋਨੀ ਐਕਟ ਉਨ੍ਹਾਂ ਦੇ ਸਿਰ 'ਤੇ ਆ ਖੜ੍ਹਾ ਹੋਇਆ। ਇਹ ਐਕਟ ਕੀ ਸੀ? ਕਾਸ਼ਤਕਾਰਾਂ ਦੀ ਹੋਂਦ ਹੀ ਮਿਟਾ ਦੇਣ ਦਾ ਤਰੀਕਾ ਸੀ। ਇਸ ਐਕਟ ਅਨੁਸਾਰ ਹਰ ਵਿਅਕਤੀ ਦੀ ਨਿੱਜੀ ਜਾਇਦਾਦ ਦਾ ਮਾਲਕ ਸਿਰਫ਼ ਵੱਡਾ ਪੁੱਤਰ ਹੀ ਹੋ ਸਕਦਾ ਸੀ। ਛੋਟੇ ਪੁੱਤਰਾਂ ਲਈ ਕੋਈ ਹਿੱਸਾ ਨਹੀਂ ਰੱਖਿਆ ਗਿਆ ਸੀ। ਵੱਡੇ ਪੁੱਤਰ ਦੇ ਮਰਨ 'ਤੇ ਵੀ ਉਹ ਜ਼ਮੀਨ ਜਾਂ ਹੋਰ ਜਾਇਦਾਦ ਛੋਟੇ ਲੜਕੇ ਨੂੰ ਨਹੀਂ ਮਿਲ ਸਕਦੀ ਸੀ, ਬਲਕਿ ਉਸ 'ਤੇ ਵੀ ਸਰਕਾਰ ਦਾ ਅਧਿਕਾਰ ਹੋ ਜਾਂਦਾ ਸੀ।

ਕੋਈ ਆਦਮੀ ਆਪਣੀ ਜ਼ਮੀਨ 'ਤੇ ਖੜ੍ਹੇ ਦਰਖ਼ਤਾਂ ਨੂੰ ਨਹੀਂ ਕੱਟ ਸਕਦਾ ਸੀ। ਉਨ੍ਹਾਂ ਤੋਂ ਉਹ ਦਾਤਣ ਵੀ ਨਹੀਂ ਕੱਟ ਸਕਦਾ ਸੀ। ਜੋ ਜ਼ਮੀਨਾਂ ਉਨ੍ਹਾਂ ਨੂੰ ਮਿਲੀਆਂ ਸਨ, ਉਨ੍ਹਾਂ 'ਤੇ ਉਹ ਸਿਰਫ ਖੇਤੀ ਹੀ ਕਰ ਸਕਦੇ ਹਨ। ਕਿਸੇ ਪ੍ਰਕਾਰ ਦਾ ਮਕਾਨ ਜਾਂ ਝੌਂਪੜੀ, ਇਥੋਂ ਤੱਕ ਕਿ ਪਸ਼ੂਆਂ ਨੂੰ ਪੱਠੇ ਪਾਉਣ ਲਈ ਖੁਰਲੀ ਤੱਕ ਨਹੀਂ ਬਣਾ ਸਕਦੇ ਸਨ। ਕਾਨੂੰਨ ਦੀ ਥੋੜ੍ਹੀ ਜਿਹੀ ਵੀ ਉਲੰਘਣਾ ਕਰਨ 'ਤੇ 24 ਘੰਟੇ ਦਾ ਨੋਟਿਸ ਦੇ ਕੇ ਅਖੌਤੀ ਅਪਰਾਧੀ ਦੀ ਜ਼ਮੀਨ ਜ਼ਬਤ ਕੀਤੀ ਜਾ ਸਕਦੀ ਸੀ। ਕਿਹਾ ਜਾਂਦਾ ਹੈ ਕਿ ਐਸਾ ਕਾਨੂੰਨ ਬਣਾ ਕੇ ਸਰਕਾਰ ਚਾਹੁੰਦੀ ਸੀ ਕਿ ਥੋੜ੍ਹੇ ਜਿਹੇ ਵਿਦੇਸ਼ੀਆਂ ਨੂੰ ਕੁੱਲ ਜ਼ਮੀਨ ਦਾ ਮਾਲਕ ਬਣਾ ਦਿੱਤਾ ਜਾਵੇ ਤੇ ਜ਼ਮੀਨ ਦੇ ਹਿੰਦੋਸਤਾਨੀ ਕਾਸ਼ਤਕਾਰ ਉਨ੍ਹਾਂ ਦੇ ਰਹਿਮ 'ਤੇ ਰਹਿਣ। ਇਸ ਤੋਂ ਇਲਾਵਾ ਸਰਕਾਰ ਇਹ ਵੀ ਚਾਹੁੰਦੀ ਸੀ ਕਿ ਦੂਸਰੇ ਸੂਬਿਆਂ ਵਾਂਗ ਪੰਜਾਬ ਵਿਚ ਵੀ ਵੱਡੇ-ਵੱਡੇ ਜ਼ਿਮੀਂਦਾਰ ਹੋਣ ਅਤੇ ਬਾਕੀ ਬਹੁਤ ਗਰੀਬ ਕਾਸ਼ਤਕਾਰ ਹੋਣ। ਇਸ ਪ੍ਰਕਾਰ ਜਨਤਾ ਦੋ ਵਰਗਾਂ ਵਿਚ ਵੰਡੀ ਜਾਵੇ। ਮਾਲਦਾਰ ਕਦੀ ਵੀ ਕਿਸੇ ਵੀ ਹਾਲਤ ਵਿਚ ਸਰਕਾਰ ਵਿਰੋਧੀਆਂ ਦਾ ਸਾਥ ਦੇਣ ਦਾ ਹੌਸਲਾ ਨਹੀਂ ਕਰ ਸਕਣਗੇ ਅਤੇ ਗਰੀਬ ਕਾਸ਼ਤਕਾਰਾਂ ਜੋ ਦਿਨ-ਰਾਤ ਮਿਹਨਤ ਕਰ ਕੇ ਵੀ ਪੇਟ ਨਹੀਂ ਭਰ ਸਕਣਗੇ, ਨੂੰ ਇਸ ਦਾ ਮੌਕਾ ਨਹੀਂ ਮਿਲੇਗਾ। ਇਸ ਪ੍ਰਕਾਰ ਸਰਕਾਰ ਖੁੱਲ੍ਹੇ ਹੱਥੀਂ ਜੋ ਚਾਹੇਗੀ, ਕਰੇਗੀ।

**ਅਸ਼ਾਂਤੀ ਦੇ ਬੀਜ**

ਉਨ੍ਹੀਂ ਦਿਨੀਂ ਯੂ.ਪੀ. ਅਤੇ ਬਿਹਾਰ ਵਰਗੇ ਸੂਬਿਆਂ ਵਿਚ ਕਿਸਾਨਾਂ ਦੀ ਹਾਲਤ ਐਸੀ ਸੀ, ਪਰ ਪੰਜਾਬ ਦੇ ਲੋਕ ਜਲਦੀ ਹੀ ਸੰਭਲ ਗਏ। ਸਰਕਾਰ ਦੀ ਇਸ ਚਾਲ ਵਿਰੁਧ ਉਨ੍ਹਾਂ ਜ਼ਬਰਦਸਤ ਅੰਦੋਲਨ ਸ਼ੁਰੂ ਕਰ ਦਿੱਤਾ। ਰਾਵਲਪਿੰਡੀ ਵੱਲ ਵੀ ਇਨ੍ਹੀਂ ਦਿਨੀਂ ਨਵਾਂ ਬੰਦੋਬਸਤ ਖਤਮ ਹੋਇਆ ਸੀ ਅਤੇ ਲਗਾਨ ਵਧਾਇਆ ਗਿਆ ਸੀ। ਇਸ ਪ੍ਰਕਾਰ ਸੰਨ 1907 ਦੇ ਸ਼ੁਰੂ ਵਿਚ ਹੀ ਅਸ਼ਾਂਤੀ ਦੇ ਕੁਝ ਕਾਰਨ ਹਾਜ਼ਰ ਸਨ। ਇਸ ਸਾਲ ਦੇ ਸ਼ੁਰੂ ਵਿਚ ਹੀ ਪੰਜਾਬ ਦੇ ਗਵਰਨਰ ਸਰ ਐਬਿਟਸਨ ਨੇ ਕਿਹਾ ਸੀ ਕਿ ਇਸ ਸਮੇਂ ਭਾਵੇਂ ਪ੍ਰਗਟ ਰੂਪ ਵਿਚ ਤਾਂ ਸ਼ਾਂਤੀ ਹੈ ਪਰ ਜਨਤਾ ਦੇ ਦਿਲ ਵਿਚ ਅਸੰਤੋਸ਼ ਪੈਦਾ ਹੁੰਦਾ ਜਾ ਰਿਹਾ ਹੈ।

ਇਨ੍ਹੀਂ ਦਿਨੀਂ ਦੇਸ਼ ਭਰ ਵਿਚ ਖਾਮੋਸ਼ੀ ਛਾਈ ਹੋਈ ਸੀ। ਜਨਤਾ 'ਠਹਿਰੋ ਤੇ ਦੇਖੋ' ਦੀ ਹਾਲਤ ਵਿਚ ਸੀ। ਇਹ ਖਾਮੋਸ਼ੀ ਤੂਫ਼ਾਨ ਆਉਣ ਤੋਂ ਪਹਿਲਾਂ ਵਾਲੀ ਸ਼ਾਂਤੀ ਸੀ। ਖਾਸ ਕਰ ਕੇ ਪੰਜਾਬ ਵਿਚ ਤਾਂ ਐਸੀ ਹਾਲਤ ਸੀ ਕਿ ਅਸ਼ਾਂਤੀ ਦਾ ਪੈਦਾ ਹੋ ਜਾਣਾ ਬਿਲਕੁਲ ਉਚਿਤ ਅਤੇ ਜ਼ਰੂਰੀ ਹੀ ਸੀ।

**1906 ਦਾ ਕਾਂਗਰਸ ਅਜਲਾਸ**

1906 ਵਿਚ ਕਾਂਗਰਸ ਦਾ ਸਾਲਾਨਾ ਅਜਲਾਸ ਕਲਕੱਤੇ ਵਿਚ ਹੋਇਆ। ਦਾਦਾ ਭਾਈ ਨਾਰੋਜੀ ਇਸ ਦੇ ਪ੍ਰਧਾਨ ਸਨ। ਇਸ ਅਜਲਾਸ ਵਿਚ ਉਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੇ ਭਾਸ਼ਨ ਵਿਚ 'ਸਵਰਾਜ' ਸ਼ਬਦ ਦੀ ਵਰਤੋਂ ਕੀਤੀ। ਬ੍ਰਿਟਿਸ਼ ਪਾਰਲੀਮੈਂਟ ਦੇ ਆਪਣੇ ਨਿੱਜੀ ਅਨੁਭਵਾਂ ਦੇ ਆਧਾਰ 'ਤੇ ਖੁਦ ਦਾਦਾ ਭਾਈ ਨੇ ਕਿਹਾ ਸੀ ਕਿ ਜੇ ਅਸੀਂ ਕੁਝ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਆਪਣੇ ਅੰਦਰ ਤਾਕਤ ਪੈਦਾ ਕਰਨੀ ਹੋਵੇਗੀ। ਸਾਨੂੰ ਆਪਣੇ ਭਾਰ ਖੜ੍ਹਾ ਹੋਣਾ ਪਵੇਗਾ। ਪੱਥਰਾਂ ਵਾਂਗ ਗੱਡੀ ਨਜ਼ਰ ਨਾਲ ਵੇਖਦੇ ਰਹਿਣ ਨਾਲ ਹੀ ਕੰਮ ਨਹੀਂ ਚੱਲੇਗਾ।

**ਲਾਲਾ ਲਾਜਪਤ ਰਾਏ**

ਠੀਕ ਇਹੀ ਗੱਲ ਇਕ ਸਾਲ ਪਹਿਲਾਂ ਬਨਾਰਸ ਦੇ ਕਾਂਗਰਸ ਅਜਲਾਸ ਵਿਚ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਨੇ ਕਹੀ ਸੀ। ਲਾਲਾ ਜੀ ਕਾਂਗਰਸ ਦੇ ਪ੍ਰਧਾਨ ਸਵਰਗੀ ਗੋਖਲੇ ਨਾਲ ਇਕ ਡੈਪੂਟੇਸ਼ਨ ਵਿਚ ਇੰਗਲੈਂਡ ਭੇਜੇ ਗਏ ਸਨ। ਉਥੋਂ ਵਾਪਸ ਆ ਕੇ ਉਨ੍ਹਾਂ ਬਹੁਤ ਗਰਮ ਭਾਸ਼ਨ ਦਿੱਤਾ ਸੀ।

**ਲੋਕਮਾਨਿਆ ਤਿਲਕ**

1906 ਦੇ ਕਾਂਗਰਸ ਅਜਲਾਸ ਵਿਚ ਲੋਕਮਾਨਿਆ ਤਿਲਕ ਦਾ ਬੋਲ-ਬਾਲਾ ਸੀ। ਨੌਜਵਾਨ ਧੜਾ ਉਨ੍ਹਾਂ ਦੀਆਂ ਖਰੀਆਂ ਤੇ ਸਪਸ਼ਟ ਗੱਲਾਂ ਕਰਨ ਉਨ੍ਹਾਂ ਦਾ ਭਗਤ ਬਣ ਗਿਆ ਸੀ। ਉਨ੍ਹਾਂ ਦੀ ਨਿੰਡਰਤਾ, ਕੁਝ ਕਰ ਗੁਜ਼ਰਨ ਦੀ ਭਾਵਨਾ ਅਤੇ ਵੱਡੇ ਤੋਂ ਵੱਡੇ ਕਸ਼ਟ ਸਹਿਣ ਲਈ ਹਮੇਸ਼ਾ ਤਿਆਰ ਰਹਿਣ ਕਾਰਨ ਨੌਜਵਾਨ ਉਨ੍ਹਾਂ ਵੱਲ ਖਿੱਚੇ ਆ ਰਹੇ ਸਨ। ਕਾਂਗਰਸ ਅਜਲਾਸ ਤੋਂ ਇਲਾਵਾ ਕਾਂਗਰਸ ਦੇ ਪੰਡਾਲ ਤੋਂ ਬਾਹਰ ਵੀ ਲੋਕਮਾਨਿਆ ਦੇ ਅਨੇਕ ਭਾਸ਼ਨ ਇਸ ਮੌਕੇ 'ਤੇ ਹੋਏ ਸਨ।

ਸ. ਕਿਸ਼ਨ ਸਿੰਘ ਅਤੇ ਸ. ਅਜੀਤ ਸਿੰਘ ਜੋ ਨੌਜਵਾਨ ਲੋਕਮਾਨਿਆ ਵੱਲ ਖਾਸ ਤੌਰ 'ਤੇ ਖਿੱਚੇ ਗਏ ਸਨ, ਉਨ੍ਹਾਂ ਵਿਚ ਕੁਝ ਪੰਜਾਬੀ ਨੌਜਵਾਨ ਵੀ ਸਨ। ਅਜਿਹੇ ਦੋ ਪੰਜਾਬੀ ਨੌਜਵਾਨ, ਲੋਕਮਾਨਿਆ ਨੂੰ ਮਿਲੇ। ਇਨ੍ਹਾਂ ਦਾ ਉਤਸ਼ਾਹ ਅਤੇ ਹੌਸਲਾ ਵੇਖ ਕੇ ਲੋਕਮਾਨਿਆ ਨੂੰ ਬਹੁਤ ਖੁਸ਼ੀ ਹੋਈ ਅਤੇ ਪੰਜਾਬ ਵਿਚ ਰਾਜਨੀਤਕ ਅੰਦੋਲਨ ਨੂੰ ਤਾਕਤਵਰ ਬਣਾਉਣ ਦੀ ਸਲਾਹ ਦੇ ਕੇ ਲੋਕਮਾਨਿਆ ਨੇ ਉਨ੍ਹਾਂ ਦੋਹਾਂ ਨੌਜਵਾਨਾਂ ਨੂੰ ਵਿਦਾ ਕਰ ਦਿੱਤਾ। ਇਹ ਦੋਵੇਂ ਨੌਜਵਾਨ ਮੇਰੇ ਪੂਜਨੀਕ ਪਿਤਾ ਸ. ਕਿਸ਼ਨ ਸਿੰਘ ਅਤੇ ਮੇਰੇ ਆਦਰਯੋਗ ਚਾਚਾ ਸ. ਅਜੀਤ ਸਿੰਘ ਸਨ।

**'ਭਾਰਤ ਮਾਤਾ' ਅਖ਼ਬਾਰ ਅਤੇ ਮਹਿਤਾ ਨੰਦ ਕਿਸ਼ੋਰ**


ਸ. ਕਿਸ਼ਨ ਸਿੰਘ ਅਤੇ ਸ. ਅਜੀਤ ਸਿੰਘ ਨੇ ਵਾਪਸ ਲਾਹੌਰ ਆ ਕੇ 'ਭਾਰਤ ਮਾਤਾ' ਨਾਂ ਦਾ ਮਾਸਕ ਪੱਤਰ ਪ੍ਰਕਾਸ਼ਤ ਕਰਨਾ ਸ਼ੁਰੂ ਕਰ ਦਿੱਤਾ ਅਤੇ ਮਾਨਯੋਗ ਮਹਿਤਾ ਨੰਦ ਕਿਸ਼ੋਰ ਨੂੰ ਨਾਲ ਲੈ ਕੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਕੋਲ ਨਾ ਧਨ ਸੀ ਅਤੇ ਨਾ ਹੀ ਧਨੀ ਵਰਗ ਨਾਲ ਕੋਈ ਸਬੰਧ ਹੀ ਸੀ। ਕਿਸੇ ਫ਼ਿਰਕੇ ਦੇ ਨੇਤਾ ਜਾਂ ਮਹੰਤ ਵੀ ਨਹੀਂ ਸਨ। ਸੋ, ਪ੍ਰਚਾਰ ਦੇ ਕੰਮ ਲਈ ਜ਼ਰੂਰੀ ਸਭ ਸਾਧਨ ਖੁਦ ਹੀ ਇਕੱਠੇ ਕਰਨੇ ਪੈਂਦੇ। ਇਕ ਦਿਨ ਘੰਟੀ ਵਜਾ ਕੇ ਬਾਜ਼ਾਰ ਵਿਚ ਕੁਝ ਲੋਕਾਂ ਨੂੰ ਇਕੱਠਾ ਕਰ ਲਿਆ ਅਤੇ ਇਸ ਵਿਸ਼ੇ 'ਤੇ ਭਾਸ਼ਣ ਦੇਣ ਲੱਗੇ ਕਿ ਵਿਦੇਸ਼ੀਆਂ ਨੇ ਭਾਰਤੀ ਉਦਯੋਗ ਤੇ ਵਪਾਰ ਨੂੰ ਕਿਸ ਪ੍ਰਕਾਰ ਤਬਾਹ ਕੀਤਾ ਹੈ। ਉਥੇ ਇਹ ਵੀ ਐਲਾਨ ਕਰ ਦਿੱਤਾ ਕਿ ਆਉਂਦੇ ਐਤਵਾਰ ਨੂੰ ਮਹੱਤਵਪੂਰਨ ਸਭਾ 'ਭਾਰਤ ਮਾਤਾ' ਦੇ ਦਫਤਰ ਦੇ ਕੋਲ, ਜੋ ਲਾਹੌਰੀ ਤੇ ਸ਼ਾਲਾਮਾਰੀ ਦਰਵਾਜ਼ੇ ਦੇ ਵਿਚਕਾਰ ਸਥਿਤ ਹੈ, ਹੋਵੇਗੀ। ਪਹਿਲੀ ਸਭਾ ਪਾਪੜ ਮੰਡੀ ਵਿਚ, ਦੂਜੀ ਲਾਹੌਰੀ ਮੰਡੀ ਵਿਚ ਹੋਈ। ਤੀਸਰੀ ਸਭਾ ਵਿਚ ਭਾਸ਼ਣਾਂ ਤੋਂ ਪਹਿਲਾਂ ਇਕ ਪੰਜਾਬੀ ਨੌਜਵਾਨ ਨੇ ਬੜੇ ਹੀ ਟੁੰਬਵੇਂ (ਅੰਦਾਜ਼ ਵਿਚ) ਅਤੇ ਦੇਸ਼ ਭਗਤੀ ਦੀਆਂ ਭਾਵਨਾਵਾਂ ਨਾਲ ਭਰੀ ਹੋਈ ਨਜ਼ਮ ਪੜ੍ਹੀ ਜਿਸ ਦੀ ਸਰੋਤਿਆਂ ਨੇ ਬਹੁਤ ਪ੍ਰਸ਼ੰਸਾ ਕੀਤੀ। ਇਹ ਨੌਜਵਾਨ ਤੇ ਹੋਰ ਵੀ ਇਸੇ ਦਲ ਵਿਚ ਸ਼ਾਮਲ ਹੋ ਗਏ। ਇਹ ਨੌਜਵਾਨ ਪੰਜਾਬ ਦੇ ਪ੍ਰਸਿਧ ਰਾਸ਼ਟਰੀ ਕਵੀ ਲਾਲਾ ਲਾਲ ਚੰਦ 'ਫਲਕ' ਸਨ ਜੋ ਅੱਜ ਤੱਕ ਆਪਣੀਆਂ ਉਤਸ਼ਾਹਪੂਰਨ ਕਵਿਤਾਵਾਂ ਨਾਲ ਦੇਸ਼ ਨੂੰ ਜਗਾਉਂਦੇ ਰਹੇ ਹਨ। ਇਸੇ ਤਰ੍ਹਾਂ ਲਾਲਾ ਪਿੰਡੀ ਦਾਸ ਜੀ ਅਤੇ ਡਾਕਟਰ ਈਸ਼ਵਰੀ ਪ੍ਰਸਾਦ ਜੀ ਆਦਿ ਕੁਝ ਹੋਰ ਸੱਜਣਾਂ ਦੇ ਵੀ ਇਸ ਦਲ ਵਿਚ ਆਉਣ 'ਤੇ 'ਅੰਜੁਮਨ ਮੁਹਿਬਨੇ ਵਤਨ' ਦੇ ਨਾਂ ਦੀ ਸੰਸਥਾ ਬਣਾਈ ਗਈ ਜੋ ਬਾਅਦ ਵਿਚ 'ਭਾਰਤ ਮਾਤਾ ਸੁਸਾਇਟੀ' ਦੇ ਨਾਂ ਨਾਲ ਪ੍ਰਸਿਧ ਹੋਈ।

ਆਉਂਦੇ ਸ਼ਨਿੱਚਰਵਾਰ ਫ਼ਿਰ ਆਮ ਸਭਾ ਹੋਣ ਵਾਲੀ ਸੀ। ਉਸੇ ਦਿਨ ਲਾਹੌਰ ਵਿਚ ਸ੍ਰੀਮਤੀ ਐਨੀ ਬੀਸੈਂਟ ਦੇ ਭਾਸ਼ਨ ਦਾ ਵੀ ਪ੍ਰਬੰਧ ਸੀ। ਕੁਝ ਮਿੱਤਰਾਂ ਨੇ ਸਲਾਹ ਦਿੱਤੀ ਕਿ ਇਸ ਮੌਕੇ 'ਭਾਰਤ ਮਾਤਾ ਸੁਸਾਇਟੀ' ਭੰਗ ਕਰ ਦਿੱਤੀ ਜਾਵੇ, ਪਰ ਇਸ ਸਲਾਹ ਨੂੰ ਸਵੀਕਾਰ ਨਾ ਕੀਤਾ ਅਤੇ ਨਾ ਹੀ ਆਪਣੀ ਸਭਾ ਨੂੰ ਹੀ ਮੁਲਤਵੀ ਕਰਨਾ ਮੁਨਾਸਬ ਸਮਝਿਆ ਗਿਆ। ਆਖਰ ਸਭਾ ਹੋਈ ਤਾਂ ਹਾਜ਼ਰੀ ਕਾਫੀ ਸੀ। ਇਸ ਸਭਾ ਵਿਚ ਇਹ ਐਲਾਨ ਕਰ ਦਿੱਤਾ ਗਿਆ ਕਿ ਹਰ ਐਤਵਾਰ ਨੂੰ ਸਭਾ ਹੋਇਆ ਕਰੇਗੀ ਅਤੇ ਇਸ ਸੰਸਥਾ ਦੇ ਪ੍ਰਧਾਨ ਸ. ਅਜੀਤ ਸਿੰਘ ਅਤੇ ਸੈਕਟਰੀ ਮਹਿਤਾ ਨੰਦ ਕਿਸ਼ੋਰ ਚੁਣੇ ਗਏ।

**ਜੱਟਾਂ ਦੀ ਸਭਾ**

ਇਕ-ਦੋ ਮਹੀਨੇ ਇਸੇ ਤਰ੍ਹਾਂ ਪ੍ਰਚਾਰ ਹੁੰਦਾ ਰਿਹਾ। ਇਕ ਦਿਨ ਲਾਹੌਰ ਅਤੇ ਅੰਮ੍ਰਿਤਸਰ ਖੇਤਰ ਦੇ ਜੱਟ ਕਾਸ਼ਤਕਾਰਾਂ ਨੇ ਲਗਾਨ ਵਧਾਉਣ ਵਿਰੁਧ ਸਭਾ ਕਰਨ ਦਾ ਫੈਸਲਾ ਕੀਤਾ। ਅਜਮੇਰੀ ਦਰਵਾਜ਼ੇ ਦੇ ਬਾਹਰ ਰਤਨ ਚੰਦ ਦੀ ਸਰਾਂ ਵਿਚ ਸਭਾ ਕੀਤੀ ਗਈ, ਪਰ ਜਦ ਜੱਟ ਇਕੱਠੇ ਹੋ ਗਏ ਤਾਂ ਡੀ.ਸੀ. ਨੇ ਰਤਨ ਚੰਦ ਦੇ ਲੜਕੇ ਨੂੰ ਬੁਲਾ ਕੇ ਜਾਇਦਾਦ ਜ਼ਬਤ ਕਰ ਲੈਣ ਦੀ ਧਮਕੀ ਦਿੱਤੀ। ਇਸ ਤਰ੍ਹਾਂ ਰਤਨ ਚੰਦ ਦੇ ਲੜਕੇ ਨੇ ਉਥੇ ਇਕੱਠੇ ਹੋਏ

(ਬਾਕੀ ਅਗਲੇ ਸਫੇ 'ਤੇ)



**ਭਗਤ ਸਿੰਘ ਦੀਆਂ ਚਾਰ ਅਸਲ ਤਸਵੀਰਾਂ। ਉਪਰ, ਪਹਿਲੀ ਗ੍ਰਿਫਤਾਰੀ ਸਮੇਂ। (ਹੇਠਾਂ, ਖੱਬਿਉਂ) ਬਚਪਨ ਦੀ ਤਸਵੀਰ, (ਵਿਚਕਾਰ) ਹੈਟ ਵਾਲੀ ਤਸਵੀਰ ਜੋ ਸਭ ਤੋਂ ਵੱਧ ਮਸ਼ਹੂਰ ਹੋਈ ਅਤੇ (ਐਨ ਸੱਜੇ) ਜਦੋਂ ਕਾਲਜ ਵਿਚ ਪੜ੍ਹਦਾ ਸੀ।**

ਕਿਸਾਨਾਂ ਨੂੰ ਆਪਣੀ ਸਰਾਂ ਤੋਂ ਬਾਹਰ ਕੱਢ ਦਿੱਤਾ। ਤਦ ਕਿਸਾਨਾਂ ਨੇ ਸ਼ਹਿਰ ਦੇ ਨੇਤਾ ਮੰਨੇ ਜਾਣ ਵਾਲੇ ਸੱਜਣਾਂ ਨਾਲ ਸਬੰਧ ਸਥਾਪਤ ਕੀਤਾ, ਪਰ ਉਥੋਂ ਵੀ ਉਨ੍ਹਾਂ ਨੂੰ ਸਾਫ਼ ਜਵਾਬ ਮਿਲ ਗਿਆ। ਹਰ ਤਰਫ਼ ਤੋਂ ਮਾਯੂਸ ਹੋ ਕੇ ਵਿਚਾਰੇ ਕਮੇਟੀ ਬਾਗ਼ ਵਿਚ ਜਾ ਬੈਠੇ। ਇੰਨੇ ਵਿਚ ਭਾਰਤ ਮਾਤਾ ਸੁਸਾਇਟੀ ਦੇ ਮੈਂਬਰਾਂ ਨੂੰ ਇਸ ਦੀ ਸੂਚਨਾ ਮਿਲੀ ਅਤੇ ਇਨ੍ਹਾਂ ਲੋਕਾਂ ਨੂੰ ਆਪਣੀ ਥਾਂ 'ਤੇ ਲੈ ਗਏ। ਸੁਸਾਇਟੀ ਕੋਲ ਇਕ ਕਮਰੇ ਤੋਂ ਬਿਨਾਂ ਖੁੱਲ੍ਹਾ ਮੈਦਾਨ ਵੀ ਸੀ। ਇਸ ਮੈਦਾਨ ਵਿਚ ਦਰੀਆਂ ਵਿਛਾ ਕੇ ਸ਼ਮਿਆਨਾ ਲਗਵਾ ਦਿੱਤਾ ਗਿਆ ਅਤੇ ਇਕ ਪਾਸੇ ਉਨ੍ਹਾਂ ਕਿਸਾਨਾਂ ਦੇ ਭੋਜਨ ਲਈ ਲੰਗਰ ਦਾ ਪ੍ਰਬੰਧ ਕਰ ਦਿੱਤਾ ਗਿਆ। ਕਿਸਾਨਾਂ ਦਾ ਉਤਸ਼ਾਹ ਇਸ ਨਾਲ ਵਧ ਗਿਆ ਅਤੇ ਫ਼ਿਰ ਪੂਰਾ ਇਕ ਹਫ਼ਤਾ ਉਥੇ ਹਰ ਰੋਜ਼ ਸਭਾਵਾਂ ਹੋਈਆਂ ਜਿਨ੍ਹਾਂ ਵਿਚ ਨਿਡਰ ਭਾਸ਼ਨ ਦਿੱਤੇ ਗਏ। ਇਸ ਸਭਾ ਵਿਚ ਆਮ ਕਿਸਾਨਾਂ ਦਾ ਉਤਸ਼ਾਹ ਵੇਖ ਕੇ ਭਾਰਤ ਮਾਤਾ ਸੁਸਾਇਟੀ ਦੇ ਮੈਂਬਰਾਂ ਦੇ ਹੌਸਲੇ ਹੋਰ ਵੀ ਵਧ ਗਏ।

ਇਸ ਤੋਂ ਬਾਅਦ ਪਿੰਡਾਂ ਦੇ ਦੌਰਿਆਂ ਦਾ ਪ੍ਰੋਗਰਾਮ ਬਣਾਇਆ ਗਿਆ ਜਿਸ ਨਾਲ ਕਿਸਾਨਾਂ ਨੂੰ ਲਗਾਨ-ਬੰਦੀ ਲਈ ਤਿਆਰ ਕੀਤਾ ਜਾ ਸਕੇ। ਇਹ ਸਰਕਾਰ ਦੇ ਵਿਰੁਧ ਯੁੱਧ ਦਾ ਐਲਾਨ ਸੀ ਅਤੇ ਜਨਤਾ ਵਿਚ ਜੋਸ਼ ਇੰਨਾ ਸੀ ਕਿ ਸੰਘਰਸ਼ ਵਿਚ ਉਹ ਆਪਣਾ ਸਭ ਕੁਝ ਦਾਅ 'ਤੇ ਲਗਾ ਦੇਣ ਲਈ ਹਮੇਸ਼ਾ ਤਿਆਰ ਸੀ।

**ਸੂਫ਼ੀ ਅੰਬਾ ਪ੍ਰਸ਼ਾਦ**

ਠੀਕ ਇਨ੍ਹੀਂ ਦਿਨੀਂ ਹੀ ਭਾਰਤ ਮਾਤਾ ਸੁਸਾਇਟੀ ਵਿਚ ਉਚ ਕੋਟੀ ਦੇ ਦੇਸ਼ ਭਗਤ, ਰਾਜਨੀਤਕ ਅਤੇ ਲੇਖਕ ਸ਼ਾਮਲ ਹੋਏ। ਆਪ ਜੀ ਦਾ ਨਾਂ ਸੀ ਸੂਫ਼ੀ ਅੰਬਾ ਪ੍ਰਸ਼ਾਦ। ਸੂਫ਼ੀ ਜੀ ਦਾ ਜਨਮ ਸੰਨ 1858 ਵਿਚ ਮੁਰਾਦਾਬਾਦ ਵਿਚ ਹੋਇਆ ਸੀ। ਉਹ ਉਰਦੂ ਦੇ ਪ੍ਰਭਾਵਸ਼ਾਲੀ ਲੇਖਕ ਹਿੰਦੂ ਮੁਸਲਿਮ ਏਕਤਾ ਦੇ ਪ੍ਰਬਲ ਸਮਰਥਕ ਅਤੇ ਸੁਤੰਤਰਤਾ ਦੇ ਨਿਡਰ ਪੁਜਾਰੀ ਸਨ। ਆਪ ਨੇ ਹਫ਼ਤਾਵਾਰ ਅਖ਼ਬਾਰ ਕੱਢਿਆ। ਇਸ ਤੋਂ ਸਾਲ ਬਾਅਦ ਹੀ ਰਾਜ ਵਿਦਰੋਹ ਦੇ ਅਪਰਾਧ ਵਿਚ ਸਵਾ ਦੋ ਸਾਲ ਕੈਦ ਦੀ ਸਜ਼ਾ ਮਿਲੀ। ਇਹ ਸਜ਼ਾ ਕੱਟ ਕੇ ਆਏ ਤਾਂ ਅੰਦਰੋ-ਅੰਦਰ ਆਪ ਦੇ ਖਿਲਾਫ਼ ਦੂਜਾ ਮੁਕੱਦਮਾ ਖੜ੍ਹਾ ਕਰ ਦਿੱਤਾ ਗਿਆ। ਇਸ ਵਾਰ ਆਪ ਜੀ ਨੂੰ 6 ਸਾਲ ਕੈਦ ਦੀ ਸਜ਼ਾ ਮਿਲੀ। ਉਨ੍ਹੀਂ ਦਿਨੀਂ ਰਾਜ ਵਿਦਰੋਹ ਵਿਚ ਸਜ਼ਾ ਪਾਏ ਹੋਏ ਕੈਦੀਆਂ ਨੂੰ ਬਹੁਤ ਖ਼ਤਰਨਾਕ ਸਮਝਿਆ ਜਾਂਦਾ ਸੀ ਅਤੇ ਉਨ੍ਹਾਂ ਨਾਲ ਜੇਲ੍ਹ ਵਿਚ ਵਰਤਾਓ ਵੀ ਬਹੁਤ ਬੁਰਾ ਹੁੰਦਾ ਸੀ। 1906 ਵਿਚ ਆਪ ਜੇਲ੍ਹ ਵਿਚੋਂ ਰਿਹਾਅ ਹੋਏ ਅਤੇ ਪੰਜਾਬ ਵਿਚ ਇਹ ਰਾਜਨੀਤਕ ਜਾਗ੍ਰਿਤੀ ਦੇਖ ਕੇ ਪੰਜਾਬ ਚਲੇ ਆਏ। ਇਥੇ ਆ ਕੇ ਆਪ 'ਹਿੰਦੋਸਤਾਨ' ਸਪਤਾਹਿਕ ਦੇ ਸਹਾਇਕ ਸੰਪਾਦਕ ਬਣਾਏ ਗਏ। ਗਰਮਾ-ਗਰਮ ਲੇਖਾਂ ਅਤੇ ਸੰਪਾਦਕੀਆਂ ਵਿਚ ਆਪ ਜੀ ਦਾ ਨਾਂ ਦਿੱਤਾ ਜਾਣ 'ਤੇ ਅਖ਼ਬਾਰ ਦੇ ਮਾਲਕਾਂ ਨੂੰ ਬੜੀ ਘਬਰਾਹਟ ਰਹਿੰਦੀ ਸੀ। ਇਸ 'ਤੇ ਆਪ ਜੀ ਨੂੰ ਉਸ ਅਖ਼ਬਾਰ ਵਿਚੋਂ ਅਸਤੀਫ਼ਾ ਦੇਣਾ ਪਿਆ। ਸਭ ਤੋਂ ਪਹਿਲਾਂ ਆਪ ਜੱਟਾਂ ਦੀ ਸਭਾ ਵਿਚ ਆਏ ਸਨ ਅਤੇ ਫ਼ਿਰ ਉਥੇ ਹੀ ਰਹਿ ਗਏ। ਬਾਅਦ ਵਿਚ ਸ. ਅਜੀਤ ਸਿੰਘ ਜੀ ਨਾਲ ਆਪ ਜੀ ਦੀ ਐਸੀ ਡੂੰਘੀ ਮਿੱਤਰਤਾ ਹੋ ਗਈ ਕਿ ਇਕ-ਦੂਜੇ ਤੋਂ ਅਲੱਗ ਹੋਣਾ ਲਗਭਗ ਅਸੰਭਵ ਹੋ ਗਿਆ।

ਇਨ੍ਹੀਂ ਦਿਨੀਂ ਹੀ ਲਾਇਲਪੁਰ ਵਿਚ ਬਹੁਤ ਵੱਡਾ ਮੇਲਾ ਹੋਣ ਵਾਲਾ ਸੀ। ਇਹ ਮੇਲਾ 'ਪਸ਼ੂ ਮੰਡੀ' ਦੇ ਨਾਂ ਨਾਲ ਪ੍ਰਸਿੱਧ ਸੀ। ਇਸ ਮੇਲੇ ਵਿਚ ਹਜ਼ਾਰਾਂ ਲੋਕੀਂ ਪਸ਼ੂ ਖਰੀਦਣ ਅਤੇ ਵੇਚਣ ਲਈ ਇਕੱਠੇ ਹੁੰਦੇ ਸਨ। ਇਸ ਸਾਲ ਰੋਜ਼ਾਨਾ 'ਜ਼ਿਮੀਂਦਾਰ' ਦੇ ਮਾਲਕ ਮੀਆਂ ਸਿਰਾਜੁਦੀਨ ਅਤੇ ਇਕ-ਦੋ ਹੋਰ ਸੱਜਣਾਂ ਨੇ ਸਭਾ ਕਰਨ ਦਾ ਨਿਸ਼ਚਾ ਕੀਤਾ। ਇਸ ਵਿਚ ਨਵੇਂ ਕਾਲੋਨੀ ਐਕਟ ਵਿਰੁਧ ਮਤੇ ਪਾਸ ਕਰਨੇ ਸਨ। ਇਸ ਸਭਾ ਵਿਚ ਭਾਸ਼ਨ ਦੇਣ ਲਈ ਲਾਲਾ ਜੀ ਨੂੰ ਖਾਸ ਰੂਪ ਵਿਚ ਬੁਲਾਇਆ ਗਿਆ ਸੀ। ਭਾਰਤ ਮਾਤਾ ਸੁਸਾਇਟੀ ਦੇ ਮੈਂਬਰ ਗਰਮ ਦਲੀਏ ਸਨ, ਵਿਧਾਨਕ ਰੂਪ ਨਾਲ ਅੰਦੋਲਨ ਚਲਾਉਣ ਦਾ ਵਿਚਾਰ ਰੱਖਣ ਵਾਲੇ ਸੱਜਣ ਥੋੜ੍ਹਾ ਘਬਰਾ ਗਏ। ਭਾਰਤ ਮਾਤਾ ਸੁਸਾਇਟੀ ਵੱਲੋਂ ਦੋ ਕਾਰਜ-ਕਰਤਾ ਉਥੇ ਇਸ ਉਦੇਸ਼ ਲਈ ਭੇਜੇ ਗਏ ਕਿ ਉਹ ਉਥੇ ਪਹੁੰਚ ਕੇ ਆਪਣੇ ਅਨੁਕੂਲ ਹਾਲਤ ਬਣਾ ਲੈਣ ਜਿਸ ਨਾਲ ਸ. ਅਜੀਤ ਸਿੰਘ ਜੀ ਆਪਣੇ ਦੂਸਰੇ ਸਾਥੀਆਂ ਨਾਲ ਪਹੁੰਚ ਕੇ ਸਫ਼ਲਤਾ ਨਾਲ ਆਪਣਾ ਪ੍ਰਚਾਰ ਕਰ ਸਕਣ।

ਜ਼ਿਮੀਂਦਾਰ ਸਭਾ ਵੱਲੋਂ ਜੋ ਪੰਡਾਲ ਲੱਗਾ ਸੀ, ਉਸ ਵਿਚ ਹੀ ਇਕ ਦਿਨ ਭਾਸ਼ਨ ਦੇ ਕੇ ਭਾਰਤ ਮਾਤਾ ਸੁਸਾਇਟੀ ਦੇ ਕਾਰਜ-ਕਰਤਾ ਨੇ ਆਮ ਲੋਕਾਂ ਦਾ ਵਿਸ਼ਵਾਸ ਪ੍ਰਾਪਤ ਕਰ ਲਿਆ। ਉਧਰ ਜਿਸ ਦਿਨ ਲਾਲਾ ਜੀ ਲਾਹੌਰ ਤੋਂ ਰਵਾਨਾ ਹੋਏ, ਉਸੇ ਦਿਨ ਸ. ਅਜੀਤ ਸਿੰਘ ਨੇ ਵੀ ਉਥੋਂ ਚਾਲੇ ਪਾ ਦਿੱਤੇ। ਲਾਲਾ ਜੀ ਨੇ ਸਰਦਾਰ ਤੋਂ ਪੁੱਛਿਆ ਕਿ ਤੁਹਾਡਾ ਅਗਲਾ ਪ੍ਰੋਗਰਾਮ ਕੀ ਹੈ? ਆਪਣੇ ਪ੍ਰੋਗਰਾਮ ਦੀ ਸੂਚਨਾ ਵੀ ਲਾਲਾ ਜੀ ਨੇ ਦਿੱਤੀ ਕਿ ਸਰਕਾਰ ਨੇ ਕਾਲੋਨੀ ਐਕਟ ਵਿਚ ਜੋ ਥੋੜ੍ਹਾ ਜਿਹਾ ਪਰਿਵਰਤਨ ਕਰ ਦਿਤਾ ਹੈ। ਇਸ ਲਈ ਸਰਕਾਰ ਦਾ ਧੰਨਵਾਦ ਕਰਦੇ ਹੋਏ ਬਾਕੀ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਕਰਾਂਗੇ।

ਸਰਦਾਰ ਜੀ ਨੇ ਉਤਰ ਵਿਚ ਕਿਹਾ ਕਿ ਪ੍ਰੋਗਰਾਮ ਤਾਂ ਇਹ ਹੈ ਕਿ ਜਨਤਾ ਨੂੰ ਲਗਾਨਬੰਦੀ ਲਈ ਤਿਆਰ ਕੀਤਾ ਜਾਵੇ। ਨਾਲ ਹੀ ਸਾਡੇ ਪ੍ਰੋਗਰਾਮ ਵਿਚ ਸਰਕਾਰ ਨੂੰ ਧੰਨਵਾਦ ਕਰਨ ਦੀ ਤਾਂ ਕੋਈ ਥਾਂ ਮਿਲ ਹੀ ਨਹੀਂ ਸਕਦੀ।

ਲਾਲਾ ਜੀ ਅਤੇ ਸ. ਅਜੀਤ ਲਾਇਲਪੁਰੀ ਪਹੁੰਚੇ। ਲਾਲਾ ਜੀ ਦਾ ਵਿਸ਼ਾਲ ਜਲੂਸ ਕੱਢਿਆ ਗਿਆ ਜਿਸ ਕਰ ਕੇ ਲਾਲਾ ਜੀ ਲਗਭਗ ਦੋ ਘੰਟੇ ਵਿਚ ਪੰਡਾਲ ਪੁੱਜੇ। ਸਾਡੇ ਲੋਕ ਅਜਿਹੇ ਵੀ ਹਨ ਜੋ ਜਲੂਸ ਵਿਚ ਸ਼ਾਮਲ ਨਾ ਹੋ ਕੇ ਸਿੱਧੇ ਪੰਡਾਲ ਵਿਚ ਹੀ ਪਹੁੰਚ ਗਏ ਸਨ ਅਤੇ ਉਥੇ ਭਾਸ਼ਨ ਸ਼ੁਰੂ ਹੋ ਗਏ ਸਨ। ਇਕ-ਦੋ ਛੋਟੇ-ਛੋਟੇ ਭਾਸ਼ਣਾਂ ਬਾਅਦ ਸ. ਅਜੀਤ ਸਿੰਘ ਜੀ ਨੇ ਭਾਸ਼ਨ ਦਿੱਤਾ। ਆਪ ਬਹੁਤ ਪ੍ਰਭਾਵਸ਼ਾਲੀ ਬੁਲਾਰੇ ਹਨ। ਆਪ ਜੀ ਦੀ ਨਿਡਰ ਭਾਸ਼ਨ ਸ਼ੈਲੀ ਨੇ ਜਨਤਾ ਨੂੰ ਆਪਣਾ ਭਗਤ ਬਣਾ ਦਿੱਤਾ ਅਤੇ ਸਰੋਤੇ ਬੜੇ ਜੋਸ਼ ਵਿਚ ਆ ਚੁੱਕੇ ਸਨ।

ਲਾਇਲਪੁਰ ਦੇ ਡੀ.ਸੀ. ਵੀ ਇਥੇ ਹਾਜ਼ਰ ਸਨ। ਕਾਰਵਾਈ ਵੇਖ ਕੇ ਉਨ੍ਹਾਂ ਇਹ ਸਿੱਟਾ ਕੱਢਿਆ ਕਿ ਇਹ ਸਭਾ, ਸਾਜ਼ਿਸ਼ ਸੀ। ਲਾਲਾ ਲਾਜਪਤ ਰਾਏ ਸਭ ਦੇ ਗੁਰੂ ਹਨ ਅਤੇ ਨੌਜਵਾਨ ਸ. ਅਜੀਤ ਸਿੰਘ ਜੀ ਉਨ੍ਹਾਂ ਦੇ ਚੇਲੇ ਹਨ। ਸਰਕਾਰ ਦਾ ਇਹ ਵਿਚਾਰ ਬਹੁਤ ਦਿਨਾਂ ਤੱਕ ਬਣਿਆ ਰਿਹਾ। ਹੋ ਸਕਦਾ ਹੈ ਲਾਲਾ ਜੀ ਅਤੇ ਸ. ਅਜੀਤ ਸਿੰਘ ਨੂੰ ਨਜ਼ਰਬੰਦ ਕਰਨ ਦਾ ਇਹੀ ਕਾਰਨ ਸੀ।



ਗਦਰੀ ਬਾਬਿਆਂ ਤੇ ਹੋਰ ਦੇਸ਼ ਭਗਤਾਂ ਬਾਰੇ ਮਣਾਂ-ਮੂੰਹੀਂ ਲਿਖਤਾਂ ਸਾਂਭਣ ਵਾਲੇ ਮਲਵਿੰਦਰਜੀਤ ਸਿੰਘ ਵੜੈਚ ਅਤੇ ਭਗਤ ਸਿੰਘ ਦੀ ਮਾਂ ਵਿਦਿਆਵਤੀ ਦੀ ਪਿੰਡ ਖਟਕੜ ਕਲਾਂ ਵਿਖੇ ਖਿੱਚੀ ਤਸਵੀਰ।

ਲਾਲਾ ਜੀ ਦੇ ਭਾਸ਼ਨ ਦੇ ਬਾਅਦ ਸ੍ਰੀ ਬਾਂਕੇ ਦਿਆਲ ਜੀ ਨੇ ਬਹੁਤ ਹੀ ਪ੍ਰਭਾਵਸ਼ਾਲੀ ਨਜ਼ਮ ਪੜ੍ਹੀ ਜੋ ਬਾਅਦ ਵਿਚ ਬਹੁਤ ਪ੍ਰਚਲਿਤ ਹੋ ਗਈ। ਇਹ ਨਜ਼ਮ 'ਪਗੜੀ ਸੰਭਾਲ ਓਏ ਜੱਟਾ' ਸੀ।

ਲਾਲਾ ਬਾਂਕੇ ਦਿਆਲ ਪੁਲਿਸ ਵਿਚ ਸਬ ਇੰਸਪੈਕਟਰ ਸਨ ਅਤੇ ਸਰਕਾਰੀ ਨੌਕਰੀ ਛੱਡ ਕੇ ਇਸ ਅੰਦੋਲਨ ਵਿਚ ਸ਼ਾਮਲ ਹੋ ਗਏ ਸਨ। ਇਸ ਦਿਨ ਨਜ਼ਮ ਪੜ੍ਹ ਕੇ ਜਦ ਮੰਚ ਤੋਂ ਉਤਰੇ ਤਾਂ ਭਾਰਤ ਮਾਤਾ ਦਲ ਦੇ ਕਾਰਜ-ਕਾਰਿੰਦਿਆਂ ਨੇ ਉਨ੍ਹਾਂ ਨੂੰ ਗਲ਼ ਨਾਲ ਲਾ ਲਿਆ।

ਲਾਹੌਰ ਵਿਚ ਹੋਏ ਦੰਗੇ ਦੇ ਬਾਅਦ, ਮਿਊਂਸਪਲ ਬੋਰਡ ਨੇ ਪ੍ਰਸਤਾਵ ਪਾਸ ਕੀਤਾ ਕਿ ਸ਼ਹਿਰ ਵਿਚ ਸਭ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਕਿਹਾ ਜਾਵੇ ਕਿ ਉਹ ਵਿਦਿਆਰਥੀਆਂ ਨੂੰ ਰਾਜਨੀਤਕ ਅੰਦੋਲਨਾਂ ਵਿਚ ਹਿੱਸਾ ਲੈਣ ਤੋਂ ਰੋਕਣ ਅਤੇ ਉਨ੍ਹਾਂ ਨੂੰ ਹੋਸਟਲਾਂ ਤੋਂ ਬਾਹਰ ਨਾ ਜਾਣ ਦੇਣ। ਜੋ ਵਿਦਿਆਰਥੀ ਉਨ੍ਹਾਂ ਦੀ ਆਗਿਆ ਦਾ ਪਾਲਣ ਨਾ ਕਰਨ, ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ।

ਇਸ ਪ੍ਰਸਤਾਵ ਦੇ ਸਬੰਧ ਵਿਚ ਲੋਕਮਾਨਿਆ ਤਿਲਕ ਨੇ ਆਪਣੇ ਮਰਾਠੀ ਪੱਤਰ 'ਕੇਸਰੀ' ਵਿਚ ਜ਼ਬਰਦਸਤ ਲੇਖ ਲਿਖਿਆ ਸੀ। ਲੋਕਮਾਨਿਆ ਨੇ ਲਿਖਿਆ ਸੀ ਕਿ ਇਨ੍ਹਾਂ ਦੰਗਿਆਂ ਤੋਂ ਕਿਸ ਨੂੰ ਦੁਖ ਅਤੇ ਖੇਦ ਨਹੀਂ ਹੋਵੇਗਾ? ਕੌਣ ਚਾਹੁੰਦਾ ਹੈ ਕਿ ਨੌਜਵਾਨ ਥੋੜ੍ਹੇ ਹੌਸਲੇ ਤੋਂ ਕੰਮ ਨਾ ਲੈਣ? ਪਰ ਮਿਊਂਸਪਲ ਬੋਰਡ ਦੇ ਇਸ ਫੈਸਲੇ ਦਾ ਕੀ ਭਾਵ ਹੈ? 50 ਸਾਲ ਬਾਅਦ ਅੱਜ ਦੇਸ਼ ਦੇ ਨੌਜਵਾਨਾਂ ਵਿਚ ਥੋੜ੍ਹੀ ਜਿਹੀ ਜਾਗ੍ਰਿਤੀ ਨਜ਼ਰ ਆਈ ਹੈ। ਉਸ ਸਧਾਰਨ ਜਿਹੇ ਦੰਗੇ ਦੇ ਕਾਰਨ ਨਸ਼ਟ ਕਰਨ ਦਾ ਪ੍ਰਸਤਾਵ ਕਿਉਂ ਕੀਤਾ ਜਾਵੇ? ਅੱਜ ਨੌਜਵਾਨਾਂ ਵਿਚ ਦੇਸ਼ ਭਗਤੀ ਦੀਆਂ ਭਾਵਨਾਵਾਂ ਉਮਡ ਰਹੀਆਂ ਹਨ ਅਤੇ ਉਹ ਸਵੈਧੀਨਤਾ-ਬੇਚੈਨ ਹਨ ਤਾਂ ਉਨ੍ਹਾਂ ਨੂੰ ਪ੍ਰੇਮ ਨਾਲ ਸਮਝਾਉਣਾ ਚਾਹੀਦਾ ਹੈ ਕਿ ਉਹ ਇਸ ਪ੍ਰਕਾਰ ਆਪਣੀ ਸ਼ਕਤੀ ਦਾ ਨਾਸ਼ ਨਾ ਕਰਨ।

ਜਨਤਾ ਜੋਸ਼ ਵਿਚ ਆ ਕੇ ਜਦ ਕੁਝ ਕਰ ਗੁਜ਼ਰਦੀ ਸੀ ਤਾਂ ਗਰਮ ਦਲ ਦੀ ਇਹ ਨੀਤੀ ਹੁੰਦੀ ਸੀ। ਗਰਮ ਦਲ ਦੇ ਨੇਤਾ ਜਾਣਦੇ ਸਨ ਕਿ ਜਦ ਜਨਤਾ ਵਿਚ ਜਾਗ੍ਰਿਤੀ ਹੁੰਦੀ ਹੈ ਤਾਂ ਉਸ ਦੇ ਨਾਲ ਜੋਸ਼ ਅਤੇ ਬੇਚੈਨੀ ਹੋਣਾ ਜ਼ਰੂਰੀ ਹੀ ਹੈ। ਉਹ ਇਹ ਵੀ ਜਾਣਦੇ ਸਨ ਕਿ ਫੂਕਾਂ ਮਾਰ-ਮਾਰ ਕੇ ਪੈਰ ਰੱਖਣ ਵਾਲੇ ਭੱਦਰ ਪੁਰਸ਼ ਸੁਤੰਤਰਤਾ ਸੰਗਰਾਮ ਵਿਚ ਜ਼ਿਆਦਾ ਦੇਰ ਤੱਕ ਨਹੀਂ ਟਿਕ ਸਕਦੇ। ਰਾਸ਼ਟਰ ਦੇ ਨਿਰਮਾਤਾ ਤਾਂ ਨੌਜਵਾਨ ਹੀ ਹੋਇਆ ਕਰਦੇ ਹਨ। ਕਿਸੇ ਨੇ ਸੱਚ ਹੀ ਕਿਹਾ ਹੈ, "ਸੁਧਾਰ ਬੁੱਢੇ ਆਦਮੀ ਨਹੀਂ ਕਰ ਸਕਦੇ। ਉਹ ਤਾਂ ਬਹੁਤ ਬੁੱਧੀਮਾਨ ਅਤੇ ਸਮਝਦਾਰ ਹੁੰਦੇ ਹਨ। ਸੁਧਾਰ ਤਾਂ ਹੁੰਦੇ ਹਨ ਨੌਜਵਾਨਾਂ ਦੀ ਮਿਹਨਤ, ਹੌਸਲੇ, ਬਲੀਦਾਨ ਅਤੇ ਇਰਾਦੇ ਨਾਲ ਜਿਨ੍ਹਾਂ ਨੂੰ ਭੈਅ-ਭੀਤ ਹੋਣਾ ਆਉਂਦਾ ਹੀ ਨਹੀਂ ਹੈ, ਤੇ ਜੋ ਵਿਚਾਰ ਘੱਟ ਤੇ ਅਨੁਭਵ ਜ਼ਿਆਦਾ ਕਰਦੇ ਹਨ।"

ਐਸਾ ਪ੍ਰਤੀਤ ਹੁੰਦਾ ਹੈ ਕਿ ਉਸ ਸਮੇਂ ਇਸ ਪ੍ਰਾਂਤ (ਪੰਜਾਬ) ਦੇ ਯੁਵਕ ਇਨ੍ਹਾਂ ਭਾਵਨਾਵਾਂ ਤੋਂ ਪ੍ਰਭਾਵਤ ਹੋ ਕੇ ਹੀ ਸੁਤੰਤਰਤਾ ਸੰਘਰਸ਼ ਵਿਚ ਕੁੱਦ ਪੈਂਦੇ ਸਨ। ਤਿੰਨ ਮਹੀਨੇ ਪਹਿਲਾਂ ਜਿੱਥੇ ਬਿਲਕੁਲ ਖਾਮੋਸ਼ੀ ਸੀ, ਉਥੇ ਹੁਣ 'ਸਵਦੇਸ਼ੀ' ਅਤੇ 'ਸਵਰਾਜ' ਦਾ ਅੰਦੋਲਨ ਇੰਨਾ ਬਲਵਾਨ ਹੋ ਗਿਆ ਕਿ ਨੌਕਰਸ਼ਾਹੀ ਘਬਰਾ ਉਠੀ। ਉਧਰ ਲਾਇਲਪੁਰ ਆਦਿ ਜ਼ਿਲ੍ਹਿਆਂ ਵਿਚ ਨਵੇਂ ਕਾਲੋਨੀ ਐਕਟ ਵਿਰੁਧ ਅੰਦੋਲਨ ਚੱਲ ਰਿਹਾ ਸੀ। ਉਥੇ ਕਿਸਾਨਾਂ ਦੀ ਹਮਦਰਦੀ ਵਿਚ ਰੇਲਵੇ ਦੇ ਮਜ਼ਦੂਰਾਂ ਨੇ ਵੀ ਹੜਤਾਲ ਕੀਤੀ ਅਤੇ ਉਨ੍ਹਾਂ ਦੀ ਸਹਾਇਤਾ ਲਈ ਧਨ ਵੀ ਇਕੱਠਾ ਕੀਤਾ ਜਾਣ ਲੱਗਾ। ਇਸ ਦਾ ਸਿੱਟਾ ਇਹ ਹੋਇਆ ਕਿ ਅਪਰੈਲ ਦੇ ਅਖੀਰ ਤੱਕ ਪੰਜਾਬ ਸਰਕਾਰ ਘਬਰਾ ਗਈ। ਪੰਜਾਬ ਦੇ ਉਸ ਸਮੇਂ ਦੇ ਗਵਰਨਰ ਨੇ ਭਾਰਤ ਸਰਕਾਰ ਨੂੰ ਆਪਣੇ ਪੱਤਰ ਵਿਚ ਇਹ ਪੂਰੀ ਹਾਲਤ ਦੱਸਦੇ ਹੋਏ ਲਿਖਿਆ ਸੀ- ਸੂਬੇ ਦੇ ਉਤਰੀ ਜ਼ਿਲ੍ਹਿਆਂ ਵਿਚ ਸਿਰਫ਼ ਪੜ੍ਹੇ-ਲਿਖੇ ਤਬਕੇ ਅਤੇ ਉਨ੍ਹਾਂ ਵਿਚ ਵੀ ਖਾਸ ਕਰ ਕੇ ਵਕੀਲ ਅਤੇ ਵਿਦਿਆਰਥੀ ਸਮਾਜ ਤੱਕ ਹੀ ਨਵੇਂ ਵਿਚਾਰ ਸੀਮਤ ਹਨ, ਪਰ "ਸੂਬੇ ਦੇ ਕੇਂਦਰ ਵਧਦੇ ਹੀ ਇਹ ਸਪਸ਼ਟ ਨਜ਼ਰ ਆਉਂਦਾ ਹੈ ਕਿ ਅਸੰਤੋਸ਼ ਅਤੇ ਅਸ਼ਾਂਤੀ ਤੇਜ਼ੀ ਨਾਲ ਵਧਦੀ ਜਾ ਰਹੀ ਹੈ।" ਇਸੇ ਪੱਤਰ ਵਿਚ ਅੱਗੇ ਚੱਲ ਕੇ ਲਿਖਿਆ ਸੀ, "ਇਨ੍ਹਾਂ ਲੋਕਾਂ ਨੇ (ਅੰਦੋਲਨ ਦੇ ਨੇਤਾਵਾਂ) ਅੰਮ੍ਰਿਤਸਰ ਅਤੇ ਫ਼ਿਰੋਜ਼ਪੁਰ ਵਿਚ ਵੀ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਫ਼ਿਰੋਜ਼ਪੁਰ ਵਿਚ ਉਨ੍ਹਾਂ ਨੂੰ ਖਾਸ ਰੂਪ ਵਿਚ ਸਫ਼ਲਤਾ ਮਿਲੀ ਹੈ। ਰਾਵਲਪਿੰਡੀ ਅਤੇ ਲਾਇਲਪੁਰ ਵੱਲ ਵੀ ਬੇਚੈਨੀ ਫੈਲਾਉਣ ਵਿਚ ਕਾਮਯਾਬ ਹੋ ਰਹੇ ਹਨ। ਲਾਹੌਰ ਦਾ ਤਾਂ ਕਹਿਣਾ ਹੀ ਕੀ ਹੈ।" ਪੱਤਰ ਦੇ ਅਖੀਰ ਵਿਚ ਕਿਹਾ ਗਿਆ ਹੈ, "ਕੁਝ ਨੇਤਾ ਅੰਗਰੇਜ਼ ਨੂੰ ਦੇਸ਼ ਵਿਚੋਂ ਕੱਢ ਦੇਣ ਦੀਆਂ ਸਾਜ਼ਿਸ਼ਾਂ ਕਰ ਰਹੇ ਹਨ। ਘੱਟ ਤੋਂ ਘੱਟ ਉਹ ਸਾਨੂੰ ਹਕੂਮਤ ਤੋਂ ਹਟਾ ਦੇਣ ਦੀ ਕੋਸ਼ਿਸ਼ ਵਿਚ ਜ਼ਰੂਰ ਹਨ... ਉਹ ਤਾਂ ਤਾਕਤ ਨਾਲ ਵੀ ਅਜਿਹਾ ਕਰਨਾ ਚਾਹੁੰਦੇ ਹਨ। ਜਨਤਾ ਅਤੇ ਸ਼ਾਸਕ ਵਿਚਕਾਰ ਸਹਿਯੋਗ ਦੁਆਰਾ ਇਸ ਪ੍ਰਕਾਰ ਦਾ ਵਾਤਾਵਰਨ ਪੈਦਾ ਕਰਨ ਲਈ ਗੈਰ-ਜ਼ਿੰਮੇਵਾਰ ਢੰਗ ਨਾਲ ਘਿਰਣਾ ਤੇ ਅੰਗਰੇਜ਼ ਵੱਲ ਦੁਸ਼ਮਣੀ ਪੈਦਾ ਕਰ ਦੇਣਾ ਚਾਹੁੰਦੇ ਹਨ। ਵਰਤਮਾਨ ਹਾਲਤ ਬਹੁਤ ਹੀ ਨਾਜ਼ੁਕ ਹੈ ਅਤੇ ਜਲਦੀ ਹੀ ਸਾਨੂੰ ਕੁਝ ਨਾ ਕੁਝ ਪ੍ਰਬੰਧ ਕਰਨਾ ਚਾਹੀਦਾ ਹੈ।"

# ਸੁਣਿਐ ਦੂਖ ਪਾਪ ਕਾ ਨਾਸੁ

*(ਸਫਾ 26 ਦੀ ਬਾਕੀ)*

ਜੇ ਉਨ੍ਹਾਂ ਦੀ ਸਿਰਜਣਾ ਕਰ ਲਵੋ, ਇਹ ਸਵਰਗ ਦਾ ਰਾਹ ਹੈ। ਅਸੀਂ ਬਾਹਰ ਦੇ ਰਾਹ 'ਤੇ ਜਿੰਨਾ ਵੀ ਦੌੜਾਂਗੇ, ਜੇ ਉਸ ਦਾ ਦਸਵਾਂ ਹਿੱਸਾ ਵੀ ਅੰਦਰ ਦੇ ਰਾਹ 'ਤੇ ਲੈ ਜਾਈਏ ਤਾਂ ਅਸੀਂ ਆਪਣੇ ਕੋਲ ਪਹੁੰਚ ਸਕਦੇ ਹਾਂ। ਜਿਹੜਾ ਆਪਣੇ ਤੱਕ ਨਹੀਂ ਪਹੁੰਚਿਆ, ਉਹ ਕਿਤੇ ਨਹੀਂ ਪਹੁੰਚਿਆ। ਜਿੰਨੀ ਅੰਦਰ ਅਸ਼ਾਂਤੀ ਹੈ, ਉਨੀ ਬਾਹਰ ਭਟਕਣਾ ਹੋਵੇਗੀ। ਆਪਣਾ ਨਰਕ ਸਵਰਗ ਅਸੀਂ ਆਪ ਲੈ ਕੇ ਚੱਲਦੇ ਹਾਂ। ਅੰਦਰ ਦਾ ਵਾਰਤਾਲਾਪ ਜਿਹੜਾ ਤੋੜੇਗਾ, ਉਹ ਹੀ ਸੁਣਨ ਵਿਚ ਸਮਰੱਥ ਹੋਵੇਗਾ। ਸੁਣਨ ਦੀ ਕਲਾ ਆ ਗਈ ਤਾਂ ਤੁਸੀਂ ਹਵਾਵਾਂ ਦੇ ਬੋਲ ਵੀ ਸੁਣ ਸਕੋਗੇ।

ੴ ਦੇ ਨਾਦ ਦੀ ਧੁਨ ਸੁਣਾਈ ਦੇਵੇਗੀ। ੴ ਸਤਿਨਾਮ ਜਿਸ ਦੇ ਮਨ ਵਿਚ ਵਸ ਗਿਆ, ਸਮਝੋ ਉਹ ਪਾ ਗਿਆ, ਭੈਅ ਤੋਂ ਮੁਕਤ ਹੋ ਗਿਆ। ਭੈਅ ਆਪਣੇ ਤੋਂ ਹੈ, ਆਪਣੇ ਅੰਦਰ ਤੋਂ। ਸਾਰੇ ਧਰਮ ਭੈਅ ਸਿਖਾਉਂਦੇ ਹਨ, ਪ੍ਰੇਮ ਨਹੀਂ। ਡਰੇ ਹੋਏ ਆਦਮੀ ਹੀ ਧਾਰਮਿਕ ਸਥਾਨਾਂ ਵੱਲ ਜਾਂਦੇ ਹਨ; ਪ੍ਰੇਮ ਨਾਲ, ਸ਼ੁੱਧ ਹਿਰਦੇ ਨਾਲ ਕੋਈ ਨਹੀਂ ਜਾਂਦਾ।

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ
ਹਿਰਦਾ ਸੁਧੁ ਨ ਹੋਈ॥
ਅਨਦਿਨੁ ਕਰਮ ਕਰਹਿ ਬਹੁਤੇਰੇ
ਸੁਪਨੈ ਸੁਖੁ ਨ ਹੋਈ॥

# ਵਲਾਇਤ 'ਚ ਵਗਦੇ ਸੁਰਾਂ ਦੇ ਸਾਗਰ ਦੀਆਂ ਛੱਲਾਂ

*(ਸਫਾ 25 ਦੀ ਬਾਕੀ)*

ਨੂੰ ਸੜਨ ਦਿਓ' ਗਾਉਣ ਵਾਲਾ ਬਲਵਿੰਦਰ ਸਫ਼ਰੀ ਮੈਂ ਰੱਜ ਕੇ ਉਥੇ ਹੀ ਵੇਖਿਆ। 'ਰੇਲ ਗੱਡੀ' ਤੇ ਮਲਕੀਤ ਦਾ ਗੀਤ 'ਜਦੋਂ ਵੱਜਿਆ ਪੰਜਾਬੀਆਂ ਦਾ ਬੁਗਚੂ' ਲਿਖਣ ਵਾਲੇ ਬੱਲ ਸਿੱਧੂ ਨੂੰ ਅਸੀਂ ਕਵੈਂਟਰੀ ਮਿਲਣ ਗਏ ਤਾਂ ਮਲਕੀਤ ਨੇ ਦੱਸਿਆ, 'ਇਹ ਡਾਕਟਰ ਐ'। ਅਮਰੀਕਾ ਵਿਚ ਆ ਕੇ ਤਾਂ ਹੁਣ ਪਤਾ ਲੱਗਾ, ਪਰ ਪਹਿਲਾਂ ਉਦੋਂ ਜਾਣਿਆ ਸੀ ਕਿ ਡਾਕਟਰ ਸੱਚੀਂ ਅਮੀਰ ਵੀ ਬੜੇ ਹੁੰਦੇ ਨੇ।

ਮਲਕੀਤ ਨਾਲ ਮੈਂ ਘੁੱਟ ਕੇ ਇਸ ਲਈ ਮਿਲਦਾ ਰਹਿੰਦਾ ਹਾਂ, ਕਿਉਂਕਿ ਉਹਦੇ ਨਾਲ ਹੀ ਮੈਂ ਨਾ ਸਿਰਫ ਸ਼ੇਕਸਪੀਅਰ ਦਾ ਸ਼ਹਿਰ ਸਟਰੈਟਫਰਡ ਦੇਖਿਆ, ਸਗੋਂ ਰਾਇਲ ਸ਼ੇਕਸਪੀਅਰ ਥੀਏਟਰ ਵਿਚ ਅਸੀਂ ਦੋ ਨਾਟਕ ਵੀ 'ਕੱਠਿਆਂ ਨੇ ਵੇਖੇ। ਇਹ ਕਹਿਣਾ ਮੈਨੂੰ ਚੰਗਾ ਹੀ ਲਗਦਾ ਹੈ ਕਿ ਅੱਖਾਂ ਘੁੱਟ ਕੇ ਹੱਸਣ ਵਾਲਾ ਮਲਕੀਤ 'ਕੱਲਾ ਗਾਇਕ ਹੀ ਨਹੀਂ, ਬੰਦਾ ਵੀ ਚੰਗਾ, ਤੇ ਹੁਣ ਤੱਕ ਉਹਨੇ ਮੇਰੇ ਨਾਲ ਤੋੜ ਹੀ ਚੜ੍ਹਾਈ ਹੈ।

ਇਸੇ ਵਰ੍ਹੇ ਦੀ ਇਕ ਹੋਰ ਦਿਲਚਸਪ ਚੂੰਡੀ ਵੀ ਚੜ੍ਹਾ ਹੀ ਦਿੰਨੇ ਹਾਂ। ਰਾਣੀ ਪ੍ਰੋਮੋਟਰ ਨਾਲ ਸੁਰਿੰਦਰ ਸ਼ਿੰਦਾ, ਰਣਜੀਤ ਮਣੀ, ਬਬੀਤਾ ਪਾਲੀ ਆਦਿ ਕਈ ਗਾਇਕ ਆਏ ਹੋਏ ਸਨ। ਬੈਡਫਰਡ ਵਿਚ ਮੇਰੇ ਲਈ ਸਨਮਾਨ ਸਮਾਗਮ ਰੱਖਿਆ ਗਿਆ। ਬਹੁਤ ਲੋਕ ਆਏ। ਸਟੇਜ 'ਤੇ ਜਿਹੜੇ ਪੌਂਡ ਗਾਇਕਾਂ ਨੂੰ ਬਣੇ, ਉਹ ਸੁਰਿੰਦਰ ਸ਼ਿੰਦੇ ਨੇ ਚੁੱਕ ਕੇ ਮੇਰੇ ਕੋਟ ਦੀ ਜੇਬ ਵਿਚ ਪਾ ਦਿੱਤੇ। ਸੀਗੇ ਤਾਂ ਇਹ ਤੇਰਾ ਕੁ ਸੌ ਪੌਂਡ ਹੀ, ਪਰ ਰਾਣੀ ਇਸ ਕਰ ਕੇ ਰੁੱਸੀ ਰਹੀ ਕਿ 'ਮੁਫ਼ਤ ਵਿਚ ਰਾਹ ਵੀ ਮੇਰੇ ਗਾਇਕਾਂ ਨੇ ਹੀ ਦਿੱਤਾ, ਪਰ ਪੈਸੇ ਮੇਰੇ ਪਰਸ ਦੀ ਥਾਂ ਅਸ਼ੋਕ ਦੀ ਜੇਬ ਵਿਚ ਕਿਉਂ ਪਏ?'

ਨਵੇਂ ਮਾਹੌਲ ਨੇ ਪੁਰਾਣੇ ਗਾਇਕਾਂ ਦੀ ਮੱਤ ਮਾਰ ਦਿੱਤੀ ਹੈ। ਪੈਰ ਤਾਂ ਹੁਣ ਕਈਆਂ ਦੇ ਉਥੋਂ ਵਾਲਿਆਂ ਦੇ ਵੀ ਨਹੀਂ ਲਗਦੇ, ਪਰ ਪੰਜਾਬ ਤੋਂ ਹਾਲੇ ਵੀ ਤੁਰੀ ਆਉਂਦੇ ਨੇ। ਇਨ੍ਹਾਂ ਵਿਚੋਂ ਬਹੁਤਿਆਂ ਨੇ ਪੰਜਾਬ ਪਰਤ ਕੇ ਇਹੀ ਲਿਖਣਾ/ਲਿਖਵਾਉਣਾ ਹੁੰਦਾ ਖ਼ਬਰਾਂ ਵਿਚ ਕਿ ਸਫ਼ਲਤਾ ਦੇ ਝੰਡੇ ਗੱਡ ਕੇ ਵਤਨ ਵਾਪਸੀ, ਪਰ ਇਨ੍ਹਾਂ ਵਿਚੋਂ ਕਈ ਵਿਚਾਰੇ ਤਾਂ ਚਿੱਟਾ ਮੁਰਗਾ ਖਾ ਕੇ ਤੇ ਬਲੈਕ ਲੈਵਲ ਪੀ ਕੇ ਹੀ ਪਰਤ ਆਉਂਦੇ ਹਨ।

ਉਂ ਵੀ ਵਲਾਇਤ ਹੁਣ ਉਹ ਨਹੀਂ ਰਹੀ; ਪਰ ਪੌਂਡ ਨੇ ਕਿਉਂਕਿ ਰੁਪਈਏ ਦੀ ਮੱਤ ਮਾਰੀ ਰੱਖੀ ਹੈ, ਇਸ ਲਈ ਵਲਾਇਤੀ ਸੁਰਮਾ ਪਾਉਣ ਨੂੰ ਹਰ ਕੋਈ ਕਾਹਲਾ ਰਹਿੰਦਾ ਹੈ।

# ਸਭਿਆਚਾਰਕ ਮੁਹਾਂਦਰੇ ਨੂੰ ਵਿਗਾੜ ਰਹੀ ਅਜੋਕੀ ਪੰਜਾਬੀ ਗਾਇਕੀ

ਇਹ ਗੱਲ ਆਮ ਪ੍ਰਵਾਨ ਕੀਤੀ ਜਾਂਦੀ ਹੈ ਕਿ ਗੀਤ-ਸੰਗੀਤ ਰੂਹ ਦੀ ਗਿਜ਼ਾ ਹੁੰਦੀ ਹੈ ਪਰ ਸੰਗੀਤਕ-ਸੰਸਾਰ ਵਿਚ ਆਈਆਂ ਇਲੈਕਟ੍ਰੋਨਿਕਸ ਤਬਦੀਲੀਆਂ ਕਾਰਨ ਇਸ ਗਿਜ਼ਾ ਦਾ ਸੁਆਦ ਕੁਝ ਬਦਲ ਗਿਆ ਹੈ। ਇਨ੍ਹਾਂ ਤਬਦੀਲੀਆਂ ਸਦਕਾ ਗਾਇਕੀ ਦੇ ਅਖਾੜੇ ਵਿਚ ਕਈ ਅਜਿਹੇ ਭਲਵਾਨ (ਗਾਇਕ) ਆ ਗਏ ਹਨ ਜਿਨ੍ਹਾਂ ਦੀ ਭਲਵਾਨੀ ਸਿਰਫ਼ ਦਾਅ-ਪੇਚ ਨਾਲ ਹੀ ਚੱਲੀ ਜਾ ਰਹੀ ਹੈ।

ਗਾਇਨ-ਕਲਾ ਕੇਵਲ ਉਹ ਹੀ ਵਧੇਰੇ ਹੰਡਣਸਾਰ ਹੁੰਦੀ ਹੈ ਜਿਸ ਦੇ ਤਿੰਨਾਂ ਤੱਤਾਂ ਸਾਜ਼, ਆਵਾਜ਼ ਅਤੇ ਅਲਫ਼ਾਜ਼ ਵਿਚ ਸਮਤੋਲ ਬਣਿਆ ਰਹੇ। ਉਂਜ ਤਾਂ ਕਿਸੇ ਇੱਕ ਤੱਤ ਦੀ ਉਣਤਾਈ ਵੀ ਸੰਗੀਤ ਰੂਪੀ ਗਿਜ਼ਾ ਦਾ ਸੁਆਦ ਕਿਰਕਰਾ ਕਰ ਦਿੰਦੀ ਹੈ ਪਰ ਕਿਸੇ ਗੀਤ ਦੇ ਅਲਫ਼ਾਜ਼ ਇਸ ਦੇ ਪ੍ਰਭਾਵ ਨੂੰ ਚਿਰਸਥਾਈ ਬਣਾਉਣ ਹਿੱਤ ਵਧੇਰੇ ਸਹਾਈ ਹੁੰਦੇ ਹਨ। ਇਹ ਅਲਫ਼ਾਜ਼ ਕਿਸੇ ਗੀਤਕਾਰ ਦੀ ਸਿਰਜਣਾ ਸ਼ਕਤੀ ਦਾ ਕਮਾਲ ਹੁੰਦੇ ਹਨ ਜਿਹੜੇ ਉਸ ਦੇ ਗੀਤ ਨੂੰ ਅਮਰ ਕਰਨ ਦੇ ਨਾਲ-ਨਾਲ ਇਨ੍ਹਾਂ ਨੂੰ ਆਵਾਜ਼ ਦੇਣ ਵਾਲੇ ਗਾਇਕ ਦੀ ਪ੍ਰਸਿੱਧੀ ਦਾ ਬਾਇਸ ਵੀ ਬਣ ਜਾਂਦੇ ਹਨ। ਇਕ ਚੰਗੇ ਗੀਤ ਦੇ ਬੋਲ ਜਿੱਥੇ ਸਰੋਤਿਆਂ ਨੂੰ ਅਨੰਦਤ ਕਰਦੇ ਹਨ, ਉਥੇ ਉਨ੍ਹਾਂ ਲਈ ਕੋਈ ਸੰਦੇਸ਼ ਵੀ ਛੱਡ ਜਾਂਦੇ ਹਨ।

ਦੂਜੇ ਪਾਸੇ ਘਟੀਆ ਪੱਧਰ ਦੇ ਗੀਤ ਦੇ ਬੋਲ ਸੂਝਵਾਨ ਹਲਕਿਆਂ ਵਿਚ ਸਦਾ ਹੀ ਫਿਟਕਾਰੇ ਜਾਂਦੇ ਹਨ। ਇਹੀ ਇੱਕ ਕਾਰਨ ਹੈ ਕਿ ਸਾਡੇ ਸਭਿਆਚਾਰਕ ਮੁਹਾਂਦਰੇ ਨੂੰ ਵਿਗਾੜਨ ਵਾਲੇ ਬਹੁਤੇ ਗੀਤ ਲੰਮੀ ਉਮਰ ਨਹੀਂ ਭੋਗ ਪਾਉਂਦੇ। ਪਰ ਪੰਜਾਬੀ ਗਾਇਕੀ ਅਤੇ ਗੀਤਕਾਰੀ ਦਾ ਇੱਕ ਦੁਖਦਾਈ ਪਹਿਲੂ ਇਹ ਵੀ ਹੈ ਕਿ ਇਸ ਦੇ ਕਈ ਰਚਨਹਾਰਿਆਂ/ਬੁਲਾਰਿਆਂ ਕੋਲੋਂ ਸੋਧ ਘੱਟ ਅਤੇ ਟੋਰ ਵੱਧ ਮਿਲਦੀ ਹੈ। ਵਿਦਿਅਕ ਸੰਸਥਾਵਾਂ ਦਾ ਭਾਰਤੀ ਸੰਸਕ੍ਰਿਤੀ ਵਿਚ ਉਚ ਸਥਾਨ ਹੈ ਪਰ ਕੁਝ ਗਾਇਕਾਂ ਅਤੇ ਗੀਤਕਾਰਾਂ ਨੇ ਇਨ੍ਹਾਂ ਨੂੰ ਸਿਰਫ਼ ਆਸ਼ਕੀ ਦਾ ਅੱਡਾ ਹੀ ਬਣਾ ਕੇ ਰੱਖ ਦਿੱਤਾ ਹੈ ਤੇ ਨੌਜਵਾਨ ਪੀੜ੍ਹੀ ਦਿਨੋਂ ਦਿਨ ਭਟਕਣ ਦਾ ਸ਼ਿਕਾਰ ਹੋਈ ਜਾ ਰਹੀ ਹੈ। ਇੱਥੇ ਹੀ ਬੱਸ ਨਹੀਂ ਸਸਤੀ ਸ਼ੋਹਰਤ ਦਾ ਸ਼ਿਕਾਰ ਹੋਏ ਕਈ ਕਲਾਕਾਰ/ਲੇਖਕ ਤਾਂ ਅਜਿਹੇ ਦੂਹਰੇ ਅਰਥਾਂ ਵਾਲੇ ਗੀਤ ਗਾਈ/ਲਿਖੀ ਜਾਂਦੇ ਹਨ ਜਿਨ੍ਹਾਂ ਨਾਲ ਸਾਡੇ ਰਿਸ਼ਤਿਆਂ ਦਾ ਘਾਣ ਹੋਈ ਜਾ ਰਿਹਾ ਹੈ। ਮੁਨਾਫ਼ਾਖੋਰੀ ਦਾ ਸ਼ਿਕਾਰ ਹੋਏ ਇਹ ਲੋਕ ਇਸ ਗੱਲ ਦੀ ਬਹੁਤੀ ਪਰਵਾਹ ਨਹੀਂ ਮੰਨਦੇ। ਇਥੇ ਇੱਕ ਵਿਡੰਬਨਾ ਇਹ ਵੀ ਹੈ ਕਿ ਪੰਜਾਬੀ ਬੋਲੀ ਦੀ ਦੇਸ-ਵਿਦੇਸ 'ਚ ਪੱਤ ਰੋਲਣ ਵਾਲੇ ਅਜਿਹੇ ਗਾਇਕ ਆਪਣੇ ਆਪ ਨੂੰ ਪੰਜਾਬੀ ਬੋਲੀ ਦੇ 'ਸੇਵਾਦਾਰ' ਵੀ ਕਹਾਈ ਜਾਂਦੇ ਹਨ।

*-ਰਮੇਸ਼ ਬੱਗਾ ਚੋਹਲਾ*
*ਫੋਨ: 91-94631-32719*

## ਪੰਜਾਬੀ ਦਾ ਭਵਿੱਖ-5

# ਆਪਣਿਆਂ ਹੱਥੋਂ ਪੰਜਾਬੀ ਦੀ ਦੁਰਗਤ



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com


***ਪਰਵਾਸੀਆਂ ਦੇ ਪ੍ਰਸੰਗ ਵਿਚ ਭਾਸ਼ਾ ਬਾਰੇ 'ਪੰਜਾਬ ਟਾਈਮਜ਼' ਵਿਚ ਪਿਛਲੇ ਅੰਕਾਂ ਵਿਚ ਛਪੇ ਮੇਰੇ ਤਿੰਨ ਲੇਖਾਂ ਦੇ ਹਵਾਲੇ ਨਾਲ ਕਈ ਪਾਠਕਾਂ ਨੇ ਸੁਝਾਅ ਦਿੱਤਾ ਹੈ ਕਿ ਇਸ ਦੌਰ ਦੀ ਸਮੁੱਚੀ ਭਾਸ਼ਾਈ ਹਾਲਤ ਦੇ ਚੌਖਟੇ ਵਿਚ ਪੰਜਾਬੀ ਦੇ ਭਵਿੱਖ ਬਾਰੇ ਲਿਖਿਆ ਜਾਵੇ। ਇਸ ਲੇਖ ਨਾਲ ਸ਼ੁਰੂ ਕਰ ਕੇ ਸਰਲ-ਸੌਖੇ ਸ਼ਬਦਾਂ ਵਿਚ ਪੰਜਾਬੀ ਦੀ ਹਾਲਤ ਨੂੰ ਨਿਰੋਲ ਇਤਿਹਾਸਕ, ਭਾਸ਼ਾ-ਵਿਗਿਆਨਕ ਅਤੇ ਸਮਾਜਕ-ਰਾਜਨੀਤਕ ਨਜ਼ਰੀਏ ਤੋਂ ਪੇਸ਼ ਕਰਨ ਦਾ ਯਤਨ ਕੀਤਾ ਜਾਵੇਗਾ। -ਲੇਖਕ***

ਪੰਜਾਬੀ ਲਈ ਇਕ ਮਾੜੀ ਗੱਲ ਇਹ ਹੈ ਕਿ ਖ਼ੁਦ ਅਸੀਂ ਪੰਜਾਬੀ ਵਾਲੇ ਆਪਣੀ ਭਾਸ਼ਾਈ ਬੇਸਮਝੀ ਕਾਰਨ ਹੋਰ ਭਾਸ਼ਾਵਾਂ ਦੇ ਦਖ਼ਲ ਰਾਹੀਂ ਇਸ ਨੂੰ ਵਿਗਾੜ ਰਹੇ ਹਾਂ। ਮਿਸਾਲ ਵਜੋਂ 'ਸ਼' ਦਾ ਹਮਲਾ ਹੀ ਰੁਕਣ ਵਿਚ ਨਹੀਂ ਆਉਂਦਾ। ਦੇਸ, ਨਿਰਾਸ, ਸਲਵਾਰ, ਜਿਹੇ ਦਰਜਨਾਂ ਸ਼ਬਦ ਸਾਡੇ ਮਹਾਂਰਥੀਆਂ ਨੇ ਦੇਸ਼, ਨਿਰਾਸ਼, ਸ਼ਲਵਾਰ, ਆਦਿ ਬਣਾ ਦਿੱਤੇ ਹਨ। ਅਜਿਹੇ ਸ਼ਬਦਾਂ ਦੀ ਗਿਣਤੀ ਵਧਦੀ ਹੀ ਜਾਂਦੀ ਹੈ। ਦੇਸ ਨੂੰ ਦੇਸ਼ ਬਣਾ ਦਿੱਤੇ ਜਾਣ ਕਰਕੇ ਹੁਣ ਘਿਓ ਦੇਸ਼ੀ ਹੋਵੇਗਾ ਅਤੇ ਕੁੜੀਆਂ ਪਰਦੇਸ਼ੀ ਢੋਲੇ ਦੇ ਗੀਤ ਗਾਇਆ ਕਰਨਗੀਆਂ। ਪਰਦੇਸ ਵਿਦੇਸ਼ ਹੋ ਗਿਆ ਹੈ, ਮੁਟਿਆਰ ਯੁਵਤੀ ਹੋ ਗਈ ਹੈ ਅਤੇ ਗੱਭਰੂ ਯੁਵਕ ਹੋ ਗਿਆ ਹੈ। ਪੰਜਾਬੀ ਰਿਸ਼ਤਿਆਂ ਅਤੇ ਸਭਿਆਚਾਰ ਦਾ ਸਭ ਤੋਂ ਬਹੁਤਾ ਨੁਕਸਾਨ ਅੰਕਲ-ਆਂਟੀ ਨੇ ਕੀਤਾ ਹੈ। ਜਿਥੇ, ਮਿਸਾਲ ਵਜੋਂ, ਮਾਮਾ-ਮਾਸੀ ਮਾਂ ਦੇ ਅਤੇ ਚਾਚੇ-ਤਾਏ ਤੇ ਭੂਆ ਪਿਓ ਦੇ ਵੀਰ-ਭੈਣ ਹੋਣ ਸਦਕਾ ਬੋਲਣ ਸਮੇਂ ਮਨ ਵਿਚ ਆਦਰ ਤੇ ਮੋਹ ਦੀ ਵਿਸ਼ੇਸ਼ ਭਾਵਨਾ ਜਗਾਉਂਦੇ ਸਨ, ਹੁਣ ਮਾਮੇ, ਚਾਚੇ, ਤਾਏ, ਫੁੱਫੜ, ਮਾਸੜ, ਆਦਿ ਤੋਂ ਲੈ ਕੇ ਸਬਜ਼ੀ ਵਾਲਾ ਅੰਕਲ, ਦੁੱਧ ਵਾਲਾ ਅੰਕਲ ਸਭ ਅੰਕਲ ਹੀ ਹਨ। ਚਾਚੀ, ਤਾਈ, ਮਾਸੀ, ਭੂਆ ਆਦਿ ਤੋਂ ਲੈ ਕੇ ਗਲ਼ੀ ਦੀ ਕੱਪੜੇ ਪ੍ਰੈਸ ਕਰਨ ਵਾਲੀ ਤੱਕ ਸਭ ਆਂਟੀਆਂ ਹਨ। ਅੰਕਲ-ਆਂਟੀਆਂ 'ਚ ਅਜਿਹੇ ਗੁਆਂਢੀ ਵੀ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੂੰ ਘਰੇ ਬੱਚਿਆਂ ਸਾਹਮਣੇ ਅਕਸਰ ਗਾਲ਼ਾਂ ਦਿੱਤੀਆਂ ਜਾਂਦੀਆਂ ਰਹਿੰਦੀਆਂ ਹਨ। ਇਉਂ ਇਨ੍ਹਾਂ ਸ਼ਬਦਾਂ ਨਾਲ ਜੁੜਿਆ ਸਤਿਕਾਰ ਹੀ ਮਰ ਗਿਆ ਹੈ।

ਇਹ ਗੱਲ ਵੀ ਧਿਆਨਜੋਗ ਹੈ ਕਿ ਸਾਡੇ ਕਿਸੇ ਵਿਸ਼ਵਵਿਦਿਆਲੇ, ਵਿਭਾਗ ਜਾਂ ਬੋਰਡ ਨੇ, ਇਕ ਸਕੂਲੀ ਤੇ ਇਕ ਕਾਲਜੀ ਵਿਆਕਰਨ ਤੋਂ ਇਲਾਵਾ, ਪੰਜਾਬੀ ਦੀ ਗਹਿਰ-ਗੰਭੀਰ ਜਾਣਕਾਰੀ ਲਈ ਵਰਤੀ ਜਾ ਸਕਣ ਵਾਲੀ ਕੋਈ ਵਿਆਕਰਨ ਪੁਸਤਕ ਤਿਆਰ ਨਹੀਂ ਕੀਤੀ। ਕੀ ਸਾਨੂੰ ਇਸ ਗੱਲ ਤੋਂ ਚਿੰਤਾਤੁਰ ਨਹੀਂ ਹੋਣਾ ਚਾਹੀਦਾ ਕਿ ਪੰਜਾਬੀ ਨਾਲ ਸਬੰਧਤ ਕਰੋੜਾਂ-ਅਰਬਾਂ ਦੇ ਬਜਟ ਵਾਲੀਆਂ ਸੰਸਥਾਵਾਂ ਵਿਚੋਂ ਕਿਸੇ ਨੇ ਵੀ ਅਜੇ ਤੱਕ ਪੰਜਾਬੀ ਸ਼ਬਦ-ਸਮੂਹ ਨੂੰ ਇਕ ਥਾਂ ਇਕੱਤਰ ਨਹੀਂ ਕੀਤਾ ਅਤੇ ਨਾ ਹੀ ਸ਼ਬਦ-ਜੋੜਾਂ ਵਿਚ ਇਕਰੂਪਤਾ ਲਿਆਂਦੀ ਹੈ? ਸ਼ਬਦ-ਸੰਗ੍ਰਹਿ ਅਤੇ ਸ਼ਬਦ-ਜੋੜਾਂ ਦੇ ਮਿਆਰੀਕਰਨ ਵਾਸਤੇ ਪੰਜਾਬੀ ਯੂਨੀਵਰਸਿਟੀ ਨੇ ਡਾ. ਹਰਕੀਰਤ ਸਿੰਘ ਦੀ ਅਗਵਾਈ ਵਿਚ ਵਡਿਆਈਜੋਗ ਕੰਮ ਕੀਤਾ ਸੀ ਜੋ ਬਦਕਿਸਮਤੀ ਨੂੰ ਉਸੇ ਯੂਨੀਵਰਸਿਟੀ ਨੇ ਰੱਦ ਕਰ ਦਿੱਤਾ। ਚਾਹੀਦਾ ਇਹ ਸੀ ਕਿ ਵਿਸ਼ਵਕੋਸ਼ਾਂ ਵਿਚ ਨਿਰੰਤਰ ਸੋਧਾਂ ਅਤੇ ਵਾਧਿਆਂ ਦੀ ਦੁਨੀਆਂ ਭਰ ਵਾਲੀ ਰੀਤ ਅਪਨਾਈ ਜਾਂਦੀ ਅਤੇ ਉਸ ਕੋਸ਼ ਨੂੰ ਸੰਪੂਰਨ ਬਣਾਇਆ ਜਾਂਦਾ ਰਹਿੰਦਾ। ਉਲਟਾ ਹੋਇਆ ਇਹ ਕਿ ਹਰਕੀਰਤ ਸਿੰਘ ਦੇ ਜਵਾਬ ਵਿਚ ਯੂਨੀਵਰਸਿਟੀ ਨੇ ਨੇਮਾਂ ਦਾ ਇਕ ਅਜਿਹਾ ਕਿਤਾਬਚਾ ਜਾਰੀ ਕੀਤਾ ਜੀਹਨੇ ਕਈ ਕਈ ਜੋੜਾਂ ਵਾਲੇ ਸ਼ਬਦਾਂ ਵਾਸਤੇ ਕੋਈ ਇਕ ਜੋੜ ਮਿਥਣ ਦੀ ਥਾਂ ਉਹ ਸ਼ਬਦ-ਜੋੜ ਵੀ ਉਖੇੜ ਦਿੱਤੇ ਜਿਨ੍ਹਾਂ ਬਾਰੇ ਉਕਾ ਕੋਈ ਵਿਵਾਦ ਜਾਂ ਦੁਹਰ ਹੈ ਹੀ ਨਹੀਂ।

ਪਿਛੇ ਜਿਹੇ ਦਿੱਲੀ ਯੂਨੀਵਰਸਿਟੀ ਵਿਚ ਪੰਜਾਬੀ ਅਤੇ ਹੋਰ ਦੇਸੀ ਭਾਸ਼ਾਵਾਂ ਦਾ ਰੁਤਬਾ ਘਟਾਏ ਜਾਣ ਵਿਰੁਧ ਰੋਸ-ਲਹਿਰ ਚੱਲੀ ਸੀ। ਹੁਣ ਸਿਵਲ ਸਰਵਿਸ ਵਿਚ ਦੇਸੀ ਭਾਸ਼ਾਵਾਂ ਦਾ ਦਰਜਾ ਘਟਾਏ ਜਾਣ ਵਿਰੁਧ ਜ਼ੋਰਦਾਰ ਲੜਾਈ ਚੱਲ ਰਹੀ ਹੈ। ਇਹ ਕੋਈ ਇਕੱਲੀਆਂ-ਇਕਹਿਰੀਆਂ ਘਟਨਾਵਾਂ ਨਹੀਂ। ਸਮੇਂ ਸਮੇਂ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਵੀ ਪੰਜਾਬੀ ਦੀ ਹੋਂਦ ਨਾਲੋਂ ਪੱਚਰਾਂ ਲਾਹੇ ਜਾਣ ਦੀਆਂ ਅਤੇ ਸਰਕਾਰਾਂ ਦੇ ਪੰਜਾਬੀ-ਵਿਰੋਧੀ ਕਦਮਾਂ ਦੀਆਂ ਅਫ਼ਸੋਸਨਾਕ ਖ਼ਬਰਾਂ ਆਉਂਦੀਆਂ ਹੀ ਰਹਿੰਦੀਆਂ ਹਨ। ਪਿਛਲੇ ਦਿਨੀਂ ਪੰਜਾਬੀ ਨਾਲ ਦਸਵੀਂ ਪਾਸ ਕਰਨ ਵਾਲਿਆਂ ਨੂੰ ਹੋਰ ਦਸਵੀਂ ਪਾਸਾਂ ਵਾਂਗ ਚੰਡੀਗੜ੍ਹ ਪ੍ਰਸ਼ਾਸਨ ਦਾ ਕੰਡਕਟਰ ਲਾਉਣ ਤੋਂ ਇਨਕਾਰ ਭਖਵਾਂ ਮੁੱਦਾ ਬਣਿਆ ਰਿਹਾ ਸੀ। ਅਜੀਬ ਗੱਲ ਦੇਖੋ, ਪੰਜਾਬ ਦੀ ਰਾਜਧਾਨੀ ਵਿਚ ਪੰਜਾਬੀ ਨੂੰ ਕੋਈ ਮਾਨਤਾ ਹੀ ਨਹੀਂ! ਹੁਣ ਵਿੱਦਿਅਕ ਨੀਤੀਆਂ ਤਿਆਰ ਕਰਨ ਵਿਚ ਸਰਕਾਰ ਦੇ ਨਾਲ ਨਾਲ ਕਾਰਪੋਰੇਟ ਜਗਤ ਦਾ ਵੀ ਹੱਥ ਹੋ ਗਿਆ ਹੈ ਜਿਸ ਨੂੰ ਭਾਸ਼ਾ ਤੇ ਸਭਿਆਚਾਰ ਦੇ ਆਧਾਰ ਉਤੇ ਬਣਦੇ ਚੰਗੇ ਮਨੁੱਖਾਂ ਦੀ ਲੋੜ ਨਹੀਂ, ਵਿਗਿਆਨਕ-ਤਕਨਾਲੋਜੀਕਲ ਵਿਸ਼ੇ ਲੈ ਕੇ ਬਣੀਆਂ ਮਨੁੱਖੀ ਮਸ਼ੀਨਾਂ ਦੀ ਲੋੜ ਹੈ।

ਸਰਕਾਰਾਂ ਲਈ ਸਿੱਖਿਆ ਵਿਭਾਗ ਬੱਚਿਆਂ ਨੂੰ ਪੜ੍ਹਾਉਣ ਦੇ ਨਾਲ ਨਾਲ ਹੋਰ ਵਿਭਾਗਾਂ ਵਾਂਗ ਹੋਰ ਵੀ ਕਈ ਕੰਮ ਆਉਂਦਾ ਹੈ। ਪਿਛੇ ਜਿਹੇ ਪੰਜਾਬ ਸਰਕਾਰ ਨੇ ਪ੍ਰਾਇਮਰੀ ਦੇ ਵਿਦਿਆਰਥੀਆਂ ਲਈ ਲੱਖਾਂ ਰੁਪਏ ਦੀਆਂ ਲਚਰ ਤੇ ਲੁੱਚੀਆਂ




ਪੰਜਾਬੀ ਪੁਸਤਕਾਂ ਹੀ ਬਾਲ-ਪੁਸਤਕਾਂ ਦੇ ਨਾਂ ਹੇਠ ਭੇਜ ਦਿੱਤੀਆਂ। ਆਮ ਨਾਲੋਂ ਕਈ ਗੁਣਾ ਵੱਧ ਮੁੱਲ ਰੱਖ ਕੇ ਇਸ ਮੰਤਵ ਲਈ ਉਚੇਚੀਆਂ ਛਪਵਾਈਆਂ ਗਈਆਂ ਇਹ ਪੁਸਤਕਾਂ ਕਿਸੇ ਪ੍ਰਕਾਸ਼ਕ ਰਾਹੀਂ ਨਹੀਂ ਸਗੋਂ ਸੀਮਿੰਟ ਦੀਆਂ ਨਾਲ਼ੀਆਂ ਬਣਾਉਣ ਵਾਲੀ ਇਕ ਫ਼ੈਕਟਰੀ ਦੇ ਮਾਲਕ ਤੋਂ ਨਵੀਂ ਫ਼ਰਮ ਖੁਲ੍ਹਵਾ ਕੇ ਖ਼ਰੀਦੀਆਂ ਗਈਆਂ। ਮੈਂ ਅਜਿਹੀ ਇਕ ਪੁਸਤਕ ਦਰਸ਼ਨ ਦੀ ਰੀਝ ਪੂਰੀ ਕਰਨ ਲਈ ਮੰਗਵਾਈ ਤਾਂ ਉਹ 230 ਰੁਪਏ ਮੁੱਲ ਰੱਖ ਕੇ ਅੰਮ੍ਰਿਤਸਰ ਦੀ ਗੁਟਕੇ-ਪੋਥੀਆਂ ਛਾਪਣ ਵਾਲੀ ਇਕ ਫ਼ਰਮ ਦੀ ਪ੍ਰਕਾਸ਼ਿਤ ਕੀਤੀ ਹੋਈ ਸੀ। ਇਹ ਸਭ ਕਿਉਂ ਹੋਇਆ, ਤੁਸੀਂ ਆਪ ਸੋਚ-ਸਮਝ ਸਕਦੇ ਹੋ। ਪੰਜਾਬੀ ਦੀ ਪੜ੍ਹਾਈ ਬਾਰੇ ਪੰਜਾਬ ਸਰਕਾਰ ਦੀ ਸਮਝ ਅਤੇ ਗੰਭੀਰਤਾ ਦਾ ਅੰਦਾਜ਼ਾ ਇਸ ਇਕੋ ਮਿਸਾਲ ਤੋਂ ਭਲੀਭਾਂਤ ਲਾਇਆ ਜਾ ਸਕਦਾ ਹੈ।

ਨੀਤੀਆਂ ਤਾਂ ਨੀਤੀਆਂ, ਪੰਜਾਬੀ ਦੀ ਦੁਰਦਸ਼ਾ ਤਾਂ ਅੱਜ ਬਹੁਗਿਣਤੀ ਲੇਖਕਾਂ, ਪ੍ਰੋਫ਼ੈਸਰਾਂ ਤੇ ਕਥਿਤ ਵਿਦਵਾਨਾਂ ਦੀ ਲਿਖੀ ਪੰਜਾਬੀ ਪੜ੍ਹ ਕੇ ਦੇਖੀ ਜਾ ਸਕਦੀ ਹੈ। ਜਿਨ੍ਹਾਂ ਨੇ ਖ਼ੂਬਸੂਰਤ ਪੰਜਾਬੀ ਲਿਖੀ ਹੈ ਜਾਂ ਅੱਜ ਲਿਖ ਰਹੇ ਹਨ, ਉਨ੍ਹਾਂ ਵਿਚੋਂ ਧੀਰ ਵਰਗੇ ਕਈ ਤਾਂ ਕਾਲਜ ਵਿਚ ਪੜ੍ਹੇ ਹੀ ਨਹੀਂ ਸਨ, ਕਾਲਜ ਪਹੁੰਚੇ ਗਾਰਗੀ ਵਰਗੇ ਕਈਆਂ ਨੇ ਪੰਜਾਬੀ ਵਿਸ਼ਾ ਨਹੀਂ ਸੀ ਲਿਆ ਹੋਇਆ ਅਤੇ ਜਿਹੜੇ ਪੰਜਾਬੀ ਪੜ੍ਹੇ ਸਨ, ਉਹ ਤੇਜਾ ਸਿੰਘ ਵਰਗੇ ਪੰਜਾਬੀ ਦੇ ਜਾਣਕਾਰਾਂ ਦੀ ਪੀੜ੍ਹੀ ਤੋਂ ਪੜ੍ਹੇ ਸਨ। ਫ਼ਰਕ ਇਹ ਸੀ ਕਿ ਇਨ੍ਹਾਂ ਸਭਨਾਂ ਨੂੰ ਪੰਜਾਬੀ ਦੇ ਹੁਸਨ ਦਾ, ਪੰਜਾਬੀ ਦੇ ਜਲੌਅ ਦਾ ਪਤਾ ਸੀ। ਮੋਹਨ ਸਿੰਘ ਵਰਗਿਆਂ ਦੀ ਹੋਰ ਭਾਸ਼ਾਵਾਂ ਦੀ ਜਾਣਕਾਰੀ ਉਨ੍ਹਾਂ ਲਈ ਪੰਜਾਬੀ ਦੇ ਹੁਸਨ ਅਤੇ ਜਲੌਅ ਵਿਚ ਵਾਧਾ ਕਰਨ ਦਾ ਸਾਧਨ ਬਣਦੀ ਸੀ। ਜਿਸ ਭਾਸ਼ਨ ਜਾਂ ਲਿਖਤ ਵਿਚੋਂ ਸਰੋਤੇ ਜਾਂ ਪਾਠਕ ਨੂੰ ਪੰਜਾਬੀ ਦੀ ਸਮਰੱਥਾ, ਸੂਖ਼ਮਤਾ ਅਤੇ ਸੁਹਜ ਦੇ ਦਰਸ਼ਨ-ਦੀਦਾਰ ਨਹੀਂ ਹੁੰਦੇ, ਉਹ ਉਸ ਦੇ ਕਿਸ ਕੰਮ!

ਹੁਣ ਹਾਲਤ ਉਲਟੀ ਹੈ। ਜਿਉਂ ਜਿਉਂ ਵਿਦਿਆਰਥੀ ਪੰਜਾਬੀ ਦੀਆਂ ਜਮਾਤਾਂ ਵਿਚ ਉਚਾ ਚੜ੍ਹਦਾ ਜਾਂਦਾ ਹੈ, ਉਹਦੀ ਪੰਜਾਬੀ ਦਾ ਭੱਠਾ ਬੈਠਦਾ ਜਾਂਦਾ ਹੈ। ਡਾਕਟਰੇਟ ਕਰਨ ਮਗਰੋਂ ਉਹ ਓਪਰੀਆਂ ਭਾਸ਼ਾਵਾਂ ਦਾ ਖੋਟ ਰਲਾਏ ਬਿਨਾਂ ਆਮ ਗੱਲਬਾਤ ਵੀ ਪੰਜਾਬੀ ਵਿਚ ਕਰਨ ਤੋਂ ਅਸਮਰੱਥ ਹੋ ਜਾਂਦਾ ਹੈ। ਪੰਜਾਬੀ ਦੀ ਇਹਦੇ ਵਿਕਾਸ ਵਾਸਤੇ ਜ਼ਿੰਮੇਵਾਰ ਲੋਕਾਂ ਹੱਥੋਂ ਹੁੰਦੀ ਦੁਰਗਤ ਦੇਖਣ ਲਈ ਕਿਸੇ ਡੂੰਘੀ ਖੋਜਭਾਲ ਦੀ ਲੋੜ ਨਹੀਂ, ਤੁਸੀਂ ਜ਼ਰਾ ਬਹੁਗਿਣਤੀ ਪੰਜਾਬੀ ਪੁਸਤਕਾਂ, ਅਖ਼ਬਾਰਾਂ, ਗੋਸ਼ਟੀਆਂ, ਟੀ.ਵੀ. ਚੈਨਲਾਂ, ਮੰਚ-ਗਾਇਕੀ, ਫ਼ਿਲਮਾਂ, ਆਦਿ ਦਾ ਭਾਸ਼ਾਈ ਮਿਆਰ ਦੇਖ ਲਵੋ। ਇਨ੍ਹਾਂ ਸਭ ਖੇਤਰਾਂ ਵਿਚ ਖ਼ੂਬਸੂਰਤ ਭਾਸ਼ਾ ਵਾਲੀਆਂ ਰਚਨਾਵਾਂ ਤੂੜੀ ਵਿਚ ਦਾਣੇ ਬਣ ਕੇ ਰਹਿ ਜਾਂਦੀਆਂ ਹਨ। ਇਸ ਕੂੜ-ਕਬਾੜ ਨੂੰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਕੌਮਾਂਤਰੀ ਖੇਤਰ 'ਚ ਬੱਲੇ-ਬੱਲੇ ਆਖ ਕੇ ਪ੍ਰਚਾਰਿਆ ਤੇ ਵਡਿਆਇਆ ਜਾਂਦਾ ਹੈ।

ਮੈਂ ਦੋ ਆਪਬੀਤੀਆਂ ਸੁਣਾਉਣਾ ਚਾਹਾਂਗਾ। ਐਮ. ਫ਼ਿਲ. ਕਰਨ ਦੀ ਚਾਹਵਾਨ ਇਕ ਲੜਕੀ ਨੇ ਮੇਰੇ ਨਾਲ ਗੱਲ ਕੀਤੀ ਤਾਂ ਮੈਂ ਸੁਝਾਅ ਦਿੱਤਾ, ਤੂੰ 'ਭੁੱਲਰ ਦੇ ਇਸਤਰੀ ਪਾਤਰ' ਵਿਸ਼ਾ ਲੈ। ਕੁਛ ਦਿਨਾਂ ਮਗਰੋਂ ਉਹਦਾ ਫ਼ੋਨ ਆਇਆ, "ਭਾ ਜੀ, ਗਾਈਡ ਸਰ ਨੇ ਕਿਹਾ ਹੈ, ਯੂਨੀਵਰਸਿਟੀ ਪੱਧਰ ਦੀ ਖੋਜ ਵਿਚ ਅਜਿਹੀ ਸਰਲ ਭਾਸ਼ਾ ਨਹੀਂ ਵਰਤਣੀ ਚਾਹੀਦੀ ਤੇ ਨਾਂ ਵੀ ਗੌਰਾ-ਭਾਰਾ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਵਿਸ਼ਾ 'ਭੁੱਲਰ ਦੀਆਂ ਕਹਾਣੀਆਂ ਦਾ ਸਿਸਟਮੀ ਅਧਿਐਨ' ਕਰ ਦਿੱਤਾ ਹੈ।" ਮੈਂ ਪੁੱਛਿਆ, "ਬੀਬੀ, ਉਹ ਕੀ ਹੁੰਦਾ ਹੈ?" ਉਹ ਹੱਸੀ, "ਭਾ ਜੀ, ਇਹ ਤਾਂ ਸਰ ਵੀ ਨਹੀਂ ਸਮਝਾ ਸਕੇ। ਕਹਿੰਦੇ ਲਿਖ ਤੂੰ ਆਪਣਾ ਪਹਿਲਾਂ ਸੋਚਿਆ ਹੀ ਪਰ ਭਾਸ਼ਾ ਦਾ ਖ਼ਿਆਲ ਰੱਖ। ਸਰਲ ਨਹੀਂ, ਜਟਿਲ ਹੋਵੇ।" ਆਖ਼ਰ ਮੇਰੀਆਂ ਕਹਾਣੀਆਂ ਦਾ ਸਿਸਟਮੀ ਅਧਿਐਨ ਹੋ ਕੇ ਰਿਹਾ!

ਇਕ ਵਾਰ ਇਕ ਰਸਾਲੇ ਵਿਚ ਕਵੀ ਦੇਵਨੀਤ ਦੀ ਕਵਿਤਾ ਬਾਰੇ ਮੇਰਾ ਲੇਖ ਛਪਿਆ। ਉਨ੍ਹੀਂ ਦਿਨੀਂ ਕਿਸੇ ਪੁਸਤਕ ਬਾਰੇ ਇਕ ਹੋਰ ਤ੍ਰੈਮਾਸਕ ਵਿਚ ਪੰਜਾਬੀ ਯੂਨੀਵਰਸਿਟੀ ਦੇ ਇਕ ਡਾਕਟਰ ਸਾਹਿਬ ਦਾ ਲੇਖ ਛਪਿਆ। ਲੇਖ ਦੇ ਅਨੇਕ ਸ਼ਬਦ ਰੋਮਨ ਵਿਚ ਅੰਗਰੇਜ਼ੀ ਦੇ ਤਾਂ ਸਨ ਹੀ, ਦੋ-ਤਿੰਨ ਵਾਰ ਪੜ੍ਹ ਕੇ ਵੀ ਮੈਂ ਪਹਿਲਾ ਪੈਰਾ ਹੀ ਸਮਝ ਨਾ ਸਕਿਆ। ਆਪਣੀ ਬੁੱਧੀ ਉਤੇ ਭਰੋਸਾ ਨਾ ਕਰਦਿਆਂ ਮੈਂ ਉਹ ਲੇਖ ਦੋ ਹੋਰ ਲੇਖਕਾਂ ਨੂੰ ਪੜ੍ਹਾਇਆ ਤਾਂ ਉਨ੍ਹਾਂ ਨੇ ਵੀ ਪਹਿਲੇ ਪੈਰੇ ਨਾਲ ਹੀ ਹੱਥ ਖੜ੍ਹੇ ਕਰ ਦਿੱਤੇ। ਮੈਂ ਆਪਣਾ ਲੇਖ ਪ੍ਰੋਫ਼ੈਸਰ ਸਾਹਿਬ ਨੂੰ ਕੋਰੀਅਰ ਕਰਵਾਇਆ ਅਤੇ ਪੁੱਛਿਆ, ਤੁਹਾਡੇ ਵਿਦਵਤਾ ਦੇ ਸੂਰਜ ਸਾਹਮਣੇ ਸਾਹਿਤਕ ਨਿਰਖ-ਪਰਖ ਦੇ ਅਜਿਹੇ ਦੀਵੇ ਦੀ ਵੀ ਕੋਈ ਕੀਮਤ ਹੈ ਕਿ ਮੈਂ ਇਹ ਲੇਖ ਪਾੜ ਦੇਵਾਂ? ਏਨੇ ਨੂੰ ਦੇਵਨੀਤ ਦਾ ਫੋਨ ਆਇਆ, "ਮੈਂ ਸਾਰੀ ਉਮਰ ਤਰਸਦਾ ਰਿਹਾ ਹਾਂ ਕਿ ਕੋਈ ਇਕ ਤਾਂ ਮੇਰੀ ਕਵਿਤਾ ਨੂੰ ਤਹਿਆਂ ਤੱਕ ਸਮਝੇ ਤੇ ਸਮਝਾਵੇ! ਅੱਜ ਤੁਹਾਡੇ ਲੇਖ ਰਾਹੀਂ ਰੀਝ ਪੂਰੀ ਹੋਈ ਤਾਂ ਮੈਂ ਸਹਿਜ ਹੋ ਗਿਆ ਹਾਂ।" ਪਰ ਪ੍ਰੋਫ਼ੈਸਰ ਸਾਹਿਬ ਨੇ ਲੇਖ ਪਾੜਨ ਦੇ ਹੱਕ ਵਿਚ ਫ਼ੈਸਲਾ ਦਿੰਦਿਆਂ ਫੋਨ ਰਾਹੀਂ ਦੱਸਿਆ ਕਿ ਪਾਠਕ ਦੇ ਸਮਝ ਆਉਣ ਵਾਲੇ ਅਜਿਹੇ ਲੇਖਾਂ ਦਾ ਜ਼ਮਾਨਾ ਚਿਰੋਕਾ ਬੀਤ ਗਿਆ; ਹੁਣ ਪੰਜਾਬੀ ਆਲੋਚਨਾ ਦਾ ਵਿਸ਼ਵੀਕਰਨ ਹੋ ਗਿਆ ਹੋਣ ਕਰਕੇ ਪੱਧਰ ਬਹੁਤ ਉਚਾ ਚੁੱਕਿਆ ਗਿਆ ਹੈ!

ਜਦੋਂ ਅਸੀਂ ਪਾਠਕਾਂ ਦੀ ਘਾਟ ਦਾ ਰੋਣਾ ਰੋਂਦੇ ਹਾਂ, ਸਾਨੂੰ ਸੋਚਣਾ ਚਾਹੀਦਾ ਹੈ ਕਿ ਅਜਿਹੇ ਮਹਾਂਪੁਰਸ਼ਾਂ ਤੋਂ ਪੜ੍ਹੇ ਹੋਏ ਵਿਦਿਆਰਥੀਆਂ ਵਿਚ ਸਾਹਿਤ ਨੂੰ ਮਾਣਨ ਦੀ ਕਿੰਨੀ ਕੁ ਸਮਰੱਥਾ ਹੋ ਸਕਦੀ ਹੈ। ਇਸੇ ਕਰਕੇ ਬਹੁਤੇ ਵਿਦਿਆਰਥੀਆਂ ਦਾ ਪੁਸਤਕਾਂ ਨਾਲੋਂ ਨਾਤਾ ਇਮਤਿਹਾਨ ਦਿੰਦਿਆਂ ਹੀ ਟੁੱਟ ਜਾਂਦਾ ਹੈ। ਹੁਣ ਅਨੇਕ ਲੇਖਕ ਅਜਿਹੇ ਹਨ ਜਿਨ੍ਹਾਂ ਦੀ ਪੰਜਾਬੀ ਪੜ੍ਹ ਕੇ ਜੀਅ ਕੱਚਾ ਹੋਣ ਲੱਗ ਜਾਂਦਾ ਹੈ। ਅਜਿਹੇ ਲੋਕਾਂ ਨੇ ਆਪਣੀ ਅਯੋਗਤਾ ਛੁਪਾਉਣ ਲਈ ਇਕ ਸਮਝੋਂ ਬਾਹਰਾ ਤੇ ਜੱਗੋਂ ਨਿਆਰਾ ਸਿਧਾਂਤ ਘੜਿਆ ਹੈ ਕਿ ਭਾਸ਼ਾ ਦਾ ਕੀ ਹੈ, ਗੱਲ ਪਾਠਕ ਤੱਕ ਪਹੁੰਚਣੀ ਚਾਹੀਦੀ ਹੈ। ਕੋਈ ਪੁੱਛੇ, ਜੇ ਭਾਸ਼ਾ ਹੀ ਪੜ੍ਹਨਯੋਗ ਨਹੀਂ ਹੋਵੇਗੀ, ਗੱਲ ਕਿਵੇਂ ਪਹੁੰਚੇਗੀ?

ਮੈਂ ਤਾਂ ਇਸ ਸਬੰਧ ਵਿਚ ਕਈ ਸਭਾਵਾਂ ਤੇ ਗੋਸ਼ਟੀਆਂ ਦੇ ਮੰਚਾਂ ਤੋਂ ਇਕ ਦੋ-ਮਿੰਟੀ ਪਰਖ ਦਾ ਸੁਝਾਅ ਦਿੱਤਾ ਹੈ ਜੋ ਸਾਡੇ ਵਿੱਦਿਅਕ-ਅਕਾਦਮਿਕ ਖੇਤਰ ਵਾਸਤੇ ਸੰਜੀਵਨੀ ਸਿੱਧ ਹੋ ਸਕਦਾ ਹੈ। ਯੂਨੀਵਰਸਿਟੀ ਪੱਧਰ ਤੋਂ ਸ਼ੁਰੂ ਕਰ ਕੇ ਪੰਜਾਬੀ ਦੇ ਹਰ ਅਧਿਆਪਕ ਨੂੰ ਕਿਸੇ ਬਹੁਤ ਹੀ ਸਰਲ-ਸਾਧਾਰਨ, ਜਿਵੇਂ ਹਵਾ, ਪਾਣੀ, ਸੂਰਜ, ਦਿਨ-ਰਾਤ ਜਿਹੇ ਵਿਸ਼ੇ ਬਾਰੇ ਬੋਲਣ ਲਈ ਕਿਹਾ ਜਾਵੇ। ਜੇ ਉਹ ਹੋਰ ਭਾਸ਼ਾਵਾਂ ਦੇ ਬੇਲੋੜੇ ਸ਼ਬਦ ਮਿਲਾਏ ਬਿਨਾਂ ਇਨ੍ਹਾਂ ਬਾਰੇ ਵੀ ਨਿਰਮਲ ਪੰਜਾਬੀ ਵਿਚ ਬੋਲਣ ਤੋਂ ਅਸਮਰੱਥ ਰਹੇ, ਉਹਨੂੰ ਪੰਜਾਬੀ ਸਿੱਖਣ ਲਈ ਛੇ ਮਹੀਨਿਆਂ ਦੀ ਜਬਰੀ ਬਿਨ-ਤਨਖ਼ਾਹੀ ਛੁੱਟੀ ਭੇਜ ਦਿੱਤਾ ਜਾਵੇ। ਵਾਪਸੀ ਮਗਰੋਂ ਵੀ ਜੇ ਉਹ ਇਸ ਪਰਖ ਵਿਚੋਂ ਪੂਰਾ ਨਹੀਂ ਉਤਰਦਾ, ਉਹਨੂੰ ਬਰਖ਼ਾਸਤ ਕਰ ਕੇ ਘਰ ਭੇਜ ਦਿੱਤਾ ਜਾਵੇ। ਇਉਂ ਸਾਡੇ ਪੰਜਾਬੀ ਅਧਿਆਪਕਾਂ ਦਾ ਵੱਡਾ ਹਿੱਸਾ, ਜੋ ਠੀਕ ਪੰਜਾਬੀ ਲਿਖ-ਬੋਲ ਨਹੀਂ ਸਕਦਾ, ਠੀਕ ਪੰਜਾਬੀ ਸਿੱਖ ਸਕੇਗਾ ਅਤੇ ਅੱਗੇ ਵਿਦਿਆਰਥੀਆਂ ਨੂੰ ਪੜ੍ਹਾ ਸਕੇਗਾ।

***(ਚਲਦਾ)***

## ਲੋਕ ਗਾਥਾ

# ਇੰਦਰ ਬੇਗੋ

ਸੁਖਦੇਵ ਮਾਦਪੁਰੀ
ਫੋਨ: 91-94630-34472

'ਇੰਦਰ ਬੇਗੋ' ਲਾਹੌਰ ਦੇ ਇਲਾਕੇ ਦੀ ਹਰਮਨ ਪਿਆਰੀ ਸੱਚੀ ਪ੍ਰੀਤ ਕਥਾ ਹੈ ਜਿਸ ਨੂੰ ਨਰੈਣ ਸਿੰਘ, ਪੂਰਨ ਰਾਮ ਅਤੇ ਛੱਜੂ ਸਿੰਘ ਨੇ ਆਪਣੇ ਕਿੱਸਿਆਂ 'ਚ ਬੜੇ ਪਿਆਰੇ ਅੰਦਾਜ਼ 'ਚ ਬਿਆਨ ਕੀਤਾ ਹੈ। ਇਹ ਕਥਾ ਇਕੋ ਦਿਨ ਵਿਚ ਵਾਪਰਦੀ ਹੈ। ਲਾਹੌਰ ਲਾਗੇ ਘੁਗ ਵਸਦੇ ਸੱਸਾ ਨਾਮੀ ਪਿੰਡ ਦੇ ਹਿੰਦੂ ਗੁੱਜਰ ਕਿਸ਼ਨ ਸਿੰਘ ਦੀ ਅਲਬੇਲੀ ਧੀ ਬੇਗੋ ਪਿੰਡ ਦੇ ਮਨਚਲੇ ਗੱਭਰੂਆਂ ਦੇ ਸੁਪਨਿਆਂ ਦੀ ਰਾਣੀ ਬਣੀ ਹੋਈ ਸੀ। ਮਾਪਿਆਂ ਉਹਨੂੰ ਬੜੇ ਲਾਡ ਨਾਲ ਪਾਲਿਆ। ਜਿਧਰੋਂ ਵੀ ਬੇਗੋ ਲੰਘਦੀ, ਗੱਭਰੂ ਦਿਲ ਫੜ ਕੇ ਬੈਠ ਜਾਂਦੇ, ਇਕ ਆਹ ਸੀਨਿਓਂ ਪਾਰ ਹੋ ਜਾਂਦੀ। ਉਹਦੀ ਲਟਬੌਰੀ ਚਾਲ, ਮਘਦਾ ਹੁਸਨ ਗੱਭਰੂਆਂ ਦੇ ਦਿਲਾਂ ਨੂੰ ਧੜਕਾ ਦਿੰਦਾ। ਕਈ ਹੁਸੀਨ ਸੁਪਨੇ ਉਨ੍ਹਾਂ ਦੇ ਮਨਾਂ ਵਿਚ ਉਣੇ ਜਾਂਦੇ। ਹਰ ਕੋਈ ਬੇਗੋ ਦੇ ਹੁਸਨ ਦੀ ਸਿਫ਼ਤ ਕਰਦਾ ਨਾ ਥੱਕਦਾ,

ਨਾਲ ਮੜਕ ਦੇ ਤੁਰਦੀ ਬੇਗੋ
ਤੁਰਦੀ ਜਿਉਂ ਮੁਰਗਾਬੀ।
ਰੇਬ ਪਜਾਮਾ ਪੱਟੀਂ ਸੋਂਹਦਾ
ਪੈਰਾਂ ਵਿਚ ਰਕਾਬੀ।
ਨਾਲ ਹੁਸਨ ਦੇ ਕਰੇ ਉਜਾਲਾ
ਮਚਦੀ ਜਿਵੇਂ ਮਤਾਬੀ।
ਇਸ਼ਕ ਬਲੀ ਦੀਆਂ ਚੜ੍ਹੀਆਂ ਲੋਰਾਂ
ਝੂਲੇ ਵਾਂਗ ਸ਼ਰਾਬੀ।
ਮੁਖੜਾ ਬੇਗੋ ਦਾ ਖਿੜਿਆ ਫੁਲ ਗੁਲਾਬੀ।

ਇਕ ਦਿਨ ਬੇਗੋ ਨੂੰ ਫੁਲਕਾਰੀ ਕੱਢਣ ਲਈ ਪੱਟ ਦੀ ਲੋੜ ਪੈ ਗਈ। ਉਹਨੇ ਪਿੰਡ ਦੀਆਂ ਸਭ ਹੱਟੀਆਂ ਗਾਹ ਮਾਰੀਆਂ ਪਰ ਉਹਨੂੰ ਪਟ ਕਿਧਰੋਂ ਵੀ ਨਾ ਮਿਲਿਆ। ਕਿਸੇ ਮਨਚਲੀ ਨੇ ਪੱਟ ਲੈਣ ਦੇ ਬਹਾਨੇ ਲਾਹੌਰ ਵੇਖਣ ਲਈ ਰਾਏ ਦੇ ਦਿੱਤੀ। ਪਲਾਂ ਵਿਚ ਕਈ ਜਵਾਨੀਆਂ ਜੁੜ ਬੈਠੀਆਂ ਤੇ ਨਵੇਂ ਸੌਦੇ ਖਰੀਦਣ ਲਈ ਸੋਚਾਂ ਬਣ ਗਈਆਂ!

ਤੇਲਣ ਮਤਾਬੀ, ਜੱਟੀ ਬਿਸ਼ਨੀ, ਗੁਲਾਬੀ
ਕਾਨ੍ਹੋ, ਕੇਸਰੀ, ਪੰਜਾਬੀ,
ਸੱਭੇ ਤਿਆਰ ਹੋ ਕੇ ਆਉਂਦੀਆਂ।
ਕਰਮੀ ਕਸੈਣ, ਸੋਭਾ, ਨੰਦ ਕੁਰ ਨੈਣ
ਵੀਰੋ, ਫੱਤੀ ਹਲਵੈਣ
ਡੋਰੇ ਕਜਲੇ ਦੇ ਪਾਉਂਦੀਆਂ।
ਬਾਹਮਣੀ ਬਲਾਸੋ, ਸੈਦਾਂ, ਸੰਤੀ ਤੇ ਆਸੋ
ਅੱਲਾ ਦਿੱਤੀ ਵੀ ਮਰਾਸੋ
ਗੀਤ ਟੋਲ਼ੀ ਬੰਨ੍ਹ ਗਾਉਂਦੀਆਂ। (ਪੂਰਨ ਰਾਮ)

ਲਗਰਾਂ ਵਰਗੀਆਂ ਮੁਟਿਆਰਾਂ ਰਾਵੀ ਦੇ ਪੱਤਣਾਂ ਨੂੰ ਅੱਗ ਲਾਉਂਦੀਆਂ ਹੋਈਆਂ ਲਾਹੌਰ ਜਾ ਵੜੀਆਂ। ਪੇਂਡੂ ਹੁਸਨ ਝਲਕਾਂ ਮਾਰਦਾ ਪਿਆ ਸੀ-ਗੋਦੜੀ ਦੇ ਲਾਲ ਦਗ ਦਗ ਪਏ ਕਰਦੇ ਸਨ। ਸਾਰੇ ਦਾ ਸਾਰਾ ਬਾਜ਼ਾਰ ਝੂਮਦਾ ਪਿਆ ਸੀ। ਬਾਣੀਆਂ ਦੇ ਦਿਲ ਧੂੰਹਦੀ ਇਹ ਟੋਲੀ ਇੰਦਰ ਬਜਾਜ਼ ਦੀ ਹੱਟੀ 'ਤੇ ਜਾ ਪੁੱਜੀ। ਇੰਦਰ ਨੇ ਬੇਗੋ ਤੱਕੀ ਤਾਂ ਉਹ ਬੇਗੋ ਦਾ ਹੋ ਗਿਆ। ਪੂਰਨ ਰਾਮ ਦੇ ਸ਼ਬਦਾਂ ਵਿਚ,

ਦੇਖਿਆ ਸਰੂਪ ਜਦੋਂ ਬੇਗੋ ਨਾਰ ਦਾ
ਭੁੱਲ ਗਿਆ ਸੌਦਾ ਦਿਲ 'ਚ ਵਿਚਾਰਦਾ
ਆਖਦਾ ਇੰਦਰ ਏਸ ਦਾ ਕੀ ਨਾਮ ਨੀ
ਕੀਹਦੇ ਘਰ ਉਤਰੀ ਉਤਾਰ ਕਾਮਨੀ
ਨਾਰੀਆਂ ਕਹਿਣ, "ਦੱਸੀਏ ਜੇ ਨਾਮ ਵੇ
ਫੇਰ ਕੀ ਤੂੰ ਸੌਦਾ ਦੇਵੇਂ ਬਿਨਾ ਦਾਮ ਵੇ।"
"ਬੈਠੀ ਜੋ ਵਿਚਾਲੇ ਇਹਦਾ ਦੱਸੋ ਨਾਮ ਨੀ
ਸੌਦਾ ਲੈ ਲੋ ਕੋਈ ਮੰਗਦਾ ਨੀ ਦਾਮ ਨੀ।"
"ਬੇਗੋ" ਇਹਦਾ ਨਾਮ ਸਾਰੀਆਂ ਨੇ ਦੱਸਿਆ
ਸੁਣ ਕੇ ਇੰਦਰ ਖਿੜ-ਖਿੜ ਹੱਸਿਆ
ਕੇਰਾਂ ਆਖ ਦੇਵੇ ਬੇਗੋ ਮੁੱਖੋਂ ਬੋਲ ਕੇ
ਜਿਹੜੀ ਚੀਜ਼ ਮੰਗੋ ਸੋਈ ਦੇਵਾਂ ਤੋਲ ਕੇ।

ਇੰਦਰ ਦੀ ਦੁਕਾਨ ਮੁਟਿਆਰ ਹਾਸਿਆਂ ਨਾਲ ਛਣਕ ਰਹੀ ਸੀ। ਮੁਟਿਆਰਾਂ ਹੱਸ-ਹੱਸ ਦੂਹਰੀਆਂ ਹੋ ਰਹੀਆਂ ਸਨ ਪਰੰਤੂ ਬੇਗੋ ਸ਼ਰਮਾਉਂਦੀ ਪਈ ਸੀ, ਸੰਗਦੀ ਪਈ ਜਾਂਦੀ ਸੀ।

"ਅੜਿਆ ਆਖ ਦੇ ਖਾਂ, ਤੇਰਾ ਕਿਹੜਾ ਮੁਲ ਲਗਦੈ।" ਕੇਸਰੀ ਦੀ ਨੀਤ ਟਾਸੇ ਦੇ ਥਾਨ 'ਤੇ ਫਿੱਟੀ ਪਈ ਸੀ।

"ਮੇਰੇ ਵਲੋਂ ਤਾਂ ਬਾਣੀਆਂ ਸਾਰੀ ਦੁਕਾਨ ਲੁਟਾ ਦੇਵੇ, ਮੈਨੂੰ ਕੀ!"

ਬੇਗੋ ਦੇ ਸ਼ਹਿਦ ਜਹੇ ਮਿੱਠੇ ਬੋਲ ਇੰਦਰ ਦੇ ਕੰਨੀਂ ਪਏ। ਉਹ ਮੁਸਕਰਾਇਆ ਤੇ ਸਾਰੀ ਦੁਕਾਨ ਮੁਟਿਆਰਾਂ ਦੇ ਹਵਾਲੇ ਕਰ ਦਿੱਤੀ। ਉਹ ਬਿਨਾਂ ਦਾਮਾਂ ਤੋਂ ਆਪਣੀ ਮਰਜ਼ੀ ਦਾ ਕੱਪੜਾ ਲੈ ਰਹੀਆਂ ਸਨ। ਇੰਦਰ ਤਾਂ ਆਪਣੇ ਪਿਆਰੇ ਦੇ ਬੋਲ ਪੁਗਾ ਰਿਹਾ ਸੀ। ਸਾਰਾ ਬਾਜ਼ਾਰ ਏਸ ਜਨੂੰਨੀ ਆਸ਼ਕ ਵਲ ਤੱਕ-ਤੱਕ ਮੁਸਕਰਾਉਂਦਾ ਪਿਆ ਸੀ, ਟਿੱਚਰਾਂ ਪਿਆ ਕਰਦਾ ਸੀ।

"ਮੈਨੂੰ ਕਿਸੇ ਦੀ ਕੋਈ ਪਰਵਾਹ ਨਹੀਂ। ਤੁਸੀਂ ਥਾਨ ਪਰਖਦੇ ਹੋ, ਬੇਗੋ ਇਕ ਵਾਰੀ ਆਖੇ ਸਹੀ ਮੈਂ ਇਹਦੇ ਵੇਖਦੇ-ਵੇਖਦੇ ਆਪਣੀ ਦੁਕਾਨ ਫੂਕ ਸਕਦਾ ਹਾਂ...!" ਨਫ਼ਾਖੋਰ ਬਾਣੀਆਂ ਸੱਚਮੁਚ ਹੀ ਇਸ਼ਕ ਦਾ ਵਿਓਪਾਰ ਕਰਨ ਲਈ ਉਤਾਵਲਾ ਹੋ ਉਠਿਆ ਸੀ।

ਖੁੱਲ੍ਹੇ ਡੁੱਲ੍ਹੇ ਪੇਂਡੂ ਵਾਤਾਵਰਣ ਵਿਚ ਪਲ਼ੀਆਂ ਅੱਲੜ੍ਹ ਮੁਟਿਆਰਾਂ ਭਲਾ ਕਦੋਂ ਵਾਰ ਖਾਲੀ ਜਾਣ ਦਿੰਦੀਆਂ ਨੇ। ਉਨ੍ਹਾਂ ਝਟ ਬੇਗੋ ਦੇ ਮੂੰਹੋਂ ਇਹ ਗੱਲ ਵੀ ਅਖਵਾ ਲਈ,

ਸੁਹਣੇ ਜਹੇ ਮੁਖ ਵਿਚੋਂ ਆਖਿਆ ਮਜਾਜ਼ ਨਾਲ
ਫੂਕੇ ਭਾਵੇਂ ਰੱਖੇ ਮੈਂ ਕੀ ਏਸ ਨੂੰ ਹਟਾਉਣਾ।
ਏਹੋ ਜਿਹਾ ਕਾਹਲਾ ਅੱਗ ਲਾਵੇ ਹੁਣੇ ਖੜੀਆਂ ਤੋਂ
ਆਖ ਕੇ ਤੇ ਮੈਂ ਕਾਹਨੂੰ ਮੁਖੜਾ ਥਕਾਉਣਾ।

***(ਬਾਕੀ ਅਗਲੇ ਸਫੇ 'ਤੇ)***

# ਤਰੱਕੀ ਦੇ ਨਵੇਂ ਮਰਹਲੇ

*ਪੱਤਰਕਾਰ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਦੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਕੋਈ ਸਵੈ-ਜੀਵਨੀ ਨਹੀਂ; ਇਹ ਉਹਨੇ ਆਪਣੇ ਪਿੰਡ ਨੰਗਲ ਸ਼ਾਮਾ ਨਾਲ ਕੀਤੀਆਂ ਗੱਲਾਂ ਹਨ। ਇਹ ਅਸਲ ਵਿਚ ਨੰਗਲ ਸ਼ਾਮਾ ਦੀਆਂ ਗੱਲਾਂ ਵੀ ਨਹੀਂ, ਇਹ ਤਾਂ ਸਗੋਂ ਸਮੁੱਚੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ, ਪਰ ਸੂਖਮ ਬਾਤਾਂ ਹਨ। ਇਸ ਸਵੈ-ਜੀਵਨੀ ਵਿਚ ਉਹਨੇ ਆਪਣੀ ਧੀ ਸੁਪਨੀਤ ਕੌਰ ਨੂੰ ਆਪਣਾ ਪਿੰਡ ਦਿਖਾਉਣ ਦੇ ਬਹਾਨੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਜੋੜੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲ ਰਹੇ ਹਨ। 'ਤਰੱਕੀ ਦੇ ਮਰਹਲੇ' ਵਿਚ ਉਹਨੇ ਆਪਣੇ ਪਿੰਡ ਦੇ ਉਨ੍ਹਾਂ ਬੰਦਿਆਂ ਦਾ ਜ਼ਿਕਰ ਕੀਤਾ ਹੈ ਜਿਹੜੇ ਆਪਣੇ ਕੰਮ-ਕਾਰ ਅਤੇ ਦੂਰ-ਦ੍ਰਿਸ਼ਟੀ ਦੇ ਸਿਰ ਉਤੇ ਚੰਗੇ ਖਾਂਦੇ-ਪੀਂਦੇ ਪਰਿਵਾਰ ਹੋ ਨਿਬੜੇ। -ਸੰਪਾਦਕ*

**ਤੇਰੀਆਂ ਗਲੀਆਂ-10**



***ਮੈਂ ਆਪਣੇ ਪਿੰਡ ਨੰਗਲ ਸ਼ਾਮਾ ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ। ਮੈਂ ਪਿੰਡ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਮੈਨੂੰ ਕਵਿਤਾ ਨਾ ਲਿਖਣ ਦਾ ਸਰਾਪ ਹੈ। ਦਰਅਸਲ ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ; ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ (ਚੰਡੀਗੜ੍ਹ) ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ। -ਦਲਬੀਰ ਸਿੰਘ***

ਅਰਜਨ ਸਿੰਘ ਲੁਹਾਰ ਦੇ ਖਰਾਸ ਨਾਲ ਜਿਹੜਾ ਤੋੜ ਖਾਲੀ ਹੁੰਦਾ ਸੀ, ਉਹ ਹੁਣ ਖਾਲੀ ਨਹੀਂ। ਇਸ ਦੀ ਥਾਂ ਬਹੁਤ ਵੱਡੀ ਕੋਠੀ ਬਣ ਗਈ ਹੈ। ਇਹ ਠੇਕੇਦਾਰ ਬਿੱਕਰ ਸਿੰਘ ਦੇ ਵੱਡੇ ਪੁੱਤਰ ਦਲਜੀਤ ਸਿੰਘ ਠੇਕੇਦਾਰ ਦੀ ਕੋਠੀ ਹੈ। ਦੋ ਮੰਜ਼ਲੀ ਕੋਠੀ ਜਿਹੜੀ ਚੰਡੀਗੜ੍ਹ ਦੀਆਂ ਕਈ ਸਾਧਾਰਨ ਕੋਠੀਆਂ ਨੂੰ ਵੀ ਮਾਤ ਪਾ ਸਕਦੀ ਹੈ। ਉਂਜ ਇਸ ਕੋਠੀ ਦੀ ਵੱਖੀ 'ਤੇ, ਪਰ ਰਸਤੇ ਦੇ ਪਰਲੇ ਪਾਸੇ ਇਸ ਤੋਂ ਵੀ ਵੱਡੀ ਇਕ ਹੋਰ ਕੋਠੀ ਹੈ। ਇਹ ਕੋਠੀ ਬਿੱਕਰ ਸਿੰਘ ਦੇ ਛੋਟੇ ਭਾਈ ਗੁਰਦੇਵ ਸਿੰਘ ਦੇ ਪੁੱਤਰ ਕੰਵਲਜੀਤ ਸਿੰਘ ਲਾਲੀ ਦੀ ਹੈ ਜਿਹੜਾ ਕਾਂਗਰਸ ਵਲੋਂ ਐਮ.ਐਲ.ਏ. ਚੁਣਿਆ ਗਿਆ ਸੀ ਅਤੇ ਫਿਰ ਮੰਤਰੀ ਵੀ ਬਣਿਆ।

ਠੇਕੇਦਾਰਾਂ ਦਾ ਇਹ ਪਰਿਵਾਰ ਸਾਡੇ ਪਿੰਡ ਦਾ ਪਹਿਲਾ ਪਰਿਵਾਰ ਹੈ ਜਿਹੜਾ ਸਿੱਧੇ ਤੌਰ 'ਤੇ ਸਿਆਸਤ ਵਿਚ ਦਾਖ਼ਲ ਹੋਇਆ। ਕੰਵਲਜੀਤ ਸਿੰਘ ਲਾਲੀ ਪਿੰਡ ਦਾ ਸਰਪੰਚ ਤੋਂ ਹੁੰਦੇ ਹੋਏ 1998 ਵਿਚ ਕਾਂਗਰਸ ਦੀ ਟਿਕਟ 'ਤੇ ਆਦਮਪੁਰ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਸਿਰਫ਼ ਛੇ ਵੋਟਾਂ ਦੇ ਫਰਕ ਨਾਲ ਜਿੱਤਿਆ ਸੀ। ਇਸ ਤੋਂ ਪਹਿਲਾਂ ਉਹ ਲੰਮੇ ਸਮੇਂ ਤੋਂ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਸੀ। ਇਸ ਦੇ ਤਾਏ ਦੇ ਪੁੱਤ-ਭਰਾ ਦਲਜੀਤ ਸਿੰਘ ਲਾਲੀ ਦਾ ਕਾਂਗਰਸ ਨਾਲ ਸਬੰਧ ਹੈ, ਇਸ ਦੀ ਪਤਨੀ ਪੰਜਾਬ ਕਾਂਗਰਸ ਦੀ ਪ੍ਰਧਾਨ ਰਹਿ ਚੁੱਕੇ ਸੰਤੋਖ ਸਿੰਘ ਰੰਧਾਵਾ ਦੀ ਬੇਟੀ ਹੈ।

ਸਾਡਾ ਪਿੰਡ ਸ਼ੁਰੂ ਤੋਂ ਹੀ ਕਾਂਗਰਸ ਪੱਖੀ ਰਿਹਾ ਹੈ। ਪਹਿਲਾਂ-ਪਹਿਲ ਰਾਮਗੜ੍ਹੀਆਂ ਦੇ ਗੁਰਬਚਨ ਸਿੰਘ ਹੁਰੀਂ ਕਾਂਗਰਸੀ ਬਣੇ ਸਨ। ਉਹ ਤਾਂ ਕੱਪੜੇ ਵੀ ਖੱਦਰ ਦੇ ਪਾਉਂਦੇ ਸਨ, ਪਰ ਆਮ ਲੋਕੀਂ ਕਦੇ ਵੀ ਕੱਟੜ ਕਾਂਗਰਸੀ ਜਾਂ ਕੱਟੜ ਅਕਾਲੀ ਨਹੀਂ ਸਨ। ਕੋਈ ਵੀ ਕਿਸੇ ਕਿਸਮ ਦੀ ਫਿਰਕਾਪ੍ਰਸਤੀ ਦਾ ਸ਼ਿਕਾਰ ਨਹੀਂ ਹੋਇਆ।

80ਵਿਆਂ ਦੇ ਦਹਾਕੇ ਵਿਚ ਚੱਲੀ ਦਹਿਸ਼ਤਗਰਦੀ ਦੀ ਲਹਿਰ ਵਿਚ ਪਿੰਡ ਦੇ ਕਿਸੇ ਨੌਜਵਾਨ ਦਾ ਨਾਂ ਖਾਲਿਸਤਾਨੀਆਂ ਵਿਚ ਬੋਲਦਾ ਸੀ, ਪਰ ਉਹ ਵੀ ਬਹੁਤਾ ਮਸ਼ਹੂਰ ਨਹੀਂ ਸੀ। ਇਸ ਨੌਜਵਾਨ ਬਾਰੇ ਵੀ ਮਗਰੋਂ ਪਤਾ ਲੱਗਾ ਕਿ ਉਹ ਸਿਰਫ਼ ਜੋਸ਼ ਕਾਰਨ ਹੀ ਇਸ ਲਹਿਰ ਵਿਚ ਸ਼ਾਮਲ ਹੋਇਆ ਸੀ, ਕਿਸੇ ਗੰਭੀਰ ਐਕਸ਼ਨ ਵਿਚ ਸ਼ਾਮਲ ਨਹੀਂ ਸੀ। ਰਿਹਾਈ ਮਗਰੋਂ ਉਹ ਇੰਗਲੈਂਡ ਚਲੇ ਗਿਆ ਸੀ ਜਿਥੇ ਉਹ ਹੁਣ ਸਣੇ ਪਰਿਵਾਰ ਰਹਿ ਰਿਹਾ ਹੈ।

ਕਾਂਗਰਸ ਦੀ ਰਵਾਇਤ ਮੁੱਖ ਤੌਰ 'ਤੇ ਧਰਮ ਨਿਰਪੱਖਤਾ ਦੀ ਹੈ, ਤੇ ਸਾਡੇ ਪਿੰਡ ਦੇ ਲੋਕ ਮੋਟੇ ਤੌਰ 'ਤੇ ਧਰਮ ਨਿਰਪੱਖ ਹਨ। ਉਹ ਧਰਮ ਨੂੰ ਮੰਨਦੇ ਹਨ, ਪਰ ਇਸ ਨੂੰ ਜਨੂੰਨ ਦੀ ਹੱਦ ਤਕ ਨਹੀਂ ਲਿਜਾਂਦੇ। ਕਾਮਰੇਡ ਜਾਂ ਕਮਿਊਨਿਸਟ ਪਾਰਟੀ ਦਾ ਬਾਕਾਇਦਾ ਮੈਂਬਰ ਮੈਂ ਹੀ ਪਹਿਲੀ ਵਾਰੀ ਬਣਿਆ ਸਾਂ, ਹਾਲਾਂਕਿ ਸੁਥਰੇ ਤੇ ਸੁਲਝੇ ਹੋਏ ਵਿਚਾਰਾਂ ਕਾਰਨ ਮੇਰੇ ਪਿਤਾ ਜੀ ਨੂੰ ਪਿੰਡ ਦੇ ਲੋਕ 'ਕਾਮਰੇਡ' ਕਹਿ ਕੇ ਬੁਲਾਉਂਦੇ ਹੁੰਦੇ ਸਨ। ਰੇਲਵੇ ਦੀ ਸਰਕਾਰੀ ਨੌਕਰੀ ਵਿਚ ਹੋਣ ਕਾਰਨ ਉਹ ਸਿੱਧਾ ਕਿਸੇ ਸਿਆਸੀ ਪਾਰਟੀ ਵਿਚ ਸ਼ਾਮਲ ਨਹੀਂ ਹੋ ਸਕੇ। ਉਂਜ ਉਹ ਇੰਦਰਾ ਗਾਂਧੀ ਦੇ ਖਿਲਾਫ਼ ਹਲਕੀ-ਹਲਕੀ ਟਿੱਚਰਬਾਜ਼ੀ ਕਰਦੇ ਹੋਏ ਵੀ ਮੋਟੇ ਤੌਰ 'ਤੇ ਕਾਂਗਰਸ ਪਾਰਟੀ ਵਾਂਗ ਧਰਮ ਨਿਰਪੱਖਤਾ ਦੇ ਹਾਮੀ ਸਨ।

ਠੇਕੇਦਾਰ ਬਿੱਕਰ ਸਿੰਘ ਅਤੇ ਗੁਰਦੇਵ ਸਿੰਘ ਨੇ ਹੁਣ ਪਿੰਡ ਦੇ ਬਾਹਰਵਾਰ ਇਹ ਕੋਠੀਆਂ ਪਾ ਲਈਆਂ ਹਨ। ਇਨ੍ਹਾਂ ਦਾ ਪਿਤਾ ਮੈਂ ਨਹੀਂ ਦੇਖਿਆ, ਪਰ ਪਿੰਡ ਦੇ ਐਨ ਕੇਂਦਰ ਵਿਚ ਸਾਡੇ ਦੋਹਾਂ ਪਰਿਵਾਰਾਂ ਦੇ ਘਰ ਨਾਲ-ਨਾਲ ਹੁੰਦੇ ਸਨ। ਇਸ ਕਾਰਨ ਇਨ੍ਹਾਂ ਨਾਲ ਕਾਫ਼ੀ ਪਰਿਵਾਰਕ ਸਾਂਝ ਰਹੀ ਹੈ। ਮੇਰੇ ਪਿਤਾ ਅਤੇ ਚਾਚੇ-ਤਾਇਆਂ ਦੀ ਬਿੱਕਰ ਸਿੰਘ ਤੇ ਗੁਰਦੇਵ ਸਿੰਘ ਨਾਲ ਬਹੁਤ ਸਾਂਝ ਸੀ। ਦੱਸਦੇ ਹਨ ਕਿ ਇਨ੍ਹਾਂ ਦਾ ਪਿਤਾ ਗੱਡਾ



*ਗੁਲ ਚੌਹਾਨ*

ਵਾਹੁੰਦਾ ਸੀ। ਇਨ੍ਹਾਂ ਦਾ ਪਿੰਡ ਅੰਦਰਲਾ ਕੱਚਾ ਘਰ ਤਾਂ ਮੇਰੀ ਸੁਰਤ ਤੋਂ ਪਹਿਲਾਂ ਹੀ ਚੁਬਾਰੇ ਵਾਲਾ ਬਣ ਗਿਆ ਸੀ, ਪਰ ਬਾਹਰਲੀਆਂ ਕੋਠੀਆਂ ਮੇਰੇ ਪਿੰਡ ਛੱਡ ਜਾਣ ਮਗਰੋਂ ਬਣੀਆਂ ਹਨ। ਪੈਸਾ ਲਾਉਣ ਵਿਚ ਦੋਵਾਂ ਨੇ ਕੋਈ ਕਸਰ ਨਹੀਂ ਛੱਡੀ। ਇਨ੍ਹਾਂ ਤੋਂ ਪਹਿਲਾਂ ਠੇਕੇਦਾਰ ਹਰੀ ਸਿੰਘ ਦੇ ਪੁੱਤਰ ਸ਼ਾਮ ਸਿੰਘ ਨੇ ਵੱਡਾ ਦੋ ਮੰਜ਼ਲਾ ਮਕਾਨ ਉਸਾਰਿਆ ਸੀ ਜਿਹੜਾ ਕਿਸੇ ਸਮੇਂ ਪਿੰਡ ਦਾ ਸਭ ਤੋਂ ਵਧੀਆ ਮਕਾਨ ਮੰਨਿਆ ਜਾਂਦਾ ਸੀ। ਇਹ ਉਹੀ ਸ਼ਾਮ ਸਿੰਘ ਸੀ ਜਿਸ ਦੇ ਸੜਕ ਉਤਲੇ ਟਿਊਬਵੈਲ ਦਾ ਜ਼ਿਕਰ ਆ ਚੁੱਕਾ ਹੈ, ਪਰ ਇਨ੍ਹਾਂ ਦੋਵਾਂ ਭਰਾਵਾਂ ਦੀਆਂ ਕੋਠੀਆਂ ਦੇ ਮੁਕਾਬਲੇ ਸ਼ਾਮ ਸਿੰਘ ਦੀ ਕੋਠੀ ਕੁਝ ਵੀ ਨਹੀਂ ਸੀ।

ਪਹਿਲਾਂ-ਪਹਿਲ ਠੇਕੇਦਾਰੀ ਦੇ ਮਾਮਲੇ ਵਿਚ ਝੰਡੀ ਹਰੀ ਸਿੰਘ ਅਤੇ ਉਸ ਦੇ ਪੁੱਤਰਾਂ ਸ਼ਾਮ ਸਿੰਘ ਤੇ ਮਹਿੰਦਰ ਸਿੰਘ ਦੀ ਹੀ ਹੁੰਦੀ ਸੀ। ਫਿਰ ਹੌਲੀ-ਹੌਲੀ ਬਿੱਕਰ ਸਿੰਘ ਅਤੇ ਗੁਰਦੇਵ ਸਿੰਘ ਦਾ ਕੰਮ-ਕਾਰ ਵਧਦਾ ਗਿਆ। ਬਜ਼ੁਰਗ ਦੱਸਦੇ ਸਨ ਕਿ ਪਹਿਲਾ ਭੱਠਾ ਹਰੀ ਸਿੰਘ ਨੇ ਹੀ ਇਨ੍ਹਾਂ ਨੂੰ ਦਿੱਤਾ ਸੀ। ਫਿਰ ਇਨ੍ਹਾਂ ਭਰਾਵਾਂ ਨੇ ਹਿੰਮਤ ਕਰ ਕੇ ਟਰੱਕ ਪਾ ਲਿਆ ਤੇ ਧੰਨੋਵਾਲੀ ਪਿੰਡ ਦੇ ਸਾਹਮਣੇ ਵਾਲੀ ਟਰੱਕ ਯੂਨੀਅਨ ਦੇ ਮੈਂਬਰ ਬਣ ਗਏ। ਹੌਲੀ-ਹੌਲੀ ਇਹ ਪਰਿਵਾਰ ਤਰੱਕੀ ਕਰਦੇ ਰਹੇ। ਇਸ ਵੇਲੇ ਪਿੰਡ ਦੇ ਸਭ ਤੋਂ ਅਮੀਰ ਪਰਿਵਾਰਾਂ ਵਿਚੋਂ ਹਨ। ਪਿੰਡ ਵਿਚਲੀ ਜ਼ਮੀਨ ਕਈ ਗੁਣਾ ਵਧ ਗਈ ਹੈ। ਕਿਸੇ ਵੇਲੇ ਆਮ ਚਰਚਾ ਹੁੰਦੀ ਸੀ ਕਿ ਪਿੰਡ ਵਿਚ ਜਿਹੜੀ ਜ਼ਮੀਨ ਵਿਕਰੀ ਲਈ ਹੁੰਦੀ ਹੈ, ਉਹ ਬਿੱਕਰ ਸਿੰਘ ਹੁਰੀਂ ਖ਼ਰੀਦ ਲੈਂਦੇ ਹਨ।

ਕਿਸੇ ਦੀ ਦੌਲਤ ਦੀ ਥਾਹ ਪਾਉਣੀ ਸੌਖੀ ਨਹੀਂ ਹੁੰਦੀ। ਪਤਾ ਨਹੀਂ, ਹੁਣ ਬਿੱਕਰ ਸਿੰਘ ਦੇ ਪੁੱਤਰ ਦਲਜੀਤ ਸਿੰਘ ਤੇ ਗੁਰਦੇਵ ਸਿੰਘ ਦੇ ਪੁੱਤਰ ਕੰਵਲਜੀਤ ਸਿੰਘ ਲਾਲੀ ਕੋਲ ਕਿੰਨੇ-ਕਿੰਨੇ ਭੱਠੇ ਹਨ, ਤੇ ਉਨ੍ਹਾਂ ਦੇ ਕਿੰਨੇ-ਕਿੰਨੇ ਟਰੱਕ ਚਲਦੇ ਹਨ। ਜਦੋਂ ਰੁਜ਼ਗਾਰ ਖਾਤਰ ਮੈਂ ਪਿੰਡ ਛੱਡ ਆਇਆ ਸਾਂ, ਉਸ ਵੇਲੇ ਮੇਰੇ ਅੰਦਾਜ਼ੇ ਮੁਤਾਬਕ ਇਨ੍ਹਾਂ ਦੇ ਵੀਹ ਟਰੱਕ ਸਨ। ਹੁਣ ਤਾਂ ਵਧੇਰੇ ਹੀ ਹੋਣਗੇ। ਕਹਿੰਦੇ ਹਨ, ਪੈਸੇ ਨੂੰ ਪੈਸਾ ਖਿੱਚਦਾ ਹੈ; ਪਹਿਲਾ ਲੱਖ ਹੀ ਬਣਾਉਣਾ ਔਖਾ ਹੁੰਦਾ ਹੈ, ਫਿਰ ਤਾਂ ਲੱਖਾਂ ਦੇ ਲੱਖ ਬਣਦੇ ਹੀ ਰਹਿੰਦੇ ਹਨ।

ਮੈਂ ਬੇਟੀ ਨੂੰ ਦੱਸਦਾ ਹਾਂ ਕਿ ਬਿੱਕਰ ਸਿੰਘ ਦੀ ਵੱਡੀ ਧੀ ਮਨਜੀਤ ਅਤੇ ਮੇਰੀ ਵੱਡੀ ਭੈਣ ਹਰਮੇਸ਼ ਦਾ ਸਹੇਲਪੁਣਾ ਹੁੰਦਾ ਸੀ, ਹਾਲਾਂਕਿ ਕਲਾਸਾਂ ਵਿਚ ਮੇਰੀ ਭੈਣ ਇਕ ਸਾਲ ਅੱਗੇ ਸੀ। ਮਨਜੀਤ ਮੇਰੀ ਹਮਜਮਾਤਣ ਸੀ, ਤੇ ਉਸ ਦਾ ਛੋਟਾ ਭਾਈ ਦਲਜੀਤ ਮੈਥੋਂ ਇਕ ਸਾਲ ਪਿੱਛੇ ਹੁੰਦਾ ਸੀ। ਗੁਰਦੇਵ ਸਿੰਘ ਦਾ ਪੁੱਤਰ ਕੰਵਲਜੀਤ ਤਾਂ ਮੈਥੋਂ ਕਈ ਸਾਲ ਛੋਟਾ ਸੀ। ਸਾਡੇ ਮਕਾਨ ਦੀ ਛੱਤ 'ਤੇ ਖੜ੍ਹਿਆਂ ਉਨ੍ਹਾਂ ਦੇ ਚੁਬਾਰੇ ਵਿਚੋਂ ਇਕ-ਦੂਜੇ ਨਾਲ ਹੱਥ ਮਿਲਾਏ ਜਾ ਸਕਦੇ ਸਨ। ਬਹੁਤੀ ਵਾਰੀ ਇਕ-ਦੂਜੇ ਪਾਸੇ ਕਿਤਾਬਾਂ ਕਾਪੀਆਂ ਅਤੇ ਪੜ੍ਹਾਈ ਲਿਖਾਈ ਦੀ ਹੋਰ ਸਮੱਗਰੀ ਇਸੇ ਰਸਤੇ ਮੰਗੀ-ਵਟਾਈ ਜਾਂਦੀ ਸੀ।

ਇਹ ਗੱਲ ਬਹੁਤੀ ਮਹੱਤਵ ਵਾਲੀ ਤਾਂ ਨਹੀਂ, ਫਿਰ ਵੀ ਦੱਸਣ ਵਿਚ ਕੀ ਹਰਜ ਹੈ ਕਿ ਜਦੋਂ ਦਲਜੀਤ ਸਿੰਘ ਦੇ ਵਿਆਹ ਲਈ ਰਿਸ਼ਤੇ ਆ ਰਹੇ ਸਨ, ਤਾਂ ਆਖਰਕਾਰ ਦੋਂਹ ਰਿਸ਼ਤਿਆਂ ਵਿਚੋਂ ਚੋਣ ਕਰਨੀ ਪੈਣੀ ਸੀ। ਦਲਜੀਤ ਦੇ ਪਿਤਾ, ਤਾਇਆ ਬਿੱਕਰ ਸਿੰਘ ਨੇ ਪਤਾ ਨਹੀਂ ਕਿਉਂ ਮੇਰੇ ਨਾਲ ਸਲਾਹ ਕਰਨੀ ਜ਼ਰੂਰੀ ਸਮਝੀ ਸੀ। ਇਕ ਰਿਸ਼ਤਾ ਵੱਡੇ ਸਨਅਤਕਾਰਾਂ ਦਾ ਸੀ ਤੇ ਦੂਜਾ ਸਿਆਸਤਦਾਨ ਸੰਤੋਖ ਸਿੰਘ ਰੰਧਾਵਾ ਦੀ ਧੀ ਦਾ। ਉਨ੍ਹਾਂ ਪੁੱਛਿਆ ਕਿ ਇਨ੍ਹਾਂ ਵਿਚੋਂ ਕਿਹੜਾ ਚੁਣੀਏ? ਮੈਂ ਆਪਣੀ ਸਿਆਣਪ ਮੁਤਾਬਕ ਕਹਿ ਦਿਤਾ ਕਿ ਸਿਆਸਤਦਾਨ ਦਾ ਤਾਂ ਪਤਾ ਨਹੀਂ ਅੱਜ ਮੰਤਰੀ ਹੈ, ਤੇ ਕੱਲ੍ਹ ਨਹੀਂ, ਇਸ ਲਈ ਰਿਸ਼ਤਾ ਸਨਅਤਕਾਰ ਦੀ ਧੀ ਦਾ ਲੈ ਲਿਆ ਜਾਵੇ, ਪਰ ਉਨ੍ਹਾਂ ਨੇ ਸਿਆਸਤਦਾਨ ਰੰਧਾਵਾ ਨਾਲ ਕੁੜਮਚਾਰੀ ਪਾ ਲਈ। ਖਬਰੇ ਇਸ ਕੁੜਮਾਚਾਰੀ ਦਾ ਹੀ ਸਿੱਟਾ ਸੀ ਕਿ ਕੰਵਲਜੀਤ ਸਿੰਘ ਲਾਲੀ ਪਹਿਲਾਂ ਪਿੰਡ ਦਾ ਸਰਪੰਚ ਬਣਿਆ, ਤੇ ਫਿਰ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ, ਪੰਜਾਬ ਵਿਧਾਨ ਸਭਾ ਦਾ ਮੈਂਬਰ ਅਤੇ ਫਿਰ ਮੰਤਰੀ। ਦੂਜੇ ਪਾਸੇ ਦਲਜੀਤ ਸਿੰਘ ਨੇ ਭੱਠਿਆਂ ਅਤੇ ਟਰੱਕਾਂ ਰਾਹੀਂ ਕਮਾਈ ਕਰ ਕੇ ਬੇਪਨਾਹ ਉੱਨਤੀ ਕੀਤੀ।

ਇਕ ਦਿਲਚਸਪ ਘਟਨਾ ਦਾ ਜ਼ਿਕਰ ਜ਼ਰੂਰੀ ਹੈ। ਇਹ ਗੱਲ ਮੈਂ ਆਪਣੀ ਬੇਟੀ ਨੂੰ ਨਹੀਂ ਦੱਸੀ, ਕਿਉਂਕਿ ਦੱਸ ਨਹੀਂ ਸਾਂ ਸਕਦਾ। ਸਾਡੇ ਪਿੰਡ ਦੀ ਸਾਡੀ ਹਮਉਮਰ ਕੁੜੀ ਕਈ ਦਿਨ ਤੱਕ ਮੈਨੂੰ ਸੈਨਤਾਂ ਮਾਰਦੀ ਰਹੀ। ਮੈਂ ਇਸ ਮਾਮਲੇ ਵਿਚ ਬਹੁਤ ਡਰੂ ਬੰਦਾ ਸਾਂ, ਕਿਉਂਕਿ ਬੇਇਜ਼ਤੀ ਤੋਂ ਬਹੁਤ ਡਰਦਾ ਸਾਂ। ਉਂਜ ਵੀ ਉਨ੍ਹੀਂ ਦਿਨੀਂ ਮੈਂ ਪਿੰਡ ਦੇ ਗੁਰਦੁਆਰੇ ਦੇ ਭਾਈ ਗਿਆਨੀ ਹੀਰਾ ਸਿੰਘ ਦੀ ਸੰਗਤ ਕਾਰਨ ਅਖੰਡ ਪਾਠੀ ਬਣ ਚੁੱਕਾ ਸਾਂ। ਇਸ ਕਾਰਨ ਮਰਿਆਦਾ ਕਾਇਮ ਰੱਖਣ ਦੀ ਜ਼ਿੰਮੇਵਾਰੀ ਮੇਰੀ ਸੀ। ਕੁਝ ਦਿਨਾਂ ਦੀਆਂ ਸੈਨਤਾਂ ਬਾਅਦ ਇਕ ਦਿਨ ਮੈਂ ਉਸ ਕੁੜੀ ਦੇ ਘਰ ਚਲਾ ਗਿਆ ਜਦੋਂ ਉਹ ਇਕੱਲੀ ਸੀ। ਅੱਲੜ ਅਤੇ ਅੱਥਰੀ ਜਵਾਨੀ ਦੇ ਦਿਨਾਂ ਵਿਚ ਜਿਵੇਂ ਹੁੰਦਾ ਸੀ, ਮੈਂ ਉਸ ਨੂੰ ਬੁੱਕਲ ਵਿਚ ਲੈਣ ਦੀ ਕੋਸ਼ਿਸ਼ ਕੀਤੀ, ਤਾਂ ਉਸ ਨੇ 'ਘਰ ਦੱਸ ਦੇਣ' ਦਾ ਡਰਾਵਾ ਦੇ ਦਿੱਤਾ ਸੀ।

ਫਿਰ ਉਸ ਕੁੜੀ ਦਾ ਵਿਆਹ ਧਰਿਆ ਗਿਆ। ਘਰ ਵਿਚ ਵਿਆਹ ਦੀ ਤਿਆਰੀ ਚੱਲ ਰਹੀ ਸੀ। ਇਕ ਦਿਨ ਉਸ ਨੇ ਫਿਰ ਸੈਨਤ ਨਾਲ ਮੈਨੂੰ ਘਰੇ ਬੁਲਾ ਲਿਆ, ਉਸ ਦਿਨ ਕੁਝ ਖੁੱਲ੍ਹਾਂ ਵੀ ਲੈਣ ਦਿੱਤੀਆਂ। ਫਿਰ ਕਿਹਾ ਸੀ- 'ਹੁਣ ਮੇਰਾ ਵੀ ਕੰਮ ਕਰ ਦੇ। ਦਲਜੀਤ ਨੂੰ ਕਹੀਂ, ਸਾਡੀ ਬੱਸ ਇੰਨੀ ਹੀ ਨਿਭਣੀ ਸੀ। ਮੈਨੂੰ ਮੁਆਫ਼ ਕਰ ਦੇਵੇ।' ਉਸ ਦੇ ਇਨ੍ਹਾਂ ਬੋਲਾਂ ਨੇ ਮੇਰ ਔਸਾਣ ਮਾਰ ਦਿੱਤੇ। ਮੈਨੂੰ ਆਪਣੇ ਆਪ 'ਤੇ ਗਿਲਾਨੀ ਆਈ। ਵਿਚਾਰੀ ਆਪਣੇ ਪ੍ਰੇਮੀ ਨੂੰ ਮਿਲਣ ਲਈ ਕਿੰਨੀ ਉਤਾਵਲੀ ਸੀ। ਮਿਲਣੀ ਨਹੀਂ, ਤਾਂ ਸੁਨੇਹਾ ਹੀ ਸਹੀ, ਤੇ ਮੈਂ ਉਸ ਦੀ ਇਸ ਵਿਚ ਮਦਦ ਕਰਾਂ, ਇਸ ਦੇ ਲਈ ਉਹ ਕੀ ਕੁਝ ਕਰਨ ਲਈ ਨਹੀਂ ਸੀ ਰਾਜ਼ੀ?

ਮੈਂ ਇਸ ਨੂੰ ਕਹਾਣੀ ਦਾ ਸੁੱਚਾ ਪਲਾਟ ਸਮਝਦਾ ਸਾਂ ਅਤੇ ਮੇਰੀ ਇੱਛਾ ਸੀ ਕਿ ਇਸ ਉਤੇ ਕਹਾਣੀ ਲਿਖਾਂ, ਪਰ ਮੈਂ ਕਹਾਣੀਕਾਰ ਨਹੀਂ ਬਣ ਸਕਿਆ। ਫਿਰ ਵੀ ਇਹ ਗੱਲ ਮੇਰੇ ਚੇਤੇ ਵਿਚ ਪਈ ਰਹੀ। ਇਹੀ ਗੱਲ ਕਈ ਸਾਲ ਮਗਰੋਂ ਚੰਡੀਗੜ੍ਹ ਵਿਚ ਪਰਤਾਪ ਕਾਮਰੇਡ ਦੀ ਦੁਕਾਨ 'ਤੇ ਸੁਣਾਈ ਤਾਂ ਗੁਲ ਚੌਹਾਨ ਨੂੰ ਇਸ ਦਾ ਪਲਾਟ ਪਸੰਦ ਆ ਗਿਆ। ਇਸ ਨੂੰ ਆਧਾਰ ਬਣਾ ਕੇ ਉਸ ਨੇ ਕਹਾਣੀ ਲਿਖੀ ਸੀ। ਚੰਗੀ ਕਹਾਣੀ ਸੀ, ਪਰ ਮੈਨੂੰ ਲੱਗਦਾ ਰਿਹਾ ਕਿ ਜੇ ਮੈਂ ਲਿਖਦਾ, ਤਾਂ ਗੱਲ ਹੋਰ ਹੋਣੀ ਸੀ।

ਖੈਰ! ਪਤਾ ਲੱਗਾ ਸੀ ਕਿ ਤਾਇਆ ਬਿੱਕਰ ਸਿੰਘ ਦੇ ਘਰੋਂ ਤਾਈ ਨੰਜੋ ਜਿਸ ਨੂੰ ਅਸੀਂ ਮਾਸੀ ਕਹਿੰਦੇ ਸਾਂ, ਨੂੰ ਅਧਰੰਗ ਦਾ ਦੌਰਾ ਪਿਆ ਸੀ। ਚਾਚਾ ਗੁਰਦੇਵ ਸਿੰਘ ਵੀ ਅਧਰੰਗ ਦੇ ਦੌਰੇ ਕਾਰਨ ਮੰਜੇ 'ਤੇ ਪਿਆ ਸੀ, ਹਾਲਤ ਉਸ ਦੀ ਕਾਫੀ ਖਰਾਬ ਸੀ। ਮਗਰੋਂ ਇਹ ਉਦਾਸ ਖਬਰਾਂ ਆ ਗਈਆਂ ਕਿ ਦੋਵੇਂ ਹੀ ਵਾਰੀ-ਵਾਰੀ ਇਸ ਜਹਾਨ ਤੋਂ ਚਲੇ ਗਏ ਸਨ। ਪੁਰਾਣੀ ਪੀੜ੍ਹੀ ਖਤਮ ਹੋ ਰਹੀ ਸੀ।

ਠੇਕੇਦਾਰਾਂ ਦੀਆਂ ਗੱਲਾਂ ਵਿਚੋਂ ਹੀ ਇਕ ਹੋਰ ਗੱਲ ਚੇਤੇ ਆ ਗਈ। ਕਈ ਸਾਲ ਪਹਿਲਾਂ ਗੁਰਦੇਵ ਸਿੰਘ ਦਾ ਇਕ ਪੁੱਤਰ ਪਿੰਡ ਦੇ ਹੀ ਚਾਰ ਮੁੰਡਿਆਂ ਨਾਲ ਰਲ ਕੇ ਘਰੋਂ ਪੈਸੇ ਚੋਰੀ ਕਰ ਕੇ ਨੱਸ ਗਿਆ। ਉਨ੍ਹਾਂ ਮੁੰਡਿਆਂ ਨੇ ਹੁਸ਼ਿਆਰਪੁਰ ਦੇ ਪਾਰ ਜਾ ਕੇ ਪਹਾੜੀ ਇਲਾਕੇ ਵਿਚ ਉਸ ਪਾਸੋਂ ਪੈਸੇ ਖੋਹ ਲਏ, ਤੇ ਪੱਥਰ ਮਾਰ-ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ। ਰੌਲਾ ਪੈਣਾ ਹੀ ਸੀ, ਪਿਆ। ਇਨ੍ਹਾਂ ਮੁੰਡਿਆਂ ਵਿਚੋਂ ਤਿੰਨ ਭੇਤਭਰੇ ਢੰਗ ਨਾਲ ਲਾਪਤਾ ਹੋ ਗਏ, ਉਨ੍ਹਾਂ ਦਾ ਹਾਲੇ ਤਕ ਕੋਈ ਖੁਰਾ ਖੋਜ ਨਹੀਂ ਲੱਭਾ। ਇਹ ਸਭ ਕਿਵੇਂ ਹੋਇਆ ਤੇ ਕਿਸ ਨੇ ਕੀਤਾ? ਇਹ ਵੀ ਕਿਸੇ ਨੂੰ ਨਹੀਂ ਪਤਾ। ਲੋਕ ਉਂਗਲਾਂ ਤਾਂ ਬਥੇਰੀਆਂ ਕਰਦੇ ਰਹੇ, ਪਰ ਖੁੱਲ੍ਹ ਕੇ ਕੁਝ ਕਹਿਣ ਦੀ ਹਿੰਮਤ ਕਿਸੇ ਦੀ ਨਹੀਂ ਸੀ ਪਈ।

**(ਚਲਦਾ)**

## *ਇੰਦਰ ਬੇਗੋ*

ਦੇਖਾਂਗੇ ਤਮਾਸ਼ਾ ਜੇ ਤਾਂ ਅੱਗ ਲਾਊ ਹੱਟੀ ਤਾਈਂ
ਇਹੋ ਜਹੇ ਲੁੱਚੇ ਨੇ ਕੀ ਇਸ਼ਕ ਕਮਾਉਣਾ।
ਕਰਦਾ ਮਖ਼ੌਲ ਘੰਟਾ ਹੋ ਗਿਆ ਨਰੈਣ ਸਿੰਘਾ
ਚਲੋ ਭੈਣੋ ਚੱਲੋ ਕਾਹਨੂੰ ਮਗਜ਼ ਖਪਾਉਣਾ।
(ਨਰੈਣ ਸਿੰਘ)

ਇੰਦਰ ਨੇ ਅੱਖ ਨਾ ਝਮਕਣ ਦਿੱਤੀ। ਮਿੱਟੀ ਦੇ ਤੇਲ ਦੇ ਕਈ ਪੀਪੇ ਉਹਨੇ ਦੁਕਾਨ ਵਿਚ ਮਧਿਆ ਦਿੱਤੇ ਤੇ ਲੋਕਾਂ ਦੇ ਰੋਕਦੇ-ਰੋਕਦੇ ਦੁਕਾਨ ਨੂੰ ਅੱਗ ਲਾ ਦਿੱਤੀ। ਲਾਟਾਂ ਅਸਮਾਨਾਂ ਨੂੰ ਛੂਹਣ ਲੱਗੀਆਂ। ਮੁਟਿਆਰਾਂ ਦੀ ਟੋਲੀ ਸਹਿਮੀ-ਸਹਿਮੀ, ਘਬਰਾਈ-ਘਬਰਾਈ ਉਥੋਂ ਖਿਸਕ ਤੁਰੀ! ਉਹ ਇਹ ਨਹੀਂ ਸਨ ਜਾਣਦੀਆਂ ਕਿ ਉਨ੍ਹਾਂ ਦਾ ਨਿੱਕਾ ਜਿਹਾ ਮਖ਼ੌਲ ਇਹ ਕੁਝ ਕਰ ਗੁਜ਼ਰੇਗਾ।

ਸਾਰਾ ਬਾਜ਼ਾਰ ਅੱਗ ਬੁਝਾਉਣ ਵਿਚ ਰੁਝਿਆ ਹੋਇਆ ਸੀ। ਏਧਰ ਇੰਦਰ ਬੇਗੋ ਨੂੰ ਲਭਦਾ ਪਿਆ ਸੀ। ਉਹ ਕਿਧਰੇ ਨਜ਼ਰ ਨਹੀਂ ਸੀ ਆਂਦੀ ਪਈ। ਉਹ ਤਾਂ ਉਹਦਾ ਸਭ ਕੁਝ ਖਸ ਕੇ ਲੈ ਗਈ ਸੀ। ਉਹ ਪਾਗ਼ਲਾਂ ਵਾਂਗ ਬੇਗੋ-ਬੇਗੋ ਕੂਕਦਾ ਬੇਗੋ ਦੀ ਭਾਲ਼ ਵਿਚ ਨਸ ਟੁਰਿਆ।

ਬੇਗੋ ਹੋਰੀਂ ਆਪਣੇ ਪਿੰਡ ਨੂੰ ਮੁੜ ਆਈਆਂ। ਇੰਦਰ ਹਾਲੋਂ-ਬੇਹਾਲ ਹੋਇਆ ਉਨ੍ਹਾਂ ਦੇ ਮਗਰ ਰਾਵੀ ਦੇ ਪੁਲ 'ਤੇ ਜਾ ਪੁੱਜਾ। ਉਸ ਬੇਗੋ ਅੱਗੇ ਜਾ ਝੋਲੀ ਅੱਡੀ, "ਬੇਗੋ ਤੂੰ ਮੈਨੂੰ ਛੱਡ ਕੇ ਕਿੱਧਰ ਨੂੰ ਟੁਰ ਪਈ ਸੈਂ! ਮੈਂ ਤੇਰੇ ਬਿਨਾਂ ਕੱਲਾ ਕਿਵੇਂ ਰਹਿ ਸਕਦਾ ਹਾਂ। ਮੈਂ ਹੁਣ ਤੇਰੇ ਨਾਲ ਹੀ ਚੱਲਾਂਗਾ, ਤੇਰੀ ਚਾਕਰੀ ਕਰਾਂਗਾ।"

ਮੁਟਿਆਰਾਂ ਨੂੰ ਹੁਣ ਖਹਿੜਾ ਛੁਡਾਉਣਾ ਔਖਾ ਹੋ ਗਿਆ ਸੀ।

"ਇੰਦਰਾ ਪਿਛਾਂਹ ਮੁੜ ਜਾ, ਸਾਡੇ ਮਗਰ ਨਾ ਆਈਂ। ਬੇਗੋ ਦੇ ਬਾਪ ਨੂੰ ਤੂੰ ਨਹੀਂ ਜਾਣਦਾ- ਤੇਰੇ ਟੋਟੇ-ਟੋਟੇ ਕਰ ਕੇ ਉਹਨੇ ਸਾਹ ਲੈਣੈ!" ਬਲਾਸੋ ਨੇ ਡਰਾਵਾ ਦਿੱਤਾ।

ਪਰ ਇੰਦਰ ਤਾਂ ਖੁਦ ਨੂੰ ਬੇਗੋ ਦੇ ਹਵਾਲੇ ਕਰ ਚੁੱਕਾ ਸੀ। ਇਕ ਬੇਗੋ ਸੀ ਜੀਹਦੇ ਹਿਰਦੇ ਵਿਚ ਇੰਦਰ ਲਈ ਕਣੀ ਮਾਤਰ ਵੀ ਪ੍ਰੇਮ ਨਹੀਂ ਸੀ ਜਾਗਿਆ। ਇਕ ਇੰਦਰ ਸੀ ਜਿਹੜਾ ਬੇਗੋ ਲਈ ਸੱਭੇ ਤਸੀਹੇ ਝੱਲਣ ਲਈ ਤਿਆਰ ਸੀ,

ਬੇਗੋ ਮਾਰੇ ਜੁੱਤੀਆਂ, ਫੁੱਲਾਂ ਦੇ ਸਮਾਨ ਜਾਣੂੰ
ਬੇਗੋ ਤਨ ਚਾਹੇ ਮੇਰਾ, ਆਰੇ ਨਾਲ ਚੀਰ ਦੇ।
ਮਹੀਂਵਾਲ ਸੋਹਣੀ ਪਿੱਛੇ, ਮਹੀਂਵਾਲ ਬਣਿਆ ਸੀ
ਕੰਨ ਪੜਵਾਏ ਰਾਂਝੇ, ਪਿੱਛੇ ਜੱਟੀ ਹੀਰ ਦੇ।
ਲੁਹਾਰ ਫਰਿਹਾਦ, ਤੇਸਾ ਮਾਰ ਮੋਇਆ ਪੇਟ ਵਿਚ
ਰੁੜ੍ਹੀ ਆਵੇ ਲੋਥ, ਵਿਚ ਨਹਿਰ ਵਾ.ਲੇ ਨੀਰ ਦੇ।
ਬੇਗੋ ਨਾਲ ਜਾਊਂ, ਕਹੇ ਇੰਦਰ ਨਰੈਣ ਸਿੰਘਾ
ਟੋਟੇ ਟੋਟੇ ਕਰ ਚਾਹੇ ਸੁੰਦਰ ਸਰੀਰ ਦੇ।
(ਨਰੈਣ ਸਿੰਘ)

ਡੁੱਬ ਰਹੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਲਹਿਲਹਾਉਂਦੇ ਪਾਣੀ ਵਿਚ ਕੇਸਰ ਘੋਲ ਰਹੀਆਂ ਸਨ। ਚਹਿਚਹਾਂਦੇ ਪੰਛੀ ਆਪਣੇ ਰੈਣ ਬਸੇਰਿਆਂ ਨੂੰ ਪਰਤ ਰਹੇ ਸਨ। ਮਨਚਲੀਆਂ ਮੁਟਿਆਰਾਂ ਦੀ ਇਹ ਟੋਲੀ ਇਕ ਅਨੋਖੀ ਉਲਝਣ ਵਿਚ ਫਸੀ ਖੜੀ ਸੀ। ਲਟ-ਲਟ ਜਲ ਰਹੀ ਹੱਟੀ ਦੇ ਚੰਗਿਆੜੇ ਅਜੇ ਵੀ ਉਨ੍ਹਾਂ ਦੇ ਕੰਨਾਂ ਵਿਚ ਚਿੜ-ਚਿੜ ਕਰ ਰਹੇ ਸਨ। ਹਜ਼ਾਰਾਂ ਦੀ ਹੱਟੀ ਦਾ ਮਾਲਕ ਕੰਗਾਲ ਹੋਇਆ ਉਨ੍ਹਾਂ ਦੇ ਸਾਹਮਣੇ ਖੜ੍ਹਾ ਹੁਸਨ ਦੀ ਹੱਟੀ ਤੋਂ ਖ਼ੈਰਾਤ ਮੰਗ ਰਿਹਾ ਸੀ। ਬੇਗੋ ਦੀ ਮਾਨਸਿਕ ਹਾਲਤ ਡੱਕੋ ਡੋਲੇ ਖਾਂਦੀ ਪਈ ਸੀ। ਉਹਦੇ ਬਾਪ ਦੀਆਂ ਰੋਹ ਭਰੀਆਂ ਅੱਖਾਂ ਉਹਨੂੰ ਘੂਰਦੀਆਂ ਜਾਪਦੀਆਂ ਸਨ।

"ਬੇਗੋ ਮੇਰੀ ਜ਼ਿੰਦਗੀ ਏ, ਮੈਂ ਇਹਦਾ ਪਿੱਛਾ ਨਹੀਂ ਛੱਡਾਂਗਾ। ਇਹਦੇ ਨਾਲ ਈ ਜਾਵਾਂਗਾ। ਇਹਦੇ ਲਈ ਹਰ ਕੁਰਬਾਨੀ ਕਰਾਂਗਾ। ਜੇ ਇਹ ਹੁਣੇ ਆਖੇ, ਮੈਂ ਇਹਦੇ ਸਾਹਮਣੇ ਰਾਵੀ ਵਿਚ ਛਾ.ਲ ਮਾਰ ਦਿਆਂਗਾ। ਬੇਗੋ ਆਖੇ ਤਾਂ ਸਹੀ...।" ਇੰਦਰ ਨੇ ਦਰਿਆ ਦੇ ਠਾਠਾਂ ਮਾਰਦੇ ਪਾਣੀ ਵਲ ਇਸ਼ਾਰਾ ਕਰਕੇ ਕਿਹਾ।

"ਮੇਰੇ ਵਲੋਂ ਤਾਂ ਕਲ੍ਹ ਨੂੰ ਮਰਦਾ ਅੱਜੋ ਡੁੱਬ ਮਰ। ਮੈਂ ਤੈਨੂੰ ਕਦੋਂ ਰੋਕਦੀ ਆਂ।" ਗੁੱਸੇ ਨਾਲ ਬੇਗੋ ਦਾ ਮੁਖੜਾ ਸੂਹਾ ਗੁਲਾਬ ਹੋ ਗਿਆ ਸੀ।

ਬੇਗੋ ਦੇ ਮੁੱਖੋਂ ਇਹ ਬੋਲ ਨਿਕਲਣ ਦੀ ਦੇਰ ਸੀ ਕਿ ਇੰਦਰ ਨੇ ਝੱਟ ਰਾਵੀ ਦਰਿਆ ਵਿਚ ਛਾਲ ਮਾਰ ਦਿੱਤੀ।

ਆਹ! ਬੇਗੋ ਦੇ ਬੋਲਾਂ 'ਤੇ ਇੰਦਰ ਨੇ ਜਾਨ ਕੁਰਬਾਨ ਕਰ ਦਿੱਤੀ। ਬੇਗੋ ਝੰਜੋੜੀ ਗਈ। ਇਕ ਪਲ ਉਹ ਅਹਿਲ ਖੜੀ ਰਾਵੀ ਦੀਆਂ ਘੁੰਮਣ ਘੇਰੀਆਂ ਵਲ ਤਕਦੀ ਰਹੀ, ਤਕਦੀ ਰਹੀ। ਉਸ ਦੀ ਤੱਕਣੀ ਵਿਚ ਪਛਤਾਵਾ ਸੀ, ਤੜਪ ਸੀ, ਆਪਣੇ ਪਿਆਰੇ ਲਈ ਜਿੰਦੜੀ ਘੋਲ ਘੁਮਾਵਣ ਦੀ ਲਾਲਸਾ ਸੀ।

ਬੇਗੋ ਦੀਆਂ ਸਹੇਲੀਆਂ ਨੇ ਤੱਕਿਆ, ਬੇਗੋ ਉਨ੍ਹਾਂ ਦੇ ਵਿਚਕਾਰ ਨਹੀਂ ਸੀ। ਉਹ ਤਾਂ ਰਾਵੀ ਦੀਆਂ ਖ਼ੂਨੀ ਲਹਿਰਾਂ ਵਿਚਕਾਰ ਆਪਣੇ ਪਿਆਰੇ ਇੰਦਰ ਨੂੰ ਲੱਭ ਰਹੀ ਸੀ। ਖ਼ੂਨੀ ਦਰਿਆ ਦੀ ਇਕ ਲਹਿਰ ਉਹਨੂੰ ਵੀ ਆਪਣੇ ਨਾਲ ਹੀ ਰੋਹੜ ਕੇ ਲੈ ਗਈ। ਦੋ ਲੋਥਾਂ 'ਕੱਠੀਆਂ ਵਹਿ ਰਹੀਆਂ ਸਨ।

ਮੁਟਿਆਰਾਂ ਉਦਾਸ-ਉਦਾਸ ਆਪਣੇ ਪਿੰਡ ਨੂੰ ਪਰਤ ਆਈਆਂ। ਉਹ ਸੋਚਦੀਆਂ ਪਈਆਂ ਸਨ ਕਿ ਕਿਹੜੇ ਮੂੰਹ ਨਾਲ ਬੇਗੋ ਦੇ ਮਾਪਿਆਂ ਦੇ ਮੱਥੇ ਲੱਗਣਗੀਆਂ।

ਇਸ ਪ੍ਰੀਤ ਕਹਾਣੀ ਨੂੰ ਵਾਪਰਿਆਂ ਭਾਵੇਂ ਇਕ ਸਦੀ ਤੋਂ ਵੱਧ ਸਮਾਂ ਬੀਤ ਗਿਆ ਹੈ ਪਰੰਤੂ ਇਸ ਦੀ ਅਮਿਟ ਪਿਆਰ ਛੁਹ ਅੱਜ ਵੀ ਪੰਜਾਬ ਦੇ ਲੋਕ ਮਾਨਸ ਦੇ ਹਿਰਦਿਆਂ ਨੂੰ ਠਾਰ ਰਹੀ ਹੈ।

ਖੇਡ ਸੰਸਾਰ



ਇਕਬਾਲ ਜੱਬੋਵਾਲੀਆ
ਫੋਨ:917-375-6395

# ਬਾਡੀ ਬਿਲਡਰ ਪ੍ਰੇਮ ਚੰਦ ਡੇਗਰਾ

ਬਾਡੀ ਬਿਲਡਰ ਪ੍ਰੇਮ ਚੰਦ ਡੇਗਰਾ ਨੇ ਭਾਰਤ ਵਿਚ ਹੀ ਵੱਡੀਆਂ ਵੱਡੀਆਂ ਮੱਲਾਂ ਨਹੀਂ ਮਾਰੀਆਂ ਸਗੋਂ ਦੂਜੇ ਮੁਲਕਾਂ ਵਿਚ ਵੀ ਪਹਿਲੇ ਸਥਾਨ ਪ੍ਰਾਪਤ ਕਰਕੇ ਗੋਲਡ ਮੈਡਲ ਜਿੱਤੇ ਤੇ ਦੇਸ ਦਾ ਨਾਂ ਉਚਾ ਕੀਤਾ। ਨੌਂ ਵਾਰ ਨੈਸ਼ਨਲ ਚੈਂਪੀਅਨ ਤੇ ਅੱਠ ਸਾਲ ਏਸ਼ੀਅਨ ਚੈਂਪੀਅਨ ਬਣ ਕੇ ਦੁਨੀਆਂ 'ਚੋਂ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ। 1988 'ਚ ਰਾਸ਼ਟਰਪਤੀ ਵਲੋਂ ਅਰਜਨ ਐਵਾਰਡ ਦਿਤਾ ਗਿਆ। 1990 'ਚ ਪਦਮਸ਼੍ਰੀ ਅਤੇ 1994 'ਚ ਮਹਾਰਾਜਾ ਰਣਜੀਤ ਸਿੰਘ ਸਟੇਟ ਐਵਾਰਡ ਪ੍ਰਾਪਤ ਕੀਤਾ। ਕਈ ਮੁਲਕਾਂ ਵਿਚ ਉਸ ਨੇ 'ਮੋਸਟ ਪਰੂਵਡ ਬਾਡੀ ਬਿਲਡਰ ਆਫ ਦਾ ਯੀਅਰ' ਖਿਤਾਬ ਜਿੱਤ ਕੇ ਭਾਰਤ ਦਾ ਮਾਣ ਵਧਾਇਆ।

ਗਰੀਬ ਪਰਿਵਾਰ ਵਿਚ ਮਾਤਾ ਰੱਖੋ ਦੇਵੀ ਤੇ ਪਿਤਾ ਬੂਆ ਦਿਤਾ ਰਾਮ ਦੇ ਘਰ ਪਿੰਡ ਬੱਬਰੀ ਨੰਗਲ (ਜ਼ਿਲ੍ਹਾ ਗੁਰਦਾਸਪੁਰ) 'ਚ ਪ੍ਰੇਮ ਚੰਦ ਦਾ ਜਨਮ ਹੋਇਆ। ਪ੍ਰੇਮ ਚੰਦ ਨੇ ਮੁਢਲੀ ਪੜ੍ਹਾਈ ਪਿੰਡੋਂ ਕੀਤੀ। ਉਹ ਜਦ ਮਸਾਂ ਦਸ-ਗਿਆਰਾਂ ਸਾਲ ਦਾ ਹੀ ਸੀ ਕਿ ਪਿਤਾ ਦੀ ਮੌਤ ਹੋ ਗਈ। ਬੜੇ ਦੁਖਾਂ ਨਾਲ ਮਾਂ ਨੇ ਪਾਲਣ-ਪੋਸ਼ਣ ਕੀਤਾ। ਹਾਇਰ ਸੈਕੰਡਰੀ ਲਈ ਇਲਾਕੇ ਦੇ ਤਿੱਬੜ ਸਕੂਲੇ ਜਾਣਾ ਪਿਆ। ਉਹ ਵੀ ਪਿੰਡਾਂ ਦੀਆਂ ਆਮ ਖੇਡਾਂ- ਕਬੱਡੀ, ਕੁਸ਼ਤੀ, ਫੁੱਟਬਾਲ, ਹਾਕੀ, ਦੌੜਾਂ, ਗੁੱਲੀ-ਡੰਡਾਂ ਆਪਣੇ ਹਾਣੀਆਂ ਨਾਲ ਸਵੇਰੇ-ਸ਼ਾਮ ਖੇਡਦਾ।

ਦਸਵੀਂ 'ਚ ਪੜ੍ਹਦੇ ਦਾ ਖੇਡਾਂ ਵਲ ਝਕਾਓ ਵੇਖ ਸਕੂਲ ਦੇ ਪੀ ਟੀ ਆਈ ਪ੍ਰੀਤਮ ਸਿੰਘ ਅਤੇ ਲਾਲ ਚੰਦ ਨੇ ਹਾਕੀ ਅਤੇ ਅਥਲੈਟਿਕਸ ਵੱਲ ਪ੍ਰੇਰਿਤ ਕੀਤਾ। ਪ੍ਰੀਤਮ ਸਿੰਘ ਨੂੰ ਕੁਸ਼ਤੀ ਦਾ ਸ਼ੌਕ ਸੀ। ਇਸੇ ਕਰਕੇ ਦੁਪਹਿਰ ਨੂੰ ਅੰਬ ਦੇ ਦਰੱਖਤ ਥੱਲੇ ਦੂਜੇ ਵਿਦਿਆਰਥੀਆਂ ਨਾਲ ਕੁਸ਼ਤੀ ਕਰਾ ਦੇਣੀ। ਬਹੁਤੀ ਜਾਨ ਕਰਕੇ ਪ੍ਰੇਮ ਨੇ ਵਾਰੋ ਵਾਰੀ ਸਾਰੇ ਢਾਹੁਣੇ। ਰੋਜ਼ੀ-ਰੋਟੀ ਲਈ ਪ੍ਰੇਮ ਨੇ ਦੁੱਧ ਵੇਚ ਕੇ ਗੁਜ਼ਾਰਾ ਚਲਾਇਆ ਤੇ ਕਈ ਵਾਰ ਮਜ਼ਦੂਰੀ ਵੀ ਕੀਤੀ।

ਚੰਗੀ ਕਾਰਗੁਜ਼ਾਰੀ ਕਰਕੇ ਸੰਨ 1973 ਵਿਖੇ ਨੌਸ਼ਿਹਰਾ ਮੱਝਾ ਵਿਖੇ ਜ਼ਿਲ੍ਹਾ ਕੁਸ਼ਤੀਆਂ ਦੀ ਸਿਲੈਕਸ਼ਨ ਵਿਚੋਂ ਚੈਂਪੀਅਨ ਬਣਿਆ। ਨੌਕਰੀ ਦੀ ਭਾਲ ਵਿਚ ਕਦੇ ਆਰਮੀ, ਕਦੇ ਪੰਜਾਬ ਪੁਲਿਸ ਤੇ ਕਦੇ ਕਿਸੇ ਮਹਿਕਮੇ ਵਿਚ ਨੱਠ-ਭੱਜ ਕੀਤੀ ਪਰ ਸਿਫਾਰਸ਼ ਜਾਂ ਪੈਸਾ ਨਾ ਹੋਣ ਕਰਕੇ ਉਹਦਾ ਨਾਂ ਵੇਟਿੰਗ ਵਿਚ ਪੈ ਜਾਂਦਾ। ਕਾਫੀ ਜਦੋਜਹਿਦ ਪਿਛੋਂ 1975 ਵਿਚ ਪੰਜਾਬ ਪੁਲਿਸ ਵਿਚ ਕਾਂਸਟੇਬਲ ਭਰਤੀ ਹੋ ਗਿਆ। ਕੋਈ ਚਾਰ ਹਜ਼ਾਰ ਨੌਜਵਾਨਾਂ ਵਿਚੋਂ ਜਿਹੜੇ 35 ਮੁੰਡੇ ਚੁਣੇ ਗਏ ਉਨ੍ਹਾਂ ਵਿਚ ਪ੍ਰੇਮ ਚੰਦ ਦਾ ਨਾਂ ਵੀ ਸੀ। 1976 ਵਿਚ ਜਹਾਨ ਖੇਲੀਂ ਇਕ ਸਾਲ ਟਰੇਨਿੰਗ ਕੀਤੀ। 1977 ਵਿਚ ਗੁਰਦਾਸਪੁਰ ਜਾ ਕੇ ਟਰੇਨਿੰਗ ਕੀਤੀ ਤੇ ਪੰਜਾਬ ਪੁਲਿਸ ਦੀਆਂ ਕੁਸ਼ਤੀਆਂ ਵਿਚ ਹਿੱਸਾ ਲਿਆ। ਉਸ ਵੇਲੇ ਜਲੰਧਰ, ਪਟਿਆਲਾ ਤੇ ਫ਼ਿਰੋਜ਼ਪੁਰ- ਬਾਰਡਰ ਰੇਂਜ਼ ਦੇ ਤਿੰਨ ਜ਼ਿਲ੍ਹਾ ਜ਼ੋਨ ਹੁੰਦੇ ਸਨ। ਪੰਜਾਬ ਪੁਲਿਸ ਵਲੋਂ ਖੇਡਦਿਆਂ ਵੱਖ ਵੱਖ ਮਹਿਕਮਿਆਂ ਵਿਚ 1980 ਤੱਕ ਕੁਸ਼ਤੀਆਂ ਕੀਤੀਆਂ।

ਕਿਸੇ ਅਖ਼ਬਾਰ ਵਿਚ ਬਾਡੀ ਬਿਲਡਿੰਗ ਮੁਕਾਬਲੇ ਦਾ ਇਸ਼ਤਿਹਾਰ ਪੜ੍ਹ ਕੇ ਜਲੰਧਰ ਦੇ ਦੇਸ ਭਗਤ ਹਾਲ ਵਿਚ ਚਲੇ ਗਿਆ। ਬਾਡੀ ਬਿਲਡਿੰਗ ਦਾ ਕਦੇ ਮੁਕਾਬਲਾ ਨਹੀਂ ਸੀ ਲੜਿਆ। ਪਰ ਮਿਹਨਤ ਕਰ ਕਰ ਕੇ ਸਰੀਰ ਦੇ ਮਸਲ ਬਣਾਏ ਹੋਏ ਸਨ। ਦੂਜੇ ਖਿਡਾਰੀਆਂ ਨੂੰ ਵਾਰਮ-ਅੱਪ ਹੁੰਦੇ ਵੇਖੀ ਗਿਆ। ਮੁਕਾਬਲੇ 'ਤੇ ਜਾਣ ਵੇਲੇ ਸਰੀਰ 'ਤੇ ਦੇਸੀ ਤੇਲ ਚੰਗੀ ਤਰ੍ਹਾਂ ਮਲ ਲਿਆ। ਸਟੇਜ 'ਤੇ ਜਾ ਕੇ ਵੇਖੇ ਸਾਰੇ ਢੰਗ ਵਰਤੇ। ਰਾਮਾ ਪ੍ਰਸ਼ਾਦ ਮੁਕਰਜੀ ਉਸ ਮੁਕਾਬਲੇ ਦੇ ਜੱਜ ਸਨ। ਓਪਨ ਪੰਜਾਬ ਅਤੇ 74 ਕਿਲੋਗ੍ਰਾਮ- ਦੋਨਾਂ ਮੁਕਾਬਲਿਆਂ ਦਾ ਸ਼ਾਮ ਨੂੰ ਜਦੋਂ ਨਤੀਜਾ ਆਇਆ ਤਾਂ ਦੋਨਾਂ ਵਿਚੋਂ ਅੱਵਲ ਪ੍ਰੇਮ ਚੰਦ ਸੀ। ਮਹੀਨੇ ਬਾਅਦ ਦਾਰਜਲਿੰਗ ਸੀਨੀਅਰ ਨੈਸ਼ਨਲ ਮੁਕਾਬਲੇ ਵਿਚੋਂ ਤੀਜੀ ਪੁਜੀਸ਼ਨ ਲਈ। ਤੀਜੀ ਪੁਜੀਸ਼ਨ ਨਾਲ ਮਹਿਕਮੇ ਵਿਚ ਤਰੱਕੀ ਹੋਈ ਤੇ ਇਕ ਫੀਤੀ ਹੋਰ ਲੱਗ ਗਈ।

1981 ਵਿਚ ਮਦਰਾਸ 'ਚ ਸੀਨੀਅਰ ਨੈਸ਼ਨਲ ਹੋਈ। ਉਥੇ ਇੰਗਲੈਂਡ ਦਾ ਇੰਦਰ ਸਿੰਘ ਵੀ ਆਇਆ ਹੋਇਆ ਸੀ ਜੋ ਬਾਡੀ ਬਿਲਡਿੰਗ ਦੇ ਨਾਲ ਨਾਲ ਭਾਰ ਵੀ ਚੁੱਕਦਾ ਸੀ। ਉਸ ਤੋਂ ਵੀ ਬਹੁਤ ਕੁਝ ਸਿਖਿਆ। ਉਸ ਨਾਲ ਹਿੰਦੋਸਤਾਨ ਵਿਚ ਸਾਰੇ ਪਾਸੇ ਗਿਆ।

ਮੁਕਾਬਲੇ ਤੋਂ ਇਕ ਦਿਨ ਪਹਿਲਾਂ ਬਾਡੀ ਬਿਲਡਿੰਗ ਬਾਰੇ ਬਹੁਤਾ ਨਾ ਕੁਝ ਜਾਣਦਾ ਕਰਕੇ ਉਹ ਫਿਕਰਮੰਦ ਹੋ ਗਿਆ ਪਰ ਹੌਸਲਾ ਨਾ ਛੱਡਿਆ। ਸ਼ਾਮ ਨੂੰ ਪ੍ਰੈਕਟਿਸ ਕਰਕੇ ਆਇਆ। ਰਾਤ ਨੂੰ ਸੌਣ ਤੋਂ ਪਹਿਲਾਂ ਭਲਕੇ ਵਾਲਾ ਮੁਕਾਬਲਾ ਜਿੱਤਣ ਦੀ ਅਰਦਾਸ ਕੀਤੀ। ਦੂਜੇ ਦਿਨ ਸਟੇਜ 'ਤੇ ਚੜ੍ਹਨ ਤੋਂ ਪਹਿਲਾਂ ਦੱਬ ਕੇ ਬੈਠਕਾਂ ਤੇ ਬੈਂਚ-ਪ੍ਰੈਸਾਂ ਮਾਰੀਆਂ। ਸ਼ਾਮ ਨੂੰ ਨਤੀਜਾ ਆਇਆ ਤਾਂ ਪਹਿਲੇ ਸਥਾਨ 'ਤੇ ਰਹਿ ਕੇ ਗੋਲਡ ਮੈਡਲ ਜਿੱਤਿਆ।

ਮੁਕਾਬਲੇ ਅੱਗੇ ਤੋਂ ਅੱਗੇ ਚਲਦੇ ਗਏ। ਅਗਰਤਲਾ (ਕਲਕੱਤੇ ਕੋਲ) ਤ੍ਰਿਪੁਰਾ ਦੀ ਫਰਬਰੀ



*ਪ੍ਰੇਮ ਚੰਦ ਡੇਗਰਾ*

1981 ਦੇ ਯੂਨੀਅਰ ਨੈਸ਼ਨਲ ਵਿਚੋਂ ਚੈਂਪੀਅਨ ਬਣਿਆ ਅਤੇ ਅਗਸਤ 1981 ਦੀ ਮਦਰਾਸ ਸੀਨੀਅਰ ਚੈਂਪੀਅਨਸ਼ਿਪ ਜਿੱਤੀ। ਇਸੇ ਸਾਲ ਹੀ ਗੁਰਦਾਸਪੁਰ ਵਿਚੋਂ 'ਮਿਸਟਰ ਪੰਜਾਬ' ਦਾ ਖਿਤਾਬ ਜਿੱਤਿਆ। 1982 'ਚ ਇਛਾਪੁਰ (ਬੈਸਟ ਬੰਗਾਲ) ਅਤੇ 1983 'ਚ ਤਾਮਿਲਨਾਡੂ (ਕੁਆਮੇਤੂਰ) ਦਾ ਚੈਂਪੀਅਨ ਬਣਿਆ। ਉਥੋਂ ਹੀ ਏਸ਼ੀਆ ਵਾਸਤੇ ਚੁਣਿਆ ਗਿਆ। 1983 'ਚ ਕਰਾਚੀ (ਪਾਕਿਸਤਾਨ) ਵਿਚ ਏਸ਼ੀਅਨ ਚੈਂਪੀਅਨ ਬਣਿਆ ਤੇ ਬੈਸਟ-ਪੋਜ਼ਰ ਦਾ ਖਿਤਾਬ ਵੀ ਉਥੋਂ ਹੀ ਪ੍ਰਾਪਤ ਕੀਤਾ। 1984 ਵਿਚ ਮਹਾਰਾਸ਼ਟਰ (ਅਕੋਲਾ) ਤੇ ਕੋਰੀਆ ਦਾ ਨੈਸ਼ਨਲ ਚੈਂਪੀਅਨ ਬਣਿਆ।

1983 'ਚ ਕਰਾਚੀ ਸ਼ਹਿਰ 'ਚ ਏਸ਼ੀਅਨ ਚੈਂਪੀਅਨਸ਼ਿਪ ਲੜਨ ਜਾਣਾ ਸੀ। ਕਾਫ਼ੀ ਨੱਠ-ਭੱਜ ਕਰਕੇ ਪਾਕਿਸਤਾਨ ਦਾ ਵੀਜ਼ਾ ਲੁਆਇਆ ਤੇ ਬਹੁਤ ਜਦੋਜਹਿਦ ਨਾਲ ਆਰ ਬੀ ਆਈ ਬੈਂਕ ਤੋਂ ਮੁਸ਼ਕਲ ਨਾਲ 45 ਅਮਰੀਕਨ ਡਾਲਰ ਮਿਲੇ। ਦੌੜ-ਭੱਜ ਕੇ ਲਾਹੌਰ ਨੂੰ ਟਰੇਨ ਫੜਨ ਲੱਗਾ ਤਾਂ ਭਾਰਤੀ ਕਸਟਮ ਵਾਲਿਆਂ ਦੋ-ਢਾਈ ਹਜ਼ਾਰ ਰੁਪਿਆ ਰੱਖ ਲਿਆ। ਮਨ ਬਹੁਤ ਖਰਾਬ ਹੋਇਆ ਕਿਉਂਕਿ ਉਹਦਾ ਜੇਬ ਖਰਚਾ ਸੀ। ਜਦੋਂ ਉਧਰ ਪਹੁੰਚਿਆ ਤਾਂ ਕਸਟਮ ਅਫਸਰ ਨੇ ਪ੍ਰੇਮ ਨੂੰ ਪਹਿਚਾਣ ਲਿਆ। ਉਹਨੇ ਚਾਹ-ਪਾਣੀ ਦੀ ਸੇਵਾ ਪੁੱਛੀ ਤੇ ਹੋਰ ਅਫਸਰਾਂ ਨੂੰ ਕਹਿ ਦਿਤਾ ਕਿ ਇਹ ਮੇਰਾ ਖਾਸ ਮਹਿਮਾਨ ਹੈ, ਇਹਦਾ ਖਾਸ ਖਿਆਲ ਰੱਖਣਾ ਹੈ। ਪ੍ਰੇਮ ਨੇ ਉਨ੍ਹਾਂ ਨੂੰ ਪੈਸਿਆਂ ਬਾਰੇ ਦੱਸਿਆ ਕਿ ਉਹਦੇ ਪੈਸੇ ਭਾਰਤੀ ਕਸਟਮ ਵਾਲਿਆਂ ਨੇ ਰੱਖ ਲਏ ਹਨ। ਉਹਦੇ ਕੋਲ ਸਿਰਫ਼ ਇਹ 45 ਡਾਲਰ ਹਨ। ਉਥੇ ਜਦ 45 ਡਾਲਰ ਤੜਾਏ ਤਾਂ 500 ਰੁਪਿਆ ਮਿਲਿਆ। ਉਥੋਂ ਜਾਣ ਲਈ ਚਾਰ ਪਹੀਆਂ ਵਾਲੀ ਬੱਘੀ ਨੂੰ ਪੁਛਿਆ ਤਾਂ ਉਹ 30 ਰੁਪਏ ਇਕ ਜਣੇ ਦੇ ਮੰਗ ਰਹੇ ਸਨ। ਉਹ ਦੋ ਜਣੇ ਸਨ। 60 ਰੁਪਏ ਤਾਂ ਇਸ ਤਰ੍ਹਾਂ ਹੀ ਲੱਗ ਜਾਣੇ ਸਨ। ਕਿਸੇ ਕੋਲੋਂ ਪੁਛ ਪੁਛਾ ਕੇ ਇਕ-ਇਕ ਰੁਪਿਆ ਦੇ ਕੇ ਬੱਸ ਰਾਹੀਂ ਚੈਂਪੀਅਨਸ਼ਿਪ ਵਾਲੀ ਜਗ੍ਹਾ 'ਤੇ ਪਹੁੰਚ ਗਏ। ਜਦੋਂ ਉਹ ਸਟੇਜ 'ਤੇ ਸਰੀਰ ਦੇ ਅੰਗਾਂ ਦੇ ਕਰਤੱਬ ਦਿਖਾਣ ਲੱਗਾ ਤਾਂ ਪਕਿਸਤਾਨੀਆਂ ਨੇ ਹਿੰਦੋਸਤਾਨ ਜਿੰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ। ਉਹਨੂੰ ਬੜਾ ਮਾਣ ਮਹਿਸੂਸ ਹੋਇਆ। ਉਸ ਚੈਂਪੀਅਨਸ਼ਿਪ ਵਿਚ ਜਪਾਨ, ਕੋਰੀਆ, ਮਲੇਸ਼ੀਆ, ਇਰਾਨ, ਇਰਾਕ ਆਦਿ ਮੁਲਕ ਪਹੁੰਚੇ ਹੋਏ ਸਨ। ਬੜੇ ਦਮ ਨਾਲ ਉਹਨੇ ਏਸ਼ੀਅਨ ਚੈਂਪੀਅਨਸ਼ਿਪ ਜਿੱਤ ਕੇ ਭਾਰਤ ਦੇ ਮਾਣ ਨੂੰ ਚਾਰ ਚੰਨ ਲਾਏ।

ਪ੍ਰੇਮ ਚੰਦ ਦੇ ਦੱਸਣ ਅਨੁਸਾਰ ਬਾਡੀ ਬਿਲਡਿੰਗ ਵਾਸਤੇ ਕੇਂਦਰ ਸਰਕਾਰ ਦੀ ਤਰਫੋਂ ਕੋਈ ਸਹੂਲਤ ਨਹੀਂ ਸੀ। ਇਸ ਵਾਸਤੇ ਉਹਨੇ ਸਰਕਾਰ ਨੂੰ ਇਕ ਵਾਰ ਚਿੱਠੀ ਵੀ ਲਿਖੀ ਸੀ। ਜਦੋਂ ਮੁਕਾਬਲਿਆਂ ਲਈ ਜਾਣਾ ਹੁੰਦਾ ਤਾਂ ਸਾਰਾ ਖਰਚਾ ਆਪ ਕਰਨਾ ਪੈਂਦਾ। ਆਈ. ਐਨ. ਐਸ. ਪਟਿਆਲੇ ਜਾ ਕੇ ਸਾਰਾ ਖਰਚਾ ਆਪ ਕਰਦਾ। ਹੋਰ ਖੇਡਾਂ ਲਈ ਸਾਰੀਆਂ ਸਹੂਲਤਾਂ ਪ੍ਰਦਾਨ ਸਨ। ਖਿਡਾਰੀਆਂ ਲਈ ਰਿਹਾਇਸ਼ ਤੇ ਖਾਣਾ ਫ਼ਰੀ ਸੀ ਪਰ ਬਾਡੀ ਬਿਲਡਿੰਗ ਵਾਸਤੇ ਕੋਈ ਸਹੂਲਤ ਨਹੀਂ ਸੀ। ਉਹਨੂੰ 75 ਰੁਪਏ ਖਾਣੇ ਦੇ ਅਤੇ ਰਹਿਣ ਦੇ 15 ਰੁਪਏ ਰੋਜ਼ਾਨਾ ਆਪਣੀ ਜੇਬ ਵਿਚੋਂ ਦੇਣੇ ਪੈਂਦੇ ਸਨ। ਪਿਛੋਂ ਜਦੋਂ ਉਸ ਦਾ ਚੰਗਾ ਨਾਂ ਹੋ ਗਿਆ ਤਾਂ ਥੋੜ੍ਹੀ-ਬਹੁਤੀ ਸਹਾਇਤਾ ਮਿਲਣ ਲੱਗੀ।

1984 ਵਿਚ ਲਾਸ ਵੇਗਸ (ਅਮਰੀਕਾ) ਹੋਈ ਵਰਲਡ ਚੈਂਪੀਅਨਸ਼ਿਪ ਵਿਚੋਂ 14ਵੀਂ ਪੁਜੀਸ਼ਨ ਆਈ। ਉਸ ਮੁਕਾਬਲੇ ਵਿਚ ਕੋਈ 65 ਮੁਲਕਾਂ ਦੇ ਖਿਡਾਰੀ ਹਿੱਸਾ ਲੈ ਰਹੇ ਸਨ। 1985 ਵਿਚ ਰਾਜਾ ਮੁੰਦਰੀ (ਆਂਧਰਾ ਪ੍ਰਦੇਸ) ਦਾ ਚੈਂਪੀਅਨ ਬਣਿਆ। ਇਸੇ ਸਾਲ ਸਵੀਡਨ ਵਰਲਡ ਚੈਂਪੀਅਨਸ਼ਿਪ ਵਿਚੋਂ ਚੌਥੀ ਪੁਜੀਸ਼ਨ ਆਈ ਅਤੇ ਇਸੇ ਸਾਲ ਹੀ ਸ਼੍ਰੀਲੰਕਾ (ਕੋਲੰਬੋ) ਵਿਚ ਏਸ਼ੀਅਨ ਚੈਂਪੀਅਨ ਬਣਿਆ। ਇਸੇ ਸਾਲ ਉਹ ਬੇਹਤਰੀਨ ਬਾਡੀ ਬਿਲਡਰ ਦੇ ਖਿਤਾਬ ਨਾਲ ਨਿਵਾਜ਼ਿਆ ਗਿਆ। 1985 ਸਵੀਡਨ (ਗੌਤਮਵਰਗ) ਚੌਥੀ ਪੁਜੀਸ਼ਨ, 1986 'ਚ ਟੋਕੀਓ 'ਚੋਂ ਸਿਲਵਰ ਅਤੇ 1987 'ਚ ਮੈਡਰਿਕ (ਸਪੇਨ) ਵਿਚ ਵਰਲਡ ਚੈਂਪੀਅਨ ਵਿਚੋਂ ਚੌਥੀ ਪੁਜੀਸ਼ਨ ਮਾਰੀ।

1986 ਵਿਚ ਮਦਰਾਸ ਨੈਸ਼ਨਲ ਚੈਂਪੀਅਨ ਬਣਿਆ। ਏਸ਼ੀਆ ਮੁਕਾਬਲੇ ਵਿਚ ਤਾਇਬਾਨ ਦਾ ਚੈਂਪੀਅਨ ਬਣਿਆ। ਉਸ ਦੱਸਿਆ ਕਿ ਵਰਲਡ ਟੋਕੀਓ-ਜਪਾਨ ਵਿਚੋਂ ਈਰਖਾ ਨਾਲ ਉਹਨੂੰ ਦੂਜੀ ਪੁਜੀਸ਼ਨ ਦਿਤੀ ਗਈ। ਕਾਰਨ ਇਹ ਸੀ ਕਿ ਉਥੇ ਹੋਰ ਮੁਲਕਾਂ ਦੇ ਕੋਚ ਅਤੇ ਕਮੇਟੀ ਮੈਂਬਰ ਪਹੁੰਚੇ ਹੋਏ ਸਨ। ਸਾਰੇ ਉਸ (ਪ੍ਰੇਮ ਚੰਦ) ਨੂੰ ਆਪਣੇ ਆਪਣੇ ਮੁਲਕ ਵੱਲ ਲੈ ਜਾਣ ਦੀ ਕੋਸ਼ਿਸ਼ ਕਰ ਰਹੇ ਸਨ। ਉਹਨੇ ਕਿਸੇ ਦੀ ਪ੍ਰਵਾਹ ਨਾ ਕੀਤੀ ਤੇ ਕਿਹਾ ਮੈਂ ਇਕ ਹਿੰਦੋਸਤਾਨੀ ਹਾਂ ਤੇ ਹਮੇਸ਼ਾ ਹਿੰਦੋਸਤਾਨ ਲਈ ਮੁਕਾਬਲੇ ਲੜਾਂਗਾ।




*ਕਰਾਚੀ ਵਿਚ ਏਸ਼ੀਅਨ ਚੈਂਪੀਅਨਸ਼ਿਪ ਦੀ ਜੇਤੂ ਟਰਾਫੀ ਨਾਲ ਪ੍ਰੇਮ ਚੰਦ*

ਪ੍ਰੇਮ ਚੰਦ 1986 ਵਿਚ ਨਿਰਮਲ ਡੇਗਰਾ ਨਾਲ ਵਿਆਹ ਬੰਧਨ ਵਿਚ ਬੰਨਿਆ ਗਿਆ।

1987 ਵਿਚ ਇੰਦੌਰ ਦੇ ਨੈਸ਼ਨਲ ਚੈਂਪੀਅਨ ਵਿਚੋਂ ਪਹਿਲੀ ਪੁਜੀਸ਼ਨ ਤੇ ਮਲੇਸ਼ੀਆ (ਮੁਲਾਕਾ) ਦਾ ਏਸ਼ੀਅਨ ਚੈਂਪੀਅਨ ਬਣਿਆ। ਇਸੇ ਸਾਲ ਹੀ ਮੈਡਰਿਕ (ਸਪੇਨ) ਦੇ ਵਰਲਡ ਮੁਕਾਬਲੇ 'ਚੋਂ ਚੌਥੀ ਪੁਜੀਸ਼ਨ ਮਾਰੀ। 1988 'ਚ ਅਹਿਮਦਾਬਾਦ ਦੀ ਨੈਸ਼ਨਲ ਚੈਂਪੀਅਨ ਵਿਚ ਹਿੱਸਾ ਲਿਆ। ਉਸੇ ਸਾਲ ਹੀ ਸਿੰਘਾਪੁਰ ਦੀ ਏਸ਼ੀਅਨ ਚੈਂਪੀਅਨਸ਼ਿਪ ਵਿਚ ਉਹਨੇ ਗੈਸਟ ਦੇ ਤੌਰ 'ਤੇ ਹਿੱਸਾ ਲਿਆ। 1988 ਵਿਚ ਹੀ ਆਸਟ੍ਰੇਲੀਆ ਦੇ ਕੁਈਨਜ਼ ਲੈਂਡ ਸ਼ਹਿਰ ਦੇ ਵਰਲਡ ਚੈਂਪੀਅਨ ਮੁਕਾਬਲੇ 'ਚੋਂ ਪਹਿਲਾ ਸਥਾਨ ਲਿਆ ਤੇ ਭਾਰਤ ਵਾਸਤੇ ਸੋਨੇ ਦਾ ਤਮਗਾ ਜਿਤਿਆ। 1988 'ਚ ਵਰਲਡ ਚੈਂਪੀਅਨਸ਼ਿਪ ਜਿੱਤਣ 'ਤੇ ਟਾਟਾ ਗਰੁਪ ਨੇ ਇਕ ਲੱਖ ਰੁਪਏ ਦਾ ਇਨਾਮ ਦਿਤਾ। 1986 ਵਿਚ ਵੀ ਟਾਟਾ ਨੇ ਪ੍ਰੇਮ ਚੰਦ ਨੂੰ 'ਬੈਸਟ ਸਪੋਰਟਸਮੈਨ' ਐਲਾਨਿਆ ਸੀ।

1989 ਵਿਚ ਮਦਰਾਸ ਦੀ ਨੈਸ਼ਨਲ ਚੈਂਪੀਅਨਸ਼ਿਪ ਦੀ ਪ੍ਰੋਫ਼ੈਸ਼ਨਲ ਡਵੀਜ਼ਨ ਵਿਚ ਅਤੇ ਉਸੇ ਸਾਲ ਦਾ ਇਟਲੀ ਮੁਕਾਬਲੇ ਦਾ ਰਨਰ-ਅੱਪ ਆਇਆ। ਉਸੇ ਸਾਲ ਹੀ ਇਟਲੀ ਮੁਕਾਬਲੇ ਵਿਚੋਂ ਸੈਕੰਡ ਰਨਰ-ਅੱਪ ਆਇਆ।

1990 'ਚ ਪ੍ਰੋ-ਏਸ਼ੀਆ ਮੁਕਾਬਲੇ ਵਿਚ ਪ੍ਰੋਫੈਸ਼ਨਲ ਅਤੇ ਪ੍ਰੋ-ਐਮ ਦੀਆਂ ਪਹਿਲੀਆਂ ਪੁਜੀਸ਼ਨਾਂ ਲੈ ਕੇ ਏਸ਼ੀਆ ਦਾ ਟਾਈਟਲ ਜਿੱਤਿਆ ਅਤੇ ਦੋ ਹਜ਼ਾਰ ਅਮਰੀਕਨ ਡਾਲਰ ਝੋਲੀ ਪੁਆਇਆ। 1990 'ਚ ਸਿੰਘਾਪੁਰ ਵਿਚ ਪ੍ਰੋ-ਐਮ ਕੰਪੀਟੀਸ਼ਨ ਲੜਿਆ ਤੇ ਚੈਂਪੀਅਨ ਬਣਿਆ। ਇਸੇ ਸਾਲ ਕੇਂਦਰ ਸਰਕਾਰ ਨੇ 5 ਲੱਖ ਰੁਪਿਆ ਇਨਾਮ ਵਜੋਂ ਦਿੱਤਾ ਜੋ 1986 'ਚ ਉਲੰਪਿਕ ਵਿਚੋਂ ਗੋਲਡ ਮੈਡਲ ਜਿੱਤਣ ਵਾਲਿਆਂ ਲਈ ਸਰਕਾਰ ਵਲੋਂ ਐਲਾਨਿਆ ਗਿਆ ਸੀ। ਉਸ ਨੂੰ ਝੋਰਾ ਹੈ ਕਿ ਸਰਕਾਰ ਨੇ ਕਈ ਮਾਣ-ਸਨਮਾਨ ਤਾਂ ਐਲਾਨ ਕੇ ਵੀ ਨਾ ਦਿੱਤੇ।

ਪ੍ਰੇਮ ਚੰਦ ਨੇ ਇਹ ਵਾਰਤਾ ਸਾਂਝੀ ਕੀਤੀ ਕਿ 1993 'ਚ ਜਲੰਧਰ ਦੂਰਦਰਸ਼ਨ ਨੇ ਨਵੇਂ ਸਾਲ 'ਤੇ ਸਕਿਟ ਪੇਸ਼ ਕਰਨੀ ਸੀ। ਬਲਵਿੰਦਰ ਵਿੱਕੀ (ਚਾਚਾ ਰੌਣਕੀ ਰਾਮ) ਉਚੇਚੇ ਤੌਰ 'ਤੇ ਉਹਨੂੰ ਲੈ ਕੇ ਗਿਆ ਸੀ। ਚੁੱਕਣ ਵਾਸਤੇ ਸਟੇਜ 'ਤੇ ਭਾਰ ਲਿਆ ਰੱਖਿਆ। ਪ੍ਰੇਮ ਤੋਂ ਨਹੀਂ ਚੁੱਕ ਹੋਇਆ ਜਿਸ ਤਰ੍ਹਾਂ ਉਨ੍ਹਾਂ ਪਹਿਲਾਂ ਹੀ ਉਹਨੂੰ ਸਮਝਾਇਆ ਹੋਇਆ ਸੀ। ਤੇ ਜੋਕਰ ਆ ਕੇ ਕੱਛ 'ਚ ਲੈ ਕੇ ਤੁਰ ਪਿਆ ਕਿਉਂਕਿ ਉਹ ਭਾਰ ਪਲਾਸਟਿਕ ਦਾ ਸੀ। ਲੋਕਾਂ ਦੇ ਮਨੋਰੰਜਨ ਕਰਨ ਲਈ ਇਹ ਕੀਤਾ ਸੀ। ਪਰ ਬਾਅਦ ਵਿਚ ਦੂਰਦਰਸ਼ਨ ਵਾਲਿਆਂ ਨੇ ਇਸ ਨੂੰ ਪ੍ਰੇਮ ਦੀ ਬੇਇਜ਼ਤੀ ਮਹਿਸੂਸ ਕੀਤਾ ਤੇ ਉਨ੍ਹਾਂ ਉਸ (ਪ੍ਰੇਮ ਚੰਦ) ਤੋਂ ਮੁਆਫੀ ਮੰਗੀ।

1992 ਤੋਂ 1995 ਤੱਕ- ਚਾਰ ਸਾਲ ਉਹਨੇ ਮਿਹਨਤ ਨਾ ਕੀਤੀ ਤੇ ਮੁਕਾਬਲਿਆਂ 'ਚ ਭਾਗ ਲੈਣਾ ਛੱਡ ਦਿੱਤਾ। ਸਰਕਾਰ ਵਲੋਂ ਹੋਸਟ ਕੀਤੇ ਜਾਣ 'ਤੇ ਫ਼ੈਡਰੇਸ਼ਨ ਦੇ ਪ੍ਰਬੰਧਕੀ ਢਾਂਚੇ ਵਿਚ ਆ ਬਿਰਾਜ਼ਮਾਨ ਹੋ ਗਿਆ। 1996 'ਚ ਭਾਰਤੀ ਬਾਡੀ ਬਿਲਡਿੰਗ ਦੀ ਚੈਂਪੀਅਨਸ਼ਿਪ ਦਿੱਲੀ ਹੋਣੀ ਸੀ। ਕੋਈ ਬਾਡੀ ਬਿਲਡਰ ਦਿਸ ਨਹੀਂ ਸੀ ਰਿਹਾ। ਅਫਸਰਾਂ ਨੇ ਧੱਕੇ ਨਾਲ ਫਿਰ ਉਹਨੂੰ ਤਿਆਰ ਕੀਤਾ। ਪ੍ਰੇਮ ਨੇ ਤਿੰਨ ਮਹੀਨੇ ਫਿਰ ਤੋਂ ਤਿਆਰੀ ਕੀਤੀ ਤੇ ਮੁਕਾਬਲਿਆਂ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਪ੍ਰੇਮ ਚੰਦ ਨੇ ਸਿਹਤ ਦਾ ਖਿਆਲ ਰੱਖਦਿਆਂ ਕੁਦਰਤੀ ਖ਼ੁਰਾਕ ਖਾਧੀ। ਕਾਲੇ ਛੋਲੇ, ਮੂੰਗੀ, ਕਣਕ, ਮੱਕੀ, ਰਾਜਮਾਂਹ ਬਗੈਰਾ ਭਿਓਂ ਕੇ ਰੱਖ ਦੇਣੇ। ਜਦੋਂ ਉਹ ਪੁੰਗਰਨ ਲੱਗਣੇ ਤਾਂ ਖਾਣੇ। ਕਾਲੇ ਛੋਲਿਆਂ ਦੀ ਤਰੀ ਜਾਂ ਦੇਸੀ ਘਿਓ ਦਾ ਤੁੜਕਾ ਲਾ ਕੇ ਖਾਣੇ। ਜ਼ਿਆਦਾਤਰ ਉਹਨੇ ਬਦਾਮਾਂ ਦੀ ਸ਼ਰਦਾਈ ਵਿਚ ਮਿਸ਼ਰੀ ਜਾਂ ਖਸਖਸ ਰਗੜ ਕੇ ਪੀਤੀ। ਮੀਟ ਤਾਂ ਉਹ 1983 'ਚ ਖਾਣ ਲੱਗਾ, ਕਦੇ-ਕਿਤੇ। ਬਾਜ਼ਾਰੂ ਖ਼ੁਰਾਕ ਜਾਂ ਮਿਕਸ ਪਾਊਡਰ (ਪ੍ਰੋਟੀਨ ਵਗੈਰਾ) ਤੋਂ ਹਮੇਸ਼ਾ ਦੂਰ ਰਿਹਾ। ਉਹਦੇ ਦੱਸਣ ਅਨੁਸਾਰ ਬਦਾਮਾਂ ਦੀ ਸ਼ਰਦਾਈ ਬਹੁਤ ਤਾਕਤਵਰ ਹੁੰਦੀ ਹੈ। ਕਈ ਖਿਡਾਰੀ ਸੁੱਕੇ ਬਦਾਮਾਂ ਦੇ ਐਵੇਂ ਫੱਕੇ ਮਾਰਦੇ ਰਹਿੰਦੇ ਹਨ। ਉਨ੍ਹਾਂ ਦਾ ਕੋਈ ਫਾਇਦਾ ਨਹੀਂ। ਸ਼ਿਕੰਜਵੀਂ ਗਰਮੀਆਂ ਵਿਚ ਬਹੁਤ ਲਾਹੇਵੰਦ ਹੈ। ਵਿਆਹ ਤੋਂ ਪਹਿਲਾਂ ਸਾਰੀ ਖ਼ੁਰਾਕ ਉਹ ਆਪ ਤਿਆਰ ਕਰਦਾ ਸੀ। ਪਿਛੋਂ ਉਹਦੀ ਘਰਵਾਲੀ ਤਿਆਰ ਕਰਕੇ ਦੇਣ ਲੱਗੀ।

ਮਹਾਰਾਸ਼ਟਰ ਦੇ ਸ਼ਿਆਦਰੀ ਸ੍ਰੀ ਵਿਚ



ਓਵਰ-ਆਲ ਚੈਂਪੀਅਨ ਬਣਨ 'ਤੇ 50 ਹਜ਼ਾਰ ਨਕਦ, ਟੀ ਵੀ, ਫ਼ਰਿਜ਼ ਅਤੇ ਘਰ ਦੇ ਹੋਰ ਸਮਾਨ ਦਾ ਟਰੱਕ ਇਨਾਮ ਵਜੋਂ ਮਿਲਿਆ। ਬੰਬਈ ਹਿੱਸਾ ਲਿਆ ਤੇ ਇੰਡੀਆ ਦਾ ਨੈਸ਼ਨਲ ਜਿੱਤਿਆ। ਦਿੱਲੀ ਏਸ਼ੀਅਨ ਚੈਂਪੀਅਨ ਮੁਕਾਬਲੇ ਵਿਚੋਂ ਏਸ਼ੀਆ ਦਾ ਅੱਠਵਾਂ ਗੋਲਡ ਮੈਡਲ ਜਿੱਤਿਆ।

1975 ਤੋਂ 1984 ਤੱਕ ਪੰਜਾਬ ਪੁਲਿਸ ਦੀ ਨੌਕਰੀ ਕੀਤੀ। 1984 'ਚ ਅਸਤੀਫਾ ਦੇ ਦਿਤਾ। ਸਿਰਫ਼ 1100 ਰੁਪਏ ਤਨਖਾਹ ਮਿਲਦੀ ਸੀ। 1984 'ਚ ਹੀ ਟਾਟਾ ਕੰਪਨੀ-ਜਮਸ਼ੇਦਪੁਰ ਜਾ ਕੇ ਨੌਕਰੀ ਲੈ ਲਈ ਤੇ ਉਨ੍ਹਾਂ 5 ਹਜ਼ਾਰ ਰੁਪਏ ਮਹੀਨਾ ਤਨਖਾਹ ਲਾ ਦਿਤੀ। 100 ਰੁਪਏ ਰੋਜ਼ਾਨਾ ਖ਼ੁਰਾਕ। ਹਫ਼ਤੇ ਬਾਅਦ ਬੰਬੇ ਚਲਾ ਗਿਆ। ਟੈਕਸੀ ਦਾ ਕਿਰਾਇਆ, ਖਾਣ-ਪੀਣ ਤੇ ਰਿਹਾਇਸ਼ ਮੁਫ਼ਤ। 1984 ਤੋਂ 1990 ਤੱਕ ਉਹ ਉਥੇ ਰਿਹਾ। ਫਿਰ ਸਮੀਰ ਥਾਪਰ ਜੇ ਸੀ ਟੀ ਫਗਵਾੜੇ ਲੈ ਗਿਆ। ਜੇ ਸੀ ਟੀ ਵਲੋਂ ਏਸ਼ੀਆ, ਪੀ ਆਰ ਓ, ਪੰਜਾਬ ਪੁਲਿਸ ਦੇ ਤਿੰਨ ਮੁਕਾਬਲੇ ਲੜੇ। 1990 ਤੋਂ 2001 ਤੱਕ ਉਥੇ ਰਿਹਾ। 1996 ਵਿਚ ਹੁਸ਼ਿਆਰਪੁਰ ਜਗ੍ਹਾ ਮੁਲ ਲੈ ਲਈ ਸੀ। ਉਥੇ ਜਿਮ ਬਣਾ ਕੇ ਉਠਦੇ ਨੌਜਵਾਨਾਂ ਨੂੰ ਟਰੇਨਿੰਗ ਦੇਣ ਲੱਗਾ। ਦੋ ਬੇਟੇ- ਹਰਨੇਲ ਡੇਗਰਾ ਤੇ ਸੁਰਨੀਲ ਡੇਗਰਾ। ਜਿੰਮ ਵੱਡਾ ਹੋਣ ਕਰਕੇ ਦੋਵੇਂ ਬੇਟੇ ਜਿਮ ਵਿਚ ਉਹਦੀ ਸਹਾਇਤਾ ਕਰਦੇ ਹਨ। ਜ਼ਿੰਦਗੀ ਦੀਆਂ ਪ੍ਰਾਪਤੀਆਂ ਤੋਂ ਖ਼ੁਸ਼ ਪ੍ਰੇਮ ਚੰਦ ਆਪਣੇ ਪਰਿਵਾਰ ਨਾਲ ਵਧੀਆ ਜ਼ਿੰਦਗੀ ਬਸਰ ਕਰ ਰਿਹਾ ਹੈ। ਉਹ ਦੱਸਦਾ ਹੈ ਕਿ ਉਹਨੂੰ ਆਪਣੀ ਜੀਵਨ ਸਾਥਣ ਦਾ ਬੜਾ ਸਾਥ ਰਿਹਾ ਹੈ। ਉਹ ਹਮੇਸ਼ਾ ਜਿਮ ਅਤੇ ਘਰੇਲੂ ਕੰਮਾਂ-ਕਾਰਾਂ ਵਿਚ ਰੁੱਝਿਆ ਰਹਿੰਦਾ ਹੈ। ਜ਼ਿੰਦਗੀ ਵਿਚ ਯਾਰ-ਦੋਸਤ ਵੀ ਬਹੁਤ ਘੱਟ ਬਣਾਏ ਹਨ। ਖਾਸ ਦੋਸਤਾਂ ਵਿਚੋਂ ਪੰਜਾਬੀ ਲੇਖਕ ਬਲਵੀਰ ਮਾਧੋਪੁਰੀ ਨਾਲ ਕਾਫੀ ਸਾਂਝ ਤੇ ਪਿਆਰ-ਮੁਹੱਬਤ ਹੈ।

ਪ੍ਰੇਮ ਚੰਦ ਨੂੰ ਥੋੜ੍ਹਾ ਗਿਲ੍ਹਾ ਵੀ ਹੈ ਕਿ ਪੰਜਾਬ ਸਰਕਾਰ ਖਿਡਾਰੀਆਂ ਨੂੰ ਬਣਦਾ ਮਾਣ-ਸਨਮਾਨ ਨਹੀਂ ਦਿੰਦੀ ਜਿਵੇਂ ਬਾਹਰਲੇ ਮੁਲਕਾਂ ਵਿਚ ਹੈ। ਨੌਜਵਾਨਾਂ ਨੂੰ ਉਸ ਦਾ ਸੁਨੇਹਾ ਹੈ ਕਿ ਉਹ ਖੇਡਾਂ ਨਾਲ ਜੁੜਨ, ਨਸ਼ਿਆਂ ਤੋਂ ਬਚਣ ਅਤੇ ਪੌਸ਼ਟਿਕ ਖ਼ੁਰਾਕ ਖਾਣ।

ਕਹਾਣੀ

# ਡਾਕ ਬਾਬੂ

***ਨੋਬੇਲ ਪੁਰਸਕਾਰ ਜੇਤੂ ਬੰਗਲਾ ਲੇਖਕ ਰਵਿੰਦਰਨਾਥ ਟੈਗੋਰ (7 ਮਈ 1861-7 ਅਗਸਤ 1941) ਦੀ ਕਹਾਣੀ 'ਡਾਕ ਬਾਬੂ' ਦਾ ਅਨੁਵਾਦ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ। ਇਸ ਕਹਾਣੀ ਦਾ ਮਾਨਵੀ ਪੱਖ, ਆਲੇ-ਦੁਆਲੇ ਦੀਆਂ ਬਹੁਤ ਸਾਰੀਆਂ ਪਰਤਾਂ ਫਰੋਲਦਾ ਹੈ। ਇਸ ਦੇ ਪਾਤਰਾਂ ਦੀ ਕੱਚੀਆਂ ਤੰਦਾਂ, ਪੱਕੇ-ਪੀਡੇ ਰਿਸ਼ਤੇ-ਨਾਤਿਆਂ ਦਾ ਦਰ ਖੜਕਾਉਂਦੀਆਂ ਹਨ। ਟੈਗੋਰ ਦਾ ਬਿਰਤਾਂਤ, ਮਾਹੌਲ ਅੰਦਰ ਧੜਕਦੀ ਜ਼ਿੰਦਗੀ ਅਤੇ ਸ਼ਬਦ-ਜੜਤ ਦੀ ਕੋਈ ਰੀਸ ਨਹੀਂ। ਕਿਤੇ-ਕਿਤੇ ਬਿਰਤਾਂਤ ਵਿਚ ਕਵਿਤਾ ਹੁੱਝ ਮਾਰ ਕੇ ਪਾਠਕ ਅੱਗੇ ਆਣ ਖਲੋਂਦੀ ਹੈ। -ਸੰਪਾਦਕ***

**ਰਵਿੰਦਰਨਾਥ ਟੈਗੋਰ**

**ਅਨੁਵਾਦ: ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਡਾਕ ਬਾਬੂ ਨੇ ਆਪਣੀ ਨੌਕਰੀ ਉਲਾਪੁਰ ਪਿੰਡ ਵਿਚ ਸ਼ੁਰੂ ਕੀਤੀ। ਪਿੰਡ ਤਾਂ ਨਿੱਕਾ ਜਿਹਾ ਸੀ ਪਰ ਇਕ ਗੋਰੇ ਨੇ ਲਾਜਵਰ (ਨੀਲ) ਦਾ ਕਾਰਖਾਨਾ ਲਾ ਲਿਆ ਜਿਸ ਵਾਸਤੇ ਡਾਕਖਾਨੇ ਦਾ ਪ੍ਰਬੰਧ ਹੋ ਗਿਆ।

ਆਪਣਾ ਇਹ ਬਾਬੂ ਕਲਕੱਤੇ ਦਾ ਸੀ। ਦੂਰ ਦੇ ਇਸ ਪਿੰਡ ਵਿਚ ਉਸ ਦੀ ਹਾਲਤ ਪਾਣੀ ਵਿਚੋਂ ਨਿਕਲੀ ਮੱਛੀ ਵਰਗੀ ਸੀ। ਉਸ ਦਾ ਦਫ਼ਤਰ ਅਤੇ ਰਹਿਣ ਵਾਲਾ ਕਮਰਾ ਫੂਸ ਦੀ ਛੱਤ ਵਾਲੀ ਹਨੇਰੀ ਛੰਨ ਜਿਹੀ ਸੀ। ਨੇੜੇ ਹਰੇ ਰੰਗ ਦੇ ਪਾਣੀ ਵਾਲਾ ਛੱਪੜ, ਛੱਪੜ ਦੁਆਲੇ ਸੰਘਣੀਆਂ ਝਾੜੀਆਂ, ਵੇਲਾਂ, ਬੂਟੇ।

ਲਾਜਵਰ ਕਾਰਖਾਨੇ ਦੇ ਮੁਲਾਜ਼ਮਾਂ ਵਾਸਤੇ ਮਨੋਰੰਜਨ ਨਾਮ ਦੀ ਕੋਈ ਚੀਜ਼ ਨਹੀਂ ਸੀ। ਮਜ਼ਦੂਰਾਂ ਨਾਲ ਗੱਲਬਾਤ ਵੀ ਕੀ ਹੋ ਸਕਦੀ ਹੈ। ਕਲਕੱਤੇ ਦਾ ਇਹ ਮੁੰਡਾ ਅਜਨਬੀਆਂ ਨਾਲ ਘੁਲਣਾ-ਮਿਲਣਾ ਜਾਣਦਾ ਵੀ ਨਹੀਂ ਸੀ। ਅਣਜਾਣੇ ਬੰਦਿਆਂ ਵਿਚ ਜਾਂ ਤਾਂ ਉਹ ਆਪਣੇ ਆਪ ਨੂੰ ਉਨ੍ਹਾਂ ਤੋਂ ਵਧੀਆ ਸਮਝਣ ਲਗਦਾ, ਜਾਂ ਬੇਚੈਨ ਹੋ ਜਾਂਦਾ। ਨਾ ਤਾਂ ਜ਼ਿਆਦਾ ਕੋਈ ਕੰਮ ਹੁੰਦਾ ਕਿ ਰੁਝਿਆ ਰਹੇ, ਨਾ ਉਸ ਦਾ ਕੋਈ ਮੇਲੀ-ਗੇਲੀ ਸੀ।

ਕਦੇ-ਕਦੇ ਤੁਕਬੰਦੀ ਕਰਨ ਲੱਗ ਜਾਂਦਾ। ਪੱਤਿਆਂ ਦੀ ਸਰ-ਸਰਾਹਟ ਅਤੇ ਬੱਦਲਾਂ ਦੀ ਤੋਰ ਜੀਵਨ ਵਿਚ ਖੇੜੇ ਲਿਆਉਣ ਵਾਸਤੇ ਕਾਫੀ ਹਨ, ਉਸ ਦੀਆਂ ਕਵਿਤਾਵਾਂ ਵਿਚਲੇ ਖਿਆਲ ਕੁਝ ਇਸ ਤਰ੍ਹਾਂ ਦੇ ਹੁੰਦੇ, ਪਰ ਕਦੇ-ਕਦੇ ਉਹਦੇ ਦਿਲ ਵਿਚ ਆਉਂਦਾ ਕਿ ਪਰੀ ਕਹਾਣੀਆਂ ਵਿਚਲਾ ਜਿੰਨ ਇਕੋ ਹੁਝਕੇ ਨਾਲ ਦਰਖਤ, ਪੱਤੇ; ਸਾਰਾ ਕੁਝ ਹੂੰਝ ਕੇ ਲੈ ਜਾਵੇ ਤੇ ਪੱਕੀਆਂ ਸੜਕਾਂ ਦੁਆਲੇ ਐਨੀਆਂ ਉਚੀਆਂ-ਉਚੀਆਂ ਇਮਾਰਤਾਂ ਬਣਾ ਦਏ ਕਿ ਬੱਦਲ ਉਨ੍ਹਾਂ ਦੀ ਓਟ ਵਿਚ ਦਿਸਣ ਹੀ ਨਾ। ਮਜ਼ਾ ਆ ਜਾਏ ਫਿਰ ਤਾਂ।

ਤਨਖਾਹ ਥੋੜੀ ਸੀ। ਆਪਣਾ ਖਾਣਾ ਆਪ ਪਕਾਉਂਦਾ, ਵਿਚੋਂ ਬਚਦਾ ਰਤਨੀ ਨੂੰ ਦੇ ਦਿੰਦਾ। ਪਿੰਡ ਦੀ ਇਹ ਯਤੀਮ ਕੁੜੀ ਰਤਨੀ ਉਸ ਦੇ ਨਿੱਕੇ ਮੋਟੇ ਕੰਮ ਕਰ ਦਿੰਦੀ।

ਸ਼ਾਮੀ ਪਸ਼ੂ-ਵਾੜਿਆਂ ਵਿਚੋਂ ਜਦੋਂ ਧੂੰਏਂ ਦੇ ਕੁੰਡਲ ਉਪਰ ਉਠਣ ਲਗਦੇ ਤੇ ਬੀਂਡੇ ਹਰ ਇਕ ਝਾੜੀ ਵਿਚ ਗਾਉਣ ਲਗਦੇ, ਆਜੜੀਆਂ ਦੇ ਗੀਤਾਂ ਦੀਆਂ ਅਜੀਬ ਤਿੱਖੀਆਂ ਧੁਨਾਂ ਸੁਣਦੀਆਂ ਤਾਂ ਬਾਂਸਾਂ ਦੇ ਪੱਤਿਆਂ ਦੀ ਸਰ-ਸਰਾਹਟ ਸੁਣਦਾ ਹੋਇਆ ਕੋਈ ਬੰਦਾ ਖੌਫਜ਼ਦਾ ਵੀ ਹੋ ਸਕਦਾ ਸੀ। ਡਾਕ ਬਾਬੂ ਆਪਣਾ ਨਿੱਕਾ ਦੀਵਾ ਬਾਲ ਕੇ 'ਵਾਜ ਮਾਰਦਾ- ਰਤਨੀ!

ਇਹ ਆਵਾਜ਼ ਸੁਣਨ ਵਾਸਤੇ ਰਤਨੀ ਬਾਹਰ ਕੰਧ ਨਾਲ ਲੱਗੀ ਬੈਠੀ ਹੁੰਦੀ, ਤੇ ਉਠ ਕੇ ਤੁਰੰਤ ਅੰਦਰ ਜਾਣ ਦੀ ਥਾਂ ਪੁੱਛਦੀ- ਤੁਸੀਂ ਮੈਨੂੰ ਬੁਲਾਇਆ ਦਾਦਾ?

-ਕੀ ਕਰਦੀ ਸੀ? ਬਾਬੂ ਪੁੱਛਦਾ।

-ਮੈਂ ਚੁੱਲ੍ਹੇ ਵਿਚ ਅੱਗ ਬਾਲ ਦੇਵਾਂ। ਰਤਨੀ ਆਖ ਦਿੰਦੀ।

---

ਚੁੱਲ੍ਹਾ ਭਖਾਉਣ ਲਗਦੀ ਤਾਂ ਬਾਬੂ ਕੁਝ ਇਸ ਤਰ੍ਹਾਂ ਗੱਲ ਤੋਰਦਾ- ਤੈਨੂੰ ਆਪਣੀ ਮਾਂ ਬਾਰੇ ਯਾਦ ਹੈ ਕੁਝ? ਗੱਲ ਸ਼ੁਰੂ ਕਰਨ ਵਾਸਤੇ ਇਹੋ ਤਰੀਕਾ ਠੀਕ ਸੀ। ਪਿਤਾ ਉਸ ਨੂੰ ਵਧੀਕ ਪਿਆਰ ਕਰਦਾ ਸੀ, ਇਸ ਲਈ ਉਸ ਦੀਆਂ ਗੱਲਾਂ ਕੁਝ ਜ਼ਿਆਦਾ ਯਾਦ ਸਨ। ਦਿਨ ਭਰ ਕੰਮ ਮੁਕਾ ਕੇ ਉਸ ਦਾ ਪਿਤਾ ਤਰਕਾਲਾਂ ਪਈਆਂ ਤੋਂ ਘਰ ਪਰਤਦਾ, ਤਸਵੀਰਾਂ ਵਾਂਗੂੰ ਇਕ-ਦੋ ਤਰਕਾਲਾਂ ਬਾਕੀਆਂ ਨਾਲੋਂ ਵਧੀਕ ਸਾਫ ਦਿਸਦੀਆਂ। ਬਾਬੂ ਦੇ ਕਦਮਾਂ ਨੇੜੇ ਉਹ ਚੌਕੜੀ ਮਾਰ ਕੇ ਬੈਠ ਜਾਂਦੀ, ਯਾਦਾਂ ਦੇ ਕਾਫਲੇ ਤੁਰਦੇ ਆਉਂਦੇ। ਉਹਦਾ ਨਿੱਕਾ ਜਿਹਾ ਭਰਾ ਵੀ ਸੀ ਤੇ ਬੱਦਲਵਾਈ ਦੇ ਦਿਨ ਛੱਪੜ ਦੇ ਕੰਢੇ ਬੈਠ ਕੇ ਉਹ ਦੋਵੇਂ ਜਣੇ ਮੱਛੀਆਂ ਫੜਨ ਦੀ ਝੂਠੀ-ਮੂਠੀ ਖੇਡ ਖੇਡਿਆ ਕਰਦੇ। ਨਿੱਕੀਆਂ-ਨਿੱਕੀਆਂ ਘਟਨਾਵਾਂ ਵਿਚੋਂ ਵੱਡੀਆਂ-ਵੱਡੀਆਂ ਯਾਦਾਂ ਨਿੰਕਲੀ ਜਾਂਦੀਆਂ। ਗੱਲਾਂ ਕਰਦਿਆਂ-ਕਰਦਿਆਂ ਕਦੇ ਤਾਂ ਏਨੀ ਦੇਰ ਹੋ ਜਾਂਦੀ ਕਿ ਖਾਣਾ ਬਣਾਉਣ ਦੀ ਘੌਲ ਹੋ ਜਾਂਦੀ। ਰਤਨੀ ਕਾਹਲੀ-ਕਾਹਲੀ ਅੱਗ ਬਾਲ ਕੇ ਸਵੇਰ ਦੀਆਂ ਬਚੀਆਂ ਪਈਆਂ ਰੋਟੀਆਂ ਗਰਮ ਕਰ ਕੇ, ਮੱਖਣ ਰੱਖ ਕੇ ਬਾਬੂ ਨੂੰ ਫੜਾ ਦਿੰਦੀ, ਕੁਝ ਆਪ ਖਾ ਲੈਂਦੀ।

ਇਸ ਵੱਡੀ ਸਾਰੀ ਛੰਨ ਦੇ ਕੋਨੇ ਵਿਚ ਪਏ ਬੈਂਚ ਉਪਰ ਬੈਠਾ ਬਾਬੂ ਵੀ ਕਦੀ ਕਦਾਈਂ ਕਲਕੱਤੇ ਆਪਣੇ ਘਰ ਪੁੱਜ ਜਾਂਦਾ; ਮਾਂ, ਭੈਣਾਂ ਇਸ ਬਨਵਾਸ ਵਿਚ ਯਾਦ ਆਉਂਦੀਆਂ। ਦਿਲ ਉਦਾਸ ਹੋ ਜਾਂਦਾ। ਇਨ੍ਹਾਂ ਬਾਰੇ ਇਸ ਨਿੱਕੀ ਕੁੜੀ ਨਾਲ ਤਾਂ ਗੱਲਾਂ ਆਰਾਮ ਨਾਲ ਕਰ ਸਕਦਾ ਸੀ, ਪਰ ਫੈਕਟਰੀ ਦੇ ਮਜ਼ਦੂਰਾਂ ਨਾਲ ਕੋਈ ਗੱਲ ਨਹੀਂ ਹੋ ਸਕਦੀ। ਉਹਨੂੰ ਇਉਂ ਭੁਲੇਖਾ ਪੈਂਦਾ ਜਿਵੇਂ ਇਹ ਕੁੜੀ ਉਹਦੇ ਘਰ ਦੇ ਸਾਰੇ ਜੀਆਂ ਨੂੰ ਜਾਣਦੀ ਹੈ। ਇਹ ਗੱਲ



ਹੈ ਵੀ ਸੱਚ ਸੀ, ਸੁਣ-ਸੁਣ ਕੇ ਕੁੜੀ ਦੇ ਨਿੱਕੇ ਦਿਲ ਵਿਚ ਬਾਬੂ ਦੇ ਘਰ ਦੇ ਜੀਆਂ ਦੀਆਂ ਤਸਵੀਰਾਂ ਬਣ ਗਈਆਂ ਸਨ।

ਬਾਰਸ਼ ਰੁਕੀ ਤਾਂ ਇਕ ਦੁਪਹਿਰ ਠੰਢੀ ਹਵਾ ਵਗ ਰਹੀ ਸੀ, ਪਰ ਕਦੀ-ਕਦੀ ਪੱਤਿਆਂ ਅਤੇ ਸੰਘਣੇ ਘਾਹ ਵਿਚੋਂ ਦੀ ਹਵਾ ਦਾ ਗਰਮ ਬੁੱਲਾ ਥੱਕੀ ਹੋਈ ਧਰਤੀ ਦਾ ਹਉਕਾ ਲਗਦਾ। ਇਕ ਪੰਛੀ ਦੇਰ ਤੱਕ ਲਗਾਤਾਰ ਕੁਦਰਤ ਦੇ ਕੰਨ ਵਿਚ ਆਪਣੀ ਨਿੱਕੀ ਚੁੰਜ ਰਾਹੀਂ ਸ਼ਿਕਾਇਤਾਂ ਲਾਉਂਦਾ ਰਿਹਾ।

ਬਾਬੂ ਕੋਲ ਕਰਨ ਵਾਸਤੇ ਕੁਝ ਨਹੀਂ ਸੀ। ਤਾਜ਼ੇ ਧੋਏ ਹੋਏ ਪੱਤਿਆਂ ਦੀ ਸਰ-ਸਰਾਹਟ ਅਤੇ ਖਾਲੀ ਹੋਏ ਬੱਦਲਾਂ ਦੀ ਵਾਪਸੀ, ਦੇਖਣ ਵਾਲੇ ਨਜ਼ਾਰੇ ਸਨ। ਡਾਕ ਬਾਬੂ ਦੇਖ ਰਿਹਾ ਸੀ ਤੇ ਸੋਚ ਰਿਹਾ ਸੀ- ਕਾਸ਼! ਕੋਈ ਆਪਣਾ, ਕੋਈ ਦਿਲ ਦੀ ਗੱਲ ਕਰਨ ਸੁਣਨ ਵਾਲਾ, ਨੇੜੇ-ਤੇੜੇ ਹੁੰਦਾ। ਚਹਿ-ਚਹਾਉਂਦੇ ਪੰਛੀ ਦਾ ਅਤੇ ਸਰ-ਸਰ ਕਰਦੇ ਪੱਤਿਆਂ ਦਾ ਹਾਲ ਵੀ ਇਹੋ ਸੀ। ਛੋਟੀ ਨੌਕਰੀ ਕਰਦੇ ਬਾਬੂ ਦੀ ਵੇਦਨਾ ਜਾਣਨ-ਸੁਣਨ ਵਾਲਾ ਕੋਈ ਨਹੀਂ ਸੀ।

ਹਉਕਾ ਲੈ ਕੇ ਬਾਬੂ ਨੇ 'ਵਾਜ ਮਾਰੀ- ਰਤਨੀ!

ਅਮਰੂਦ ਦੇ ਦਰਖਤ ਹੇਠ ਲੱਤਾਂ ਨਿਸਾਲੀ ਬੈਠੀ ਰਤਨੀ, ਕੱਚੇ ਅਮਰੂਦ ਖਾਣ ਵਿਚ ਮਗਨ ਸੀ। ਮਾਸਟਰ ਦੀ ਆਵਾਜ਼ ਸੁਣ ਕੇ ਫਟਾਫਟ ਉਠੀ ਤੇ ਕਿਹਾ- ਮੈਨੂੰ ਬੁਲਾਇਐ ਦਾਦਾ?

-ਸੋਚ ਰਿਹਾ ਸੀ ਤੈਨੂੰ ਪੜ੍ਹਨਾ ਸਿਖਾ ਦਿਆ ਕਰਾਂ।

ਦੁਪਹਿਰ ਬਾਅਦ ਸਾਰਾ ਸਮਾਂ ਉਹ ਅੱਖਰਾਂ ਦੀ ਪਛਾਣ ਕਰਵਾਉਂਦਾ ਰਿਹਾ। ਥੋੜੇ ਦਿਨਾਂ ਵਿਚ ਉਹ ਦੋ-ਦੋ ਅੱਖਰ ਜੋੜਨੇ ਸਿੱਖ ਗਈ।

ਲਗਦਾ ਸੀ ਝੜੀ ਮੁੱਕਣ ਨਹੀਂ ਲੱਗੀ। ਨਹਿਰਾਂ, ਛੱਪੜ ਟੋਏ ਸਭ ਨੱਕੋ-ਨੱਕ ਭਰੇ ਹੋਏ। ਦਿਨ-ਰਾਤ ਕਣੀਆਂ ਦੀ ਤੜ-ਤੜ ਤੇ ਡੱਡੂਆਂ ਦੀ ਗੜੈਂ-ਗੜੈਂ ਸੁਣਾਈ ਦਿੰਦੀ। ਰਾਹ ਬੰਦ ਹੋ ਗਏ ਸਨ ਤੇ ਕੁਝ ਖਰੀਦਣ ਲਈ ਜਾਣਾ ਪੈ ਜਾਂਦਾ ਤਾਂ ਟੋਏ-ਮੋਏ ਹੋ ਕੇ ਛਾਲਾਂ ਮਾਰ-ਮਾਰ ਪਾਣੀ ਉਪਰੋਂ ਲੰਘਣਾ ਪੈਂਦਾ।

ਸਵੇਰ ਦੀ ਸੰਘਣੀ ਬੱਦਲਵਾਈ ਹੇਠ ਇਹ ਨਿੱਕੀ ਵਿਦਿਆਰਥਣ ਦਰਵਾਜ਼ੇ ਦੇ ਬਾਹਰ ਉਡੀਕਦੀ ਰਹੀ ਕਿ 'ਵਾਜ ਸੁਣੇਗੀ, ਪਰ ਦੇਰ ਤੱਕ ਕੋਈ ਆਵਾਜ਼ ਨਾ ਸੁਣੀ ਤਾਂ ਆਪਣਾ ਫਟਿਆ ਪੁਰਾਣਾ ਕਾਇਦਾ ਫੜੀ ਹੌਲੀ ਦੇਣੀ ਅੰਦਰ ਲੰਘ ਆਈ। ਮਾਸਟਰ ਨੂੰ ਚਟਾਈ 'ਤੇ ਲੇਟਿਆ ਹੋਇਆ ਦੇਖ ਕੇ ਪੱਬਾਂ ਭਾਰ, ਬਿਨਾਂ ਖੜਾਕ ਕਰਨ ਦੇ ਵਾਪਸ ਜਾਣ ਲੱਗੀ ਤਾਂ 'ਵਾਜ ਆਈ- ਰਤਨੀ।

-ਸੌਂ ਰਹੇ ਸੀ ਦਾਦਾ?

-ਮੈਂ ਠੀਕ ਨਹੀਂ ਅੱਜ। ਦੇਖ ਮੇਰਾ ਮੱਥਾ ਕਿਵੇਂ ਤਪ ਰਿਹੈ।

ਬਣਵਾਸ ਵਿਚ, ਉਦਾਸ ਬੱਦਲਵਾਈ ਵਿਚ ਉਹਨੂੰ ਨਾਜ਼ਕ ਹੱਥਾਂ ਦੀ ਛੁਹ ਚਾਹੀਦੀ ਸੀ। ਕੋਈ ਮੱਥਾ ਘੁੱਟੇ ਤੇ ਚੂੜੀਆਂ ਦੀ ਖਣਕਾਰ ਸੁਣਾਈ ਦੇਵੇ; ਮਾਂ, ਭੈਣ ਜਾਂ ਕਿਸੇ ਵੀ ਔਰਤ ਦਾ ਸਾਥ ਚਾਹੀਦਾ ਸੀ। ਬਣਵਾਸ ਮੰਗਲਮਈ ਹੋ ਗਿਆ ਜਦੋਂ ਰਤਨੀ ਨਿੱਕੀ ਛੋਕਰੀ ਨਾ ਰਹੀ। ਅਚਾਨਕ ਜਿਵੇਂ ਉਹ ਵੱਡੀ ਸਾਰੀ ਹੋ ਗਈ ਹੋਵੇ, ਪਿੰਡ ਦੇ ਵੈਦ ਕੋਲੋਂ ਦਵਾਈ ਲੈ ਆਈ। ਜਿਸ ਵੇਲੇ ਜੋ ਗੋਲੀ ਦੇਣੀ ਹੈ, ਦੇਣ ਵਾਸਤੇ ਰਾਤ ਭਰ ਸਰ੍ਹਾਣੇ ਨੇੜੇ ਬੈਠੀ ਜਾਗਦੀ ਰਹੀ। ਥੋੜੀ-ਥੋੜੀ ਦੇਰ ਬਾਅਦ ਪੁੱਛਦੀ- ਕੁਸ਼ ਆਰਾਮ ਆਇਆ ਦਾਦਾ? ਫਰਕ ਪਿਆ?

ਕਮਜ਼ੋਰ ਜਿਸਮ ਮੰਜੇ ਤੋਂ ਉਠਣ ਲੱਗਾ, ਬੋਲਿਆ- ਹੱਦ ਈ ਹੋ ਗਈ। ਬਸ ਹੁਣ ਬਦਲੀ ਕਰਾਉਣੀ ਹੈ ਇਥੋਂ। ਉਸ ਨੇ ਆਪਣਾ ਫੈਸਲਾ ਸੁਣਾਇਆ। ਕਲਕੱਤੇ ਦਫ਼ਤਰ ਭੇਜਣ ਲਈ ਉਸ ਨੇ ਬੈਠ ਕੇ ਅਰਜ਼ੀ ਲਿਖੀ ਤੇ ਸਿਹਤਮੰਦ ਥਾਂ ਨਾ ਹੋਣ ਦੇ ਆਧਾਰ 'ਤੇ ਬਦਲੀ ਵਾਸਤੇ ਬੇਨਤੀ ਕੀਤੀ।

ਬਿਮਾਰ-ਪੁਰਸ਼ੀ ਦੀ ਆਪਣੀ ਡਿਊਟੀ ਨਿਭਾਅ ਕੇ ਇਹ ਨਿੱਕੀ ਨਰਸ ਫਿਰ ਦਰਵਾਜ਼ੇ ਦੇ ਬਾਹਰ ਆਪਣੇ ਟਿਕਾਣੇ 'ਤੇ ਪਰਤ ਆਈ, ਪਰ ਉਸ ਨੇ ਸੱਦਣ ਵਾਲੀ 'ਵਾਜ ਨਹੀਂ ਸੁਣੀ। ਝੀਤਾਂ ਵਿਚੋਂ ਦੇਖਦੀ, ਕਦੇ ਬਾਬੂ ਮੇਜ਼ ਕੁਰਸੀ ਡਾਹੀ ਕੁਝ ਲਿਖਣ ਲੱਗਾ ਹੈ, ਕਦੀ ਚਟਾਈ 'ਤੇ ਲੇਟਿਆ ਪਿਐ, ਤੇ ਖਾਲੀ-ਖਾਲੀ ਅੱਖਾਂ ਨਾਲ ਇਧਰ-ਉਧਰ ਦੇਖਦੈ। ਪੁਰਾਣੇ ਪਾਠਾਂ ਨੂੰ ਰੱਟਾ ਲਾਈ ਗਈ, ਜਦੋਂ 'ਵਾਜ ਪਈ ਤੋਂ ਅੰਦਰ ਜਾਏਗੀ ਤਾਂ ਦੋ-ਦੋ ਅੱਖਰ ਜੋੜ ਕੇ ਸੁਣਾਉਣੇ ਹੋਣਗੇ। ਹਫ਼ਤੇ ਬਾਅਦ ਇਕ ਸ਼ਾਮ ਆਵਾਜ਼ ਸੁਣੀ। ਖੁਸ਼-ਖੁਸ਼ ਰਤਨੀ ਕਮਰੇ ਅੰਦਰ ਗਈ- ਮੈਨੂੰ 'ਵਾਜ ਮਾਰੀ ਦਾ?

ਬਾਬੂ ਨੇ ਕਿਹਾ- ਸਵੇਰ ਮੈਂ ਚਲਾ ਜਾਵਾਂਗਾ ਰਤਨੀ।

-ਕਿਥੇ ਜਾਓਗੇ ਦਾ?

-ਘਰ ਜਾਊਂਗਾ। ਕਲਕੱਤੇ।

-ਤੇ ਮੁੜੋਗੇ ਕਦੋਂ?

-ਹੁਣ ਨੀ ਮੈਂ ਆਉਣਾ।

ਰਤਨੀ ਨੇ ਅਗਲਾ ਸਵਾਲ ਨਹੀਂ ਪੁੱਛਿਆ। ਬਾਬੂ ਨੇ ਖੁਦ ਹੀ ਦੱਸਿਆ ਕਿ ਬਦਲੀ ਵਾਲੀ ਉਹਦੀ ਅਰਜ਼ੀ ਮਨਜ਼ੂਰ ਨਹੀਂ ਹੋਈ, ਅਸਤੀਫਾ ਦੇ ਦਿੱਤਾ ਹੈ। ਹੁਣ ਘਰ ਜਾਣਾ ਹੈ।

ਦੇਰ ਤੱਕ ਦੋਵੇਂ ਚੁੱਪ ਰਹੇ। ਦੀਵਾ ਧੀਮਾ-ਧੀਮਾ ਬਲਦਾ ਰਿਹਾ। ਚੋਂਦੀ ਛੱਤ ਵਿਚੋਂ ਹੇਠਾਂ ਰੱਖੇ ਘੜੇ ਵਿਚ ਡਿਗਦੀ ਬੂੰਦ ਦੀ ਆਵਾਜ਼ ਰੁਕ-ਰੁਕ ਕੇ ਆਉਂਦੀ ਰਹੀ। ਟੱਪ-ਟੱਪ... ਟੱਪ-ਟੱਪ।

ਰਤਨੀ ਉਠੀ, ਚੁੱਲ੍ਹੇ ਵਿਚ ਅੱਗ ਬਾਲਣ ਵਾਸਤੇ ਰਸੋਈ ਵੱਲ ਗਈ। ਉਸ ਦੇ ਹੱਥਾਂ ਵਿਚ ਪਹਿਲਾਂ ਵਾਂਗ ਫੁਰਤੀ ਨਹੀਂ ਅੱਜ। ਉਸ ਦੇ ਨਿੱਕੇ ਜਿਹੇ ਸਿਰ ਵਿਚ ਕਈ ਕਿਸਮ ਦੇ ਨਵੇਂ ਖਿਆਲਾਂ ਦੀ ਆਵਾਜਾਈ ਹੁੰਦੀ ਰਹੀ। ਬਾਬੂ ਨੇ ਖਾਣਾ ਖਾ ਲਿਆ ਤਾਂ ਅਚਾਨਕ ਕੁੜੀ ਨੇ ਕਿਹਾ- ਮੈਨੂੰ ਵੀ ਆਪਣੇ ਨਾਲ ਲੈ ਜਾਓ ਦਾਦਾ।

ਬਾਬੂ ਹੱਸ ਪਿਆ- ਤੈਨੂੰ ਲਿਜਾਵਾਂ? ਕਮਾਲ ਐ!

ਪਹਿਲਾਂ ਜਾਗਦਿਆਂ, ਫਿਰ ਸੁਫਨਿਆਂ ਵਿਚ ਉਸ ਨੂੰ ਹੱਸਦੇ ਬਾਬੂ ਦਾ ਇਕ ਵਾਕ ਲਗਾਤਾਰ ਸੁਣਾਈ ਦੇਈ ਗਿਆ- ਕਮਾਲ ਐ!

ਸਵੇਰ ਵੇਲੇ ਬਾਬੂ ਉਠਿਆ, ਇਸ਼ਨਾਨ ਵਾਸਤੇ ਪਾਣੀ ਦਾ ਘੜਾ ਭਰਿਆ ਪਿਆ ਸੀ। ਪੇਂਡੂਆਂ ਵਾਂਗ ਦਰਿਆ ਵਿਚ ਛਾਲ ਮਾਰਨ ਦੀ ਥਾਂ ਉਹ ਸ਼ਹਿਰੀਆਂ ਵਾਂਗ ਘੜੇ ਦੇ ਪਾਣੀ ਨਾਲ ਨਹਾਉਂਦਾ ਸੀ। ਕੁੜੀ ਪੁੱਛ ਨਾ ਸਕੀ ਕਦੋਂ ਕੁ ਜਾਣਾ ਹੈ, ਇਸ ਕਰ ਕੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਸ ਨੇ ਘੜੇ ਭਰ ਦਿੱਤੇ। ਕੀ ਪਤਾ ਦਾਦਾ ਨੂੰ ਕਦੋਂ ਲੋੜ ਪੈ ਜਾਵੇ। ਨਹਾਉਣ ਤੋਂ ਬਾਅਦ 'ਵਾਜ ਆਈ- ਰਤਨੀ।

ਬਿਨਾਂ ਖੜਾਕ ਕਰਨ ਦੇ ਲੰਘ ਆਈ। ਮਾਸਟਰ ਦੇ ਮੂੰਹ ਵਲ ਖਾਮੋਸ਼ ਦੇਖਦੀ ਰਹੀ ਕਿ ਕੀ ਹੁਕਮ ਹੈ। ਮਾਸਟਰ ਨੇ ਕਿਹਾ- ਮੇਰੇ ਜਾਣ ਪਿਛੋਂ ਘਬਰਾਈਂ ਨਾ ਰਤਨੀ। ਮੇਰੀ ਥਾਂਓਂ ਜਿਹੜਾ ਬੰਦਾ ਆਵੇਗਾ, ਮੈਂ ਉਹਨੂੰ ਕਹੂੰਗਾ ਤੇਰਾ ਖਿਆਲ ਰੱਖੇ।

ਇਹ ਸ਼ਬਦ ਦਿਆਲੂ ਲਗਦੇ ਹਨ, ਪਰ ਕੁੜੀ ਦੇ ਦਿਲ ਦੀਆਂ ਕੌਣ ਜਾਣੇ।

ਰਤਨੀ ਨੇ ਬੜੀ ਵਾਰ ਆਪਣੇ ਬਾਬੂ ਤੋਂ ਝਿੜਕਾਂ ਖਾਧੀਆਂ ਸਨ, ਪਰ ਉਸ ਨੇ ਬੁਰਾ ਨਹੀਂ ਮਨਾਇਆ ਸੀ। ਬਾਬੂ ਦੇ ਇਨ੍ਹਾਂ ਦਿਆਲੂ ਲਫ਼ਜ਼ਾਂ ਨੂੰ ਉਹ ਬਰਦਾਸ਼ਤ ਨਾ ਕਰ ਸਕੀ, ਫੁਟ-ਫੁਟ ਕੇ ਰੋਈ- ਨਹੀਂ... ਨਹੀਂ। ਕਿਸੇ ਕੋਲ ਮੇਰੀ ਗੱਲ ਕਰਨ ਦੀ ਲੋੜ ਨ੍ਹੀਂ। ਮੈਂ ਇਥੇ ਰਹਿਣਾ ਈ ਨ੍ਹੀਂ ਹੁਣ।

ਬਾਬੂ ਸੁੰਨ ਹੋ ਗਿਆ। ਇਸ ਤਰ੍ਹਾਂ ਦੀ ਰਤਨੀ ਤਾਂ ਉਸ ਨੇ ਕਦੀ ਦੇਖੀ ਨਹੀਂ ਸੀ।

ਨਵਾਂ ਮੁਲਾਜ਼ਮ ਆ ਗਿਆ, ਤੇ ਉਸ ਨੂੰ ਚਾਰਜ ਦੇ ਦਿੱਤਾ। ਤੁਰਨ ਤੋਂ ਪਹਿਲਾਂ ਰਤਨੀ ਨੂੰ ਬੋਲ ਮਾਰਿਆ- ਤੇਰੇ ਵਾਸਤੇ ਥੋੜਾ ਕੁ ਇਹ। ਤੇਰੇ ਕੰਮ ਆਏਗਾ। ਇਹ ਕਹਿ ਕੇ ਉਸ ਨੇ ਸਫਰ ਵਾਸਤੇ ਥੋੜੇ ਪੈਸੇ ਰੱਖ ਕੇ ਬਾਕੀ ਮਹੀਨੇ ਦੀ ਸਾਰੀ ਤਨਖਾਹ ਜੇਬ ਵਿਚੋਂ ਕੱਢ ਕੇ ਰਤਨੀ ਵੱਲ ਹੱਥ ਵਧਾਇਆ।

-ਓ ਦਾਦਾ, ਮੈਂ ਹੱਥ ਜੋੜਦੀ ਆਂ। ਮੈਨੂੰ ਨ੍ਹੀਂ ਚਾਹੀਦਾ ਕੁਝ। ਮੇਰਾ ਭੋਰਾ ਫਿਕਰ ਨਾ ਕਰ। ਇਹ ਕਹਿ ਕੇ ਉਹ ਦੌੜ ਕੇ ਨਜ਼ਰੋਂ ਉਹਲੇ ਹੋ ਗਈ।

ਹਉਕਾ ਲੈ ਕੇ ਬਾਬੂ ਨੇ ਬੈਗ ਚੁੱਕਿਆ, ਮੋਢੇ 'ਤੇ ਛਤਰੀ ਟਿਕਾਈ, ਇਕ ਆਦਮੀ ਨੂੰ ਰੰਗ-ਬਰੰਗਾ ਟਰੰਕ ਚੁਕਾ ਕੇ ਘਾਟ ਵੱਲ ਤੁਰ ਪਿਆ।

ਜਦੋਂ ਬੈਠ ਗਿਆ, ਬੇੜੀ ਠਿਲ੍ਹ ਪਈ, ਧਰਤੀ ਦੇ ਹੰਝੂਆਂ ਵਾਂਗ ਨਦੀ ਵਗਦੀ ਦੇਖੀ, ਚੱਪੂਆਂ ਦੀਆਂ ਸਿਸਕੀਆਂ ਸੁਣੀਆਂ ਤਾਂ ਦਿਲ ਬੈਠਣ ਲੱਗਾ। ਦੁੱਖ ਨਾਲ ਪੀੜਤ ਕੁੜੀ ਦਾ ਚਿਹਰਾ ਉਸ ਨੂੰ ਖਾਮੋਸ਼ ਧਰਤੀ ਮਾਂ ਦੇ ਮੂੰਹ ਵਰਗਾ ਲੱਗਾ। ਇਕ ਵਾਰੀ ਉਹਨੇ ਸੋਚਿਆ, ਵਾਪਸ ਜਾ ਕੇ ਸੰਸਾਰ ਵਲੋਂ ਤਿਆਗੇ ਇਸ ਅੰਬਰੀ ਅੰਡੇ ਨੂੰ ਲੈ ਆਵਾਂ, ਪਰ ਬਾਦਬਾਨਾਂ ਵਿਚ ਤਾਂ ਹਵਾ ਭਰ ਚੁੱਕੀ ਸੀ। ਬੇੜੀ ਤਾਂ ਮੰਝਧਾਰ ਤੱਕ ਅੱਪੜ ਗਈ ਸੀ। ਪਿੰਡ ਦੂਰ ਪਿੱਛੇ ਰਹਿ ਗਿਆ ਸੀ, ਧੁੱਪੇ ਜਲਦੇ ਖੇਤ ਸਾਫ ਦਿਸ ਰਹੇ ਸਨ।

ਤੇਜ਼ ਵਗਦੇ ਦਰਿਆ ਦੀ ਛਾਤੀ ਉਪਰੋਂ ਦੀ ਲੰਘਦੇ ਬਾਬੂ ਦੇ ਦਿਲ ਵਿਚ ਧਰਤੀ ਉਪਰ ਵਾਪਰਦੇ ਮਿਲਾਪ ਅਤੇ ਵਿਜੋਗ ਬਾਬਤ, ਮੌਤ ਬਾਬਤ ਅਣਗਿਣਤ ਦਾਰਸ਼ਨਿਕ ਖਿਆਲ ਆਏ, ਜਿਥੋਂ ਗਏ ਮੁਸਾਫਰ ਵਾਪਸ ਨਹੀਂ ਪਰਤਦੇ।

ਪਰ ਰਤਨੀ ਕੋਲ ਕੋਈ ਫਲਸਫਾ ਨਹੀਂ ਸੀ। ਹੰਝੂਆਂ ਦੇ ਹੜ੍ਹ ਅੱਖਾਂ ਵਿਚ ਚੁੱਕੀ ਉਹ ਡਾਕਖਾਨੇ ਦੁਆਲੇ ਫਿਰਦੀ ਰਹੀ। ਉਹਦੇ ਦਿਲ ਵਿਚ ਅਜੇ ਵੀ ਆਸ ਅੜੀ ਬੈਠੀ ਸੀ- ਸ਼ਾਇਦ ਦਾਦਾ ਵਾਪਸ ਆ ਈ ਜਾਏ, ਆਸ ਉਸ ਦਾ ਰਿਸ਼ਤਾ ਡਾਕਖਾਨੇ ਨਾਲੋਂ ਟੁੱਟਣ ਨਹੀਂ ਸੀ ਦਿੰਦੀ। ਅਫਸੋਸ, ਓ ਮੂਰਖ ਮਨੁੱਖੀ ਦਿਲ!


## ਪੰਜਾਬ ਨੂੰ ਬਚਾਓ

ਸੱਚ ਬੋਲਣਾ ਚੰਗਾ ਹੁੰਦੈ
ਪਰ ਖੁਦ ਆਪਣਾ
ਆਪਣੇ ਕੁਹਜ ਦਾ ਸੱਚ ਬਿਆਨਣਾ
ਬੜਾ ਮੁਸ਼ਕਲ ਹੈ..
ਪਰ ਮੈਂ ਹਿੰਮਤ ਕੀਤੀ ਹੈ
ਆਪਣੇ ਕੁਹਜ ਬਿਆਨਣ ਦੀ...
ਜੇ ਨਸ਼ੇ ਦੀ ਗੱਲ ਕਰੋ
ਮੈਂ ਸਿਗਰਟ ਪੀਤੀ, ਸ਼ਰਾਬ ਪੀਤੀ
ਨਸ਼ਾ ਕਰ ਸਿਹਤ ਖਰਾਬ ਕੀਤੀ।

ਕੀ ਮਿਲਿਆ
ਤਕਲੀਫ ਤੇ ਬੁਰੀਆਂ ਅਲਾਮਤਾਂ
ਤੇ ਜਾਂ ਫਿਰ ਲਾਹਣਤਾਂ...
ਹੋਰ ਮਿਲਣਾ ਵੀ ਕੀ ਹੈ?
ਘਰ ਮੁੰਡਾ ਜੰਮਦੈ
ਪਾਰਟੀ ਸ਼ਰਾਬ ਦੀ...
ਸੋਚੋ, ਜਿਸ ਦੇ ਜੰਮਣ 'ਤੇ
ਪਹਿਲੇ ਦਿਨ ਈ ਨਸ਼ਾ ਵਰਤਾਇਆ
ਫਿਰ ਉਹਦਾ ਕੀ ਦੋਸ਼
ਜਦ ਵੱਡਾ ਹੋ
ਉਹਨੇ ਨਸ਼ਿਆਂ ਨੂੰ ਹੱਥ ਪਾਇਆ।

ਫਿਰ ਕਿਸ ਅਰਥ ਆਉ
ਤੁਹਾਡਾ ਕੂਕਿਆ ਤੇ ਕੁਰਲਾਇਆ!
ਓ ਵੀਰੋ ਜ਼ਰਾ ਸੋਚੋ
ਨਸ਼ਿਆਂ ਵਿਚ ਪੈ ਕੇ
ਐਵੇਂ ਕਹਿਰ ਨਾ ਕਮਾਓ,
ਆਪਣੀ ਕੌਮ ਦੀ
ਅਣਖ ਨਾ ਮੁਕਾਓ।

ਇਸ ਰੰਗਲੇ ਪੰਜਾਬ ਨੂੰ
ਸੋਹਣੇ ਦੇਸ਼ ਪੰਜਾਬ ਨੂੰ




ਸਾਥੀਓ ਬਚਾਓ...
ਵੀਰਨੋ ਬਚਾਓ...
ਨਸ਼ਾ ਪਿਆਰ ਮੁਹੱਬਤ
ਤੇ ਰੱਬ ਦਾ ਲਗਾਓ,
ਕੌਮ ਨੂੰ ਬਚਾਓ
ਪੰਜਾਬ ਨੂੰ ਬਚਾਓ।

*-ਗੁਰਲਾਲ ਸਿੰਘ ਢਿੱਲੋਂ*
*ਮਿਲਵਾਕੀ, ਵਿਸਕਾਨਸਿਨ।*
*ਫੋਨ: 414-712-4144*



# ਨਸ਼ਾ, ਸਿਆਸਤ ਤੇ ਵੈਰੋਨਿਕਾ

ਫਿਲਮ 'ਵੈਰੋਨਿਕਾ ਗੁਇਰਿਨ' ਦਾ ਪੋਸਟਰ



ਫਿਲਮ 'ਵੈਰੋਨਿਕਾ ਗੁਇਰਿਨ' ਵਿਚ ਵੈਰੋਨਿਕਾ ਦਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਕੇਟ ਬਲੈਸ਼ਟ।



ਫਿਲਮ 'ਵੈਰੋਨਿਕਾ ਗੁਇਰਿਨ' ਦਾ ਡਾਇਰੈਕਟਰ ਜੋਇਲ ਸ਼ੂਮੈਕਰ। ਉਹਨੇ ਇਹ ਫਿਲਮ 2993 ਵਿਚ ਬਣਾਈ।



ਪੱਤਰਕਾਰ ਵੈਰੋਨਿਕਾ ਗੁਇਰਿਨ ਜਿਸ ਦੀ ਜ਼ਿੰਦਗੀ ਉਤੇ ਆਧਾਰਤ ਹੈ ਫਿਲਮ 'ਵੈਰੋਨਿਕਾ ਗੁਇਰਿਨ'।



ਜਤਿੰਦਰ ਮੌਹਰ
ਫੋਨ: 91-97799-34747

ਸੰਨ 2003 ਵਿਚ ਪਰਦਾ ਪੇਸ਼ ਹੋਈ ਫਿਲਮ 'ਵੈਰੋਨਿਕਾ ਗੁਇਰਿਨ' ਆਇਰਲੈਂਡ ਦੀ ਜੰਮਪਲ ਪੱਤਰਕਾਰ ਬੀਬੀ ਵੈਰੋਨਿਕਾ ਗੁਇਰਿਨ ਦੀ ਜ਼ਿੰਦਗੀ ਅਤੇ ਉਹਦੀ ਘਾਲਣਾ ਬਾਬਤ ਹੈ। ਉਹ 'ਸੰਡੇ ਇੰਡੀਪੈਂਡੈਂਟ' ਅਖ਼ਬਾਰ ਦੀ ਪੱਤਰਕਾਰ ਸੀ। ਫਿਲਮ ਦੇ ਹਦਾਇਤਕਾਰ ਜੋਇਲ ਸ਼ੂਮੈਕਰ ਸਨ। ਵੈਰੋਨਿਕਾ ਦੀ ਭੂਮਿਕਾ ਮਸ਼ਹੂਰ ਬਰਤਾਨਵੀ ਅਦਾਕਾਰਾ ਕੇਟ ਬਲੈਸ਼ਟ ਨੇ ਨਿਭਾਈ ਸੀ। ਵੈਰੋਨਿਕਾ ਦੇ ਸਮਿਆਂ ਦੇ ਆਇਰਲੈਂਡ ਵਿਚ ਨਸ਼ਿਆਂ ਦਾ ਵਪਾਰ ਵੱਡੇ ਪੱਧਰ ਉਤੇ ਵਧ-ਫੁੱਲ ਰਿਹਾ ਸੀ। ਇਸ ਜ਼ਹਿਰ ਦਾ ਮੁੱਖ ਸ਼ਿਕਾਰ ਕਿਰਤੀ ਲੋਕ, ਖਾਸ ਕਰ ਕੇ ਬੱਚੇ ਅਤੇ ਨੌਜਵਾਨ ਬਣੇ। ਰਣ ਤੱਤੇ ਵਿਚ ਜੌਹਰ ਦਿਖਾਉਣ ਵਾਲੇ ਆਇਰਸ਼, ਨਸ਼ਿਆਂ ਵਿਚੋਂ ਸਕੂਨ ਲੱਭਣ ਲੱਗੇ। ਫਿਲਮ ਦੇ ਇਕ ਦ੍ਰਿਸ਼ ਵਿਚ ਸੜਕ ਉਤੇ ਖਿੰਡੀਆਂ ਅਣਗਿਣਤ ਸਰਿੰਜਾਂ ਦਿਖਾਈਆਂ ਗਈਆਂ ਹਨ। ਛੋਟੇ-ਛੋਟੇ ਬੱਚੇ ਉਨ੍ਹਾਂ ਸਰਿੰਜਾਂ ਨਾਲ ਖੇਡਦੇ ਹਨ। ਇਹ ਨਸ਼ੇ ਦੀ ਵਰਤੋਂ ਦੇ ਪੱਧਰ ਨੂੰ ਦਿਖਾਉਂਦਾ ਹੈ। ਵੈਰੋਨਿਕਾ ਨੇ ਨਸ਼ਿਆਂ ਦੇ ਸੌਦਾਗਰਾਂ ਨੂੰ ਨੰਗੇ ਕਰਨ ਦਾ ਬੀੜਾ ਚੁੱਕ ਲਿਆ। ਮੌਤ ਦੇ ਵਪਾਰੀਆਂ ਦੀਆਂ ਧਮਕੀਆਂ ਮੂਹਰੇ ਉਹ ਅਡੋਲ ਖੜ੍ਹੀ ਰਹੀ। ਲੱਤ ਵਿਚ ਗੋਲੀ ਖਾਧੀ, ਪਰ ਝੁਕੀ ਨਹੀਂ। ਅੰਤ ਵਿਚ ਮੌਤ ਦੇ ਵਪਾਰੀਆਂ ਨੇ 26 ਜੂਨ 1996 ਨੂੰ 37 ਸਾਲਾਂ ਦੀ ਵੈਰੋਨਿਕਾ ਨੂੰ ਸਦਾ ਦੀ ਨੀਂਦ ਸੁਆ ਦਿੱਤਾ। ਵੈਰੋਨਿਕਾ ਗੁਇਰਿਨ ਦੀ ਕਹਾਣੀ ਸੁਣਦਿਆਂ/ਪੜ੍ਹਦਿਆਂ ਸਾਰ ਮਰਹੂਮ ਪੰਜਾਬੀ ਪੱਤਰਕਾਰ ਬਾਜ਼ ਸਿੰਘ ਚੇਤੇ ਆ ਜਾਂਦਾ ਹੈ। ਬਾਜ਼ ਸਿੰਘ ਪੰਜਾਬੀ ਅਖ਼ਬਾਰ 'ਅਜੀਤ' ਦਾ ਪੱਤਰਕਾਰ ਸੀ। ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ ਸਿਖਰਾਂ ਉੱਤੇ ਹੈ। ਪੰਜਾਬ ਦੇ ਵੱਡੇ ਸਿਆਸਤਦਾਨਾਂ, ਪੁਲਿਸ ਅਫ਼ਸਰਾਂ ਅਤੇ ਨੌਕਰਸ਼ਾਹਾਂ ਉੱਤੇ ਨਸ਼ੇ ਦੇ ਸੌਦਾਗਰਾਂ ਦੀ ਸਰਪ੍ਰਸਤੀ ਅਤੇ ਖ਼ੁਦ ਇਸ ਵਪਾਰ ਵਿਚ ਸ਼ਾਮਲ ਹੋਣ ਦੇ ਦੋਸ਼ ਲੱਗਦੇ ਹਨ। ਪੰਜਾਬ ਦੇ ਸਰਹੱਦੀ ਖ਼ਿੱਤੇ, ਖਾਸ ਕਰ ਕੇ ਮਾਝਾ ਖੇਤਰ ਵਿਚ ਨਸ਼ੇ ਦੇ ਵਪਾਰੀਆਂ ਦੀਆਂ ਸਰਗਰਮੀਆਂ ਸੁਰਖ਼ੀਆਂ ਵਿਚ ਰਹਿੰਦੀਆਂ ਹਨ। ਬਾਜ਼ ਸਿੰਘ ਇਸੇ ਖ਼ਿੱਤੇ ਵਿਚ ਕੰਮ ਕਰਦਾ ਸੀ। ਇਸ ਮਾਹੌਲ ਵਿਚ 7 ਮਈ 2014 ਨੂੰ ਬਾਜ਼ ਸਿੰਘ ਕਾਰ ਹਾਦਸੇ ਵਿਚ ਮਾਰਿਆ ਗਿਆ। ਪੰਜਾਬ ਦੀਆਂ ਬਹੁਤੀਆਂ ਅਖ਼ਬਾਰਾਂ ਇਸ ਮਾਮਲੇ ਵਿਚ ਚੁੱਪ ਰਹੀਆਂ। ਬਾਜ਼ ਸਿੰਘ ਦਾ ਭਰਾ ਦੱਸਦਾ ਹੈ, "ਬਾਜ਼ ਸਿੰਘ ਇਲਾਕੇ ਵਿਚ ਸ਼ਰੇਆਮ ਵਿਕਦੀ ਹੈਰੋਇਨ ਅਤੇ ਉਨ੍ਹਾਂ ਦੇ ਅੱਡਿਆਂ ਬਾਰੇ ਖ਼ਬਰਾਂ ਪ੍ਰਕਾਸ਼ਿਤ ਕਰਵਾਉਂਦਾ ਰਹਿੰਦਾ ਸੀ ਜਿਸ ਕਰ ਕੇ ਉਸ ਨੂੰ ਕਈ ਵਾਰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲੀਆਂ ਸਨ, ਪਰ ਉਹ ਵਾਰ-ਵਾਰ ਇਹ ਕਹਿ ਕੇ ਟਾਲ ਦਿੰਦਾ ਸੀ ਕਿ ਪੱਤਰਕਾਰਾਂ ਨੂੰ ਅਜਿਹੀਆਂ ਧਮਕੀਆਂ ਮਿਲਦੀਆਂ ਹੀ ਰਹਿੰਦੀਆਂ ਹਨ।" ਵੈਰੋਨਿਕਾ ਆਪਣੇ ਪਤੀ ਦੀ ਚਿੰਤਾ ਵੀ ਉਪਰਲੇ ਸ਼ਬਦ ਕਹਿ ਕੇ ਹੀ ਦੂਰ ਕਰਦੀ ਸੀ, ਪਰ ਪਤੀ ਨੂੰ ਹੋਣੀ ਦਾ ਅਹਿਸਾਸ ਸੀ ਕਿ ਉਹਦੀ ਵੈਰੋਨਿਕਾ ਅੱਗ ਨਾਲ ਖੇਡ ਰਹੀ ਸੀ।

ਵੈਰੋਨਿਕਾ ਵਾਂਗ ਹੀ ਸਥਾਪਤੀ ਦੀ ਅੱਗ ਦਾ ਸੇਕ ਬਾਜ਼ ਸਿੰਘ ਤੱਕ ਪਹੁੰਚਣਾ ਸੁਭਾਵਕ ਹੀ ਸੀ। 8 ਮਈ 2014 ਦੇ 'ਅਜੀਤ' ਵਿਚ ਜਿਹੜੀ ਖ਼ਬਰ ਛਪੀ ਸੀ, ਉਹਦੀ ਇਬਾਰਤ ਇੰਦਾਂ ਸੀ: "ਹਾਦਸੇ ਨੂੰ ਅੰਜਾਮ ਦੇਣ ਵਾਲੀ ਤੇਜ਼ ਰਫ਼ਤਾਰ ਗੱਡੀ ਦਾ ਡਰਾਈਵਰ ਜਦ ਹੈਰੋਇਨ ਲੈ ਕੇ ਆ ਰਿਹਾ ਸੀ ਤਾਂ ਬਾਜ਼ ਸਿੰਘ ਦੇ ਮੋਟਰ ਸਾਈਕਲ ਸਾਹਮਣੇ ਵੇਖੇ ਜਾਣ 'ਤੇ ਇੰਨੀ ਜ਼ੋਰ ਨਾਲ ਟੱਕਰ ਮਾਰੀ ਕਿ ਉਸ ਦੀ ਮੌਤ ਹੋ ਗਈ ਅਤੇ ਉਸ ਦਾ ਇੱਕ ਹੋਰ ਸਾਥੀ ਗੰਭੀਰ ਜ਼ਖ਼ਮੀ ਹੋ ਗਿਆ। ਚਸ਼ਮਦੀਦ ਗਵਾਹਾਂ ਅਨੁਸਾਰ ਫੜੇ ਗਏ ਕਾਰ ਚਾਲਕ (ਨਸ਼ਾ ਤਸਕਰ) ਨੇ ਘਟਨਾ ਤੋਂ ਤੁਰੰਤ ਬਾਅਦ ਆਪਣੇ ਸਾਥੀਆਂ ਨੂੰ ਫੋਨ ਕਰ ਕੇ ਸੂਚਿਤ ਕੀਤਾ ਕਿ ਪੱਤਰਕਾਰ ਦੀ ਮੌਤ ਹੋ ਗਈ ਹੈ। ਇਸੇ ਦੌਰਾਨ ਜਦ ਪਰਿਵਾਰਕ ਮੈਂਬਰ ਅਤੇ ਪਿੰਡ ਵਾਸੀ ਗੰਭੀਰ ਜ਼ਖ਼ਮੀ ਹਾਲਤ 'ਚ ਬਾਜ਼ ਸਿੰਘ ਨੂੰ ਸੰਭਾਲ ਰਹੇ ਸਨ ਤਾਂ ਕਾਰ ਵਿਚ ਪਈ ਹੈਰੋਇਨ ਗਾਇਬ ਕਰ ਦਿੱਤੀ ਗਈ।"



29 ਜੂਨ 1996 ਨੂੰ ਵੈਰੋਨਿਕਾ ਗੁਇਰਿਨ ਦੀ ਅੰਤਿਮ ਵਿਦਾਇਗੀ ਮੌਕੇ ਉਸ ਦਾ ਪਤੀ ਗ੍ਰਾਹਮ ਟਰਲੇ ਤੇ ਪੰਜ ਸਾਲਾ ਪੁੱਤਰ ਕੈਥਲ।

ਵੈਰੋਨਿਕਾ ਦੇ ਕਤਲ ਤੋਂ ਬਾਅਦ ਹਫ਼ਤੇ ਦੇ ਅੰਦਰ-ਅੰਦਰ ਆਇਰਲੈਂਡ ਸਰਕਾਰ ਨੇ ਸੰਸਦ ਦਾ ਹੰਗਾਮੀ ਇਜਲਾਸ ਸੱਦਿਆ ਅਤੇ ਨਸ਼ੇ ਦੇ ਵਪਾਰੀਆਂ ਵਿਰੁਧ ਕਾਨੂੰਨ ਪਾਸ ਕੀਤਾ ਗਿਆ। ਨਸ਼ੇ ਦੇ ਸੌਦਾਗਰਾਂ ਦੀ ਜਾਇਦਾਦ ਜ਼ਬਤ ਕਰ ਲਈ ਗਈ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ। ਹਜ਼ਾਰਾਂ ਲੋਕ ਸੜਕਾਂ ਉੱਤੇ ਉੱਤਰ ਆਏ ਜਿਨ੍ਹਾਂ ਨੇ ਨਸ਼ਿਆਂ ਦੇ ਵਪਾਰੀਆਂ ਨੂੰ ਡਬਲਿਨ ਵਿਚੋਂ ਖਦੇੜ ਦਿੱਤਾ। ਬਾਜ਼ ਸਿੰਘ ਦੀ ਮੌਤ ਤੋਂ ਬਾਅਦ ਪੰਜਾਬ ਵਿਚ ਅਜਿਹਾ ਕੁਝ ਨਹੀਂ ਹੋ ਸਕਿਆ। ਬਾਜ਼ ਸਿੰਘ ਤਾਂ ਵੱਡੀ ਖ਼ਬਰ ਵੀ ਨਹੀਂ ਬਣ ਸਕਿਆ।

ਇਸ ਮਾਮਲੇ ਦੀ ਜੜ੍ਹ ਨੂੰ ਵੈਰੋਨਿਕਾ ਦਾ ਇਕ ਸੰਵਾਦ ਉਘੜਵੇਂ ਰੂਪ ਵਿਚ ਸਾਹਮਣੇ ਲਿਆਉਂਦਾ ਹੈ। ਵੈਰੋਨਿਕਾ ਲੱਤ ਵਿਚ ਗੋਲੀ ਲੱਗਣ ਤੋਂ ਬਾਅਦ ਹਸਪਤਾਲ ਵਿਚ ਹੈ। ਉਹਦੇ ਅਖ਼ਬਾਰ ਦਾ ਸੰਪਾਦਕ ਅਤੇ ਹੋਰ ਸਹਿਯੋਗੀ ਵੈਰੋਨਿਕਾ ਨੂੰ ਸਮਝਾਉਂਦੇ ਹਨ ਕਿ ਉਹ ਨਸ਼ੇ ਵਾਲੇ ਮੁੱਦੇ ਨੂੰ ਛੱਡ ਕੇ ਹੋਰ ਮੁੱਦਿਆਂ ਬਾਬਤ ਲਿਖੇ; ਮਸਲਨ- ਫ਼ੈਸ਼ਨ, ਫਿਲਮਾਂ ਜਾਂ ਸਿਆਸਤ। ਵੈਰੋਨਿਕਾ ਦਾ ਜਵਾਬ ਹੈ: "ਨਸ਼ਾ ਵੀ ਸਿਆਸੀ ਮੁੱਦਾ ਹੈ।" ਵੈਰੋਨਿਕਾ ਦੇ ਇਹ ਸ਼ਬਦ ਬਹੁਤ ਅਹਿਮ ਹਨ। ਨਸ਼ੇ ਨੂੰ ਸਿਆਸਤ ਤੋਂ ਤੋੜ ਕੇ ਨਹੀਂ ਦੇਖਿਆ ਜਾ ਸਕਦਾ। ਨਸ਼ਿਆਂ ਦੇ ਮਾਰੂ ਅਸਰ ਦਾ ਪਤਾ ਹੋਣ ਦੇ ਬਾਵਜੂਦ ਸਰਕਾਰ ਨਸ਼ਿਆਂ ਨੂੰ ਠੱਲ੍ਹ ਨਹੀਂ ਪਾ ਸਕੀ। ਨਸ਼ੇ ਦੀ ਸਿਆਸਤ ਇਸੇ ਸਵਾਲ ਵਿਚ ਲੁਕੀ ਹੋਈ ਹੈ। ਜਾਣ-ਬੁੱਝ ਕੇ ਨਸਲਾਂ ਨੂੰ ਮੌਤ ਦੀਆਂ ਖੱਡਾਂ ਵਿਚ ਧੱਕੀ ਜਾਣਾ ਮੌਜੂਦਾ ਢਾਂਚੇ ਦੇ ਕਿਰਦਾਰ ਉੱਤੇ ਸਵਾਲੀਆ ਚਿੰਨ ਲਾਉਂਦਾ ਹੈ। ਬਾਜ਼ ਸਿੰਘ ਅਤੇ ਵੈਰੋਨਿਕਾ ਵਰਗਿਆਂ ਨੇ ਹਰ ਤਰ੍ਹਾਂ ਦੇ ਦਾਬਿਆਂ ਵਿਰੁੱਧ ਨਾਬਰੀ ਨੂੰ ਚੁਣਿਆ। ਦੋਹਾਂ ਦੇ ਸਿਦਕ ਨੂੰ ਸਲਾਮ!

# ਕਿੱਸਾ: ਸੰਤਾਲੀ ਦਾ ਸੰਤਾਪ

ਫਿਲਮ 'ਕਿੱਸਾ' 1947 ਵਾਲੀ ਹੋਈ ਪੰਜਾਬ ਵੰਡ ਦਾ ਕਿੱਸਾ ਹੈ ਜੋ ਫਿਲਮ ਦੇ ਡਾਇਰੈਕਟਰ ਅਨੂਪ ਸਿੰਘ ਨੇ ਵੱਖਰੇ ਅੰਦਾਜ਼ ਵਿਚ ਬਿਆਨ ਕੀਤਾ ਹੈ। ਭਾਰਤ ਅਤੇ ਜਰਮਨੀ ਦੇ ਸਹਿਯੋਗ ਨਾਲ ਬਣੀ ਇਹ ਫਿਲਮ ਪਿਛਲੇ ਸਾਲ ਟੋਰਾਂਟੋ ਦੇ ਇੰਟਰਨੈਸ਼ਨਲ ਫਿਲਮ ਮੇਲੇ ਵਿਚ ਦਿਖਾਈ ਗਈ ਸੀ ਅਤੇ ਫਿਲਮ ਆਲੋਚਕਾਂ ਤੇ ਦਰਸ਼ਕਾਂ ਨੇ ਇਸ ਦੀ ਰੱਜ ਕੇ ਤਾਰੀਫ ਕੀਤੀ ਸੀ। ਭਾਰਤ ਵਿਚ ਇਹ ਫਿਲਮ ਇਸੇ ਹਫਤੇ 26 ਸਤੰਬਰ ਨੂੰ ਰਿਲੀਜ਼ ਹੋਈ ਹੈ। ਕੁੱਲ 109 ਮਿੰਟਾਂ ਦੀ ਇਹ ਫਿਲਮ ਖੁਦ ਅਨੂਪ ਸਿੰਘ ਅਤੇ ਮਧੁਜਾ ਮੁਖਰਜੀ ਨੇ ਲਿਖੀ ਹੈ।

'ਕਿੱਸਾ' ਅੰਬਰ ਸਿੰਘ ਨਾਂ ਦੇ ਅਜਿਹੇ ਸਿੱਖ ਦੀ ਕਹਾਣੀ ਹੈ ਜਿਸ ਦੀਆਂ ਤਿੰਨ ਧੀਆਂ ਹਨ। ਉਸ ਨੂੰ ਵੰਡ ਦੌਰਾਨ ਉਜੜ ਕੇ ਭਾਰਤ ਦੇ ਹਿੱਸੇ ਆਏ ਪੰਜਾਬ ਵਿਚ ਜਾਣਾ ਪੈਂਦਾ ਹੈ। ਇਸ ਤੋਂ ਬਾਅਦ ਉਸ ਦੇ ਘਰੇ ਇਕ ਹੋਰ ਕੁੜੀ ਜਨਮ ਲੈਂਦੀ ਹੈ, ਪਰ ਅੰਬਰ ਸਿੰਘ ਉਸ ਨੂੰ ਮੁੰਡਿਆਂ ਵਾਂਗ ਪਾਲਦਾ ਹੈ। ਹਰ ਕਿਸੇ ਨੂੰ ਦੱਸਦਾ ਹੈ ਕਿ ਚੌਥਾ ਬੱਚਾ ਮੁੰਡਾ ਹੈ। ਇਸ ਬੱਚੇ ਦਾ ਨਾਂ ਉਹ ਕੰਵਰ ਸਿੰਘ ਰੱਖਦਾ ਹੈ ਜੋ ਵੱਡਾ ਹੋ ਕੇ ਟਰੱਕ ਡਰਾਈਵਰ ਬਣਦਾ ਹੈ।



ਫਿਲਮ 'ਕਿੱਸਾ' ਵਿਚ ਟਿਸਕਾ ਚੋਪੜਾ।

ਇਸ ਫਿਲਮ ਵਿਚ ਕੰਵਰ ਸਿੰਘ ਦਾ ਕਿਰਦਾਰ ਅਦਾਕਾਰਾ ਤਿਲੋਤਮਾ ਸ਼ੋਮੇ ਨੇ ਨਿਭਾਇਆ ਹੈ। ਅੰਬਰ ਸਿੰਘ ਦੇ ਕਿਰਦਾਰ ਵਿਚ ਮਸ਼ਹੂਰ ਅਦਾਕਾਰ ਇਰਫਾਨ ਖਾਨ ਛਾਇਆ ਹੈ। ਫਿਲਮ ਦੀ ਹੀਰੋਇਨ ਟਿਸਕਾ ਚੋਪੜਾ ਹੈ ਜੋ ਪੰਜਾਬਣ ਦੇ ਰੂਪ ਵਿਚ ਬਹੁਤ ਜਚਦੀ ਹੈ। ਇਸ ਤੋਂ ਇਲਾਵਾ ਫਿਲਮ ਵਿਚ ਤਿੰਨ ਹੋਰ ਮਹਿਲਾ ਕਿਰਦਾਰ ਹਨ ਜੋ ਰਸਿਕਾ ਦੁੱਗਲ, ਫਜਾਹ ਜਲਾਲੀ ਅਤੇ ਸੋਨੀਆ ਬਿੰਦਰਾ ਨੇ ਜੀਅ-ਜਾਨ ਨਾਲ ਨਿਭਾਏ ਹਨ। ਅਸਲ ਵਿਚ ਕੰਵਰ ਸਿੰਘ ਦੇ ਵਿਆਹ ਤੋਂ ਬਾਅਦ ਸਾਰਾ ਕੁਝ ਉਲਟਣਾ-ਪਲਟਣਾ ਆਰੰਭ ਹੋ ਜਾਂਦਾ ਹੈ। ਅਨੂਪ ਸਿੰਘ ਨੇ ਇਸ ਕਿੱਸੇ ਦੇ ਪਿਛੋਕੜ ਵਿਚ ਪੰਜਾਬ ਦੇ ਉਸ ਸੰਤਾਪ ਦੀ ਗੱਲ ਛੇੜੀ ਹੈ ਜਿਸ ਦੌਰਾਨ ਤਕਰੀਬਨ ਦਸ ਲੱਖ ਬੰਦਾ ਕਤਲ ਹੋ ਗਿਆ, ਉਜੜ ਗਿਆ ਜਾਂ ਸਾਰੀ ਉਮਰ ਰੋਂਦਾ-ਕੁਰਲਾਉਂਦਾ ਰਹਿ ਗਿਆ। ਇਹ ਫਿਲਮ ਅਸਲ ਵਿਚ ਬੇਵਸੀ ਦਾ ਕਿੱਸਾ ਹੈ। ਇੰਨੀ ਬੇਵਸੀ ਕਿ ਅੱਖੀਆਂ ਛਮ-ਛਮ ਰੋਂਦੀਆਂ ਹਨ।



'ਕਿੱਸਾ' ਵਿਚ ਇਰਫਾਨ ਅਤੇ (ਹੇਠਾਂ) ਸਿੱਖ ਮੁੰਡੇ ਦੇ ਰੂਪ ਵਿਚ ਤਿਲੋਤਮਾ ਸ਼ੋਮੇ।

## ਕਾਮਾਗਾਟਾ ਮਾਰੂ ਦੀ ਸੌਵੀਂ ਵਰ੍ਹੇਗੰਢ ਮੌਕੇ ਅਤੇ ਸਮੁੱਚੀ ਗਦਰ ਲਹਿਰ ਨੂੰ ਸਮਰਪਿਤ

# ਗਦਰੀ ਬਾਬਿਆਂ ਦਾ ਮੇਲਾ

**19 ਅਕਤੂਬਰ 2014 (ਐਤਵਾਰ)**

*ਦੁਪਹਿਰ ਇਕ ਵਜੇ ਤੋਂ ਸ਼ਾਮ 6 ਵਜੇ ਤੱਕ*

**ਸਥਾਨ: ਰੋਇਡਿੰਗ ਪਾਰਕ, ਫਰਿਜ਼ਨੋ**

(Roeding Park, Hwy 99 & Belmont Ave., Fresno, CA)

*Direction: From Hwy 99, exit on Belmont or Olive and go east.*









ਗਦਰ ਲਹਿਰ ਦੇ ਮਹਾਨ ਸੂਰਬੀਰ ਗਦਰੀ ਬਾਬਿਆਂ ਨੇ ਆਪਣੇ ਦੇਸ਼ ਨੂੰ ਆਜ਼ਾਦ ਵੇਖਣ ਲਈ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਇਹ ਅਦੁੱਤੀ ਕੁਰਬਾਨੀਆਂ ਭਾਰਤ ਦੀ ਆਜ਼ਾਦੀ ਲਹਿਰ ਦੇ ਇਤਿਹਾਸ ਦਾ ਗੌਰਵਮਈ ਅੰਗ ਹਨ। ਹਰ ਸਾਲ ਵਾਂਗ ਫਿਰ ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ-ਫਰਿਜ਼ਨੋ ਗਦਰੀ ਬਾਬਿਆਂ ਦੀ ਸੋਚ 'ਤੇ ਪਹਿਰਾ ਦਿੰਦੀ ਹੋਈ ਗਦਰੀ ਮੇਲਾ ਮਨਾ ਰਹੀ ਹੈ। ਸਮੂਹ ਫਰਿਜ਼ਨੋ ਨਿਵਾਸੀਆਂ ਅਤੇ ਭਰਾਤਰੀ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਆਓ ਰਲ ਕੇ ਗਦਰ ਲਹਿਰ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰੀਏ।

- ਨਾਟਕ: ਦਵਿੰਦਰ ਦਮਨ ਦਾ ਨਾਟਕ 'ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ' (ਨਿਰਦੇਸ਼ਕ: ਅਸ਼ੋਕ ਟਾਂਗਰੀ)
- ਸਨਮਾਨ: ਡਾ. ਹਰਚਰਨ ਸਿੰਘ ਚੰਨ ਅਤੇ ਜੈਕਾਰਾ ਮੂਵਮੈਂਟ
- ਕੋਰੀਓਗ੍ਰਾਫੀ, ਸਕਿੱਟ, ਗਿੱਧਾ ਤੇ ਭੰਗੜਾ
- 4.0 ਤੋਂ ਵੱਧ GPA ਵਾਲੇ ਹਾਈ ਸਕੂਲ ਦੇ ਬੱਚਿਆਂ ਨੂੰ ਨਕਦ ਇਨਾਮ
- ਬੱਚਿਆਂ ਦੀਆਂ ਦਿਲਕਸ਼ ਆਈਟਮਾਂ
- ਫੋਟੋ ਪ੍ਰਦਰਸ਼ਨੀ, ਚਾਹ-ਪਾਣੀ ਅਤੇ ਲੰਗਰ
- ਸੰਸਥਾ ਦਾ ਸੋਵੀਨਰ ਮੁਫਤ ਵੰਡਿਆ ਜਾਵੇਗਾ



ਲੋਕ ਗਾਇਕ: ਸਤਵਿੰਦਰ ਬਿੱਟੀ, ਪ੍ਰੀਤਮ ਸੋਹੀ ਅਤੇ ਰਾਜ ਬਰਾੜ



**ਮੁੱਖ ਮਹਿਮਾਨ: ਕੰਵਰ ਸੰਧੂ**

*(Executive Editor 'The Tribune Group' Chandigarh and Ex-Managing Editor Day & Night TV)*

**ਮੁਫਤ ਮੈਡੀਕਲ ਕੈਂਪ**

**Free Parking**

ਪ੍ਰਬੰਧਕ ਕਮੇਟੀ: ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ (ਪ੍ਰਧਾਨ), ਸਾਧੂ ਸਿੰਘ ਸੰਘਾ (ਮੀਤ ਪ੍ਰਧਾਨ), ਸੰਤੋਖ ਸਿੰਘ ਮਿਨਹਾਸ (ਜਨਰਲ ਸਕੱਤਰ), ਪਾਲ ਧਾਲੀਵਾਲ (ਸਹਾਇਕ ਸਕੱਤਰ), ਰਜਿੰਦਰ ਬਰਾੜ ਵੈਰੋਕੇ (ਵਿੱਤ ਸਕੱਤਰ), ਮਨਜੀਤ ਕੁਲਾਰ (ਵਿੱਤ ਸਕੱਤਰ), ਰਣਜੀਤ ਗਿੱਲ ਜੱਗਾ, ਗੁਰਦੀਪ ਸਿੰਘ ਨਿੱਜਰ, ਆਤਮਾ ਸਿੰਘ ਚਾਹਲ, ਨਿਰਮਲ ਸਿੰਘ ਗਿੱਲ, ਗੁਰਨੇਕ ਸਿੰਘ ਰਾਏ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਬਿਕਰਮਜੀਤ ਸਿੰਘ ਕਾਹਲੋਂ, ਪੁਸ਼ਪਿੰਦਰ ਕੁਮਾਰ, ਹੈਰੀ ਮਾਨ, ਸੰਤੋਖ ਸਿੰਘ ਢਿੱਲੋਂ, ਮਨਧੀਰ ਸਿੰਘ ਤੁੰਗ, ਅਵਤਾਰ ਗੋਂਦਾਰਾ।

**ਹੋਰ ਜਾਣਕਾਰੀ ਲਈ ਸੰਪਰਕ ਕਰੋ**

**559-707-2270, 559-283-6376 ਜਾਂ 559-457-8552**

# ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ (ਫਰਿਜ਼ਨੋ)

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਸੁਣਿਆ ਹੋਵ ਸੀ ਤੁਸਾਂ ਨੇ ਵਤਨ ਵਾਲੋ, ਅਸੀਂ ਲੱਖਾਂ ਹੀ ਕਸ਼ਟ ਉਠਾ ਗਏ ਹਾਂ।
ਸਦੀਆਂ ਰਹੇ ਗੁਲਾਮ, ਨਾ ਤਾਣ ਟੁੱਟਾ, ਸਾਰੀ ਖਲਕ ਨੂੰ ਸਬਕ ਸਿਖਾ ਗਏ ਹਾਂ।

## ਕਾਮਾਗਾਟਾ ਮਾਰੂ ਦੀ ਸ਼ਤਾਬਦੀ ਵਰ੍ਹੇ ਅਤੇ ਆਜ਼ਾਦੀ ਦੀ ਲੜਾਈ ਦੇ ਇਤਿਹਾਸ ਦੇ ਖ਼ੂਨੀ ਵਰਕੇ ਨੂੰ ਸਮਰਪਿਤ

# ਮੇਲਾ ਗਦਰੀ ਬਾਬਿਆਂ ਦਾ

## ਐਤਵਾਰ, 12 ਅਕਤੂਬਰ 2014
(ਦੁਪਹਿਰ 12 ਤੋਂ ਰਾਤ 8 ਵਜੇ ਤੱਕ)


## ਸਥਾਨ: ਐਸ.ਈ.ਐਸ. ਹਾਲ
10428 ਈਸਟ ਸਟਾਕਟਨ ਬੁਲੇਵਾਰਡ
ਐਲਕ ਗਰੋਵ, ਸੈਕਰਾਮੈਂਟੋ, ਕੈਲੀਫੋਰਨੀਆ - 95624

*ਤੇਗੋਂ ਕੇ ਸਾਏ ਮੇਂ ਪਲ ਕਰ ਜਵਾਨ ਹੁਏ ਹੈਂ, ਇਕ ਖੇਲ ਸਮਝਤੇ ਹੈਂ ਫਾਂਸੀ ਪੇ ਝੂਲ ਜਾਨਾ।*

ਸਤਿਕਾਰਯੋਗ ਭੈਣੋ ਤੇ ਭਰਾਓ,

ਕਾਮਾਗਾਟਾ ਮਾਰੂ ਦੀ ਬਜਬਜ ਘਾਟ 'ਤੇ ਵਾਪਰੀ ਘਟਨਾ ਨੇ ਭਾਰਤੀ ਉਪ ਮਹਾਦੀਪ ਦੇ ਵਿਸਤ੍ਰਿਤ ਜਨਸਮੂਹ ਨੂੰ ਝੰਜੋੜ ਕੇ ਰੱਖ ਦਿੱਤਾ ਅਤੇ ਮਨਾਂ ਵਿਚ ਆਜ਼ਾਦੀ ਦੀ ਪ੍ਰਾਪਤੀ ਲਈ ਕੁਰਬਾਨ ਹੋਣ ਦੀ ਜਵਾਲਾ ਹੋਰ ਭੜਕਾ ਦਿੱਤੀ ਜਿਸ ਨੇ ਕੌਮੀ ਘੋਲ ਦੀਆਂ ਹੋਰ ਲਹਿਰਾਂ ਨੂੰ ਜਨਮ ਦਿੱਤਾ। ਇਸ ਸਾਲ ਦਾ ਮੇਲਾ ਉਸ ਸਾਕੇ ਦੇ ਸ਼ਹੀਦਾਂ ਤੇ ਸੂਰਮਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਦਾ ਸ਼ਤਾਬਦੀ ਵਰ੍ਹਾ ਹੈ। ਇਸ ਨੂੰ ਮਨਾਉਣ ਲਈ ਸਾਰੀਆਂ ਭਰਾਤਰੀ ਜਥੇਬੰਦੀਆਂ ਤੇ ਇਥੇ ਵਸਦੇ ਲੋਕਾਂ ਦੇ ਜਨ ਸਮੂਹ ਨੂੰ ਮੇਲੇ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੰਦੇ ਹਾਂ।





ਬਾਬਾ ਸੋਹਣ ਸਿੰਘ ਭਕਨਾ



ਗਾਇਕ ਸੁਰਿੰਦਰ ਸ਼ਿੰਦਾ



ਜੀਤਾ ਗਿੱਲ

### ਮੇਲੇ ਵਿਚ ਪਹੁੰਚ ਰਹੇ ਕਲਾਕਾਰ
ਸੁਰਿੰਦਰ ਸ਼ਿੰਦਾ, ਸੁਲਤਾਨ ਅਖਤਰ, ਸੰਨੀ ਬੱਬਰ, ਜੀਤਾ ਗਿੱਲ, ਜੀਵਨ ਰੱਤੂ; ਅਤੇ ਗੁਰਨਾਮ ਸਿੰਘ ਭੰਡਾਲ ਦਾ ਢਾਡੀ ਜਥਾ ਬੀਰ ਰਸੀ ਵਾਰਾਂ ਪੇਸ਼ ਕਰੇਗਾ; ਮੰਚ ਸੰਚਾਲਕ: ਨੀਲਮ ਸੈਣੀ

### ਪੁੱਜ ਰਹੀਆਂ ਸ਼ਖ਼ਸੀਅਤਾਂ
ਅਰਜੀਤ ਸਿੰਘ ਪੁੱਤਰ ਭਾਈ ਕਪੂਰ ਸਿੰਘ ਕਾਉਂਕੇ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਕਿਰਪਾਲ ਸਿੰਘ ਸੰਧੂ, ਬੀਬੀ ਕਰਨੈਲ ਕੌਰ ਈਸੜੂ

ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਅਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਪ੍ਰਦਰਸ਼ਨੀ ਲਾਈ ਜਾਵੇਗੀ
ਭੰਗੜਾ ਤੇ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ
ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ

ਫਰੀ ਮੈਡੀਕਲ ਕੈਂਪ

| | | |
|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਸਕੱਤਰ: ਬਜਿੰਦਰ ਸਿੰਘ ਭੱਟੀ | ਸਮਿਤਰ ਸਿੰਘ ਉਪਲ |
| 916-420-2390 | 209-480-2275 | 530-695-1716 |
| ਮੀਤ ਪ੍ਰਧਾਨ: ਕਰਮਜੀਤ ਸਿੰਘ ਕੰਗ | ਮੀਤ ਸਕੱਤਰ: ਐਸ ਐਸ ਸਿੱਧੂ | ਬਲਵੰਤ ਬਾਂਕਾ |
| 661-205-5214 | 661-302-5611 | 916-271-4216 |

**ਪ੍ਰਬੰਧਕ:** ਜਰਨੈਲ ਸਿੰਘ ਸਰਪੰਚ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਜਗਜੀਤ ਸਿੰਘ ਗਿੱਲ, ਹਰਪਾਲ ਸਿੰਘ ਸੰਘਾ, ਮਲਕੀਅਤ ਸਿੰਘ ਬੈਂਸ, ਸੁਰਿੰਦਰ ਸਿੰਘ ਗਿੱਲ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਪਰਮਜੀਤ ਸਿੰਘ ਸੰਧੂ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਜੁਝਾਰ ਗਿੱਲ, ਗੁਰਦਿਆਲ ਚੰਦ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ, ਰਾਕੇਸ਼ ਬੈਂਸ, ਸਵਿੰਦਰ ਸਿੰਘ ਭਾਰਤਾ, ਫਰੈਂਕ ਜੌਹਨਸਨ।

**ਸਪਾਂਸਰ:** ਗੁਰਚਰਨ ਸਿੰਘ ਰੱਕੜਾ, ਜਗਦੀਸ਼ ਖੰਗੂੜਾ, ਦਲਵਿੰਦਰ ਸਿੰਘ ਧੂਤ, ਮਲਕੀਅਤ ਬੋਪਾਰਾਏ, ਸਿਕੰਦਰ ਸਿੰਘ, ਗੁਰਚਰਨ ਸਿੰਘ ਬਿੰਦਰਾ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ-ਚੇਅਰਮੈਨ, ਬਲਵੀਰ ਸਿੰਘ ਭਾਟੀਆ-ਪ੍ਰਧਾਨ), ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ, ਜਸਪ੍ਰੀਤ ਸਿੰਘ ਐਡਵੋਕੇਟ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਹਰਿਆਣਾ ਅਮੈਰਿਕਨ ਐਸੋਸੀਏਸ਼ਨ-ਕੈਲੀਫੋਰਨੀਆ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਅਮਰੀਕ ਸਿੰਘ ਕਲਕਟ, ਗੁਰਮੁਖ ਸਿੰਘ ਸੰਧੂ, ਰਛਪਾਲ ਸਿੰਘ ਫਰਵਾਲਾ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ, ਬੰਤ ਕੰਦੋਲਾ, ਸੁਖਦੇਵ ਲੰਬੜ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਨੋਰਕਾਲ ਸਕਿਉਰਿਟੀ-ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਰਾਜੂ ਭਗਵੰਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਚਰਨ ਬਡਵਾਲ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਡਾ. ਸੁਖਦੀਪ ਸਿੰਘ, ਛਿੰਦਾ ਉਪਲ, ਕਮਲ ਗਿੱਲ (ਪੈਨਮਾ ਫਾਰਮੇਸੀ, ਗਿੱਲ ਫਾਰਮੇਸੀ), ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ, ਧੀਰਾ ਨਿੱਜਰ, ਗੁਲਿੰਦਰ ਗਿੱਲ (ਡੈਨੀ'ਜ਼ ਰੈਸਟੋਰੈਂਟ), ਗੁਰਦੀਪ ਗਿੱਲ, ਜਨਕ ਰਾਜ ਸਿਧਰਾ, ਬਲਵਿੰਦਰ ਡੁਲਕੂ, ਗੋਲਡਨ ਸਟੇਟ ਇੰਕ, ਪਾਲ ਲਿੱਕਰਜ਼, ਇੰਡੀਆ ਗਾਰਡਨ, ਰਾਜ ਭਨੋਟ, ਸੰਤੋਖ ਸਿੰਘ ਜੱਜ, ਪਰਮਜੀਤ ਸਿੰਘ ਥਿੰਦ, ਭਾਖੜੀ ਲਾਅ ਫਰਮ ਤੇ ਸਾਬੀ ਸਿੰਘ ਟਰੱਕਿੰਗ, ਸੋਢੀ ਸਜਾਵਨਪੁਰ, ਵਨ ਸਟਾਪ ਆਟੋ ਰਿਪੇਅਰ, ਜਸਵੀਰ ਸਿੰਘ ਕੁਲਾਰ, ਲੀਜੈਂਟ ਟਰਾਂਸਪੋਰਟ, ਬਲਬੀਰ ਸਿੰਘ ਸੰਧੂ, ਜੇ ਜੇ ਜੀ ਐਸ ਫੂਡ ਸਰਵਿਸ ਇੰਕ, ਰਾਜ ਬਰਾੜ, ਪਰਮਜੀਤ ਸਿੰਘ ਦੁਸਾਂਝ।

ਫੋਟੋਗ੍ਰਾਫੀ ਅਤੇ ਵੀਡੀਓ: ਓਮਨੀ ਵੀਡੀਓ